ਕਬਿੱਤ ਸਵੈਯੇ ਭਾਈ ਗੁਰਦਾਸ

ਅਨੁਵਾਦ ਤੇ ਕੋਸ਼

ਤਿਮੰਦਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਅਤਿ ਸਕੇਹ ਤੇ ਸਤਿਕਾਰ ਸਹਿਤ
ਸਿਮਰਤੇ ਹੀਰ ਸ੍ਰ. ਸਰਦਾਰ ਸਿੰਘ ਜੀ
ਕਲੇਰਾਂ ਜੀ ਸਰਬ ਤਮਤ ਸਹਿਤ
ਸਹਿਤ ਸਹਾ, ਜੀ ਏ ਸਗਤ ਸਹਿਤ
ਜੀ ਸਹਿਦਯ ਸਹਿਤ ਸਹੀ ਸ੍ਰੀਸਤ
ਦਿਖ, ਵਕਤਾ ਦੇ ਧਨੀ ਕਵਨੀਧਰ ਸਿਤਾ
ਹੋਸ ਸਸੀਤਾ ਤੁਸੀ ਸਸਹਿਤ
ਹਿਤ ।

ਤਸਵਿਰ ਸਿੰਘ

10/1/94

SIKHBOOKCLUB.COM

SIKHBOOKCLUB.COM

ਕਬਿੱਤ ਸਵੈਯੇ
ਭਾਈ ਗੁਰਦਾਸ
ਪਾਠ, ਤੁਕ-ਤਤਕਰਾ, ਅਨੁਕ੍ਰਮਣਿਕਾ ਅਤੇ ਕੋਸ਼

ਲੇਖਕ
ਓਅੰਕਾਰ ਸਿੰਘ

SIKHBOOKCLUB.COM





ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

KABIT SAWAYYE BHAI GURDAS
(Text, Line-Index, Concordance cum Dictionary)
ONKAR SINGH
IS BN 81-7380-001-4

1993
ਪਹਿਲੀ ਵਾਰ : 900
ਕੀਮਤ : 220-00 ਰੁਪਏ

SIKHBOOKCLUB.COM

ਸਰਦਾਰ ਹਰਿਭਜ ਸਿੰਘ ਐਮ.ਏ., ਐਲ.ਐਲ.ਐਮ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਲੇ ਪ੍ਰਕਾਸ਼ਿਤ
ਕੀਤੀ ਅਤੇ ਮੈ/ਸ. ਫੈਰੀ ਪ੍ਰਿੰਟਰਜ਼, ਪਟਿਆਲਾ ਲੇ ਛਾਪੀ ।

ਵਿਸ਼ਾ-ਸੂਚੀ

1.	ਦੋ ਸ਼ਬਦ	ਡਾ. ਜੋਗਿੰਦਰ ਸਿੰਘ ਪੁਆਰ ਵਾਈਸ-ਚਾਂਸਲਰ	(i)
2.	ਭੂਮਿਕਾ	ਡਾ. ਬਲਕਾਰ ਸਿੰਘ	(iii)
3.	ਸੰਪਾਦਕ ਵਲੋਂ	ਓਅੰਕਾਰ ਸਿੰਘ	(ix)
4.	ਕਬਿਤ ਸਵੈਯੇ ਭਾਈ ਗੁਰਦਾਸ (ਪਾਠ)		1
5.	ਤੁਕ-ਤਤਕਰਾ		172
6.	ਅਨੁਕ੍ਰਮਣਿਕਾ ਅਤੇ ਕੋਸ਼		249

SIKHBOOKCLUB.COM

SIKHBOOKCLUB.COM

ਦੋ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਇਕ ਲੰਮੇ ਸਮੇਂ ਤੋਂ ਗੁਰਮਤਿ ਸਾਹਿਤ ਦੇ ਘੇਰੇ ਵਿਚ ਆਉਂਦੀ ਪਾਠ ਸਮੱਗਰੀ ਉਪਲੱਬਧ ਕਰਵਾਉਣ ਲਈ ਕਾਰਜਸ਼ੀਲ ਹੈ। ਪਿਛਲੇ ਕੁਝ ਦਹਾਕਿਆਂ ਵਿਚ ਜਿਥੇ ਇਹ ਵਿਭਾਗ ਅੰਗਰੇਜ਼ੀ ਅਤੇ ਪੰਜਾਬੀ ਦੇ ਪਾਠਕਾਂ ਨੂੰ ਗੁਰਮਤਿ ਸਾਹਿਤ ਨਾਲ ਸੰਬੰਧਿਤ ਬਹੁਤ ਸਾਰੀ ਸਮੱਗਰੀ ਅਨੁਵਾਦਾਂ, ਕੋਸ਼ਾਂ ਅਤੇ ਹੋਰ ਸਾਹਿਤਕ ਰੂਪਾਂ ਵਿਚ ਪੇਸ਼ ਕਰ ਚੁੱਕਾ ਹੈ ਉਥੇ ਉਸੇ ਲੜੀ ਨੂੰ ਅਗਾਂਹ ਤੋਰਦਿਆਂ ਹੋਇਆਂ ਇਹ ਵਿਭਾਗ ਸ. ਓਅੰਕਾਰ ਸਿੰਘ ਵਲੋਂ ਸੰਪਾਦਿਤ ਭਾਈ ਗੁਰਦਾਸ ਜੀ ਦੇ 'ਕਬਿੱਤ ਸਵੈਯੇ' ਇਸ ਪੁਸਤਕ ਵਿਚ ਪਾਠ ਰੂਪ ਵਿਚ ਛਾਪ ਕੇ ਅਧਿਐਨ ਲਈ ਪੇਸ਼ ਕਰ ਰਿਹਾ ਹੈ, ਜੋ ਆਪਣੇ ਆਪ ਵਿਚ ਮਹੱਤਵਪੂਰਨ ਕਾਰਜ ਹੈ।

ਗੁਰਮਤਿ ਸਾਹਿਤ ਦਾ ਅਧਿਐਨ' ਕਰਨ ਵਾਲੇ ਵਿਦਵਾਨ ਮੰਨਦੇ ਹਨ ਕਿ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰੂ ਸਾਹਿਬਾਂ ਅਤੇ ਭਗਤਾਂ ਦੀ ਬਾਣੀ ਗੁਰਮਤਿ ਸਿਧਾਂਤਾਂ ਦੀ ਲਖਾਇਕ ਹੈ, ਉਥੇ ਭਾਈ ਗੁਰਦਾਸ ਜਿਹੇ ਗੁਰਸਿੱਖਾਂ ਦੀਆਂ ਰਚਨਾਵਾਂ ਵਿਚ ਇਨ੍ਹਾਂ ਸਿਧਾਂਤਾਂ ਦੀ ਵਿਆਖਿਆ ਕੀਤੀ ਗਈ ਹੈ। ਅਜਿਹੀਆਂ ਵਿਆਖਿਆਤਮਕ ਰਚਨਾਵਾਂ ਦਾ ਦੋ ਪੱਧਰਾਂ ਉਤੇ ਅਧਿਐਨ ਕੀਤਾ ਜਾਣਾ ਚਾਹੀਦਾ ਹੈ । ਇੱਕ ਵਿਸ਼ੇ ਦੇ ਪੱਧਰ ਤੇ ਦੂਜਾ ਸ਼ੈਲੀ ਦੇ ਪੱਧਰ ਤੇ। ਇਥੇ ਇੰਨਾ ਕਹਿਣਾ ਹੀ ਕਾਫ਼ੀ ਹੋਵੇਗਾ ਕਿ ਭਾਈ ਸਾਹਿਬ ਨੇ ਜਿਥੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਨਿਤ ਦੇ ਜੀਵਨ ਵਿਚੋਂ ਉਦਾਹਰਣਾਂ ਲੈ ਕੇ ਕੀਤੀ ਹੈ ਉਥੇ ਸ਼ੈਲੀ ਦੇ ਪੱਧਰ ਤੇ ਜਿਸ ਭਾਂਤ ਦੇ ਕਾਵਿ ਰੂਪਾਂ, ਅਲੰਕਾਰਾਂ ਅਤੇ ਭਾਸ਼ਾ ਆਦਿ ਦੀ ਵਰਤੋਂ ਕੀਤੀ ਹੈ, ਉਹ ਇਨ੍ਹਾਂ ਸਿਧਾਂਤਾਂ ਦੀ ਵਿਆਖਿਆ ਵਿਚ ਵਧੇਰੇ ਸਹਾਈ ਹੋਏ ਹਨ ।

ਇਸ ਪੁਸਤਕ ਵਿਚ ਅੰਕਿਤ 'ਕਬਿੱਤ ਸਵੈਯਾਂ' ਵਿਚ ਵੀ ਗੁਰਮਤਿ ਸਿਧਾਂਤਾਂ ਨਾਲ ਸੰਬੰਧਿਤ ਸੰਕਲਪਾਂ ਦੀ ਹੀ ਵਿਆਖਿਆ ਕੀਤੀ ਗਈ ਹੈ ਪਰ ਇਨ੍ਹਾਂ ਦੀ ਭਾਸ਼ਾ ਭਾਈ ਸਾਹਿਬ ਦੀਆਂ ਹੋਰਾਂ ਵਾਲੀ ਪੰਜਾਬੀ ਨਹੀਂ ਸਗੋਂ ਬ੍ਰਜ ਭਾਸ਼ਾ ਹੈ । ਇਹ 'ਕਬਿੱਤ ਸਵੈਯੇ' ਵਿਸ਼ੇ ਅਤੇ ਸ਼ੈਲੀ ਦੇ ਪੱਧੋਂ ਬਹੁਤ ਮਹੱਤਵਪੂਰਨ ਹਨ। ਵਿਦਿਆਰਥੀ ਅਤੇ ਵਿਦਵਾਨ ਭਾਈ ਸਾਹਿਬ ਦੀ ਇਸ ਵਿਆਖਿਆਤਮਕ ਰਚਨਾਂ ਦੇ ਅਧਿਐਨ ਰਾਹੀਂ ਗੁਰਮਤਿ ਸਿਧਾਂਤਾਂ ਨੂੰ ਸਮਝਣ ਸਮਝਾਉਣ ਵਿੱਚ ਅਵਸ਼ ਸਫ਼ਲ ਹੋਣਗੇ, ਅਜਿਹਾ ਮੇਰਾ ਵਿਸ਼ਵਾਸ ਹੈ ।

ਜੋਗਿੰਦਰ ਸਿੰਘ ਪੁਆਰ (ਡਾ.)
ਪਰੋ-ਵਾਈਸ ਚਾਂਸਲਰ

SIKHBOOKCLUB.COM

ਭੂਮਿਕਾ

ਭਾਈ ਗੁਰਦਾਸ ਜੀ ਦੇ ਕਬਿੱਤ ਸਵੈਯੇ, ਸਿੱਖ ਧਰਮ ਚਿੰਤਨ ਨੂੰ ਸਮਝਣ ਵਾਸਤੇ ਅਤਿਅੰਤ ਜ਼ਰੂਰੀ ਸੂਤ੍ਰ-ਸਾਧਿਅਮ ਹਨ। ਕਾਰਨ ਇਹ ਹੈ ਕਿ ਇਨ੍ਹਾਂ ਸਵੈਯੀਆਂ ਦੇ ਆਧਾਰ ਤੇ ਸਿੱਖ ਧਰਮ-ਵਿਗਿਆਨ (Theology) ਦੇ ਮੂਲ ਸਰੋਕਾਰਾਂ ਦੀ ਸਹਿਜੇ ਹੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਸਿੱਖ ਚਿੰਤਨ, ਸਿੱਖ ਦਰਸ਼ਨ ਅਤੇ ਸਿੱਖ ਰਹਿਤ ਦੇ ਪ੍ਰਸੰਗ ਸਥਾਪਨ ਵਿਚ ਵੀ ਇਹ ਸਵੈਯੇ ਸਹਾਈ ਹੋ ਸਕਦੇ ਹਨ। ਪਰ ਇਥੇ ਸਿੱਖ ਧਰਮ ਵਿਗਿਆਨ ਦੀ ਗੱਲ ਕੀਤੀ ਜਾ ਰਹੀ ਹੈ। ਕਬਿੱਤ ਸਵੈਯੀਆਂ ਦੇ ਪ੍ਰਸੰਗ ਵਿਚ ਕੇਵਲ ਧਰਮ ਵਿਗਿਆਨਕ ਦ੍ਰਿਸ਼ਟੀਕੋਣ ਹੀ, ਭੂਮਿਕਾ ਨਾਹੀਂ ਪ੍ਰਗਟਾਏ ਜਾਣ ਦਾ ਯਤਨ ਹੈ।

ਅਜੇ ਤੱਕ ਸਿੱਖ ਧਰਮ ਵਿਗਿਆਨ ਬਾਰੇ ਜਾਂ ਸਿੱਖ ਧਰਮ ਵਿਗਿਆਨ ਦੀ ਦ੍ਰਿਸ਼ਟੀ ਤੋਂ ਕੋਈ ਵਿਧੀਵਤ ਅਧਿਐਨ ਸਾਹਮਣੇ ਨਹੀਂ ਹੈ। ਧਰਮ ਚਿੰਤਨ ਦੇ ਖੇਤਰ ਵਿਚ ਧਰਮ ਵਿਗਿਆਨ ਦੀ ਸਥਾਪਨਾ ਬਿਨਾਂ, ਕਿਸੇ ਵੀ ਧਰਮ ਅਧਿਐਨ ਦਾ ਸੁਤੰਤਰ ਪ੍ਰਸੰਗ ਸਥਾਪਿਤ ਨਹੀਂ ਕੀਤਾ ਜਾ ਸਕਦਾ। ਸੁਤੰਤਰ ਪ੍ਰਸੰਗ ਨੂੰ ਖੋਰਾ ਇਸ ਹਾਲਤ ਵਿਚ ਹੀ ਲਗਦਾ ਹੈ ਕਿਉਂਕਿ ਲੇਖਕ ਅਕਸਰ ਬਣ ਚੁੱਕੀਆਂ ਧਰਮ ਵਿਗਿਆਨਕ ਧਾਰਨਾਵਾਂ ਤੋਂ ਮੁਕਤ ਨਹੀਂ ਹੋ ਸਕਦੇ। ਇਸ ਹਾਲਤ ਵਿਚ ਈਸਾਈ ਪਿਛੋਕੜ ਵਾਲੇ ਲੇਖਕਾਂ ਦੀਆਂ ਲਿਖਤਾਂ ਵਿਚ, ਈਸਾਈ ਧਰਮ ਵਿਗਿਆਨ ਦੀਆਂ ਧਾਰਨਾਵਾਂ ਜਾਂ ਪ੍ਰਭਾਵ ਆਪਣੇ ਆਪ ਲਿਖਤ ਵਿਚ ਪਰਵੇਸ਼ ਕਰ ਜਾਣਗੇ ਅਤੇ ਇਸਲਾਮੀ ਪ੍ਰਭਾਵ ਵਾਲੇ ਲੇਖਕਾਂ ਦੀਆਂ ਲਿਖਤਾਂ ਵਿਚ ਇਸਲਾਮੀ ਧਰਮ ਵਿਗਿਆਨ ਦੀਆਂ ਧਾਰਨਾਵਾਂ ਜਾਂ ਪ੍ਰਭਾਵ ਸ਼ਾਮਲ ਹੋ ਜਾਣਗੇ। ਇਸਦਾ ਨੁਕਸਾਨ ਸਿੱਖ ਧਰਮ ਨੂੰ ਹੋਇਆ ਹੈ ਅਤੇ ਅਜੇ ਤਕ 'ਸਿੱਖ ਧਰਮ ਵਿਗਿਆਨ' ਦੀ ਗ਼ਲ ਨਹੀਂ ਭੁਤੀ। ਸਿੱਖ ਧਰਮ ਵਿਗਿਆਨ ਨਾਲ ਸੰਬੰਧਿਤ ਲਿਖਤਾਂ ਜਾਂ ਲਿਖਤਾਂ ਵਿਚ ਪ੍ਰਾਪਤ ਸਿੱਖ ਧਰਮ ਵਿਗਿਆਨ ਦੇ ਅੰਸ਼ਾਂ ਦੀ ਪਛਾਣ ਨ ਹੋਣ ਕਰਕੇ, ਸਿੱਖ ਲੇਖਕ ਵੀ ਪ੍ਰਾਪਤ ਧਰਮ ਵਿਗਿਆਨਕ ਪ੍ਰਭਾਵਾਂ ਤੋਂ ਮੁਕਤ ਨਹੀਂ ਹੋ ਸਕੇ। ਉਦਾਹਰਣ ਵਜੋਂ ਜਨਮ ਸਾਖੀਆਂ ਵਿਚੋਂ ਸ਼ੁਧ ਸਿੱਖ ਧਰਮ ਵਿਗਿਆਨਕ ਸਰੋਕਾਰਾਂ ਦੀ ਨਿਸ਼ਾਨਦੇਹੀ ਕਰ ਸਕਣੀ ਕਠਿਨ ਹੋਵੇਗੀ। ਮੇਰਾ ਵਿਸ਼ਵਾਸ਼ ਹੈ ਕਿ ਭਾਈ ਗੁਰਦਾਸ ਦੀਆਂ ਰਚਨਾਵਾਂ ਜਨਮ ਸਾਖੀਆਂ ਨਾਲੋਂ ਵੀ ਪਹਿਲਾਂ ਦੀਆਂ ਹਨ ਕਿਉਂਕਿ ਜਨਮ ਸਾਖੀਆਂ ਵਿਚ ਪੰਚਮ ਪਾਤਸ਼ਾਹ ਹਜ਼ੂਰ ਦੀ ਬਾਣੀ ਸ਼ਾਮਲ ਹੈ। ਭਾਈ ਗੁਰਦਾਸ ਜੀ ਸਿੱਖ ਸੰਸਾਰ ਦੇ ਪਹਿਲੇ ਵਿਧੀਵਤ ਢੰਗ ਨਾਲ ਸੁਸਿਖਿਅਤ ਸਿੱਖ ਵਿਦਵਾਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਿਚ, ਪੰਚਮ ਪਾਤਸ਼ਾਹ ਤੋਂ ਬਾਅਦ, ਭਾਈ ਗੁਰਦਾਸ ਜੀ ਦਾ ਕੇਂਦਰੀ ਯੋਗਦਾਨ ਹੈ। ਭਾਈ ਗੁਰਦਾਸ ਜੀ ਗੁਰੂ ਗ੍ਰੰਥ ਸਾਹਿਬ ਦੇ ਜਾਗਤ ਜੋਤਿ ਅਤੇ ਜ਼ਾਹਰਾ ਜ਼ਹੂਰ ਹੋਣ ਦੇ ਪ੍ਰਥਮ ਚਸ਼ਮਦੀਦ ਗਵਾਹ ਹਨ। ਸਿੱਖ ਰਹਿਤ ਉਨ੍ਹਾਂ ਦੇ ਸਾਹਮਣੇ ਪਰਪੱਕਤਾ ਗ੍ਰਹਿਣ ਕਰ ਚੁੱਕੀ ਸੀ। ਭਾਈ ਸਾਹਿਬ ਅਕਾਲ ਤਖਤ ਸਾਹਿਬ ਦੇ ਪਹਿਲੇ ਜਥੇਦਾਰ ਵੀ ਸਨ। ਇਸ ਹਾਲਤ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਤਾਂ ਬਾਣੀ ਵਿਚ ਕੁੰਜੀ ਵਜੋਂ ਮਾਨਤਾ ਪ੍ਰਾਪਤ ਹੋਈ ਹੈ, ਪ੍ਰੰਤੂ ਕਬਿੱਤ ਸਵੈਯੀਆਂ ਬਾਰੇ ਇਸ ਤਰ੍ਹਾਂ ਦੀ ਰਾਇ ਨਹੀਂ ਦਿਤੀ ਜਾ ਸਕਦੀ। ਸਪਸ਼ਟ ਹੈ ਕਿ ਭਾਈ ਗੁਰਦਾਸ ਦੀ ਰਚਨਾ ਕਬਿੱਤ ਸਵੈਯੇ ਅਣਗੌਲੇ ਰਹੇ ਹਨ। ਇਸ ਵਿਚੋਂ ਵਿਸ਼ੇਸ਼ ਅਧਿਐਨ ਦੀ ਲੋੜ ਨੇ ਜਨਮ ਲਿਆ ਹੈ। ਇਹ ਕਾਰਜ ਸ. ਓਅੰਕਾਰ ਸਿੰਘ ਨੇ ਸੰਪੰਨ ਕੀਤਾ ਹੈ।

ਜਿਥੋਂ ਤਕ ਧਰਮ ਵਿਗਿਆਨ ਦਾ ਸੰਬੰਧ ਹੈ, ਇਸ ਨੂੰ ਧਰਮ ਚਿੰਤਨ ਦੇ ਪ੍ਰਸੰਗ ਵਿਚ ਅੰਗ੍ਰੇਜ਼ੀ ਸ਼ਬਦ ਥੀਆਲੋਜ਼ੀ (Theology) ਦਾ ਅਨੁਵਾਦ ਪਰਵਾਨ ਕੀਤਾ ਜਾ ਸਕਦਾ ਹੈ ਅਤੇ

ਕੁਝ ਵਿਦਵਾਨਾਂ ਨੇ ਇਸ ਵਾਸਤੇ ਸ਼ਬਦ ਧਰਮ ਮੀਮਾਂਸਾ ਵੀ ਵਰਤਿਆ ਹੈ। ਧਰਮ ਵਿਗਿਆਨ ਵਿਚ ਅਕਾਲ ਪੁਰਖ ਅਤੇ ਸ਼ਬਦ ਇਕੱਠੇ ਹਨ ਜਾਂ ਇਕ ਦੂਜੇ ਦੇ ਪੂਰਕ ਹਨ। ਇਸ ਤਰ੍ਹਾਂ ਧਰਮ ਵਿਗਿਆਨ ਨੂੰ ਅਕਾਲ ਪੁਰਖੀ ਸਿਧਾਂਤ ਜਾਂ ਬਿਬੇਕ ਗਿਆਨ ਜਾਂ ਅਕੱਥ ਦੀ ਕਥਾ ਵੀ ਕਿਹਾ ਜਾ ਸਕਦਾ ਹੈ। ਚਿੰਤਕਾਂ ਵਿਚ ਇਸ ਸ਼ਬਦ ਦੀ ਵਰਤੋਂ ਹੁੰਦੀ ਆਈ ਹੈ। ਅਫਲਾਤੂਨ ਨੇ ਪਹਿਲੀ ਵਾਰ ਧਰਮ ਵਿਗਿਆਨ (Theology) ਸ਼ਬਦ ਦੀ ਵਰਤੋਂ ਦੇਵਤਿਆਂ ਬਾਰੇ ਕਥਾ ਕਹਾਣੀਆਂ ਵਜੋਂ ਕੀਤੀ ਸੀ। ਗੁਰਮਤਿ ਵਿਚ "ਕਥਾ ਕਹਾਣੀ" ਅਤੇ "ਬਾਬਾਣੀਆ ਕਹਾਣੀਆ" ਨੂੰ ਇਸ ਦ੍ਰਿਸ਼ਟੀ ਤੋਂ ਵੀਚਾਰਿਆ ਜਾ ਸਕਦਾ ਹੈ। ਭਾਈ ਗੁਰਦਾਸ ਜੀ ਦੇ ਕਬਿੱਤ ਸਵੈਯੇਆਂ ਵਿਚ ਆਉਂਦੇ ਸਨਾਤਨੀ ਅਤੇ ਸਿਖਿਆਦਾਇਕ ਬਿੰਬ ਜਾਂ ਮਿਥਿਹ ਸਕ ਤੇ ਇਤਿਹਾਸਕ ਹਵਾਲੇ ਵੀ ਇਸੇ ਪ੍ਰਸੰਗ ਵੱਲ ਸੰਕੇਤ ਪਰਵਾਨ ਕੀਤੇ ਜਾ ਸਕਦੇ ਹਨ। ਅਫਲਾਤੂਨ ਦੇ ਚੇਲੇ ਅਰਸਤੂ ਨੇ ਜੋ ਤਿੰਨ ਵਿਗਿਆਨ ਗਿਣੇ ਹਨ, ਉਨ੍ਹਾਂ ਵਿਚੋਂ ਧਰਮ ਵਿਗਿਆਨ ਇਕ ਹੈ। ਅਰਸਤੂ ਨੇ ਇਸ ਵਿਚ ਗਣਿਤ ਵਿਗਿਆਨ, ਭੌਤਿਕ ਵਿਗਿਆਨ ਅਤੇ ਧਰਮ ਵਿਗਿਆਨ ਨੂੰ ਗਿਣਿਆ ਹੈ। ਇਸ ਸਿਧਾਂਤੀਕਰਣ ਦਾ ਅਰਸਤੂ ਨੇ ਭਾਵੇਂ ਕੋਈ ਉਦਾਹਰਣ ਦੇ ਕੇ ਪੁਸ਼ਟੀ-ਯੁਕਤ ਪ੍ਰਸੰਗ ਸਥਾਪਨ ਨਹੀਂ ਕੀਤਾ ਪਰ ਗੁਰਮਤਿ ਦੇ ਪ੍ਰਸੰਗ ਵਿਚ ਇਨ੍ਹਾਂ ਤਿੰਨਾਂ ਦਾ ਪੁਸ਼ਟੀ ਸਹਿਤ ਪ੍ਰਸੰਗ ਸਥਾਪਨ ਸਹਿਜੇ ਹੀ ਕੀਤਾ ਜਾ ਸਕਦਾ ਹੈ। ਗੁਰਮਤਿ ਚਿੰਤਨ ਵਿਚਲੇ ਬਿਬੇਕ ਅਤੇ ਵੀਚਾਰ ਨਾਲ ਸੰਬੰਧਿਤ ਸਰੋਕਾਰ, ਇਸ ਸੰਸਾਰ ਨੂੰ "ਸਚੇ ਕੀ ਹੈ ਕੋਠੜੀ" ਅਤੇ "ਸਚੇ ਕਾ ਵਿਚਿ ਵਾਸੁ" ਪਰਵਾਨ ਕਰਨ ਦੇ ਬਾਵਜੂਦ, ਅਰਸਤੂ ਵਾਂਗ ਤ੍ਰੈ ਪਖੀ ਪਰਵਾਨ ਨਹੀਂ ਕਰਦੇ। ਸਗੋਂ ਇਨ੍ਹਾਂ ਨੂੰ ਇਕ ਦੀਆਂ ਹੀ ਪਰਤਾਂ ਪਰਵਾਨ ਕਰਦੇ ਹੋਏ ਏਕੱਰੂਭਾਵੀ ਧਰਮ ਵਿਗਿਆਨ ਦੇ ਆਧਾਰ ਪਰਵਾਨ ਕੀਤਾ ਗਿਆ ਹੈ। ਭਾਈ ਗੁਰਦਾਸ ਗੁਰਮਤਿ ਦੇ ਪਰਵਾਨਤ ਦਾਵੀ ਹੋਣ ਚੋ ਨਾਤੇ, ਇਨ੍ਹਾਂ ਸਾਰੇ ਸਰੋਕਾਰਾ ਦਾ ਵਰਣਨ, ਆਪਣੇ ਕਬਿੱਤਾਂ ਵਿਚ ਭਲੀ ਭਾਂਤ ਕਰਦੇ ਹਨ। ਇਥੇ ਇਸ ਦਾ ਵਿਸਥਾਰ ਸੰਭਵ ਨਹੀਂ ਹੈ।

ਕਿਸੇ ਵੀ ਧਰਮ ਦੇ ਧਰਮ ਵਿਗਿਆਨ ਵਿਚ, ਲਏ ਜਾ ਰਹੇ ਧਰਮ ਨਾਲ ਜੁੜੇ ਹੋਏ ਅਕਾਲ ਪੁਰਖੀ ਸੰਕਲਪ ਅਤੇ ਇਨ੍ਹਾਂ ਨਾਲ ਸੰਬੰਧਿਤ ਪਵਿੱਤ੍ਰ-ਪੁਸਤਕੀ ਆਧਾਰ ਅਤੇ ਇਨ੍ਹਾਂ ਦਾ ਇਤਿਹਾਸਕ ਪ੍ਰਕਾਸ਼ਨ ਸ਼ਾਮਲ ਹੁੰਦੇ ਹਨ। ਕੋਸ਼ਗਤ ਵਿਆਖਿਆ ਵਿਚ ਵੀ ਧਰਮ ਵਿਗਿਆਨ ਵਿਚ ਪ੍ਰਭੂ, ਉਸਦਾ ਸੁਭਾ ਅਤੇ ਉਸਦੇ ਗੁਣਾਂ ਤੋਂ ਇਲਾਵਾ ਪ੍ਰਭੂ ਦਾ ਮਾਨਵ ਅਤੇ ਸੰਸਾਰ ਨਾਲ ਸੰਬੰਧ ਸ਼ਾਮਲ ਮੰਨਿਆ ਜਾਂਦਾ ਹੈ। ਜਪੁਜੀ ਸਾਹਿਬ ਦੇ ਮੂਲ ਮੰਤ੍ਰ ਵਿਚੋਂ ਇਸਦਾ ਸਮਰਥਨ ਹੋ ਜਾਂਦਾ ਹੈ। ਸਿਧਾਂਤਕਤਾ ਤਕ ਗੁਰਮਤਿ ਪਹੁੰਚ, ਸਰੋਤਕ ਦਖਲ ਤੋਂ ਮੁਕਤ ਹੋਈ ਸ਼ਬਦ-ਪਹੁੰਚ ਹੈ। ਨਿਤਨੇਮੀ-ਰਹਿਤ ਮਾਨਵ ਨੂੰ ਸ਼ਬਦ ਦੇ ਨੇੜੇ ਕਿਵੇਂ ਲੈ ਜਾਂਦੀ ਹੈ, ਇਸਦਾ ਧਰਮ ਵਿਗਿਆਨਕ ਪ੍ਰਸੰਗ ਭਾਈ ਗੁਰਦਾਸ ਜੀ ਨੇ ਭੰਬਟ, ਪੰਛੀ ਅਤੇ ਭੌਰੇ ਦੇ ਹਵਾਲੇ ਨਾਲ ਸਥਾਪਤ ਕੀਤਾ ਹੋਇਆ ਹੈ। ਇਹ ਤਿੰਨੇ ਅਚੇਤ ਸੰਕਟ ਵਿਚ ਵੀ ਆਪਣੇ ਸੁਚੇਤ ਸਿਰੜ ਸਦਕਾ, ਸੁਹਪਰੂ ਜਾਂ ਸਫਲ ਹੋ ਜਾਂਦੇ ਹਨ। ਇਨ੍ਹਾਂ ਤਿੰਨਾਂ ਦਾ ਅਤਿ, ਚਿੱਤ ਦੀਆਂ ਚੇਸ਼ਟਾਵਾਂ ਦੀ ਭਟਕਨਾਂ ਦੇ ਅਤਿ ਵਜੋਂ ਪਰਵਾਨ ਕਰਦਿਆਂ ਦਸਿਆ ਹੈ ਕਿ ਗੁਰਬਾਣੀ ਦਾ ਨਿਰੰਤਰ ਪਾਠ ਤੇ ਵੀਚਾਰ, ਮਾਨਵ ਨੂੰ ਸ਼ਬਦ ਵਿਚ ਰਸਲੀਨ ਕਰਨ ਤਕ ਲੈ ਜਾਂਦਾ ਹੈ :

ਜੈਸੇ ਦੀਪ ਦੀਪਤ ਪਤੰਗ ਲੋਟਪੋਟ ਹੋਤ
ਕਬਹੂੰ ਕੈ ਜਾਰਾ ਮੈ ਪਰਤ ਜਰ ਜਾਇ ਹੈ।
ਜੈਸੇ ਖਗ ਦਿਨ ਪ੍ਰਤਿ ਚੋਗ ਚੁਗਿ ਆਵੈ ਉਡਿ,
ਕਾਹੂ ਦਿਨ ਫਾਸੀ ਫਸੈ ਬਹੁਰਯੋ ਨ ਆਇ ਹੈ।
ਜੈਸੇ ਅਲ ਕਮਲ ਕਮਲ ਪ੍ਰਤਿ ਧੰਜੈ ਨਿਤ,
ਕਬਹੂੰ ਕਮਲ ਦਲ ਸੰਪਟ ਸਮਾਇ ਹੈ।

ਤੈਸੋ ਗੁਰਬਾਨੀ ਅਵਗਾਹਨ ਕਰਜ਼ ਚਿਤ,
ਕਬਹੂੰ ਮਗਨ ਹੈ ਸਬਦਿ ਉਰਝਾਇ ਹੈ। (੫੯੦)

ਇਸਨੂੰ ਧਰਮ ਵਿਗਿਆਨ ਦੇ ਗੂੜ੍ਹ ਸਰੋਕਾਰਾਂ ਦਾ ਲੋਕਯਾਨਿਕ ਪ੍ਰਗਟਾ ਵੀ ਆਖਿਆ ਜਾ ਸਕਦਾ ਹੈ। ਕਾਰਨ ਇਹ ਹੈ ਕਿ ਲੋਕ ਇਥੇ ਮਾਨਸਿਕਤਾ ਨਾਲ ਪ੍ਰੀਚਿਤ ਬਿੰਬਾਂ ਦੀ ਵਰਤੋਂ ਕੀਤੀ ਹੈ। ਇਹ ਤਾਂ ਸਪਸ਼ਟ ਹੀ ਹੈ ਕਿ ਚਿੰਨ੍ਹ ਜਾਂ ਬਿੰਬ ਗੂੜ੍ਹ ਨੂੰ ਸਰਲ ਕਰਨ ਵਿਚ ਸਹਾਈ ਹੁੰਦੇ ਹਨ ਅਤੇ ਭਾਈ ਗੁਰਦਾਸ ਜੀ ਨੇ ਇਸ ਮਾਧਿਅਮ ਦੀ ਭਰਪੂਰ ਅਤੇ ਉਸਾਰੂ ਵਰਤੋਂ ਕੀਤੀ ਹੈ।

ਧਰਮ ਵਿਗਿਆਨ ਵਿਚ ਧਾਰਮਿਕ ਵਿਵਹਾਰ ਦਾ ਸਿਧਾਂਤਕ ਪ੍ਰਗਟਾਵਾ ਅਤੇ ਸਿਧਾਂਤਕ ਸਰੋਕਾਰਾਂ ਦਾ ਵਿਵਹਾਰਕ ਪ੍ਰਗਟਾਵਾ ਸ਼ਾਮਲ ਮੰਨੇ ਜਾਂਦੇ ਹਨ। ਇਸ ਕਥਨ ਦਾ ਇਤਿਹਾਸਕ ਪ੍ਰਸੰਗ ਇਹ ਹੋ ਸਕਦਾ ਹੈ ਕਿ 1499 ਈ. ਵਿਚ "ਵੇਈਂ ਨਦੀ ਪਰਵੇਸ਼" ਸਿਧਾਂਤਕ ਪ੍ਰਗਟਾਵਾ ਹੈ ਪਰੰਤੂ 1699 ਈ. ਵਿਚ "ਖਾਲਸਾ ਸਾਜਣਾ" ਵਿਵਹਾਰਕ ਪ੍ਰਗਟਾਵਾ ਹੈ। ਇਹ ਦੋਵੇਂ ਇਕ ਹੀ ਲੜੀ ਦੇ ਦੋ ਸਿਰੇ ਹਨ ਅਤੇ ਇਨ੍ਹਾਂ ਨੂੰ ਸਮਸ੍ਰੁਤਾ ਵਿਚ ਪ੍ਰਗਟਾਉਣ ਲਈ, ਇਕ ਦੂਜੇ ਦੇ ਪੂਰਕ ਪਰਵਾਨ ਕੀਤੇ ਜਾਣਾ ਚਾਹੀਦਾ ਹੈ। ਭਾਈ ਗੁਰਦਾਸ ਜੀ ਦੋਹਾਂ ਦੇ ਵਿਚਕਾਰ ਖੜੇ ਹਨ ਪਰੰਤੂ ਭਾਈ ਗੁਰਦਾਸ ਦੇ ਕਬਿੱਤਾਂ ਵਿੱਚ ਦੋਹਾਂ ਦੇ ਸੰਕੇਤਕ ਦੀਦਾਰੇ ਕੀਤੇ ਜਾ ਸਕਦੇ ਹਨ। ਧਰਮ ਵਿਗਿਆਨੀ ਵਾਸਤੇ ਅਕਾਲ ਪੁਰਖ ਸਤਿ ਸਰੋਕਾਰ ਹੈ ਅਤੇ ਇਸ ਸਰੋਕਾਰ ਦਾ ਮਾਨਵ ਦੇ ਸੰਦਰਭ ਵਿਚ ਪ੍ਰਗਟਾਇਆ ਜਾਣਾ ਵੀ ਸਤਿ ਹੈ। ਫਰਕ ਏਨਾ ਹੀ ਹੈ ਕਿ ਮਾਨਵ ਦਾ ਹਥਿਆਰ ਸ਼ਰਧਾ, ਸਮਰਪਣ ਅਤੇ ਸ਼ਰਣ ਹੈ। ਅਕਾਲ ਪੁਰਖ ਦਾ ਹਥਿਆਰ ਵਰਦਾਨ ਜਾਂ ਕਿਰਪਾ ਹੈ। ਇਸਦਾ ਧਰਮ ਵਿਗਿਆਨਕ ਪ੍ਰਸੰਗ ਇਹ ਬਣੇਗਾ ਕਿ ਅਕਾਲ ਪੁਰਖ, ਬੰਦੇ ਜਾਂ ਜਗਿਆਸੂ ਤਕ ਕਿਰਪਾ ਰਾਹੀਂ ਪਹੁੰਚੇਗਾ ਅਤੇ ਬੰਦਾ, ਅਕਾਲ ਪੁਰਖ ਤਕ ਸ਼ਰਧਾ ਅਤੇ ਸਮਰਪਣ ਰਾਹੀਂ ਪਹੁੰਚਗਾ। ਇਹ "ਨਾਲਿ ਖਸਮ ਚਲੈ ਅਰਦਾਸ" ਹੈ। ਇਹ ਪ੍ਰਸੰਗ ਭਾਈ ਗੁਰਦਾਸ ਜੀ ਦੇ ਕਬਿੱਤ ਸਵੈਯਾਂ ਵਿਚ ਭਲੀ ਭਾਂਤ ਪ੍ਰਗਟ ਹੋ ਗਿਆ ਹੈ। ਭਾਈ ਸਾਹਿਬ ਨੇ ਜਿਸ ਉਚ ਅਵਸਥਾ ਵਿਚ ਟਿਕੇ ਰਹਿਣ ਦੀ ਪ੍ਰੇਰਨਾ ਕੀਤੀ ਹੈ (661), ਉਹ ਜਨਮ ਤੋਂ ਪ੍ਰਾਪਤ ਨਹੀਂ ਮੰਨੀ ਜਾ ਸਕਦੀ। ਉਸ ਵਾਸਤੇ ਯਤਨ ਕੀਤੇ ਜਾਣ ਦੀ ਲੋੜ ਤੇ ਜ਼ੋਰ ਦਿਤਾ ਹੈ। ਇਹ ਯਤਨ ਮਾਨਵ-ਜਨਮ ਵਿਚ ਹੀ ਸੰਭਵ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਮਾਨਵ-ਜਨਮ ਇਸੇ ਵਾਸਤੇ ਹੈ। ਮਾਨਵ-ਜਨਮ ਘਾਲ ਨਾਲ ਸਫਲ ਹੋ ਸਕਦਾ ਹੈ (580)। ਘਾਲ ਦਾ ਅਰਥ ਅਭਿਆਸ ਪਰਵਾਨ ਕੀਤਾ ਹੈ (590)। ਅਭਿਆਸ ਵਿਚ ਅੰਮ੍ਰਿਤ ਵੇਲੇ ਦੀ ਰਹਿਤ ਸ਼ਾਮਲ ਹੈ (568)। ਇਸੇ ਰਹਿਤ ਵਿਚ ਸਤਿਸੰਗ ਵੀ ਸ਼ਾਮਲ ਹੈ (616)। ਇਹ ਸਾਰਾ ਕੁਝ ਸ਼ਬਦ ਨਾਲ ਸਿੱਧਾ ਸੰਬੰਧ ਸਥਾਪਤ ਕਰਨ ਵਿਚ ਸਹਾਇਤਾ ਕਰਦਾ ਹੈ। ਸ਼ਬਦ ਜਦੋਂ ਮਾਨਵ ਦੇ ਅੰਦਰ ਉਤਰ ਜਾਂਦਾ ਹੈ ਤਾਂ ਸ਼ਬਦ ਵਿਚ ਗੁਰੂ ਅਤੇ ਗੁਰੂ ਵਿਚ ਸ਼ਬਦ ਦੀ ਸੋਝੀ ਹੋ ਜਾਂਦੀ ਹੈ (608)। ਸੋ ਧਰਮ ਇਕ ਤਰਾਂ ਦਾ ਉਸਾਰੂ ਸੁਝਾ ਹੈ ਅਤੇ ਕਿਸੇ ਕਿਸਮ ਦੇ ਲਾਭ ਦਾ ਧਾਰਮਿਕ ਪ੍ਰਸੰਗ ਸੁਝਾ ਅਨੁਸਾਰ ਹੀ ਸਥਾਪਤ ਹੁੰਦਾ ਹੈ (603)। ਸੁਝਾ ਨੂੰ ਗੁਣਾਂ ਦਾ ਅਮਲ ਪਰਵਾਨ ਕੀਤਾ ਗਿਆ ਹੈ। ਗੁਣ ਹੀ ਗੁਰ-ਉਪਦੇਸ਼ ਹਨ, ਗੁਰਬਾਣੀ ਹਨ। ਗੁਣਾਂ ਦੇ ਗ੍ਰਾਹਕ ਹੀ ਨਾਮ-ਸਿਮਰਨ ਵਲ ਰੁਚਿਤ ਹੁੰਦੇ ਹਨ। ਪ੍ਰੇਮ ਅਤੇ ਨਿਮਰਤਾ ਅਜਿਹੇ ਗੁਣ ਹਨ ਜੋ "ਲਿਵ" ਨੂੰ ਪੱਕਿਆਂ ਕਰਦੇ ਹਨ। ਜੁੜੀ ਹੋਈ "ਲਿਵ" ਧਰਮ ਹੈ ਅਤੇ ਟੁੱਟੀ ਹੋਈ "ਲਿਵ" ਦੁਨੀਆਂਦਾਰੀ ਹੈ, ਨਾਸਤਿਕਤਾ ਹੈ। ਲਿਵ ਵਾਲਾ ਹੀ ਮਿਹਰ ਦੀ ਨਜ਼ਰ ਦਾ ਅਧਿਕਾਰੀ ਹੁੰਦਾ ਹੈ। ਸੋ ਮਿਹਰ ਨੂੰ ਸਿੱਖ ਦੀ ਉਤਮ ਪ੍ਰਾਪਤੀ ਪਰਵਾਨ ਕੀਤਾ ਹੋਇਆ ਹੈ (563)। ਭਾਈ ਸਾਹਿਬ ਨੇ ਕਬਿੱਤ ਸਵੈਯਾਂ ਵਿਚ ਗੁਰਬਾਣੀ ਜਾਂ ਸ਼ਬਦ ਗੁਰੂ ਦੀ ਮਹਿਮਾ ਦਾ ਬਹੁਤ ਗਾਇਣ ਕੀਤਾ ਹੈ। ਉਹ ਉਦਾਹਰਣਾਂ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਪਾਹੁਣੇ ਦੀ ਸੇਵਾ ਵਾਸਤੇ ਘਰ ਵਿਚ ਸਾਮਾਨ ਜ਼ਰੂਰੀ ਹੈ ਅਤੇ ਸ਼ਿੰਗਾਰ ਵਾਸਤੇ ਗਹਿਣੇ ਜ਼ਰੂਰੀ ਹਨ, ਉਸੇ ਤਰ੍ਹਾਂ ਗੁਰਸਿੱਖ ਨਾਲ ਸਾਂਝ ਪਾਉਣ ਲਈ ਗੁਰਬਾਣੀ ਜ਼ਰੂਰੀ ਹੈ। ਗੁਰਬਾਣੀ ਨੂੰ ਪੋਥੀਆਂ ਦੇ ਰੂਪ ਵਿਚ ਲਿਖਕੇ ਸੰਭਾਲਣ ਦੀ

ਪ੍ਰਗਟ ਸਿਖਿਆ, ਭਾਈ ਸਾਹਿਬ ਨੇ ਦਿਤੀ ਹੋਈ ਹੈ :

ਤੈਸੇ ਗੁਰਬਾਨੀ ਲਿਖ ਪੋਥੀ ਬਾਂਧਿ ਰਾਖੀਅਤ,
ਮਿਲ ਗੁਰਸਿਖ ਪਤਿ ਸੁਨਿ ਲਿਵ ਲਾਈਐ । (ਪਉੜੀ)

ਇਸ ਸੈਕੰਤਕ ਸੰਬੰਧ ਰਾਹੀਂ ਇਹ ਪ੍ਰਗਟ ਕਰਨ ਦਾ ਯਤਨ ਕਰ ਰਿਹਾ ਹਾਂ ਕਿ ਧਰਮ ਦੀ ਸਦ-ਸਮਕਾਲੀਨਤਾ ਸਥਾਪਤ ਕੀਤੇ ਬਿਨਾਂ, ਧਰਮ ਅਪ੍ਰਸੰਗਕ ਹੋ ਜਾਂਦਾ ਹੈ। ਅਜਿਹੀ ਲੰਭ ਆਧੁਨਿਕ ਪ੍ਰਸੰਗ ਵਿਚ ਜਾਂ ਆਧੁਨਿਕ ਯੁੱਗ ਵਿਚ ਵਧੇਰੇ ਸੰਭਵ ਹੋ ਗਈ ਹੈ। ਇਸਦਾ ਇਕ ਕਾਰਨ ਤਾਂ ਇਹ ਹੈ ਕਿ ਆਧੁਨਿਕ ਯੁੱਗ ਦੀ ਪ੍ਰਧਾਨ ਸੁਰ, ਤਰਕ ਸੰਗਤਤਾ ਅਤੇ ਵਿਗਿਆਨਕ ਪਹੁੰਚ ਵਿਚ ਵਧ ਰਿਹਾ ਵਿਸ਼ਵਾਸ ਹੈ। ਇਸ ਨਾਲ ਧਾਰਮਿਕ ਬੰਧਨਾਂ ਦੀ ਮੁਥਾਜੀ ਨੇ ਧਰਮ ਵਿਰੋਧੀਆਂ ਨੂੰ ਹੱਲਾਸ਼ੇਰੀ ਦਿਤੀ ਹੈ। ਨਤੀਜੇ ਵਜੋਂ ਧਰਮ ਨੂੰ ਧਰਮ ਵਿਗਿਆਨ ਦੀ ਥਾਂ ਅਵਿਗਿਆਨਕ ਸਰੰਕਾਰਾਂ ਤਕ ਸੀਮਿਤ ਕਰ ਦਿਤਾ ਗਿਆ ਹੈ। ਸਿੱਟੇ ਵਜੋਂ ਇਕ ਵਰਗ ਨੂੰ ਧਰਮ, ਖੁਰਕ ਨੈਤਿਕਤਾ ਅਤੇ ਬੇਲੋੜੇ ਸੁਧਾਰਾਂ ਦਾ ਮੁਦਈ ਲਗਣ ਲਗ ਪਿਆ ਹੈ। ਇਹ ਧਰਮ ਦਾ ਠੀਕ ਪ੍ਰਸੰਗ ਨਹੀਂ ਹੈ ਅਤੇ ਇਸ ਹਾਲਤ ਵਿਚ ਧਰਮ ਦੇ ਬੌਧਕ ਆਧਾਰਾਂ ਦੀ ਉਸਾਰੀ ਅਤੇ ਧਰਮ ਵਿਗਿਆਨਕ ਸਰੰਕਾਰਾਂ ਦੀ ਨਿਸ਼ਾਨਦੇਹੀ ਜ਼ਰੂਰੀ ਹੋ ਗਈ ਹੈ। ਸਿੱਖ ਚਿੰਤਨ ਦੇ ਪ੍ਰਸੰਗ ਵਿਚ ਧਰਮ ਪ੍ਰਾਭੌਤਿਕ ਸਰੰਕਾਰਾਂ ਨਾਲ ਜੁੜਿਆ ਹੋਇਆ ਕਲਪਨਿਕ ਜਾਂ ਅੰਨ੍ਹਾਂ ਵਿਸ਼ਵਾਸ਼ ਬਿਲਕੁਲ ਨਹੀਂ ਸੀ। ਸਿੱਖ ਧਰਮ ਵਿਚ ਕਿਸੇ ਕਿਸਮ ਦੇ ਉਲਾਰ ਜਾਂ ਅਗਿਆਨ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੈ। "ਦੀਜੈ ਬੁਧ ਬਿਬੇਕਾ...", "ਛਿਅ ਘਰ ਛਿਅ ਗੁਰ ਛਿਅ ਉਪਦੇਸ...", "ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ" ਅਤੇ "ਬੰਦ ਕਤੇਬ ਕਹਹੁ ਮਤ ਝੂਠੇ..." ਸਿਖ ਧਰਮ ਵਿਗਿਆਨ ਦੇ ਸਦਾ ਸਜ਼ਰੇ ਅਤੇ ਸਦ-ਕਾਲੀਨ ਸਰੋਕਾਰ ਪਰਵਾਨ ਕੀਤੇ ਜਾ ਸਕਦੇ ਹਨ। ਭਾਈ ਗੁਰਦਾਸ ਜੀ ਇਨ੍ਹਾਂ ਤੋਂ ਪ੍ਰੇਰਿਤ ਹਨ ਅਤੇ ਇਨ੍ਹਾਂ ਦੇ ਪਰਚਾਰਕ ਵੀ ਹਨ।

ਇਸ ਦੇ ਬਾਵਜੂਦ ਸਹੂਲਤ ਮੁੱਖੀ ਪਹੁੰਚ ਅਤੇ ਵਿਗਿਆਨਕ ਉਲਾਰ ਦੇ ਬੌਲਬਾਲੇ ਵਿਚੋਂ ਧਰਮ ਅਸਥਾਨ ਅਤੇ ਧਾਰਮਿਕ ਬੰਧਨਾਂ ਵਿਰੁਧ ਵਿਦਰੋਹ ਸਾਹਮਣੇ ਹੈ। ਅਜਿਹਾ ਪੱਛਮ ਵਿਚ ਚਿਰ ਪਹਿਲਾ ਵਾਪਰ ਚੁਕਾ ਸੀ ਅਤੇ ਇਸ ਨੂੰ ਜਾਗ੍ਰਿਤ (Enlighten) ਦੀ ਸੰਗਿਆ ਪ੍ਰਾਪਤ ਹੋਈ ਸੀ। ਇਸਦੇ ਵਿਰੋਧ ਵਿਚ ਸੋਚਣ ਵਾਲਿਆਂ ਨੂੰ ਰੋਮਾਂਚਕ (Romantic) ਆਖਿਆ ਗਿਆ ਸੀ। ਇਹ ਵਿਕੋਲਿਤਰੀਆਂ ਆਵਾਜ਼ਾਂ ਸਨ ਅਤੇ ਕਿਸੇ ਸਦ-ਸੰਧ ਦਾ ਆਧਾਰ ਨ ਬਣ ਸਕੀਆਂ ਕਿਉਂਕਿ ਇਨ੍ਹਾਂ ਦਾ ਸੂਤ ਨਿਸ਼ਚਤ ਨਹੀਂ ਸੀ। ਭਾਰਤ ਵਿਚ ਅਜਿਹੇ ਯਤਨ ਇਸ ਤਰ੍ਹਾਂ ਨਹੀਂ ਹੋਏ ਕਿਉਂਕਿ ਇਥੇ ਸੂਤ ਸਪਸ਼ਟ ਸਨ। ਭਾਰਤੀ ਧਰਮ ਚਿੰਤਨ ਦੀਆਂ ਜੜ੍ਹਾਂ ਵੇਦਾਂ ਵਿਚ ਹਨ ਅਤੇ ਵੇਦਾਂ ਨੂੰ ਅਪੌਰਬਯ ਕਿਰਤ ਮੰਨਣ ਕਰਕੇ ਬਾਣੀ (Revolution) ਪਰਵਾਨ ਕੀਤਾ ਜਾਂਦਾ ਹੈ। ਵੇਦਾਂ ਵਿਚ ਵਰਣਿਤ ਦੇਵਤਿਆਂ ਨੇ ਆਮ ਲੋਕਾਂ ਦੇ ਜੀਵਨ ਵਿਚ ਜਦੋਂ ਪਰਵੇਸ਼ ਕੀਤਾ ਤਾਂ ਉਨ੍ਹਾਂ ਦੇ ਬੁੱਤਾਂ ਦੀ ਮੰਦਰਾਂ ਵਿਚ ਪੂਜਾ ਹੋਣ ਲਗ ਪਈ ਅਤੇ ਇਹ ਅਸੀਮ ਤੋਂ ਸੀਮਿਤ ਹੋ ਗਏ। ਦੇਵਤੇ ਕਿਸੇ ਇਕ ਪਰਤ ਦੇ ਪ੍ਰਤੀਨਿਧ ਹੋ ਗਏ, ਜਿਵੇਂ ਕਿ ਇੰਦਰ ਮੀਂਹ ਦਾ ਦੇਵਤਾ ਰਹਿ ਗਿਆ। ਅਗਨੀ ਦੇਵਤਾ ਨੂੰ ਯੱਗਾਂ ਤਕ ਸੀਮਿਤ ਮੰਨ ਲਿਆ ਗਿਆ। ਬ੍ਰਹਮਾ ਸ੍ਰਿਸ਼ਟੀ ਕਰਤਾ ਹੋਣ ਕਰਕੇ ਪਰਜਾਪਤੀ ਹੋ ਗਿਆ। ਦੇਖਣਾ ਇਹ ਹੈ ਕਿ ਇਨ੍ਹਾਂ ਦੇਵਤਿਆਂ ਨੇ ਧਰਮ ਵਿਚ ਵਿਸ਼ਵਾਸ ਰਖਣ ਵਾਲਿਆਂ ਦੇ ਨਿੱਤ ਜੀਵਨ ਨੂੰ ਕਿਵੇਂ, ਕਿੰਨਾਂ ਅਤੇ ਕਿਸ ਸੰਧ ਵਿਚ ਪ੍ਰਭਾਵਿਤ ਕੀਤਾ ? ਇਹ ਸਿਧ ਹੈ ਕਿ ਸਿਖ ਧਰਮ ਦੀ ਆਮਦ ਤਕ ਭਾਰਤੀ ਧਰਮ ਚਿੰਤਨ ਖੜੋਤਮੁੱਖੀ ਹੋ ਗਿਆ ਸੀ ਅਤੇ ਧਰਮ ਵਰਦਾਨ ਦੀ ਥਾਂ ਸਰਾਪ ਹੋ ਗਿਆ ਸੀ।

ਸਿੱਖ ਧਰਮ ਨੇ ਧਰਮ ਦੀ ਸਤਿਤਾ ਦਾ ਪ੍ਰਸੰਗ ਸਥਾਪਨ ਕੀਤਾ ਅਤੇ ਸਿੱਟੇ ਵਜੋਂ ਸੁਤੰਤਰ ਸਿਖ ਸਾਹਮਣੇ ਚਿੰਤਨ ਆਇਆ। ਭਾਈ ਗੁਰਦਾਸ ਜੀ ਨੇ ਸਿੱਖ ਚਿੰਤਨ ਦੀ ਤਾਜ਼ਗੀ ਨੂੰ ਸੰਭਾਲਣ ਤੇ ਪ੍ਰਗਟਾਉਣ ਵਿਚ ਮੱਢੀਆਂ ਵਾਲੇ ਕਰਤੱਵ ਦੀ ਪਾਲਨਾਂ ਕੀਤੀ। ਗੁਰੂ-ਅਮਰਦਾਸ ਜੀ ਦੇ ਸਮੇਂ ਉਹ ਗੁਰੂ-ਚਰਨਾਂ

ਨਾਲ ਜੁੜ ਗਏ ਸਨ। ਗੁਰੂ ਰਾਮਦਾਸ ਜੀ ਦੇ ਸਮੇਂ ਉਨ੍ਹਾਂ ਨੇ ਪ੍ਰਾਪਤ ਵਿਦਿਅਕ ਮਾਹਿਆਂ ਰਾਹੀਂ ਆਪਣੇ ਆਪ ਨੂੰ ਸਿਖ ਮਿਸ਼ਨਰੀ ਵਜੋਂ ਪਰਪੱਕ ਕੀਤਾ। ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਰ ਗ੍ਰੰਥ ਸਾਹਿਬ ਦੀ ਸੰਪਾਦਨਾ ਵਾਸਤੇ ਕੇਂਦਰੀ ਭੂਮਿਕਾ ਨਿਭਾਈ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਉਹ ਅਕਾਲ ਤਖ਼ਤ ਸਾਹਿਬ ਦੀ ਪਹਿਲੇ ਤੋਂ ਮੰਦੀ ਜਥੇਦਾਰ ਸਥਾਪਤ ਹੋਏ। ਕਹਿਣ ਦਾ ਭਾਵ ਇਹ ਹੈ ਕਿ ਸਿੱਖ ਜੀਵਨ ਜਾਚ ਦੀਆਂ ਜਿੰਨੀਆਂ ਪਰਤਾਂ ਦਾ ਅਮਲੀ ਤਜਰਬਾ ਉਨ੍ਹਾਂ ਨੂੰ ਹਾਸਲ ਸੀ, ਉਹ ਅਦੁੱਤੀ ਹੈ। ਇਸ ਹਾਲਤ ਵਿਚ ਉਨ੍ਹਾਂ ਦੀ ਰਚਨਾ ਨੂੰ ਸਿਖ ਧਰਮ ਵਿਗਿਆਨ ਦਾ ਪ੍ਰਮਾਣਿਕ ਆਧਾਰ ਅਤੇ ਭਾਈ ਸਾਹਿਬ ਜੀ ਨੂੰ ਪਹਿਲਾ ਸਿਖ ਧਰਮ ਵਿਗਿਆਨੀ ਪਰਵਾਨ ਕੀਤਾ ਗਿਆ ਹੈ ਅਤੇ ਕੀਤਾ ਹੀ ਜਾਣਾ ਚਾਹੀਦਾ ਹੈ।

ਇਸ ਚਰਚਾ ਨਾਲ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਸਿੱਖ ਧਰਮ ਵਿਗਿਆਨ ਦੀ ਨਿਸ਼ਾਨਦੇਹੀ ਵਾਸਤੇ ਕਬਿੱਤ ਸਵੈਯੇ ਮੂੰਤ ਸਾਹਿਤ ਦਾ ਦਰਜਾ ਰਖਦੇ ਹਨ। ਇਸਦਾ ਆਧਾਰ ਇਹ ਹੈ ਕਿ ਕਬਿੱਤ ਸਵੈਯਾਂ ਵਿਚ ਭਾਈ ਸਾਹਿਬ ਦੇ ਉਸ ਕੰਮਲ ਅਤੇ ਸਦਾ ਸੱਜਰੇ ਅਨੁਭਵ ਨੂੰ ਅਭਿਵਿਅਕਤੀ ਪ੍ਰਾਪਤ ਹੋਈ ਹੈ, ਜਿਹੜਾ ਉਨ੍ਹਾਂ ਨੇ ਗੁਰੂ ਚਰਨਾ ਦੀ ਨਿਕਟਤਾ ਅਤੇ ਕਿਰਪਾ ਦਆਰਾ ਪ੍ਰਾਪਤ ਕੀਤਾ ਸੀ। ਇਸ ਹਾਲਤ ਵਿਚ ਗੁਰੂ-ਚਿੰਤਨ ਅਤੇ ਸਿੱਖ-ਚਿੰਤਨ ਅਤੇ ਸਿੱਖ-ਰਹਿਤ ਤਿੰਨੇ ਹੀ ਕਬਿੱਤਾਂ ਵਿਚ ਲਿਪੀਆਂਤ੍ਰਿੰਤ ਹੋ ਗਏ ਹਨ। ਸਿੱਖ ਅਕਾਦਮਿਕਤਾ ਵਿਚ ਇਨ੍ਹਾਂ ਕਬਿੱਤਾਂ ਦੀ ਘੱਟ ਵਰਤੋਂ ਹੋਣ ਦੇ ਬਹੁਤ ਸਾਰੇ ਕਾਰਣਾ ਵਿਚੋਂ ਕੁਝ ਇਸ ਪ੍ਰਕਾਰ ਦਸੇ ਜਾ ਸਕਦੇ ਹਨ :

1. ਬੋਲੀ ਬੜੀ ਭਾਸ਼ਾ ਹੋਣ ਕਰਕੇ ਸ਼ਬਦ ਕੋਸ਼ ਜਾ ਸ਼ਬਦਾਰਥ ਬਿਨਾ ਜਮਝਣੀ ਮੁਸ਼ਕਲ ਹੈ। ਅਜਿਹੀ ਸਹੂਲਤ ਆਮ ਪ੍ਰਾਪਤ ਨਹੀਂ ਹੈ।
2. ਸਵੈਯਾਂ ਦਾ ਅਨੁਕ੍ਰਮਣਿਕਾ ਅਤੇ ਟੂਕ ਤਤਕਰਾ ਨ ਹੋਣ ਕਰਕੇ ਹਵਾਲਿਆਂ ਦੀ ਪੜਤਾਲ ਤੇ ਗਵਾਹੀ ਮੁਸ਼ਕਲ ਹੈ। ਇਸ ਵਾਸਤੇ ਅਕਾਦਮਿਕਤਾ ਤੋਂ ਇਹ ਦੂਰ ਹੀ ਰਹੇ।
3. ਸਵੈਯਾਂ ਦਾ ਮੂਲ ਪਾਠ ਵੀ ਇਕ ਥਾਂ ਪ੍ਰਾਪਤ ਨਹੀਂ ਹੈ। ਜੋ ਮਿਲਦਾ ਹੈ ਉਸਦੀ ਪ੍ਰਮਾਣਿਕਤਾ ਸ਼ੱਕੀਆ ਹੋ ਰਹੀ ਹੈ।

ਇਸ ਘਾਟ ਦੀ ਪੂਰਤੀ ਵਾਸਤੇ ਮੂਲ ਪਾਠ, ਟੂਕ ਤਤਕਰਾ, ਸ਼ਬਦ ਕੋਸ਼ ਅਤੇ ਅਨੁਕ੍ਰਮਣਿਕਾ ਤਿਆਰ ਕਰਨ ਦੀ ਯੋਜਨਾ ਵਿਭਾਗ ਵਲੋਂ ਬਣਾਈ ਗਈ ਸੀ ਅਤੇ ਵਿਭਾਗ ਦੀ ਏ.ਸੀ.ਡੀ. ਨੇ ਇਸ ਨੂੰ ਪਰਵਾਨ ਕੀਤਾ ਸੀ। ਇਹ ਕੰਮ ਮੋਰੀ ਅਗਵਾਈ ਵਿਚ ਸ. ਓਅੰਕਾਰ ਸਿੰਘ ਨੂੰ ਸੌਂਪਿਆ ਗਿਆ ਸੀ। ਅਗਵਾਈ ਦੀ ਸੀਮਾਂ ਸੁਝਾਅ ਦੇਣ ਤਕ ਹੀ ਰਹੀ ਹੈ ਅਤੇ ਇਸ ਕਾਰਜ ਵਿਚ ਡਾ. ਗੁਰਚਰਨ ਸਿੰਘ ਵੀ ਸਮਾਂ ਦੇਂਦੇ ਰਹੇ ਹਨ। ਮਿਹਨਤ ਦਾ ਸਾਰਾ ਕੰਮ ਸ. ਓਅੰਕਾਰ ਸਿੰਘ ਨੇ ਇਕੱਲਿਆਂ ਕੀਤਾ ਹੈ। ਪਲਿਉਂ ਖਰਚ ਕਰਕੇ ਉਸਨੇ ਮੂਲ ਪਾਠ ਦੀ ਕਾਪੀ ਤਿਆਰ ਕੀਤੀ ਹੈ। ਅਜਿਹਾ ਕਰਦਿਆਂ ਢੇਰ ਖਰੜਿਆਂ ਨੂੰ ਫਾਚਿਆ ਵਿਚਾਰਿਆ ਹੈ। ਸ. ਓਅੰਕਾਰ ਸਿੰਘ ਦੀ ਮਿਹਨਤ ਨੂੰ ਸੰਭਾਲਣ ਅਤੇ ਇਸ ਕੰਮ ਦੀ ਲੋੜ ਨੂੰ ਧਿਆਨ ਵਿਚ ਰਖਦਿਆਂ, 'ਨਾਨਕ ਪ੍ਰਕਾਸ਼ ਪਤ੍ਰਿਕਾ' ਦੇ ਜੂਨ ਅੰਕ ਨੂੰ "ਕਬਿੱਤ ਸਵੈਯੇ ਵਿਸ਼ੇਸ਼ ਅੰਕ" ਵਜੋਂ ਛਾਪਿਆ ਗਿਆ ਹੈ। ਏਸ ਨੂੰ ਪੁਸਤਕ ਰੂਪ ਦਿਤਾ ਜਾ ਰਿਹਾ ਹੈ। ਇਸ ਪੁਸਤਕ ਵਿਚ ਮੂਲ ਪਾਠ, ਟੂਕ ਤਤਕਰਾ, ਸ਼ਬਦ ਕੋਸ਼ ਅਤੇ ਅਨੁਕ੍ਰਮਣਿਕਾ ਛਾਪਿਆ ਜਾ ਰਿਹਾ ਹੈ। ਇਹ ਸਾਰੇ ਪੱਖ ਅਸਲ ਵਿਚ ਇੱਕ ਹੀ ਅਧਿਐਨ ਦੇ ਭਾਗ ਹਨ। ਇਸ ਨਾਲ ਵਿਭਾਗ ਦੀ ਮੂਲ ਜ਼ਿੰਮੇਵਾਰੀ "ਸੂਤ ਸਾਹਿਤ ਉਤਪਾਦਨ" ਨਿਭ ਗਈ ਹੈ। ਇਹ ਜ਼ਿੰਮੇਵਾਰੀ ਨਿਭਾਉਣ ਵਿਚ ਸ. ਓਅੰਕਾਰ ਸਿੰਘ ਦੇ ਯੋਗਦਾਨ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਦਫ਼ਤਰੀ ਕੰਮ ਨਿਭਾਉਂਦਿਆਂ, ਇਸ ਕੰਮ ਨੂੰ ਸੰਪੂਰਨ ਕਰਨ ਵਾਸਤੇ ਕੀਤੀ ਮਿਹਨਤ ਦੀ ਉਦਾਹਰਣ, ਸ਼ਾਇਦ ਹੀ ਕਿਸੇ ਵਿਦਿਅਕ ਅਦਾਰੇ

ਵਿਚ ਪ੍ਰਾਪਤ ਹੋਵੇ । ਮੈਨੂੰ ਇਸ ਨਵੀਂ ਪਈ ਪਿਰਤ ਦੀ ਬਹੁਤ ਖੁਸ਼ੀ ਹੈ । ਇਸ ਅਕਾਦਮਿਕ ਪ੍ਰਾਪਤੀ ਦਾ ਸਿਹਰਾ ਸ੍ਰ. ਓਅੰਕਾਰ ਸਿੰਘ ਦੇ ਸਿਰ ਬੰਨ੍ਹਣ ਦਾ ਫ਼ਖ਼ਰ ਹੀ ਮੇਰੀ ਪ੍ਰਾਪਤੀ ਹੈ । ਇਹ ਕੰਮ ਓਅੰਕਾਰ ਸਿੰਘ ਨੇ ਸਿਹਤ ਦੀ ਕੀਮਤ ਦੇ ਕੇ ਸਿਰੇ ਚਾੜ੍ਹਿਆ ਹੈ ਪਰ ਕਦੇ ਸ਼ਿਕਵਾ ਨਹੀਂ ਕੀਤਾ । ਇਸ ਸੇਵਾ ਦਾ ਫ਼ਲ ਉਸਨੂੰ ਗੁਰੂ ਦੇਵੇਗਾ । ਡਾ. ਜੋਗਿੰਦਰ ਸਿੰਘ ਪੁਆਰ ਪਰੋ-ਵਾਈਸ ਚਾਂਸਲਰ ਸਾਹਿਬ ਭਾਸ਼ਾ ਅਤੇ ਵਿਆਕਰਣ ਦੇ ਵਿਸ਼ੇਸ਼ਗ੍ਯ ਹਨ । ਇਸ ਪੁਸਤਕ ਵਾਸਤੇ ਦੋ ਸ਼ਬਦ ਲਿਖਣੇ ਉਨ੍ਹਾਂ ਨੇ ਇਸ ਪੁਸਤਕ ਦੀ ਸ਼ੋਭਾ ਵਧਾਈ ਹੈ । ਵਿਭਾਗ ਉਨ੍ਹਾਂ ਦਾ ਇਸ ਰੌਲਾਸ਼ੋਰੀ ਲਈ ਧੰਨਵਾਦ ਕਰਦਾ ਹੈ। ਇਸ ਪ੍ਰਾਜੈਕਟ ਦੀ ਸਫਲਤਾ ਵਿਚ ਡਾ. ਗੁਰਚਰਨ ਸਿੰਘ ਜੀ ਦੇ ਸੁਝਾਅ ਅਤੇ ਡਾ. ਹਜ਼ਾਰਾ ਸਿੰਘ ਚੀ ਕਲਾਕਾਰੀ ਦਾ ਵਿਸ਼ੇਸ਼ ਯੋਗਦਾਨ ਹੈ ਅਤੇ ਇਸਦਾ ਸ਼ੁਕਰੀਆ ਕਰਨਾ ਬਣਦਾ ਹੈ। ਮੈਂ ਆਸ ਕਰਦਾ ਹਾਂ ਕਿ ਵਿਦਵਾਨ ਅਤੇ ਵਿਦਿਆਰਥੀ ਇਸ ਪੁਸਤਕ ਬਾਰੇ ਆਪਣੀਂ ਨਿਸ਼ੰਗ ਰਾਇ ਮੇਰੇ ਤਕ ਪੁੱਜਦੀ ਕਰ ਚੇਣਗੇ । ਮੈਂ ਆਪਣੇ ਸਹਿਯੋਗੀਆਂ ਨਾਲ ਰਲ ਕੇ ਸੂੱਤ ਸਾਹਿਤ ਦੇ ਪ੍ਰਾਜੈਕਟ ਨੂੰ ਸੁਆਰਨ ਵਾਸਤੇ ਹਮੇਸ਼ਾਂ ਤਤਪਰ ਰਹਿਣ ਲਈ ਵਚਨਬੱਧ ਹਾਂ ।

ਬਲਕਾਰ ਸਿੰਘ
ਪ੍ਰੋਫੈਸਰ ਅਤੇ ਮੁਖੀ
ਜ਼ੋਨ, ਡਰੈਲਟੀ ਆਫ਼ ਰਿਲੀਜਨ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

SIKHBOOKCLUB.COM

ਲੇਖਕ ਵਲੋਂ

ਸਿੱਖ ਚਿੰਤਨ ਅਤੇ ਸਿੱਖ ਸਭਿਆਚਾਰ ਦਾ ਆਧਾਰ ਤੇ ਮੂਲ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖ ਧਰਮ ਵਿਚ 'ਸ਼ਬਦ ਗੁਰੂ' ਪਰਵਾਨਿਆ ਗਿਆ ਹੈ ਜਿਸ ਨੂੰ ਬਖਾਣਿਦਾ ਗੁਰੂ ਗੋਬਿੰਦ ਸਿੰਘ ਜੀ ਨੇ 1708 ਈ. ਵਿਚ ਜੋਤੀ ਜੋਤ ਸਮਾਉਣ ਸਮੇਂ ਗੁਰਿਆਈ ਦੀ ਪਦਵੀ ਦਿੱਤੀ।[1]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਮੂਲ ਸਿੱਧਾਂਤਾਂ ਦੀ ਵਿਆਖਿਆ ਵਿਚ ਸਿੱਖ ਚਿੰਤਨ ਨਾਲ ਸੰਬੰਧਿਤ ਗੌਣ ਸਰੋਤਾਂ ਦਾ ਭਰਪੂਰ ਯੋਗਦਾਨ ਹੈ। ਇਨ੍ਹਾਂ ਗੌਣ ਸਰੋਤਾਂ ਵਿਚ ਭਾਈ ਗੁਰਦਾਸ ਜੀ ਦੀ ਰਚਨਾ ਨੂੰ ਪ੍ਰਥਮਤਾ ਤੇ ਪ੍ਰਮੁੱਖਤਾ ਹਾਸਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂ ਸਾਹਿਬਾਨ ਤੇ ਹੋਰ ਬਾਣੀਕਾਰਾਂ ਵਲੋਂ ਦਰਸਾਏ ਗੁਰਮਤਿ ਸਿੱਧਾਂਤ ਸੂਤਰ ਰੂਪ ਅਤੇ ਸੰਕਲਪਾਤਮਕ ਸ਼ਬਦਾਵਲੀ ਵਿਚ ਹੋਣ ਕਰਕੇ ਨਿਸ਼ਚਿਤ ਹੀ ਆਮ ਲੋਕਾਂ ਨੂੰ ਸਮਝਣ ਵਿਚ ਕੁਝ ਕਠਿਨਾਈ ਪੇਸ਼ ਆਉਂਦੀ ਹੋਵੇਗੀ। ਉਂਝ ਵੀ ਹਰ ਉੱਭਰਦੀ ਸੰਸਥਾ ਨੂੰ ਵਿਸ਼ਵਾਸ ਦੀ ਭਾਵਨਾ ਨੂੰ ਦ੍ਰਿੜ੍ਹ ਤੇ ਪਰਿਪੱਕ ਕਰਨ ਲਈ ਵੀ ਸਿੱਧਾਂਤਾਂ ਦੇ ਸਪੱਸ਼ਟੀਕਰਣ ਦੀ ਲੋੜ ਪੈਂਦੀ ਹੈ। ਭਾਈ ਗੁਰਦਾਸ ਦਾ ਲੇਖਕ ਦੇ ਰੂਪ ਵਿਚ ਮਹੱਤਵ ਹੀ ਗੁਰਮਤਿ ਪਰੰਪਰਾ ਨੂੰ ਸੰਸਥਾਗਤ ਰੂਪ ਵਿਚ ਸਥਾਪਿਤ ਕਰਨ ਲਈ ਸਿੱਖ ਇਤਿਹਾਸ, ਸਿੱਖ ਸਮਾਜ, ਸਿੱਖ ਰਹਿਤ-ਮਰਯਾਦਾ, ਸਿੱਖ ਵਿਸ਼ਵਾਸ਼ ਆਦਿ ਦਾ ਤਰਕ-ਮਈ ਵਿਸ਼ਲੇਸ਼ਣ ਕਰਕੇ ਸਿੱਖ ਧਰਮ ਨੂੰ ਇਕ ਸੰਸਥਾਗਤ ਸਰੂਪ ਵਿਚ ਉਲੀਕਣ ਦੇ ਯਤਨ ਵਿਚ ਹੈ। ਗਿਆਨੀ ਲਾਲ ਸਿੰਘ ਅਨੁਸਾਰ, "ਵੇਦਾਂ ਨੂੰ ਸਮਝ ਗੋਚਰਾ ਕਰਨ ਲਈ ਰਿਸ਼ੀ ਵੇਦ ਵਿਆਸ ਨੇ ਵਿਆਖਿਆ ਵਿਸਤਾਰ ਕੀਤਾ ਅਤੇ ਅੰਜ਼ੀਲ ਦੀ ਵਿਆਖਿਆ ਸੇਂਟਪਾਲ ਤੇ ਸੇਂਟਪੀਟਰ ਨੇ ਕੀਤੀ ਅਤੇ ਕੁਰਾਨ ਦੀਆਂ ਹਦੀਸਾਂ ਅਬੂ ਹਰੈਰਾ ਤੇ ਹਜ਼ਰਤ ਅੰਬਾ ਨੇ ਲਿਖੀਆਂ। ਜੋ ਮਾਣ ਤੇ ਸਥਾਨ ਇਨ੍ਹਾਂ ਵਿਅਕਤੀਆਂ ਨੂੰ ਪੁਰਾਣੇ ਸਾਹਿਤ ਦੀ ਵਿਆਖਿਆ ਤੋਂ ਪ੍ਰਾਪਤ ਹੋਇਆ ਹੈ, ਉਹੋ ਹੀ ਮਾਣ ਤੇ ਸਥਾਨ ਗੁਰਮਤਿ ਸਾਹਿਤ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੈ।[2]

ਪਰ ਮੇਰੀ ਜਾਚੇ ਸਥਿਤੀ ਇਸ ਨਾਲੋਂ ਅਲੱਗ ਹੈ। ਇਹ ਵਿਆਖਿਆ ਸੰਬੰਧਿਤ ਧਰਮਾਂ ਦੇ ਵਿਸ਼ਵਾਸੀਆਂ ਤੱਕ ਸੀਮਤ ਹੈ ਜਦੋਂ ਕਿ ਭਾਈ ਗੁਰਦਾਸ ਇਸ ਸੀਮਾਂ ਤੋਂ ਅਗੇ ਲੰਘ ਜਾਂਦੇ ਹਨ। ਕਬਿੱਤ ਸਵੈਯੇ ਵਿਚ ਸਿਧਾਂਤਕ ਪ੍ਰਕਾਸ਼ਨ ਹੈ ਅਤੇ ਸਿਖ ਸਿਧਾਂਤ ਵਿਸ਼ਵਾਰਥੀ ਸਰੋਕਾਰਾਂ ਨੂੰ ਕੇਂਦਰੀਅਤਾ ਪਰਦਾਨ ਕਰਦਾ ਹੈ। ਇਸੇ ਲਈ ਭਾਈ ਗੁਰਦਾਸ ਨੂੰ ਸੀਮਾਂ ਵਿਚ ਪਰਵਾਨ ਨਹੀਂ ਕੀਤਾ।

ਜੀਵਨ ਤੇ ਸ਼ਖਸੀਅਤ

ਮੱਧ ਕਾਲੀਨ ਪੰਜਾਬੀ ਕਵੀਆਂ ਦੇ ਜੀਵਨ ਬਾਰੇ ਪ੍ਰਮਾਣੀਕ ਸਮੱਗਰੀ ਬਹੁਤ ਘੱਟ ਮਿਲਦੀ ਹੈ। ਭਾਈ ਗੁਰਦਾਸ ਜੀ ਦੇ ਜੀਵਨ ਸੰਬੰਧੀ ਭੱਬ ਵੀ ਬਹੁਤ ਘੱਟ ਮਿਲਦੇ ਹਨ।

ਭਾਈ ਗੁਰਦਾਸ ਦੀ ਜਨਮ ਮਿਤੀ ਸੰਬੰਧੀ ਵਿਦਵਾਨਾਂ ਦਾ ਵੱਖ ਵੱਖਰਾ ਮੱਤ ਹੈ। ਭਾਈ ਵੀਰ ਸਿੰਘ ਭਾਈ ਗੁਰਦਾਸ ਦਾ ਜਨਮ 1600 ਤੋਂ 1610 ਬਿ. (1543 ਤੋਂ 1553 ਈ) ਵਿਚਾਲੇ ਹੋਇਆ ਮੰਨਦੇ ਹਨ।[3] ਪ੍ਰੋ. ਸਰਦੂਲ ਸਿੰਘ ਨੇ 1615 ਬਿ. (1558 ਈ.) ਵਿਚ ਭਾਈ ਗੁਰਦਾਸ ਦਾ ਜਨਮ ਮੰਨਿਆ ਹੈ।[4] ਡਾ. ਰੰਧਾ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਰਤਨ ਸਿੰਘ ਜੱਗੀ ਆਦਿ ਭਾਈ ਸਾਹਿਬ ਦਾ ਜਨਮ ਗੋਇੰਦਵਾਲ ਵਿਚ 1608 ਬਿ. (ਸੰਨ 1551 ਈ.)

ਵਿਚ ਹੋਇਆ ਮੰਨਦੇ ਹਨ।[6] ਭਾਈ ਕੇਸਰ ਸਿੰਘ ਛਿੱਬਰ ਅਨੁਸਾਰ ਭਾਈ ਗੁਰਦਾਸ ਜੀ ਦੇ ਪਿਤਾ ਦਾ ਨਾਂ ਈਸ਼ਰ ਦਾਸ ਸੀ।[6] ਆਪਦੇ ਪਿਤਾ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਛੋਟੇ ਭਰਾ ਸਨ ਜੋ ਪਿੰਡ 'ਬਾਸਰਕੀ ਗਿਲਾਂ' (ਜ਼ਿਲ੍ਹਾ ਅੰਮ੍ਰਿਤਸਰ) ਦੇ ਵਸਨੀਕ ਸਨ। ਜਦੋਂ ਗੁਰੂ ਅੰਗਦ ਸਾਹਿਬ ਦੇ ਹੁਕਮ ਅਨੁਸਾਰ ਗੁਰੂ ਅਮਰਦਾਸ ਜੀ 'ਬਾਸਰਕੀ' ਤੋਂ ਗੋਇੰਦਵਾਲ ਆ ਕੇ ਵਸੇ ਉਦੋਂ ਆਪਦੇ ਛੋਟੇ ਭਰਾ ਵੀ ਆਪਦੇ ਨਾਲ ਹੀ ਇਥੇ ਆ ਗਏ। ਭਾਈ ਸਾਹਿਬ ਦਾ ਬਚਪਨ ਗੋਇੰਦਵਾਲ ਵਿਚ ਹੀ ਗੁਜ਼ਰਿਆ ਅਤੇ ਇਥੇ ਹੀ ਗੁਰੂ ਅਮਰਦਾਸ ਸਾਹਿਬ ਦੀ ਛੱਤਰ ਛਾਇਆ ਹੇਠ ਮੁੱਢਲੀ ਵਿਦਿਆ ਪ੍ਰਾਪਤ ਕਰਕੇ ਨਾਮ ਦੇ ਰਸੀਏ ਬਣ ਗਏ ਅਤੇ ਇਨ੍ਹਾਂ ਦੀ ਸ਼ਰਧਾ ਵੱਲ ਗੁਰੂ ਵਿਚ ਸ਼ਰਧਾ ਵੱਧਦੀ ਗਈ।[7] 1574 ਈ. ਵਿਚ ਜਦੋਂ ਗੁਰੂ ਰਾਮਦਾਸ ਸਾਹਿਬ ਗੁਰਤਾ ਗੱਦੀ ਤੇ ਬਿਰਾਜਮਾਨ ਹੋਏ ਤਾਂ ਇਨ੍ਹਾਂ ਦਿਨਾਂ ਵਿਚ ਹੀ ਗੁਰੂ ਅਮਰਦਾਸ ਸਾਹਿਬ ਦੀ ਆਗਿਆ ਅਨੁਸਾਰ ਆਪ ਆਗਰੇ, ਲਖਨਊ, ਰਾਜਸਥਾਨ, ਬੁਰਹਾਨਪੁਰ ਆਦਿ ਸ਼ਹਿਰਾਂ ਵਲ ਗੁਰਮਤਿ ਪ੍ਰਚਾਰ ਹਿੱਤ ਦੌਰੇ ਤੇ ਗਏ।[8] ਇਸ ਦੌਰੇ ਸਮੇਂ ਹੀ ਉਨ੍ਹਾਂ ਨੂੰ ਗੁਰੂ ਰਾਮਦਾਸ ਸਾਹਿਬ ਦੇ ਜੋਤੀ ਜੋਤ ਸਮਾਉਣ ਦੀ ਖਬਰ ਮਿਲੀ ਅਤੇ ਓਦੋਂ ਹੀ ਆਪ ਗੁਰੂ ਅਰਜਨ ਦੇਵ ਪਾਸ ਰਾਮਦਾਸਪੁਰ ਆ ਕੇ ਟਿਕ ਗਏ।[9]

ਗੁਰੂ ਅਰਜਨ ਪਾਤਸ਼ਾਹ ਦੀ ਹਜ਼ੂਰੀ ਵਿਚ ਰਹਿੰਦਿਆਂ ਭਾਈ ਗੁਰਦਾਸ ਜੀ ਸਹਿਜੇ ਸਹਿਜੇ ਉਸਰ ਰਹੇ ਸਿੱਖ ਸਿਧਾਂਤਾਂ ਅਤੇ ਪਰੰਪਰਾਵਾਂ ਨੂੰ ਬਹੁਤ ਨੇੜਿਉਂ ਹੋਕੇ ਗਹਿਰ ਗੰਭੀਰ ਦ੍ਰਿਸ਼ਟੀ ਨਾਲ ਵਾਚਦੇ ਰਹੇ। ਗੁਰੂ ਘਰ ਦੇ ਦੋਖੀਆਂ ਦੀਆਂ ਨਜ਼ਰਾਂ ਸੱਚ ਦੇ ਪ੍ਰਕਾਸ਼ ਨੂੰ ਸਹਿਣ ਕਰਨ ਤੋਂ ਅਸਮਰਥ ਸਨ ਕਿਉਂਕਿ ਜਿਹੜੀਆਂ ਨਿਗਾਹਾਂ ਹਨ੍ਹੇਰੇ ਵਿਚ ਰਹਿਣ ਦੀਆਂ ਆਦੀ ਹੋਣ ਉਨ੍ਹਾਂ ਲਈ ਪ੍ਰਕਾਸ਼ ਨਾਲ ਸਮਸ੍ਰਹ ਹੋਣਾ ਬਹੁਤ ਕਠਿਨ ਹੁੰਦਾ ਹੈ ਗੁਰੂ ਘਰ ਦੇ ਅੰਦਰੋਂ ਗੁਰੂ ਅਰਜਨ ਦੇਵ ਜੀ ਦਾ ਸਕਾ ਭਰਾ ਤੇ ਉਸਦੇ ਥੰਗੀ ਸਾਥੀ ਇਸ ਵਿਚ ਸ਼ਾਮਲ ਸਨ। ਪ੍ਰਿਥੀ ਚੰਦ ਸ਼ੁਰੂ ਤੋਂ ਹੀ ਲਾਲਚੀ, ਈਰਖਾਲੂ ਅਤੇ ਗੁਰੂ ਰਾਮਦਾਸ ਜੀ ਦਾ ਜੇਠਾ ਪੁੱਤਰ ਹੋਣ ਕਰਕੇ ਆਪਣੇ ਆਪ ਨੂੰ ਗਦੀਦੀ ਦਾ ਹੱਕਦਾਰ ਜਾਣ ਕੇ ਹੰਕਾਰੀ ਸੁਭਾਅ ਦਾ ਮਾਲਕ ਸੀ ਅਤੇ ਪਹਿਲਾਂ ਹੀ ਗੁਰੂ ਰਾਮਦਾਸ ਜੀ ਵਲੋਂ 'ਮੀਣਾ' ਕਹਿਕੇ ਤ੍ਰਿਸਕਾਰਿਆ ਜਾ ਚੁੱਕਾ ਸੀ।[10]

ਬਾਹਰੋਂ ਸਮੇਂ ਦਾ ਹਾਕਮ ਬਾਦਸ਼ਾਹ ਜਹਾਂਗੀਰ ਇਸ ਪ੍ਰਕਾਸ਼ ਨੂੰ 'ਝੂਠ ਦੀ ਦੁਕਾਨ' ਕਹਿਕੇ ਮੰਨਣ ਤੋਂ ਇਨਕਾਰੀ ਸੀ।[11] ਇਵੇਂ ਇਹ ਸਮਾਂ ਅਤਿਅੰਤ ਚੁਨੌਤੀਆਂ ਭਰਪੂਰ ਅਤੇ ਸੰਘਰਸ਼ਮਈ ਸੀ। ਭਾਈ ਸਾਹਿਬ ਇਸ ਸਾਰੇ ਸਮੇਂ ਦੌਰਾਨ ਗੁਰੂ ਘਰ ਨੂੰ ਭਰਪੂਰ ਸਹਿਯੋਗ ਦਿੰਦੇ ਰਹੇ ਅਤੇ ਵਿਰੋਧੀਆਂ ਵਲੋਂ ਚਲੀਆਂ ਜਾਂਦੀਆਂ ਚਾਲਾਂ ਨੂੰ ਅਸਫਲ ਬਨਾਉਣ ਲਈ ਯਤਨਸ਼ੀਲ ਰਹੇ। ਹਰਿਮੰਦਰ ਸਾਹਿਬ ਦੀ ਉਸਾਰੀ ਵਿਚ ਵੀ ਆਪਨੇ ਭਰਪੂਰ ਹਿੱਸਾ ਪਾਇਆ। ਭਾਈ ਸੰਤੋਖ ਸਿੰਘ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਇਸ ਦਾ ਜ਼ਿਕਰ ਕਰਦਿਆਂ ਲਿਖਦੇ ਹਨ :

"ਭਾਉ ਭਗਤਿ ਕੇ ਭੇਨ ਹੁਲਾਸ ॥ ਕਰਹਿ ਕਾਰ ਭਾਈ ਗੁਰਦਾਸ ॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੨ ਅੰਸੂ ੪੦, ਪੰਨਾ ੧੮੦੬)

ਉਪਰੋਕਤ ਸੇਵਾ ਕਰਦਿਆਂ ਭਾਈ ਸਾਹਿਬ ਨੇ ਗੁਰੂ ਘਰ ਵਿਚ ਵਿਦਵਤਾ ਪੱਖੋਂ ਵੀ ਆਪਣੀ ਵਿਸ਼ੇਸ਼ ਥਾਂ ਬਣਾ ਲਈ ਸੀ। ਇਸ ਸੰਬੰਧੀ ਭਾਈ ਵੀਰ ਸਿੰਘ ਜੀ ਲਿਖਦੇ ਹਨ : "ਭਾਈ ਗੁਰਦਾਸ ਜੀ ਦੇ ਸਦਾ ਰਹਿਣ ਵਾਲੇ ਦੋ ਸੇਵਾ ਦੇ ਕੰਮ ਸਨ : ਇਕ ਇਹ ਸ੍ਰੀ ਗੁਰੂ ਜੀ ਨਾਲ ਬੈਠ ਕੇ ਗੁਰਬਾਣੀ ਦੇ ਇਕੱਤ੍ਰ ਤੇ ਸੰਕਲਤ ਕਰਨ ਵਿਚ ਸੇਵਾ ਕਰਨੀ ਤੇ ਸਾਰੀ ਬਾਣੀ ਆਪਣੀ ਹੱਥੀਂ ਲਿਖਣੀ। ਦੂਸਰਾ ਕੰਮ ਉਨ੍ਹਾਂ ਦੀ ਆਪਣੀ ਬਾਣੀ ਹੈ, ਜੋ ਗੁਰਸਿੱਖੀ ਦੇ ਅਸੂਲਾਂ ਅਤੇ ਗੁਰਬਾਣੀ ਦੇ ਭਾਵਾਂ ਨੂੰ ਸਮਝਣ ਲਈ ਸਚਮੁੱਚ ਕੁੰਜੀ ਦਾ ਕੰਮ ਦਿੰਦੀ ਹੈ।[12] ਇਉਂ ਆਪ ਦੀ ਰਚਨਾ ਵਿਚੋਂ ਥਾਂ ਥਾਂ ਤੋਂ ਗੁਰਬਾਣੀ ਦੇ ਝਲਕਾਰੇ ਮਿਲਦੇ ਹਨ।

ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਰਗੀਆਂ

ਅਹਿਮ ਘਟਨਾਵਾਂ ਵਿਚੋਂ ਉਠੀਆਂ ਤੇਜਸਵੀ ਕਿਰਨਾਂ ਨਾਲ ਸਿੱਖ ਲਹਿਰ ਦੇ ਵਿਰੋਧੀਆਂ ਦੀਆਂ ਅੱਖਾ ਚੁੰਧਿਆ ਉਠੀਆ । ਪ੍ਰਿਥੀ ਚੰਦ ਤੇ ਚੰਦੂ ਆਦਿ ਦੀ ਮਿਲੀ ਭੁਗਤ ਨਾਲ ਜਹਾਂਗੀਰ ਦੇ ਹੁਕਮ ਅਧੀਨ ਗੁਰੂ ਅਰਜਨ ਪਾਤਸ਼ਾਹ ਨੂੰ (1606 ਈ:) ਲਾਹੌਰ ਵਿਚ ਧਾਰਮਿਕ ਆਗੂ ਦੇ ਤੌਰ ਤੇ ਨਿਤ ਵਧਦੇ ਪ੍ਰਤਾਪ ਦੀ ਈਰਖਾ ਕਰਕੇ ਸ਼ਹੀਦ ਕਰ ਦਿੱਤਾ ਗਿਆ ।[13]

ਗੁਰੂ ਅਰਜਨ ਦਵ ਜੀ ਦੀ ਸ਼ਹੀਦੀ ਉਪਰੰਤ ਬਾਬਾ ਬੁਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਜ਼ਿੰਮੇਵਾਰੀ ਗੁਰੂ ਘਰ ਪ੍ਰਤੀ ਹੋਰ ਵੀ ਵਧਰੇ ਹੋ ਗਈ । ਉਨ੍ਹਾਂ ਦੀ ਬਜ਼ੁਰਗੀ ਅਤੇ ਵਿਦਵਤਾ ਨੂੰ ਪ੍ਰਮੁੱਖ ਰਖਦਿਆ ਸ੍ਰੀ ਅਕਾਲ ਤਖ਼ਤ ਸਾਹਿਬ, ਜਿਸ ਦਾ ਨਾਂ ਉਸ ਵੇਲੇ ਅਕਾਲ ਬੁੰਗਾ ਸੀ, ਦਾ ਪਹਿਲਾ ਸੇਵਾਦਾਰ ਹੋਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਬਖ਼ਸ਼ਿਆ ਗਿਆ ।[14]

ਗੁਰੂ ਹਰਿਗੋਬਿੰਦ ਸਾਹਿਬ ਜਦੋਂ ਬਾਦਸ਼ਾਹ ਜਹਾਂਗੀਰ ਦੇ ਬੁਲਾਵੇ 'ਤੇ ਦਿੱਲੀ ਗਏ, ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਗੁਰੂ ਘਰ ਦੀ ਸਮੁੱਚੀ ਸੇਵਾ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ ।[15]

ਇਨ੍ਹਾ ਦਿਨਾਂ ਵਿਚ ਹੀ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ਪਰਸਪਰ ਸਲਾਹ ਕਰਕੇ ਸ੍ਰੀ ਚੌਕੀ ਸਾਹਿਬ ਜੀ ਦੀ ਸਵਾਰੀ ਚੜ੍ਹਾਉਣੀ ਆਰੰਭ ਕੀਤੀ ਜੋ ਅੱਜ ਤੱਕ ਭਾਈ ਸਾਹਿਬ ਅਤੇ ਬਾਬਾ ਜੀ ਦੀ ਯਾਦਗਾਰ ਦਾ ਪੱਕਾ ਨਮੂਨਾ ਹੈ ਜੋ ਰਾਤ ਨੂੰ ਰਹਿਰਾਸ ਸਾਹਿਬ ਦੇ ਭੋਗ ਪਿੱਛੋਂ ਰੋਜ਼ ਚੜ੍ਹਦੀ ਹੈ ।[16]

ਗੁਰੂ ਹਰਿਗੋਬਿੰਦ ਸਾਹਿਬ ਵੇਲੇ ਵੀ ਆਪ ਬਾਹਰ ਕਾਬਲ, ਕਾਂਸ਼ੀ, ਬਨਾਰਸ ਆਦਿ ਥਾਵਾਂ ਤੇ ਪ੍ਰਚਾਰ ਦੌਰਿਆਂ ਲਈ ਜਾਂਦੇ ਰਹੇ । ਡਾ. ਕੰਡਾ ਸਿੰਘ ਅਨੁਸਾਰ ''ਕਾਬਲ ਤੇ ਕਾਂਸ਼ੀ ਆਦਿ ਥਾਵਾਂ ਤੋਂ ਭਾਈ ਸਾਹਿਬ ਦੇ ਪ੍ਰਚਾਰ ਦੀ ਮੰਗ ਹੋਣੀ ਸ਼ੁਰੂ ਹੋਈ ਤਾਂ ਗੁਰੂ ਜੀ ਨੇ ਭਾਈ ਗੁਰਦਾਸ ਨੂੰ ਪਹਿਲਾਂ ਕਾਬਲ ਤੇ ਫਿਰ ਹੋਰਨਾਂ ਥਾਵਾਂ ਤੇ ਜਾਣ ਲਈ ਕਿਹਾ । ਓਥੇ ਕਾਬਲ ਵਿਚ ਭਾਈ ਸਾਹਿਬ ਦੇ ਪ੍ਰਚਾਰ ਦਾ ਇਹ ਅਸਰ ਹੋਇਆ ਕਿ ਉਥੋਂ ਦੀਆਂ ਸੰਗਤਾਂ ਨੇ ਆਪਦੇ ਨਾਂ ਦਾ ਇਕ ਗੁਰਦੁਆਰਾ ਵੀ ਬਣਵਾਇਆ ।[17]

ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਬਤੀਤ ਕੀਤੇ ਸਮੇਂ ਦਾ ਇਤਿਹਾਸਿਕ ਵੇਰਵਾ ਲਿਖਦਿਆਂ ਤਕਰੀਬਨ ਸਾਰੇ ਇਤਿਹਾਸਕਾਰਾਂ ਅਤੇ ਵਿਦਵਾਨਾਂ ਨੇ ਭਾਈ ਸਾਹਿਬ ਨਾਲ ਉਨ੍ਹਾਂ ਵਲੋਂ ਆਪਣੀਆਂ ਵਾਰਾਂ ਵਿਚ ਉਚਾਰੀ ਪੰਕਤੀ ''ਜੋ ਗੁਰ ਸਾਂਗ ਵਰਤਦਾ ਸਿੱਖ ਸਿਦਕ ਨਾ ਹਾਰੇ ।'' ਦੇ ਆਧਾਰ ਤੇ ਇਕ ਸਾਖੀ ਘੋੜੇ ਖਰੀਦਣ ਸੰਬੰਧੀ ਜੋੜਨ ਦੀ ਕੋਸ਼ਿਸ਼ ਕੀਤੀ । ਇਸ ਸਾਖੀ ਨੂੰ ਪਹਿਲੀ ਵਾਰੀ ਪ੍ਰੋ. ਸਾਹਿਬ ਸਿੰਘ ਨੇ ਆਪਣੀ ਪੁਸਤਕ 'ਸਿੱਖ ਸਿਦਕ ਨਾ ਹਾਰੇ' ਦੇ ਪਹਿਲੇ ਲੇਖ ਵਿਚ ਭਾਈ ਸਾਹਿਬ ਦੀ ਰਚਨਾ ਅਤੇ ਇਤਿਹਾਸਕ ਤੱਥਾਂ ਦੇ ਆਧਾਰ ਤੇ ਵਿਸ਼ਲੇਸ਼ਣ ਕਰਦਿਆਂ ਨਿਰਆਧਾਰ ਤੇ ਮਨਕਲਪਿਤ ਦੱਸਿਆ । ਗਹੁ ਨਾਲ ਵਾਚਿਆਂ ਅੰਦਰੂਨੀ ਅਧਿਐਨ ਤੋਂ ਵੀ ਇਹ ਵਾਰਤਾ ਯੋਗ ਨਹੀਂ ਜਾਪਦੀ ।

ਬਚਪਨ ਤੋਂ ਲੈ ਕੇ ਬੁਢਾਪੇ ਤੱਕ ਦਾ ਹਰ ਪਲ ਗੁਰੂ ਦੀ ਛੱਤਰ ਛਾਇਆ ਹੇਠ, ਗੁਰੂ ਸਿਧਾਂਤਾਂ ਦੇ ਅਮਲ, ਵਿਆਖਿਆ ਤੇ ਪ੍ਰਚਾਰ ਵਲ ਰੁਚਿਤ ਭਾਈ ਗੁਰਦਾਸ ਜੀ ਵਰਗੇ ਮਹਾਨ ਵਿਦਵਾਨ ਦੇ ਜੀਵਨ ਨਾਲ ਅਜਿਹੀਆਂ ਕਹਾਣੀਆਂ ਜੋੜਨੀਆਂ ਸਾਰਥਕ ਵੀ ਨਹੀਂ ਜਾਪਦੀਆਂ ।

ਗੁਰੂ ਅਮਰਦਾਸ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤੱਕ ਚਾਰ ਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਰਹਿਣ ਦਾ ਮਾਣ ਆਪਨੂੰ ਪ੍ਰਾਪਤ ਹੋਇਆ । ਇਸੇ ਲਈ ਉਨ੍ਹਾਂ ਦੀ ਸਾਰੀ ਰਚਨਾ ਗੁਰਮਤਿ ਦਰਸ਼ਨ ਨਾਲ ਸਮਸੁਰ ਹੈ । ਭਾਈ ਸਾਹਿਬ ਨੇ ਆਪਣਾ ਸਾਰਾ ਜੀਵਨ ਗੁਰਸਿੱਖੀ ਦਾ ਪ੍ਰਚਾਰ ਕਰਦਿਆਂ ਸਿੱਖ ਸੰਗਤਾਂ ਵਿਚ ਗੁਰਮਤਿ ਸਿੱਧਾਂਤਾਂ ਨੂੰ ਦ੍ਰਿੜ੍ਹ ਕਰਾਉਂਦਿਆਂ ਤੇ ਗੁਰੂ ਘਰ ਦੀ ਅਨਿਨ ਸੇਵਾ ਕਰਦਿਆਂ ਗੁਜ਼ਾਰਿਆ । ਇਸੇ ਅਣਥਕ ਸੇਵਾ ਵਿਚ ਲੀਨ ਸ਼ਾਇਦ ਭਾਈ

ਸਾਹਿਬ ਨੂੰ ਗ੍ਰਿਹਸਤ ਪ੍ਰਵੇਸ਼ ਦਾ ਖ਼ਿਆਲ ਨਹੀਂ ਆਇਆ।[18] ਪ੍ਰੋ. ਸਾਹਿਬ ਸਿੰਘ ਜੀ ਨੇ ਲਿਖਿਆ ਹੈ, 'ਭਾਈ ਗੁਰਦਾਸ ਜੀ ਨੇ ਵਿਵਾਹ ਨਹੀਂ ਸੀ ਕਰਾਇਆ ਇਸ ਕਰਕੇ ਆਪਦੀ ਔਲਾਦ ਨਹੀਂ ਹੈ।'[19] ਇਸਦੇ ਬਾਵਜੂਦ ਭਾਈ ਸਾਹਿਬ ਨੇ ਆਪਣੀ ਰਚਨਾ ਵਿਚ ਸਿੱਖੀ ਦੇ 'ਗ੍ਰਿਹਸਤ ਧਰਮ' ਦੇ ਮੂਲ ਸਿੱਧਾਂਤ ਦੀ ਪ੍ਰੋੜ੍ਹਤਾ ਕੀਤੀ ਹੈ। (ਵਿਸਤਾਰ ਅਗੇ ਉਨ੍ਹਾਂ ਦੇ ਕਵਿੱਤਾਂ ਦੇ ਆਧਾਰ ਤੇ ਦਿਤਾ ਗਿਆ ਹੈ।)

ਭਾਈ ਸਾਹਿਬ ਜੀ ਤਕਰੀਬਨ 78 ਕੁ ਸਾਲ ਦੀ ਆਯੂ ਭੋਗ ਕੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ 11 ਅਸੂ ਸੰਮਤ 1686 (ਸਤੰਬਰ 1629 ਈ.) ਨੂੰ ਪਰਮ ਜੋਤ ਵਿਚ ਸਮਾ ਗਏ। ਗਿਆਨੀ ਗਿਆਨ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਨੇ ਭਾਈ ਸਾਹਿਬ ਦੇ ਚਲਾਣੇ ਦਾ ਇਹੀ ਸੰਨ ਲਿਖਿਆ ਹੈ।[20] ਭਾਈ ਕਾਨ੍ਹ ਸਿੰਘ ਜੀ ਨੇ ਭਾਈ ਸਾਹਿਬ ਦਾ ਦੇਹਾਂਤ ਭਾਦਰੋਂ ਸੁਦੀ 8 ਸੰਮਤ 1694 ਬਿ. (1637 ਈ) ਮੰਨਿਆ ਹੈ।[21] ਡਾ. ਰਤਨ ਸਿੰਘ ਜੱਗੀ ਇਸ ਸੰਨ ਨੂੰ ਹੀ ਵਧੇਰੇ ਸਹੀ ਮੰਨਦੇ ਹਨ।[22]

ਭਾਈ ਗੁਰਦਾਸ ਜੀ ਦਾ ਜੀਵਨ ਮਨੋਰਥ ਗੁਰਮਤਿ ਦਾ ਢਾਡੀ ਹੋਣਾ ਸੀ। ਗੁਰੂ ਦੀ ਸਦ—ਹਜ਼ੂਰੀ ਆਪਦੀ ਸ਼ਖਸੀਅਤ ਦਾ ਉਚੱਤਮ ਗੁਣ ਸੀ ਜਿਸ ਕਾਰਨ ਗੁਰਮਤਿ ਚਿੰਤਨ ਦੀਆਂ ਬੁਲੰਦੀਆਂ ਦੇ ਪ੍ਰਤੱਖ ਦੀਦਾਰੇ ਆਪਦੀ ਸਮੁੱਚੀ ਰਚਨਾ ਵਿਚੋਂ ਹੁੰਦੇ ਹਨ। ਆਪ ਨਿਮਰਤਾ, ਪਿਆਰ, ਸੱਚ, ਦ੍ਰਿੜ੍ਹਤਾ, ਅਤੇ ਗਹਿਰ ਗੰਭੀਰ ਬਿਰਤੀ ਦੇ ਮਾਲਕ ਸਨ। ਬ੍ਰਹਮਗਿਆਨੀ, ਮਹਾਂਕਵੀ, ਮਹਾਂਵਿਦਵਾਨ, ਅਤੇ ਇਖਲਾਕ ਦੇ ਪੁਤਲੇ ਸਨ।[23] ਇਹ ਤੱਥ ਉਨ੍ਹਾਂ ਬਾਰੇ ਉਪਲੱਬਧ ਅੰਦਰ-ਲੀਆਂ ਅਤੇ ਬਾਹਰਲੀਆਂ ਗਵਾਹੀਆਂ ਤੋਂ ਭਲੀ ਭਾਂਤ ਸਪਸ਼ਟ ਹਨ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਨਾ ਕੇਵਲ ਗੁਰਬਾਣੀ ਦੇ ਵਿਆ-ਖਿਆਕਾਰ ਤੇ ਗੁਰਬਾਣੀ ਸਿੱਧਾਂਤਾਂ ਦੇ ਪ੍ਰਚਾਰਕ ਸਨ ਸਗੋਂ ਉਹ ਲੋਕ ਜੀਵਨ ਬਾਰੇ ਜਨ-ਗਿਆਨ ਦੇ ਇਕ ਚਲਦੇ ਵਿਰਦੇ ਮਹਾਂਕੋਸ਼ ਸਨ। ਉਨ੍ਹਾਂ ਦਾ ਗਿਆਨ ਬਹੁਪੱਖੀ ਸੀ, ਉਨ੍ਹਾਂ ਕੋਲ ਸ਼ਬਦਾਂ ਦਾ ਅਥਾਹ ਭੰਡਾਰ ਅਤੇ ਆਪਣੀ ਗੱਲ ਦੀ ਸਪਸ਼ਟੱਤਾ ਲਈ ਦ੍ਰਿਸ਼ਟਾਂਤਾਂ ਦਾ ਅਮੁੱਕ ਖਜ਼ਾਨਾ ਸੀ, ਵਿਸ਼ਾਲ ਕਲਪਨਾ ਅਤੇ ਬੁੱਧੀ ਸੀ, ਭਾਸ਼ਾਵਾਂ ਦਾ ਡੂੰਘਾ ਅਧਿਐਨ ਸੀ। ਉਨ੍ਹਾਂ ਨੇ ਇਰਦ ਗਿਰਦ ਦੀ ਹਰ ਚੀਜ਼ ਨੂੰ ਇੰਨੀ ਨੀਝ ਨਾਲ ਦੇਖਿਆ ਸੀ ਕਿ ਉਸਦਾ ਬਿੰਬ ਉਨ੍ਹਾਂ ਦੀ ਕਵਿਤਾ ਵਿਚ ਸਾਕਾਰ ਰੂਪ ਧਾਰਨ ਕਰ ਗਿਆ। ਸਚਮੁੱਚ ਸਿੱਖ ਜਗਤ ਦੇ ਉਹ ਮਹਾਨ ਸਾਹਿੱਤਕਾਰ ਸਨ।

ਰਚਨਾ

ਲਗਪਗ ਸਾਰੇ ਵਿਦਵਾਨ ਇਸ ਮੱਤ ਨਾਲ ਸਹਿਮਤ ਹਨ ਕਿ ਭਾਈ ਗੁਰਦਾਸ ਜੀ ਦੀ ਅਮੋਲ ਰਚਨਾ ਦਾ ਬਹੁਤ ਸਾਰਾ ਹਿੱਸਾ ਸਮੇਂ ਦੇ ਨਿਰਦਈ ਹੱਥਾਂ ਨੇ ਸਾਡੇ ਪਾਸੋਂ ਖੋਹ ਲਿਆ ਹੈ। ਪ੍ਰੋ. ਸਰਦੂਲ ਸਿੰਘ ਆਪਣੀ ਪੁਸਤਕ 'ਭਾਈ ਗੁਰਦਾਸ' ਵਿਚ ਲਿਖਦੇ ਹਨ ਕਿ, "ਆਪਨੇ ਵੇਦਾਂਤ ਅਤੇ ਨਿਆਇ ਸ਼ਾਸਤਰਾਂ ਦਾ ਤਰਜ਼ਮਾ ਠੇਠ ਪੰਜਾਬੀ ਵਾਰਤਕ ਅਤੇ ਛੰਦਾਬੰਦੀ ਵਿਚ ਕੀਤਾ ਸੀ। ਅਫ਼ਸੋਸ ਹੈ ਉਹ ਸਾਡੇ ਤੱਕ ਪਹੁੰਚ ਨਹੀ ਸਕਿਆ। ਕੁੱਝ ਸਾਲ ਹੋਏ ਰਿਖੀਕੇਸ਼ ਵਿਚ ਨਿਰਮਲ ਮਹਾਂ ਮੰਡਲ ਦੇ ਅਖਾੜੇ ਦੇ ਨਿਰਮਲੇ ਮਹਾਤਮਾ ਨੇ ਵਿਚਾਰ ਕਰਦਿਆਂ ਕਿਹਾ ਸੀ ਕਿ ਭਾਈ ਸਾਹਿਬ ਜੀ ਦਾ ਸੁਧੈਨ ਪੰਜਾਬੀ ਬੋਲੀ ਵਿਚ ਟੀਕਾ, ਟਿੱਪਣੀਆਂ ਸਹਿਤ ਸ਼ਾਸਤਰਾਂ ਦਾ ਤਰਜ਼ਮਾ ਆਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਾਇਬ੍ਰੇਰੀ ਵਿਚ ਮੌਜੂਦ ਸੀ।[25] ਪਰ ਹੁਣ ਅਜਿਹੀ ਕੋਈ ਲਿਖਤ ਇਸ ਲਾਇਬ੍ਰੇਰੀ ਵਿਚ ਉਪਲਬੱਧ ਨਹੀਂ ਹੈ।

ਇਸ ਦੇ ਬਾਵਜੂਦ ਵਿਦਵਾਨਾਂ ਦੀ ਖੋਜ ਅਨੁਸਾਰ ਜੋ ਰਚਨਾ ਉਪਲੱਬਧ ਹੈ ਉਹ ਤਿੰਨ ਪ੍ਰਕਾਰ ਦੀ ਹੈ :

1. ਵਾਰਾਂ (ਪੰਜਾਬੀ ਵਿਚ) ਜਿਨ੍ਹਾਂ ਦੀ ਗਿਣਤੀ 40 ਮੰਨੀ ਜਾਂਦੀ ਹੈ।
2. ਸੰਸਕ੍ਰਿਤ ਦੇ 6 ਸਲੋਕ ਜੋ ਕਿ ਮਹਾਂਕਵੀ ਸੈਨਾਪਤ ਸਿੰਘ ਦੀ ਚੁਆਰਾ ਰਚਿਤ "ਸ੍ਰੀ ਗੁਰ

ਪ੍ਰਤਾਪ ਸੂਰਜ ਗ੍ਰੰਥ' ਦੀ ਰਾਸਿ 7, ਅੰਸੂ 3, ਅੰਕ 45 ਦੇ ਬਾਅਦ ਲਿਖੇ ਮਿਲਦੇ ਹਨ।[26]

3. ਕਬਿੱਤ ਸਵੈਯੇ (ਬ੍ਰਜ ਵਿਚ) ਜੋ ਗਿਣਤੀ ਵਿਚ 675 ਉਪਲੱਬਧ ਹਨ।

ਵਾਰਾਂ

ਭਾਈ ਗੁਰਦਾਸ ਜੀ ਦੁਆਰਾ ਰਚਿਤ ਵਾਰਾਂ ਭਾਈ ਸਾਹਿਬ ਦੀ ਮੱਧ-ਕਾਲੀਨ ਪੰਜਾਬੀ ਸਾਹਿਤ ਨੂੰ ਤੇ ਵਿਸ਼ੇਸ਼ ਕਰਕੇ ਗੁਰਮਤਿ ਸਾਹਿਤ ਨੂੰ ਇਕ ਅਦੁੱਤੀ ਦੇਣ ਹਨ। ਆਪ ਤੋਂ ਪਹਿਲਾਂ ਇਤਨੀ ਠੰਠ ਤੇ ਨਿਰੋਲ ਪੰਜਾਬੀ ਦੀ ਏਨੀ ਰਚਨਾ ਹੋਰ ਕਿਸੇ ਪੰਜਾਬੀ ਕਵੀ ਦੀ ਨਹੀਂ ਮਿਲਦੀ।[27] ਡਾ. ਜੀਤ ਸਿੰਘ ਸੀਤਲ ਲਿਖਦੇ ਹਨ ਕਿ, "ਇਨ੍ਹਾਂ ਵਾਰਾਂ ਦੀ ਬੋਲੀ ਟਕਸਾਲੀ ਪੰਜਾਬੀ ਦੇ ਵਧੇਰੇ ਨੇੜੇ ਹੈ ਅਤੇ ਮੱਧਕਾਲੀਨ ਪੰਜਾਬੀ ਭਾਸ਼ਾ ਦਾ ਉਤਮ ਰੂਪ ਦਰਸਾਂਦੀ ਹੈ। ਇਨ੍ਹਾਂ ਉਤੇ ਹਿੰਦੀ, ਬ੍ਰਜ, ਲਹਿੰਦੀ ਜਾਂ ਫ਼ਾਰਸੀ ਦਾ ਕੋਈ ਪ੍ਰਭਾਵ ਪਿਆ ਨਹੀਂ ਮਿਲਦਾ ਇਉਂ ਜਾਪਦਾ ਹੈ ਕਿ ਉਸ ਸਮੇਂ ਤੱਕ ਪੰਜਾਬੀ ਆਪਣਾ ਨਿਆਰਾ ਤੇ ਅੱਡਰਾ ਰੂਪ ਧਾਰਨ ਕਰ ਚੁੱਕੀ ਸੀ ਤੇ ਇਕ ਸਵਤੰਤਰ ਭਾਸ਼ਾ ਬਣ ਚੁੱਕੀ ਸੀ।[28]

ਵਿਸ਼ੇ ਪੱਖੋਂ ਵਾਰਾਂ ਦਾ ਮੁੱਖ ਆਸ਼ਾ ਸਿੱਖੀ ਸਿਧਾਂਤਾਂ ਅਤੇ ਸਿੱਖ ਰਹਿਤ ਦੀ ਵਿਆਖਿਆ ਕਰਨਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਭਾਈ ਸਾਹਿਬ ਦੀ ਬਾਣੀ ਅਤੀ ਮਨੋਹਰ ਔਰ ਸਿੱਖ ਧਰਮ ਦੇ ਨਿਯਮਾਂ ਦਾ ਭੰਡਾਰ ਹੈ। ਇਹ ਆਖਣਾ ਕੁਛ ਅਤਿ ਉਕਤਿ ਨਹੀਂ ਹੋਉ ਕਿ ਸਿੱਖੀ ਦਾ ਰਹਤਨਾਮਾ ਭਾਈ ਸਾਹਿਬ ਦੀ ਬਾਣੀ ਤੋਂ ਵੱਖਕੇ ਹੋਰ ਕੋਈ ਨਹੀਂ। ਸ੍ਰੀ ਗੁਰੂ ਅਰਜਨ ਸਾਹਿਬ ਦਾ ਬਚਨ ਹੈ ਕਿ ਭਾਈ ਗੁਰਦਾਸ ਦੀ ਬਾਣੀ ਪੜ੍ਹਨ ਤੋਂ ਸੱਚੀ ਸਿੱਖੀ ਪ੍ਰਾਪਤ ਹੁੰਦੀ ਹੈ ਅਰ ਏਹ ਬਾਣੀ ਗੁਰਬਾਣੀ ਦਾ ਟੀਕਾ ਰੂਪ ਹੈ।[29] ਭਾਸ਼ਾ ਅਤੇ ਅਧਿਆਤਮਕ ਮਹੱਤਵ ਦੇ ਨਾਲ ਨਾਲ ਇਤਿਹਾਸਿਕ ਅਤੇ ਰਾਜਨੀਤਿਕ ਦ੍ਰਿਸ਼ਟੀ ਤੋਂ ਵੀ ਇਨ੍ਹਾਂ ਦੀ ਵਿਲੱਖਣਤਾ ਹੈ।[30]

ਵਾਰਾਂ ਦੀ ਗਿਣਤੀ ਪੱਖੋਂ ਵੀ ਵਿਦਵਾਨਾਂ ਦੀ ਇਕ ਸੰਮਤੀ ਨਹੀਂ। ਪੁਰਾਤਨ ਹੱਥ ਲਿਖਤ ਖਰੜਿਆਂ ਵਿਚ ਕਈ ਥਾਂ ਇਨ੍ਹਾਂ ਦੀ ਗਿਣਤੀ 39 ਹੈ ਅਤੇ ਕਈ ਖਰੜਿਆਂ ਵਿਚ 40 ਹੈ। ਬਹੁਤੇ ਵਿਦਵਾਨਾਂ ਨੇ 40ਵੀਂ ਵਾਰ ਨੂੰ ਵੀ ਰੂਪਾਂਤਕ ਅਤੇ ਵਿਚਾਰਾਤਮਕ ਪਖੋਂ ਬਾਕੀ ਵਾਰਾਂ ਨਾਲ ਸਾਂਝ ਹੋਣ ਕਰਕੇ ਭਾਈ ਗੁਰਦਾਸ ਦੀ ਰਚਨਾ ਹੀ ਪਰਵਾਨ ਕੀਤਾ ਹੈ। ਵਿਸਤਾਰ ਲਈ ਵੇਖੋ ਹਵਾਲਾ ਨੰਬਰ (31)।

ਸਲੋਕ (ਸੰਸਕ੍ਰਿਤ)

ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਭਾਈ ਸਾਹਿਬ ਦਾ ਭਾਸ਼ਾਵਾਂ ਬਾਰੇ ਗਿਆਨ ਵਿਸ਼ਾਲ ਸੀ। ਭਾਈ ਸਾਹਿਬ ਦੁਆਰਾ ਅਨੁਸ਼ਟੁਪ ਛੰਦ ਵਿਚ ਰਚੇ ਇਹ ਛੇ ਸੰਸਕ੍ਰਿਤ ਸਲੋਕ ਭਾ. ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਦਰਜ ਹਨ। ਭਾਈ ਸੰਤੋਖ ਸਿੰਘ ਜੀ ਅਨੁਸਾਰ ਇਹ ਸਲੋਕ ਭਾਈ ਗੁਰਦਾਸ ਜੀ ਨੇ ਆਪਣੇ ਕਾਂਸ਼ੀ ਦੇ ਗੁਰਮਤਿ ਪ੍ਰਚਾਰ ਦੌਰੇ ਸਮੇਂ ਉਥੋਂ ਦੇ ਪੰਡਿਤਾਂ ਨਾਲ ਵਿਚਾਰ ਚਰਚਾ ਸਮੇਂ ਵਾਹਿਗੁਰੂ ਨਾਮ ਦੀ ਉਚਿੱਤਤਾ ਦਰਸਾਉਣ ਪ੍ਰਥਾਇ ਉਚਾਰੇ। ਇਨ੍ਹਾਂ ਸਲੋਕਾਂ ਵਿਚ ਭਾਈ ਗੁਰਦਾਸ ਦੀ ਪ੍ਰਦਰਸ਼ਿਤ ਵਿਦਵਤਾ ਨੂੰ ਵੇਖ ਪੰਡਿਤ ਦੰਗ ਰਹਿ ਗਏ। ਭਾਸ਼ਾ ਪੰਡਿਤ ਵਜੋਂ ਉਨ੍ਹਾਂ ਦੀ ਮਾਨਤਾ ਹੋਈ ਪਰ ਇਸ ਦੇ ਬਾਵਜੂਦ ਉਹ ਲੌਕ ਭਾਸ਼ਾ ਤੋਂ ਦੂਰ ਨਹੀਂ ਗਏ।[31]

ਕਬਿਤ ਸਵੈਯੇ

ਵਾਰਾਂ ਉਪਰੰਤ ਭਾਈ ਸਾਹਿਬ ਦੀ ਮਹੱਤਵਪੂਰਨ ਰਚਨਾ 'ਕਬਿੱਤ ਸਵੈਯੇ' ਹਨ। ਮੁੱਖ ਰੂਪ ਵਿਚ ਹੁਣ ਤੱਕ ਵਿਦਵਾਨਾਂ ਦੁਆਰਾ ਪ੍ਰਾਪਤ ਖੋਜ ਅਨੁਸਾਰ 675 ਕਬਿੱਤ ਸਵੈਯੇ ਉਪਲੱਬਧ ਹਨ। ਇਨ੍ਹਾਂ ਵਿਚੋਂ 1940 ਤੋਂ ਪਹਿਲਾਂ ਬਾਜ਼ਾਰ ਵਿਚ ਛੱਪੀਆਂ ਜੋ ਪੁਸਤਕਾਂ ਪ੍ਰਾਪਤ ਸਨ, ਉਨ੍ਹਾਂ ਵਿਚ ਕਬਿੱਤ ਸਵੈਯਾਂ ਦੀ ਗਿਣਤੀ 556 ਹੀ ਸੀ। (ਇਨ੍ਹਾਂ ਵਿਚੋਂ ਤਕਰੀਬਨ 100 ਕੁ ਸਾਲ

ਪੁਰਾਣੀ ਇਕ ਪੁਸਤਕ ਨਾਲ ਪਾਠ ਸੰਪਾਦਨ ਵੇਲੇ ਮਿਲਾਨ ਵੀ ਕੀਤਾ ਗਿਆ ਹੈ।) 'ਗੁਰ ਬਿਲਾਸ ਪਾਤਸ਼ਾਹੀ 6' ਦੇ ਕਰਤਾ ਸੋਹਣ ਕਵਿ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਇਨ੍ਹਾਂ ਦੀ ਗਿਣਤੀ 556 ਹੀ ਦਰਸਾਈ ਹੈ।[33] ਪਰੰਤੂ ਹੱਥ ਲਿਖਤ ਖਰੜਿਆਂ ਵਿਚ ਇਨ੍ਹਾਂ ਦੀ ਗਿਣਤੀ ਵਿਚ ਅੰਤਰ ਹੈ। ਜਿਵੇਂ ਖਾਲਸਾ ਕਾਲਜ ਵਿਚ ਪਏ ਹੱਥ ਲਿਖਤ ਖਰੜੇ ਵਿਚ 569 ਕਬਿੱਤ ਸਵੈਯੇ ਦਰਜ ਮਿਲਦੇ ਹਨ। ਇਸੇ ਤਰ੍ਹਾਂ ਭਾਈ ਵੀਰ ਸਿੰਘ ਵਲੋਂ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਅਧਿਐਨ ਸਮੇਂ ਇਹ ਨੁਕਤਾ ਹੋਰ ਵਧੇਰੇ ਪ੍ਰਬਲ ਰੂਪ ਵਿਚ ਉਭਰਿਆ ਕਿ ਕਬਿੱਤ ਸਵੈਯਾਂ ਦੀ ਗਿਣਤੀ 556 ਤੋਂ ਅਧਿਕ ਹੋਣ ਦੀ ਸੰਭਾਵਨਾ ਹੈ। ਭਾਈ ਵੀਰ ਸਿੰਘ ਨੂੰ 1940 ਦੇ ਕਰੀਬ ਇਕ ਹੱਥ ਲਿਖਤ ਖਰੜਾ ਪ੍ਰਾਪਤ ਹੋਇਆ, ਜਿਸ ਵਿਚ 556 ਕਬਿੱਤਾਂ ਤੋਂ ਅਗੇ 673 ਤੱਕ ਸਵੈਯੇ ਅੰਕਿਤ ਸਨ। ਫਿਰ ਉਨ੍ਹਾਂ ਨੂੰ ਇਕ ਹੋਰ ਪੋਥੀ ਪ੍ਰਾਪਤ ਹੋਈ ਜਿਸ ਵਿਚ ਭਾਈ ਗੁਰਦਾਸ ਦੇ 21 ਕਬਿਤ ਸਵੈਯੇ ਸਨ ਜਿਨ੍ਹਾਂ ਵਿਚੋਂ 15 ਤਾਂ ਪਹਿਲਾਂ ਹੀ ਪ੍ਰਾਪਤ 556 ਕਬਿੱਤ ਸਵੈਯਾਂ ਨਾਲ ਮੇਲ ਖਾਂਦੇ ਸਨ ਤੇ 4 ਬਾਅਦ ਵਿਚ ਪ੍ਰਾਪਤ ਹੋਏ ਖਰੜੇ ਨਾਲ ਮੇਲ ਖਾਂਦੇ ਸਨ ਅਤੇ ਚੌ ਐਸੇ ਸਨ ਜੋ ਦੋਹਾਂ ਵਿਚੋਂ ਕਿਸੇ ਨਾਲ ਵੀ ਮੇਲ ਨਹੀਂ ਸਨ ਖਾਂਦੇ। ਇਉਂ ਭਾਈ ਵੀਰ ਸਿੰਘ ਨੇ ਇਨ੍ਹਾਂ ਦੋਹਾਂ ਨੂੰ ਅਖੀਰ ਵਿਚ ਰਖਕੇ 119 ਪਦਾਂ ਨੂੰ 'ਕਬਿੱਤ ਭਾਈ ਗੁਰਦਾਸ : ਦੂਸਰਾ ਸਕੰਧ' ਦੇ ਨਾਂ ਹੇਠ ਪਹਿਲੀ ਵਾਰ ਅਕਤੂਬਰ 1940 ਵਿਚ ਪ੍ਰਕਾਸ਼ਿਤ ਕੀਤਾ। ਜਿਨ੍ਹਾਂ ਵਿਚ ਪਹਿਲੇ ਸਕੰਧ ਦੇ 556 ਸਵੈਯੇ ਰਲਾ ਕੇ ਕੁਲ ਜੋੜ 675 ਹੋ ਗਿਆ ਹੈ। ਪ੍ਰਾਪਤ ਕਬਿੱਤਾਂ ਵਿਚ ਕੁਝ ਕੁ ਸ਼ਬਦਾਂ ਦੇ ਅੰਤਰ ਨਾਲ ਮੇਲ ਖਾਂਦੇ ਹਨ ਜਿਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

"ਸਵੈਯਾ ਨੰ: 371 ਤੇ 563; 405 ਤੇ 604; 414 ਤੇ 605; 410, 367 ਤੇ 606; 507 ਤੇ 639; 522 ਤੇ 641; 534 ਤੇ 608; 535 ਤੇ 609; 556 ਤੇ 671 ਇਨ੍ਹਾਂ ਪ੍ਰਾਪਤ ਪਦਾਂ ਵਿਚ 648 ਕਬਿੱਤ, 3 ਸਵੈਯੇ, 8 ਦੋਹਰੇ, 8 ਸੋਰਠੇ ਅਤੇ 8 ਛੰਦ ਹਨ। ਇਨ੍ਹਾਂ ਦੇ ਅਧਿਕ ਰੂਪ ਕਬਿੱਤ ਹੋਣ ਕਰਕੇ ਹੀ ਕਈ ਵਾਰੀ ਇਨ੍ਹਾਂ ਲਈ 'ਕਬਿਤ ਭਾਈ ਗੁਰਦਾਸ' ਦਾ ਨਾਂ ਵਧੇਰੇ ਉਚਿੱਤ ਮੰਨਿਆ ਜਾਂਦਾ ਹੈ।[34]

ਇਹ ਕਬਿੱਤ ਕਦੋਂ ਅਤੇ ਕਿਥੇ ਲਿਖੇ ਗਏ ? ਇਸ ਬਾਰੇ ਵਿਦਵਾਨਾਂ ਵਿਚ ਦੋ ਰਾਵਾਂ ਪ੍ਰਚਲਿਤ ਹਨ। ਪਹਿਲੀ ਅਨੁਸਾਰ ਇਹ ਕਬਿੱਤ ਸਵੈਯੇ ਭਾਈ ਸਾਹਿਬ ਦੇ ਮੁੱਢਲੇ ਸਮੇਂ ਦੀ ਰਚਨਾ ਹਨ ਅਤੇ ਵਾਰਾਂ ਪੌੜੂ ਅਵਸਥਾ ਵਿਚ ਲਿਖੀਆਂ ਗਈਆਂ ਹਨ। ਡਾ. ਤਾਰਨ ਸਿੰਘ ਇਸਦੀ ਪੁੜਤਾ ਕਰਦੇ ਹੋਏ ਲਿਖਦੇ ਹਨ ਕਿ ਭਾਈ-ਸਾਹਿਬ ਦੇ "ਕਬਿੱਤ ਸਵੈਯੇ...ਐਸੀ ਰਚਨਾ ਹੈ ਜਿਥੇ ਭਾਈ ਸਾਹਿਬ ਦੀ ਪ੍ਰਤਿਭਾ ਦਾ ਸੂਰਜ ਪਹਿਲਾਂ ਪੂਰੀ ਸ਼ੋਭਾ ਨਾਲ ਚਮਕਿਆ, ਜਿਸ ਰਚਨਾ ਦਾ ਦ੍ਰਿਸ਼ਟੀਕੋਣ ਬੜਾ ਵਿਸ਼ਾਲ ਸੀ, ਜਿਸ ਵਿਚ ਭਾਈ ਸਾਹਿਬ ਦਾ ਮੰਤਵ ਬੜਾ ਸੰਤੁਲਿਤ ਤੇ ਨਿਰਪੱਖ ਸੀ, ਜਿਸਦੀ ਦਿਲਚਸਪੀ ਸਾਰੇ ਭਾਰਤ ਲਈ ਸੀ ਤੇ ਹੈ ਤੇ ਜਿਸ ਰਚਨਾ ਦੇ ਵਿਚਾਰਾਂ, ਅਲੰਕਾਰਾਂ ਤੇ ਤਸ਼ਬੀਹਾਂ ਨੂੰ ਹੀ ਮੁਤ ਭਾਈ ਸਾਹਿਬ ਨੇ ਪੰਜਾਬੀ ਰਚਨਾ ਵਾਰਾਂ ਵਿਚ ਬਨ੍ਹਿਆ ਹੈ।[35] ਇਸ ਧਾਰਨਾ ਦੇ ਦੂਸਰੇ ਵਿਦਵਾਨ ਡਾ. ਸੀਤਾ ਰਾਮ ਬਾਹਰੀ ਹਨ ਜਿਨ੍ਹਾਂ ਨੇ ਆਪਣੇ ਖੋਜ ਪੱਤਰ, "ਭਾਈ ਗੁਰਦਾਸ ਦੀ ਬੋਲੀ ਤੇ ਸ਼ੈਲੀ" ਵਿਚ ਪਹਿਲੀਆਂ ਦਸ ਵਾਰਾਂ ਦੀ ਭਾਸ਼ਾ ਅਤੇ ਪ੍ਰਤੀਕਾਂ ਆਦਿ ਦੇ ਅਤੇ ਹੋਰ ਵਿਸ਼ਲੇਸ਼ਣਾਂ ਦੇ ਆਧਾਰ ਤੇ ਭਾਈ ਸਾਹਿਬ ਦੀ ਮੁੱਢਲੀ ਰਚਨਾ 'ਕਬਿੱਤ ਸਵੈਯੇ' ਨੂੰ ਮੰਨਿਆ।[36]

ਮੁੱਢਲੇ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, "ਇਹ ਰਚਨਾ ਭਾਈ ਸਾਹਿਬ ਦੀਆਂ ਵਾਰਾਂ ਤੋਂ ਪਿੱਛਲੀ ਹੈ। ਕਾਸ਼ੀ, ਆਗਰੇ ਆਦਿਕ ਅਸਥਾਨਾਂ ਵਿਚ ਰਹਿਣ ਕਰਕੇ ਭਾਈ ਗੁਰਦਾਸ ਜੀ ਨੂੰ ਹਿੰਦੀ ਭਾਸ਼ਾ ਦੀ ਰਚਨਾ ਚੰਗੀ ਤਰ੍ਹਾਂ ਆ ਗਈ ਸੀ।[37] ਭਾਈ ਵੀਰ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਡਾ. ਰਤਨ ਸਿੰਘ ਜੱਗੀ ਇਸੇ ਮੱਤ ਦੀ ਪੁੜਤਾ ਕਰਦੇ ਹਨ। ਡਾ. ਜੱਗੀ ਨੇ ਆਪਣੇ ਮੱਤ ਦਾ ਆਧਾਰ ਸਥਾਨ ਦੀ ਥਾਂ ਰਚਨਾ ਵਿਚਲੇ ਵਿਚਾਰਾਂ ਨੂੰ ਬਣਾਇਆ ਹੈ।[38]

ਇਹੀ ਮੱਤ ਵਧੇਰੇ ਪ੍ਰਵਾਨਿਤ ਹੈ।

ਨਿਸ਼ਕਰਸ਼ ਵਜੋਂ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਨੇ ਇਹ ਰਚਨਾ ਉਦੋਂ ਕੀਤੀ ਜਦੋਂ ਆਪਣੇ ਪ੍ਰਚਾਰ ਦੌਰਿਆਂ ਸਮੇਂ ਗ਼ੈਰ ਪੰਜਾਬੀ-ਭਾਸ਼ੀਆ ਦੇ ਸੰਪਰਕ ਵਿਚ ਸਨ ਅਤੇ ਗੁਰੂ ਚਰਨਾਂ ਤੋਂ ਵਿਯੋਗੇ ਹੋਏ ਸਨ।

ਵਿਸ਼ਲੇਸ਼ਣਾਤਮਕ ਵਿਵੇਚਨ

ਇਹ ਠੀਕ ਹੈ ਕਿ ਭਾਈ ਸਾਹਿਬ ਜੀ ਦੁਆਰਾ ਰਚਿਤ ਕਬਿੱਤ ਸਵੈਯੇ ਗੁਰਮਤਿ ਸਾਹਿਤ ਵਿਚ ਆਮ ਸ਼ਰਧਾਲੂਆਂ ਦੀ ਜ਼ੁਬਾਨ ਤੇ ਮੁਹਾਵਰੇ ਦਾਗ਼ ਉਤਨੇ ਮਕਬੂਲ ਨਹੀਂ ਹੋ ਸਕੇ ਜਿਤਨੀਆਂ ਕਿ ਭਾਈ ਸਾਹਿਬ ਦੁਆਰਾ ਰਚਿਤ ਵਾਰਾਂ ਹਨ। ਇਸਦੇ ਕਈ ਕਾਰਨ ਹਨ ਜਿਨ੍ਹਾਂ ਵਿਚੋਂ ਪ੍ਰਮੁੱਖ ਭਾਸ਼ਾ ਦਾ ਬੰਧਨ ਹੋ ਸਕਦਾ ਹੈ, ਪਰ ਇਹ ਗੱਲ ਭਲੀਭਾਂਤ ਸਪੱਸ਼ਟ ਹੈ ਕਿ ਗੁਰਮਤਿ ਦੇ ਬ੍ਰਹਿਮੰਡੀ ਗਗਨ ਮੰਡਲਾਂ ਦੇ ਜੋ ਦੀਦਾਰੇ ਭਾਈ ਸਾਹਿਬ ਨੇ ਕਬਿੱਤ ਸਵੈਯਾਂ ਵਿਚ ਕਰਵਾਏ ਹਨ ਉਹ ਸ਼ਾਇਦ ਵਾਰਾਂ ਵਿਚ ਨਹੀਂ ਹੋ ਸਕੇ ਜਾਂ ਇਉਂ ਕਹਿ ਸਕਦੇ ਹਾਂ ਕਿ ਵਾਰਾਂ ਵਿਚ ਇਹ ਲੋੜ ਨਹੀਂ ਸੀ। ਗੁਰਮਤਿ ਸਿੱਧਾਂਤ ਤੇ ਗੁਰਮਤਿ ਦਰਸ਼ਨ ਦਾ ਜੋ ਨਿਖਾਰ ਭਾਈ ਸਾਹਿਬ ਨੇ ਕਬਿੱਤ ਸਵੈਯਾਂ ਵਿਚ ਕੀਤਾ ਹੈ ਉਹ ਅਦੁੱਤੀ ਤੇ ਅਕੱਥਨੀਯ ਹੈ। ਇਨ੍ਹਾਂ ਕਬਿੱਤਾਂ ਵਿਚ ਅਨੁਭਵ ਦੀਆਂ ਗਹਿਰਾਈਆਂ ਤੇ ਬਿਰਹਾ ਦੀਆਂ ਚੋਟਾਂ ਅਤੇ ਗੁਰਮਤਿ ਦੀਆਂ ਗੁਹਜ ਰਮਜ਼ਾਂ ਨੂੰ ਖੋਲ੍ਹਿਆ ਗਿਆ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ "ਖੋਜ ਕਰਨ ਵਾਲਿਆਂ ਲਈ ਭਾਈ ਗੁਰਦਾਸ ਦੀ ਅੰਤਰ-ਆਤਮਾ ਦੇ ਸੰਵੇਦਨਾਤਮਕ ਪੱਖ ਦਾ ਦਰਸ਼ਨ ਇਨ੍ਹਾਂ 'ਕਬਿੱਤਾਂ' ਵਿਚ ਹੀ ਸੰਭਵ ਹੈ। ਬਿਰਹੋ ਦੀ ਭਾਵਨਾ ਦਾ ਸਫਲ ਪ੍ਰਗਟਾਵਾ ਵੀ ਇਨ੍ਹਾਂ ਕਬਿਤਾਂ ਰਾਹੀਂ ਸਹੀ ਢੰਗ ਨਾਲ ਹੋ ਸਕਿਆ ਹੈ।[39] ਪ੍ਰੋ. ਗੰਡਾ ਸਿੰਘ ਜੀ ਕਬਿੱਤ ਸਵੈਯਾਂ ਬਾਰੇ ਆਪਣੇ ਇਕ ਲੇਖ ਵਿਚ ਲਿਖਦੇ ਹਨ :

Kabit Swayyas are the poetical dissertation in the fundamental principles of Sikhism and present a most scholarly treatment of the subject.

(ਕਬਿਤ ਸਵੈਯੇ ਸਿੱਖ ਚਿੰਤਨ ਦੇ ਮੁੱਢਲੇ ਸਿਧਾਂਤਾਂ ਦਾ ਕਾਵਿਕ ਖੋਜ-ਨਿਬੰਧ ਹਨ ਅਤੇ ਇਹ ਵਿਸ਼ੇ ਦਾ ਅਤਿਅੰਤ ਵਿਦਵਤਾਪੂਰਨ ਅਧਿਐਨ ਪੇਸ਼ ਕਰਦੇ ਹਨ।)[40]

ਭਾਈ ਸਾਹਿਬ ਜੀ ਦੇ ਕਬਿੱਤ ਸਵੈਯੇ ਸਿੱਖ ਚਿੰਤਨ ਨੂੰ ਇਕ ਨਿਸ਼ਚਿਤ ਜੁਗਤ ਰਾਹੀਂ ਪਰਗਟ ਕਰਦੇ ਹਨ। ਇਹ ਉਹੋ ਜੁਗਤ ਹੈ ਜੋ ਗੁਰੂ ਨੇ ਪਰਦਾਨ ਕੀਤੀ ਸੀ ਅਤੇ ਭਾਈ ਸਾਹਿਬ ਇਸਦੀਆਂ ਗਹਿਰਾਈਆਂ ਦੇ ਭੇਤੀ ਹਨ। ਇਸ ਜੁਗਤ ਬਾਰੇ ਹੋਈ ਨਿਸ਼ਾਨਦੇਹੀ ਨੂੰ ਸੰਖੇਪ ਰੂਪ ਵਿਚ ਸਾਹਮਣੇ ਲਿਆਉਣਾ ਇਸ ਪੁਸਤਕ ਦਾ ਮੁੱਖ ਮਨੋਰਥ ਹੈ।

ਹਰ ਸੰਸਥਾਪਿਤ ਧਰਮ ਦਾ ਮੁੱਢ ਕਿਸੇ ਵਿਅੱਕਤੀਗਤ ਸ਼ਖਸੀਅਤ ਰਾਹੀਂ ਬੰਨ੍ਹਿਆ ਜਾਂਦਾ ਹੈ। ਇਵੇਂ ਹੀ ਗੁਰੂ ਨਾਨਕ ਸਾਹਿਬ ਦੀ ਆਮਦ ਨਾਲ ਸਿੱਖ ਧਰਮ ਦਾ ਮੁੱਢ ਬੱਝਾ। ਛੱਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਤੱਕ ਸਿੱਖ ਧਰਮ ਵੱਖ ਵੱਖ ਪਹਿਲੂਆਂ ਤੋਂ ਵਿਕਾਸ ਕਰਦਾ ਹੋਇਆ ਸਥਾਪਤੀ ਦੀ ਸ਼ਕਲ ਧਾਰਨ ਕਰ ਰਿਹਾ ਸੀ। ਹਰਿਮੰਦਰ ਦੀ ਉਸਾਰੀ ਅਤੇ ਆਦਿ ਗ੍ਰੰਥ ਦੀ ਸੰਪਾਦਨਾ ਇਸ ਸਥਾਪਤੀ ਵਲ ਅਹਿਮ ਕਦਮ ਸਨ।

ਛੇਵੇਂ ਪਾਤਸ਼ਾਹ ਵੇਲੇ ਤੱਕ ਸਿੱਖ ਧਰਮ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪੱਖ ਤੋਂ ਅਨੇਕ ਪ੍ਰਕਾਰ ਦੀਆਂ ਚੁਨੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਕਿਉਂਕਿ ਮੱਚ ਦਾ ਸੂਰਜ ਚੜ੍ਹਨ ਵੇਲੇ ਬਹੁਤ ਸਾਰਿਆਂ ਨੂੰ ਇਹ ਰਾਸ ਨਹੀਂ ਆਇਆ ਕਰਦਾ ਅਤੇ ਇਹ ਸੁਭਾਵਿਕ ਵੀ ਹੈ। ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਦਾ ਮੂੰਹ ਮੁਹਾਂਦਰਾ ਵੀ ਇਸ ਬਿਰਤੀ ਦੇ ਧਾਰਨੀ ਲੋਕਾਂ ਨੇ ਆਪਣੀ ਸੋਚ ਅਨੁਸਾਰ ਲੱਭਣ ਦਾ ਯਤਨ ਕੀਤਾ ਤੇ ਸਿੱਖ ਚਿੰਤਨ ਦੇ ਸਰੂਪ ਨੂੰ ਖੋਰਾ ਲਾਉਣ ਲਈ ਪਿਰਤ ਨਾਲ ਹੀ ਤੁਰ ਪਈ। ਪਹਿਲੇ ਯਤਨਾਂ ਵਿਚ ਗੁਰੂ ਸਾਹਿਬਾਨ ਦੇ ਮੁਕਾਬਲੇ ਤੇ

ਮਿਹਰਬਾਨ ਆਦਿ ਵਲੋਂ ਗੁਰਬਾਣੀ ਦੇ ਸਮਾਨਾਂਤਰ ਰਾਵਿ ਦੀ ਰਚਨਾ ਆਰੰਭ ਹੋਈ ਅਤੇ ਜਨਮ-ਸਾਖੀ ਸਾਹਿਤ ਨੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਅਤੇ ਉਨ੍ਹਾਂ ਵਲੋਂ ਦਰਸਾਏ ਸਿੱਧਾਂਤਾਂ ਨੂੰ ਪੌਰਾਣਿਕ ਰੰਗਣ ਦੇ ਕੇ ਪੇਸ਼ ਕਰਨ ਦੇ ਯਤਨ ਕੀਤੇ। ਨਿਰਸੰਦੇਹ ਵਿਆਖਿਆਕਾਰੀ ਦੀ ਪੱਧਰ ਲੇਖਕ ਜਿਡੀ ਰਹਿ ਸਕਦੀ ਹੈ ਪਰ ਨਿਰਮਲ ਤੇ ਸਮਰਪਿਤ ਮਾਨਸਿਕਤਾ ਕਈ ਵਾਰੀ ਵਤੋ ਨਤੀਜਿਆਂ ਦੇ ਰਾਹ ਖੋਲ੍ਹ ਚਿੰਦੀ ਹੈ।

ਅਸੀਂ ਸਭ ਜਾਣਦੇ ਹਾਂ ਕਿ ਸਿੱਖ ਧਰਮ ਵਕਤੀ ਹਾਲਾਤ ਦੀ ਉਪਜ ਨਹੀਂ ਸਗੋਂ ਇਸ ਨੇ ਤਾਂ ਵਿਲੱਖਣ ਸਿੱਧਾਂਤਕ ਜੁਗਤ ਰਾਹੀਂ ਇਤਿਹਾਸ ਦੀ ਨਵ ਸਿਰਜਣਾ ਦਾ ਰਾਹ ਖੋਲ੍ਹ ਦਿੱਤਾ ਹੈ। ਗੁਰਬਾਣੀ ਤੇ ਆਧਾਰਿਤ ਸਾਰੇ ਸੰਕਲਪ ਆਪਣੇ ਪ੍ਰਕਾਸ਼ ਤੇ ਪ੍ਰਭਾਵ ਵਿਚ ਬਿਲਕੁਲ ਸੁਤੰਤਰ ਹਨ। ਇਨ੍ਹਾਂ ਸੰਕਲਪਾਂ ਨੂੰ ਕਿਸੇ ਪ੍ਰਾਪਤ ਧਰਮ ਚਿੰਤਨ ਦੀ ਨਿਰੰਤਰਤਾ ਜਾਂ ਸਮਨਵੈ ਦੇ ਪ੍ਰਸੰਗ ਵਿਚ ਵੇਖੇ ਜਾਣ ਦੀ ਕੋਈ ਮਜ਼ਬੂਰੀ ਨਹੀਂ। ਸਿੱਖ ਧਰਮ ਇਲਹਾਮੀ (Revealed) ਧਰਮ ਹੈ। ਇਲਹਾਮੀ ਧਰਮ ਸੁਤੰਤਰ ਹੁੰਦਾ ਹੈ। ਸਿੱਖ ਗੁਰੂ ਸਾਹਿਬਾਨ ਨੂੰ 'ਪਾਰਬ੍ਰਹਮ' ਦੇ ਹਜ਼ੂਰ ਜੋ ਸੱਚ ਦਾ ਪ੍ਰਗਟਾਅ ਹੋਇਆ ਉਸਨੂੰ ਹੀ ਉਨ੍ਹਾਂ ਨੇ ਬਾਣੀ ਵਿਚ ਨਿਰੂਪਣ ਕੀਤਾ।

ਇਸ ਅਨੁਭਵ ਬਾਰੇ ਉਨ੍ਹਾਂ ਦੇ ਗੁਰਬਾਣੀ ਵਿਚ ਕਾਫ਼ੀ ਸੰਕੇਤ ਹਨ :

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥
(ਰਾਗ ਸੂਹੀ ਮਹਲਾ ੧ ਗੁਰੂ ਗ੍ਰੰਥ ਪੰ. ੭੬੩)

ਪੂਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ ॥
(ਸੋਰਠਿ ਮਹਲਾ ੫ ਗੁਰੂ ਗ੍ਰੰਥ ਪੰ. ੬੨੮)

SIKHBOOKCLUB.COM

ਪੱਛਮ ਵਿਚ ਧਰਮ ਨੂੰ ਵਿਗਿਆਨਿਕ ਪਹੁੰਚ ਨਾਲ ਨਿਖੇੜਨ ਦੇ ਯਤਨ ਹੋਏ ਹਨ। ਹਿੰਦੂ ਧਰਮ, ਈਸਾਈ ਧਰਮ, ਬੁੱਧ ਧਰਮ ਤੇ ਇਸਲਾਮ ਧਰਮ ਦੀ ਅਵਿਗਿਆਨਕ ਪਹੁੰਚ ਬਾਰੇ ਸੰਸਾਰ ਵਿਚ ਸਮੇਂ ਸਮੇਂ ਬਹੁਤ ਸਾਰੇ ਵਾਦਵਿਵੇਂ ਉਠਦੇ ਰਹੇ ਹਨ। ਜਦੋਂ ਧਰਮੀ ਅਖਵਾਉਣ ਵਾਲਿਆਂ ਲਈ ਹੀ ਧਰਮ ਨੂੰ ਯੋਗ ਤਰੀਕੇ ਨਾਲ ਸਮਝਣਾ ਕਠਿਨ ਹੋ ਜਾਏ ਤਾਂ ਧਰਮ ਰਾਹੀਂ ਸੱਚ ਦੀ ਸਥਾਪਤੀ ਨਹੀਂ ਹੋ ਸਕਦੀ। ਝੂਠ, ਭਰਮ ਤੇ ਫ਼ਲਾਵਿਆਂ ਦੇ ਪਰਦੇ ਹੇਠ ਸੱਚ ਛਿਪ ਜਾਂਦਾ ਹੈ। ਅਜਿਹੇ ਸਮੇਂ ਸਮਾਜ "ਗਿਆਨ ਵਿਹੂਣੀ" ਸਥਿਤੀ ਦਾ ਸ਼ਿਕਾਰ ਬਣ ਜਾਂਦਾ ਹੈ। ਫਿਰ ਮਾਰਕਸ ਵਰਗੇ ਧਰਮ ਨੂੰ ਅਫ਼ੀਮ ਕਹਿੰਦੇ ਹਨ[41] ਅਤੇ ਸਲੀਮ ਰਸ਼ਦੀ ਵਰਗੀ ਧਰਮ ਬਾਰੇ "ਸ਼ੈਤਾਨ ਦੇ ਕੀਤ" ਵਰਗੀਆਂ ਪੁਸਤਕਾਂ ਲਿਖਣ ਵਲ ਰੁਚਿੱਤ ਹੁੰਦੇ ਹਨ।[42]

ਅਜਿਹੀ ਸਥਿਤੀ ਵਿਚ ਧਰਮ ਨਾਲ ਸੰਬੰਧਿਤ ਸਤਿ ਸਰੂਪ ਤੱਥਾਂ ਨੂੰ ਵਿਵੇਕ, ਤਰਕ ਅਤੇ ਵਿਗਿਆਨਿਕ ਢੰਗ ਨਾਲ ਨਿਖਾਰਨ ਦੇ ਯਤਨ ਸਥਿਰ ਰੱਖ ਸਕਦੇ ਹਨ। ਭਾਈ ਗੁਰਦਾਸ ਜੀ ਨੇ ਇਸੇ ਰੌਸ਼ਨੀ ਵਿਚ ਰਚਿਤ ਆਪਣੇ ਕਵਿੱਤ ਸਵੈਯਾਂ ਦੁਆਰਾ ਸਿੱਖ ਸਿਧਾਂਤਾਂ ਤੇ ਸਿੱਖ ਦਰਸ਼ਨ ਨੂੰ ਸਥਾਪਤ ਕਰਨ ਦਾ ਯਤਨ ਕੀਤਾ ਹੈ।

ਗੁਰਬਾਣੀ ਅਨੁਸਾਰ ਮਾਨਵ ਜੀਵਨ ਦਾ ਆਦਰਸ਼ ਹੈ ਪੂਰਨਤਾ ਪ੍ਰਾਪਤ ਕਰਨੀ। ਇਸ ਪੂਰਨਤਾ ਲਈ ਮਨੁੱਖੀ ਜਨਮ 'ਬਰੀਆ' ਹੈ। ਇਹ ਰੱਬ ਵਲੋਂ ਮਨੁੱਖ ਨੂੰ ਮਿਲੀ ਹੋਈ ਸਜ਼ਾ ਨਹੀਂ ਜਿਵੇਂ ਕਿ ਸਾਮੀ (Semetic) ਧਰਮ ਕਹਿੰਦੇ ਹਨ।[43] ਨਾ ਹੀ ਜੀਵਨ ਨਿਰਾ ਦੁੱਖਾਂ ਦਾ ਘਰ ਹੈ ਜਿਵੇਂ ਮਹਾਤਮਾ ਬੁੱਧ ਨੇ ਐਲਾਨਿਆ।[44] ਸਗੋਂ ਪੂਰਨਤਾ ਲਈ 'ਹਰਿਨਾਮ' ਜਪਣ ਤੇ ਨਿਰਮਲ ਕਰਮ ਕਰਨ ਦਾ ਅਉਸਰ ਹੈ। ਭਾਰਤ ਵਿਚ ਬ੍ਰਾਹਮਣਵਾਦੀ ਸੋਚ ਨੇ ਇਸ ਅਉਸਰ ਨੂੰ ਆਪਣੀ ਮਲਕੀਅਤ ਬਨਾਉਣ ਦੀ ਕੋਸ਼ਿਸ਼ ਵਿਚ ਮਨੁੱਖੀ ਜੀਵਨ ਨੂੰ ਨਿਰਮਲ ਕਰਮਾਂ ਦੇ ਅਖਾੜੇ ਦੀ ਬਜਾਇ ਜਨਮ ਨਾਲ ਜੋੜਕੇ ਪ੍ਰਸਤੁਤ ਕਰਨ ਦੇ ਯਤਨ ਕੀਤੇ ਅਤੇ ਉਨ੍ਹਾਂ ਨਿਰਮਲ ਕਰਮਾਂ ਨੂੰ ਕੇਵਲ ਨਿਰਜੀਵ ਰੀਤਾਂ ਦਾ ਰੂਪ ਦੇ ਦਿੱਤਾ।

ਗੁਰੂ

ਸਿੱਖ ਧਰਮ ਅਨੁਸਾਰ ਮਨੁੱਖੀ ਜੀਵਨ ਯਾਤਰਾ 'ਗੁਰਪ੍ਰਸਾਦਿ ਤੋਂ ਓਂ '' ਤੱਕ ਦੀ ਹੈ। ਜਿਸਦਾ ਮੂਲ ਧੁਰਾ 'ਸ਼ਬਦ' ਹੈ ਤੇ ਇਸ ਦੀ ਜੁਗਤਿ 'ਸਿੱਧ ਗੋਸ਼ਟਿ' ਵਿਚ ਦਰਸਾਈ ਹੈ। ਇਹ ਜੁਗਤ ਸੁਰਤਿ ਨੂੰ ਸ਼ਬਦ ਦੀ ਸਾਣ ਤੇ ਤਿੱਖਾ ਕਰਦਿਆਂ ਚੜ੍ਹਦੀ ਕਲਾ ਵਿਚ ਨਿਵਾਸ ਕੀਤਿਆਂ ਹੀ ਪ੍ਰਾਪਤ ਹੋਣੀ ਹੈ। ਇਸ ਉਚ ਆਦਰਸ਼ ਦੀ ਪ੍ਰਕਾਸ਼ਮਾਨਤਾ ਲਈ ਸੁਭਾਵਿਕ ਹੀ ਸਾਧਕ ਨੂੰ ਪੂਰਨ ਬ੍ਰਹਮ ਸਤਿਗੁਰੂ ਦੀ ਰਹਿਨੁਮਾਈ ਦੀ ਲੋੜ ਹੈ ਅਥਵਾ ਗੁਰੂ ਜਗਿਆਸੂ ਵਾਸਤੇ ਪਾਰਬ੍ਰਹਮ ਹੈ। ਗੁਰਬਾਣੀ ਵਿਚ ਗੁਰੂ ਨੂੰ ਪਾਰਬ੍ਰਹਮ ਦਾ ਹੀ ਰੂਪ ਦਰਸਾਇਆ ਹੈ;

ਗੁਰ ਗੋਬਿੰਦੁ ਗੋਬਿੰਦੁ ਗੁਰੂ ਹੈ ਨਾਨਕ ਭੇਦ ਨ ਭਾਈ ॥

(ਆਸਾ ਮਹਲਾ ੪, ਗੁਰੂ ਗ੍ਰੰਥ ਪੰ. ੪੪੨)

ਅਸਲ ਵਿਚ ਇਸ ਸੰਸਾਰ ਵਿਚ ਗੁਰੂ ਪਰਮਾਤਮਾ ਦਾ ਸਥੂਲ ਰੂਪ ਹੈ, ਉਸ ਦਾ ਪ੍ਰਤੀਨਿਧ ਹੈ।[45] ਆਪਣੀ ਸਾਰੀ ਰਚਨਾ ਵਿਚ ਭਾਈ ਸਾਹਿਬ ਸਿੱਖ ਚਿੰਤਨ ਦੇ ਇਸ ਕੇਂਦਰੀ ਸਿਧਾਂਤ ਦੇ ਵਿਸਤਾਰ ਨੂੰ ਅਨੇਕਾਂ ਜੁਗਤੀਆਂ, ਤਰਕਾਂ, ਦ੍ਰਿਸ਼ਟਾਂਤਾਂ, ਲੌਕਿਕ ਉਦਾਹਰਣਾਂ ਅਤੇ ਵਿਵਹਾਰਿਕ ਤੱਥਾਂ ਦੇ ਮਾਧਿਅਮ ਰਾਹੀਂ ਨਿਰੂਪਣ ਕਰਦੇ ਹਨ। ਭਾਈ ਸਾਹਿਬ ਆਪਣੀ ਰਚਨਾ ਵਿਚ ਪਰਮਾਤਮਾ ਦੇ ਸਰੂਪ ਦਾ ਕੇਵਲ ਕਿਤੇ ਕਿਤੇ ਸੰਕੇਤ ਮਾਤਰ ਹੀ ਜ਼ਿਕਰ ਕਰਦੇ ਹਨ ਪਰੰਤੂ ਸਤਿਗੁਰੂ ਨੂੰ ਨਿਰਗੁਣ ਬ੍ਰਹਮ ਸਤਾ ਦਾ ਸਾਖਿਆਤ ਸਰਗੁਣ ਸਰੂਪ ਸਿੱਧ ਕਰਨ ਦਾ ਯਤਨ ਵਧੇਰੇ ਕੀਤਾ ਹੈ;

ਗੁਰ ਪਰਮੇਸਰੁ ਇਕ ਹੈ ਸਚਾ ਸਾਹੁ ਜਗਤ ਬਣਜਾਰਾ।

(ਵਾਰਾਂ ਭਾਈ ਗੁਰਦਾਸ ੧/੧੭)

ਕਬਿਤ ਸਵੈਯਾਂ ਵਿਚ ਇਸ ਦਾ ਵਿਸਤਾਰ ਇਉਂ ਕਰਦੇ ਹਨ :

ਨਿਰਗੁਨ ਸਰਗੁਨ ਕੈ ਅਲਖ ਅਲਖ ਅਬਿਗਤ ਗਤਿ, ਪੂਰਨ ਬ੍ਰਹਮ ਗੁਰ ਰੂਪ ਪ੍ਰਗਟਾਏ ਹੈ।
ਸਰਗੁਨ ਸ੍ਰੀ ਗੁਰ ਦਰਸ ਕੈ ਧਿਆਨ ਰੂਪ, ਅਕੂਲ ਅਕਾਲ ਗੁਰ ਸਿਖਨੁ ਦਿਖਾਏ ਹੈ।
ਨਿਰਗੁਨ ਸ੍ਰੀਗੁਰ ਸਬਦ ਅਨਹਦ ਧੁਨਿ, ਸਬਦਬੇਧੀ ਗੁਰ ਸਿਖਨੁ ਸੁਨਾਏ ਹੈ।
ਚਰਨ ਕਮਲ ਮਕਰੰਦ ਨਿਹਕਾਮ ਧਾਮ, ਗੁਰੁਸਿਖ ਮਧੁਕਰ ਗਤਿ ਲਪਟਾਏ ਹੈ॥

(ਕਬਿੱਤ ੩੬)

ਪਾਰਬ੍ਰਹਮ ਪਰਮਾਤਮਾ ਉਸ ਬੀਜ ਦੇ ਸਮਾਨ ਹੈ ਜਿਸ ਵਿਚ ਵੱਡ ਆਕਾਰੀ ਬ੍ਰਿਖ ਸੂਖਮ ਰੂਪ ਵਿਚ ਵਿਦਮਾਨ ਹੁੰਦਾ ਹੈ ਪਰੰਤੂ ਉਸ ਲੁਪਤ ਨੂੰ ਸਤਿਗੁਰੂ ਦੇ ਮਾਧਿਅਮ ਰਾਹੀਂ ਸਾਕਾਰ ਰੂਪ ਵਿਚ ਮਾਣਿਆ ਜਾ ਸਕਦਾ ਹੈ। ਉਹ ਬ੍ਰਿਖ ਰੂਪ ਸਤਿਗੁਰੂ ਤੋਂ ਹੀ ਫਿਰ ਛਲ ਰੂਪੀ ਗੁਰਸਿੱਖ ਪ੍ਰਗਟ ਹੁੰਦੇ ਹਨ। ਭਾਈ ਸਾਹਿਬ ਇਸ ਨੂੰ ਇਉਂ ਦਰਸਾਉਂਦੇ ਹਨ :

ਪੂਰਨ ਬ੍ਰਹਮ ਗੁਰ ਬ੍ਰਿਖ ਬਿਥਾਰ ਧਾਰ, ਮੂਲਕੰਦ ਸਾਖਾ ਪਤ੍ਰ ਅਨਿਕ ਪ੍ਰਕਾਰ ਹੈ।
ਤਾਮੈ ਨਿਜ ਰੂਪ ਗੁਰਸਿਖ ਛਲ ਕੈ ਪ੍ਰਗਾਸ, ਬਾਸਨਾ ਸੁਬਾਸ ਅਉ ਸ੍ਵਾਦ ਉਪਕਾਰ ਹੈ।
ਚਰਨ ਕਮਲ ਮਕਰੰਦ ਰਸ ਰਸਿਕ ਹੁਇ, ਚਖੇ ਚਰਨਾਮ੍ਰਿਤ ਸੰਸਾਰ ਕੋ ਉਧਾਰ ਹੈ।
ਗੁਰਮੁਖਿ ਮਾਰਗ ਮਹਾਤਮ ਅਕਥ ਕਥਾ, ਨੈਤ ਨੈਤ ਨੇਤ ਨਮੋ ਨਮੋ ਨਮਸਕਾਰ ਹੈ।

(ਕਬਿੱਤ ੩੮)

ਉਪਰੋਕਤ ਤੱਥਾਂ ਤੋਂ ਸਪੱਸ਼ਟ ਹੈ ਕਿ ਗੁਰੂ ਪਰਮਾਤਮਾ ਦੇ ਸਰਗੁਣ ਸਰੂਪ ਦਾ ਲਖਾਇਕ ਹੈ ਪਰੰਤੂ ਗੁਰੂ ਦਾ ਪ੍ਰਮਾਣੀਕ ਰੂਪ ਕੇਵਲ ਸ਼ਬਦ ਗੁਰੂ ਹੈ ਜਿਸਦਾ ਵਿਸਤਾਰ ਵਿਸ਼ਲੇਸ਼ਣ, ਆਦਿ—ਗੁਰੂ, ਗੁਰੂ ਨਾਨਕ ਸਾਹਿਬ ਨੇ ਸਿਧ ਗੋਸ਼ਟਿ ਵਿਚ ਹੀ ਕਰ ਦਿੱਤਾ ਸੀ। ਭਾਈ ਗੁਰਦਾਸ ਜੀ ਇਸ ਪ੍ਰਤੀ ਪੂਰਨ ਭਾਂਤ ਚੇਤੰਨ ਸਨ। ਉਨ੍ਹਾਂ ਅਨੁਸਾਰ ਗੁਰੂ ਦੀ ਮੂਰਤ ਤਥਾ ਸਰੂਪ ਉਸ ਦਾ ਸ਼ਬਦ ਹੈ :

ਗੁਰ ਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ।

(ਵਾਰਾਂ ਭਾਈ ਗੁਰਦਾਸ ੨੪/੧੧)

ਗੁਰੂ ਤਾਂ ਆਪਣੇ ਸ਼ਬਦ ਵਿਚ ਹੀ ਵਿਦਮਾਨ ਹੈ ਜਿਵੇਂ ਫਲ ਅੰਦਰਲੇ ਬੀਜ ਵਿਚ ਦਰਖਤ ਹੁੰਦਾ ਹੈ, ਸੁਗੰਧੀ ਚੰਦਨ ਦਾ ਹੀ ਰੂਪ ਹੁੰਦੀ ਹੈ ਤੇ ਪ੍ਰਚੰਡ ਅਗਨੀ ਆਪਣੇ ਅਦਿੱਖ ਰੂਪ ਵਿਚ ਲਕੜ ਅੰਦਰ ਨਿਵਾਸ ਕਰਦੀ ਹੈ ਇਵੇਂ ਸਤਿਗੁਰੂ ਸ਼ਬਦ ਰੂਪ ਹੁੰਦੇ ਹਨ :

ਜੈਸੇ ਫਲ ਸੈ ਬਿਰਖ ਬਿਰਖ ਸੈ ਹੋਤ ਫਲ, ਅੰਤਰੁਤਿ ਜਾਤਿ ਕਛੂ ਕਹਨੁ ਨ ਆਵੈ ਜੀ ।
ਜੈਸੇ ਬਾਸੁ ਬਾਵਨ ਮੈ ਬਾਵਨ ਹੈ ਬਾਸੁ ਬਿਖੈ, ਬਿਸਮ ਚਰਿਤ੍ਰ ਕੋਊ ਮਰਮੁ ਨ ਪਾਵੈ ਜੀ ।
ਕਾਸਟਿ ਮੈ ਅਗਨਿ ਅਗਨਿ ਮੈ ਕਾਸਟਿ ਹੈ, ਅੰਤਿ ਅਸਚਰਜੁ ਹੈ ਕਬੋਤੁਕ ਕਹਾਵੈ ਜੀ।
ਸਤਿਗੁਰ ਮੈ ਸਬਦ ਸਬਦ ਮੈ ਸਤਿਗੁਰ ਹੈ, ਨਿਰਗੁਨ ਗਿਆਨ ਧਿਆਨ ਸਮਝਾਵੈ ਜੀ ।

(ਕਬਿੱਤ ਪ੩੪)

ਸਮੁੱਚੇ ਸਿੱਖ ਸਭਿਆਚਾਰ ਵਿਚ ਗੁਰੂ ਨੂੰ ਕੇਂਦਰੀਅਤਾ ਪ੍ਰਾਪਤ ਹੈ । ਗੁਰੂ ਦੇ ਸਿਧਾਂਤ ਤੋਂ ਬਿਨਾਂ ਤਾਂ ਸਿੱਖ ਮੱਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।[46] ਇਸੇ ਲਈ ਭਾਈ ਸਾਹਿਬ ਦੇ ਸਫੈਜਾਂ ਦਾ ਮੂਲ ਤਾਤਪਰਜ ਸਤਿਗੁਰੂ ਰੂਪ ਵਿਚ ਆਵਤਰਿਤ ਪਾਰਬ੍ਰਹਮ ਦੇ ਸਰੂਪ ਦਾ ਪ੍ਰਗਟਾਅ ਹੈ :

ਰੋਮ ਰੋਮ ਕੋਟਿ ਬ੍ਰਹਮਾਂਡ ਕੋ ਨਿਵਾਸ ਜਾਸੁ, ਮਾਨਸ ਅਕ੍ਰਿਤਾਰ ਧਾਰਿ ਦਰਸ ਦਿਖਾਏ ਹੈ ।
ਜਾਕੇ ਓਅੰਕਾਰ ਕੇ ਅਕਾਰ ਹੈ ਨਾਨਾ ਪ੍ਰਕਾਰ, ਸੁਮੁਖ ਸ਼ਬਦ ਗੁਰ ਸਿਖਨੁ ਸੁਨਾਏ ਹੈ ।
ਜਗ ਭੋਗ ਨਈਬੇਦ ਜਗਤ ਭਗਤ ਜਾਹਿ, ਅਸਨ ਬਸਨ ਗੁਰਸਿਖਨ ਲਡਾਏ ਹੈ ।
ਨਿਗਮ ਸੋਧਾਦਿ ਕਥਤ ਨੇਤ ਨੇਤ ਕਰਿ, ਪੂਰਨ ਬ੍ਰਹਮ ਗੁਰਸਿਖਨੁ ਲਖਾਏ ਹੈ ।

(ਕਬਿੱਤ ੩੫)

SIKHBOOKCLUB.COM

ਗੁਰਮੁੱਖ

ਜਿਵੇਂ ਕਿ ਉਪਰ ਜ਼ਿਕਰ ਕੀਤਾ ਹੈ ਮਨੁੱਖੀ ਆਦਰਸ਼ 'ਪੂਰਨਤਾ' ਦੀ ਪ੍ਰਾਪਤੀ ਹੈ ਤੇ ਮਨੁਖਾ ਜੀਵਨ ਇਸ ਲਈ 'ਬਰੀਆ' ਹੈ । ਗੁਰਮਤਿ ਵਿਚ ਪੂਰਨਤਾ ਦੀ ਪ੍ਰਾਪਤੀ ਦਾ ਪਾਤਰ ਗੁਰਮੁੱਖ ਹੈ । ਡਾ. ਰਤਨ ਸਿੰਘ ਜੱਗੀ ਅਨੁਸਾਰ, "ਇਹ ਇਕ ਧਰਮੀ ਸਮਾਜਿਕ ਪਦਵੀ ਹੈ ਅਤੇ ਇਸ ਪਦਵੀ ਦਾ ਅਧਿਕਾਰੀ ਉਹ ਵਿਅਕਤੀ ਹੈ ਜੋ ਆਪਣਾ ਜੀਵਨ ਗੁਰੂ ਦੀ ਸਿੱਖਿਆ ਅਨੁਸਾਰ ਬਤੀਤ ਕਰਦਾ ਹੈ । ਗੁਰੂ ਨਾਨਕ ਨੇ ਗੁਰੂ ਦਾ ਸਰਬ ਪ੍ਰਮੁੱਖ ਕਰਤੱਵ ਮਨੁੱਖ ਨੂੰ ਦੈਵੀ ਗੁਣ ਪ੍ਰਦਾਨ ਕਰਨਾ ਮੰਨਿਆ ਹੈ। ਅਸਲ ਵਿਚ ਇਹ ਦੈਵੀ ਗੁਣ ਹੀ 'ਗੁਰਮੁੱਖਤਾ' ਹੈ ਅਤੇ ਇਸ ਦਾ ਅਧਿਕਾਰੀ ਵਿਅਕਤੀ ਗੁਰਮੁੱਖ ਹੈ ।[47] ਸਿੱਖ ਗੁਰੂਆਂ ਦਾ ਆਦਰਸ਼ ਕਿਉਂਕਿ ਉੱਚੀਆਂ ਸੁੱਚੀਆਂ ਧਰਮੀ ਤੇ ਸਦਾਚਾਰੀ ਕਦਰਾਂ ਕੀਮਤਾਂ ਵਾਲੇ ਸਮਾਜ ਦੀ ਉਸਾਰੀ ਸੀ ਇਸ ਲਈ ਗੁਰਮੁੱਖ ਹੀ ਅਜਿਹੇ ਸਮਾਜ ਦਾ ਧੁਰਾ ਬਣ ਸਕਦਾ ਹੈ । ਗੁਰਮੁੱਖ ਦਾ ਦੈਵੀ ਗੁਣ ਕੋਈ ਪਰਲੋਕ ਦਾ ਅਜ਼ੂਬਾ ਨਹੀਂ ਸਗੋਂ ਇਸੇ ਮਾਤ ਲੋਕ ਵਿਚ ਹੀ ਇਸਦਾ ਵਿਕਾਸ ਹੁੰਦਾ ਹੈ ।[48] ਕੇਵਲ ਮੁਰਗਾਬੀ ਵਾਂਗ ਜਲ ਵਿਚ ਖੰਭਾਂ ਨੂੰ ਭਿਜਣ ਤੋਂ ਬਚਾਉਣ ਦੀ ਲੋੜ ਹੈ, ਕੰਵਲ ਵਾਂਗ ਨਿਰਲੇਪਤਾ ਬਣਾਈ ਰਖਣ ਦੀ ਆਵਸ਼ਕਤਾ ਹੈ । ਇਸ ਸਾਰੇ ਸਿੱਧਾਂਤ ਦਾ ਭਾਈ ਸਾਹਿਬ ਨੇ ਆਪਣੀ ਰਚਨਾ ਵਿਚ ਵਿਸਤਾਰ ਸਹਿਤ ਵਿਵੇਚਨ ਕੀਤਾ ਹੈ । ਮਨ, ਬਚਨ ਤੇ ਕਰਮ ਵਿਚ ਇਕਸਾਰਤਾ ਆਉਣੀ ਇਸ ਲਈ ਪਹਿਲੀ ਸ਼ਰਤ ਹੈ ।

ਗੁਰਮੁਖਿ ਮਨ ਬਚ ਕਰਮ ਇਕਤ੍ਰ ਭਏ
ਪੂਰਨ ਪਰਮਪਦ ਪ੍ਰੇਮ ਪ੍ਰਗਟਾਏ ਹੈ ।

(ਕਬਿੱਤ ਪ੩.੧)

ਮਨ ਬਚ ਕਰਮ ਦੀ ਸਮਸੁਰਤਾ ਲਈ ਸਦਗੁਣ ਧਾਰਨੀ ਹੋਕੇ ਸਾਧਸੰਗਤ ਦੇ ਮਿਲਾਪ ਰਾਹੀਂ ਸਬਦ ਸੁਰਤਿ ਦੀ ਇਕਾਗਰਤਾ ਲੋੜੀਂਦੀ ਹੈ :

ਗੁਰਮੁਖਿ ਸਾਧਸੰਗੁ ਸਬਦਸੁਰਤਿ ਲਿਵ, ਪੂਰਨ ਬ੍ਰਹਮ ਸਰਬਾਤਮ ਕੈ ਜਾਨੀਐ ।
ਸਹਜ ਸੁਭਾਇ ਰਿਦੈ ਭਾਵਨੀ ਭਗਤਿ ਭਾਇ, ਬਿਹਸਿ ਮਿਲਨ ਸਮ ਦਰਸ ਧਿਆਨੀਐ ।
ਨਿਮ੍ਰਤਾ ਨਿਵਾਸ ਦਾਸ ਦਾਸਨ ਦਾਸਾਨ ਮਤਿ ਮਧੁਰ ਬਚਨ ਮੁਖ ਬੈਨਤੀ ਬਖਾਨੀਐ ।
ਪੂਜਾ ਪ੍ਰਾਨ ਗਿਆਨ ਗੁਰ ਆਗਿਆਕਾਰੀ ਅਗੂਝਾਗ, ਆਤਮ ਅਵੈਤ ਪਰਮਾਤਮ ਨਿਧਾਨੀਐ ।
(ਕਬਿੱਤ ੧੩੭)

ਸ਼ਬਦ ਸੁਰਤਿ ਦੀ ਇਕਾਗਰਤਾ ਨਾਲ ਚੜ੍ਹਦੀ ਕਲਾ ਵਿਚ ਨਿਵਾਸ ਕਰਦਿਆਂ ਅੰਤਰ ਆਤਮੇ ਪਰਮਾਤਮਾ ਨਾਲ ਇਕਸੁਰ ਹੋਇਆਂ ਗੁਰਮੁੱਖ ਦੇ ਸਰੂਪ ਵਿਚ ਕਿਵੇਂ ਦਾ ਨਿਖਾਰ ਆਉਂਦਾ ਹੈ, ਭਾਈ ਸਾਹਿਬ ਇਸਦਾ ਅਤਿ ਸੁੰਦਰ ਚਿੱਤਰ ਖਿਚਦੇ ਹਨ :

ਨਿਹਕਾਮ ਨਿਹਕੂਪ ਨਿਰਲੋਭ ਨਿਰਮੋਹ ਨਿਹਮੋਚ ਨਿਹਟੇਵ ਨਿਰਦੋਖ ਵਾਸੀ ਹੈ ।
ਨਿਰਲੇਪ ਨਿਰਬਾਨ ਨਿਰਮਲ ਨਿਰਬੈਰ ਨਿਰਬਿਘਨਾਇ ਨਿਰਾਲੰਬ ਅਬਿਨਾਸੀ ਹੈ ।
ਨਿਰਾਹਾਰ ਨਿਰਾਧਾਰ ਨਿਰੈਕਾਰ ਨਿਰਬਿਕਾਰ ਨਿਹਚਲ ਨਿਜਭ੍ਰਾਂਤਿ ਨਿਰਭੈ ਨਿਰਾਸੀ ਹੈ ।
ਨਿਹਕਰਮ ਨਿਹਭਰਮ ਨਿਹਸਰਮ ਨਿਹਸ੍ਵਾਦ ਨਿਰਬਿਖਵਾਦ ਨਿਰੰਜਨ ਸੁੰਨਿ ਮੈ ਸੰਨਿਆਸੀ ਹੈ ।
(ਕਬਿੱਤ ੧੬੮)

ਅਜਿਹੀ ਅਵਸਥਾ ਦੇ ਧਾਰਨੀ ਗੁਰਮੁੱਖ ਦਾ ਹਰ ਕਰਮ ਗੁਰੂ ਦੇ ਹੁਕਮ ਦਾ ਅਨੁਸਾਰੀ ਹੁੰਦਾ ਹੈ । ਉਸ ਦਾ ਉਠਣਾ, ਬੈਠਣਾ, ਵੇਖਣਾ, ਚਲਣਾ, ਸੁਨਣਾ ਸਭ ਸਕਾਰਥੇ ਹੁੰਦੇ ਹਨ । ਕਿਉਂਕਿ ਇਹ ਸਭ ਪ੍ਰਕ੍ਰਿਆਵਾਂ ਪੂਰਨਤਾ ਦੀ ਪ੍ਰਾਪਤੀ ਲਈ ਹੁੰਦੀਆਂ ਹਨ :

ਸਫਲ ਜਨਮ ਗੁਰਮੁਖਿ ਹੁਇ ਜਨਮ ਜੋਤਿਓ ਚਰਨ ਸਫਲ ਗੁਰ ਮਾਰਗ ਰਵਨ ਕੈ ।
ਲੋਚਨ ਸਫਲ ਗੁਰ ਦਰਸਾ ਵਲੋਕਨ ਕੈ ਮਸਤਕ ਸਫਲ ਰਜ ਪਦ ਗਵਨ ਕੈ ।
ਹਸਤ ਸਫਲ ਨਮ ਸਤਗੁਰ ਬਾਣੀ ਲਿਖੇ ਸੁਰਤਿ ਸਫਲ ਗੁਰ ਸਬਦ ਸ੍ਰਵਨ ਕੈ ।
ਸੰਗਤਿ ਸਫਲ ਗੁਰਸਿਖ ਸਾਧ ਸੰਗਮ ਕੈ ਪ੍ਰੇਮ ਨੇਮ ਗੰਮਿਤਾ ਤ੍ਰਿਕਾਲ ਤ੍ਰਿਭੁਵਨ ਕੈ ।
(ਕਬਿੱਤ ੯੧)

ਅਜਿਹੇ ਸਹਿਜ ਧਾਰਨੀ ਵਾਲੇ ਗੁਰਮੁਖਾਂ ਦੀ ਝਲਕ ਨਾਲ ਹੀ ਸਤਿਗੁਰ ਨਿਹਾਲ ਨਿਹਾਲ ਹੋ ਉਠਦੇ ਹਨ ਤੇ ਉਸ ਨੂੰ ਇਲਾਹੀ ਨੂਰ ਨਾਲ ਸਰਸ਼ਾਰ ਕਰਨ ਲਈ ਤਤਪਰ ਹੋ ਜਾਂਦੇ ਹਨ :

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ ਸਤਿਗੁਰ ਕੋਟਿ ਪੈਡਾ ਆਗੈ ਹੋਇ ਲੇਤ ਹੈ ।
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ ਸਿਮਰਨ ਤਾਹਿ ਬਾਰੰਬਾਰ ਗੁਰਹੇਤ ਹੈ ।
ਭਾਵਨੀ ਭਗਤਿ ਭਾਇ ਕਉਡੀ ਅਗੂਝਾਗਿ ਰਾਖੈ ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ ।
ਸਤਿਗੁਰ ਦਇਆਨਿਧਿ ਮਹਿਮਾ ਅਗਾਧਿ ਬੋਧਿ ਨਮੋ ਨਮੋ ਨਮੋ ਨੇਤ ਨੇਤ ਨੇਤ ਹੈ ।
(ਕਬਿੱਤ ੧੧੧)

ਸਾਧਨਾ ਮਾਰਗ

'ਗੋਬਿੰਦ ਮਿਲਣ' ਲਈ ਭਾਰਤੀ ਚਿੰਤਕਾਂ ਨੇ ਅਨੇਕਾਂ ਮਾਰਗ ਪਰਵਾਨ ਕੀਤੇ ਹਨ । ਇਨ੍ਹਾਂ ਵਿਚੋਂ ਰਾਜ ਯੋਗ, ਮੰਤਰ ਯੋਗ, ਕਰਮ ਯੋਗ, ਹਠ ਯੋਗ, ਗਿਆਨ ਯੋਗ ਅਤੇ ਭਗਤੀ ਯੋਗ ਨੂੰ ਪ੍ਰਮੁੱਖਤਾ ਹਾਸਲ ਹੈ ।[49] ਇਨ੍ਹਾਂ ਵਿਚੋਂ ਉਤਮ ਸਥਾਨ ਭਗਤੀ ਯੋਗ ਨੂੰ ਹੀ ਪ੍ਰਾਪਤ ਹੈ ਅਤੇ ਭਗਤੀ ਯੋਗ ਵਿਆਖਿਆ ਦੀ ਦ੍ਰਿਸ਼ਟੀ ਤੋਂ ਪਰਮਾਤਮਾ ਅਤੇ ਸ਼ਕਤਿ ਦੀ ਸਹੀ ਢੁੰਡ ਹੈ । ਇਹ ਜਗਿਆਸਾ ਹੀ ਹੈ ਜਿਹੜੀ ਇਕੋ ਹੀ ਸਮੇਂ ਸ਼ੁਰੂ ਹੋ ਕੇ ਨਿਰੰਤਰ ਚਲਦੀ ਰਹਿੰਦੀ ਹੈ ਅਤੇ ਫਿਰ ਪ੍ਰੇਮ ਦੇ ਰੂਪ ਵਿਚ ਸਮਾਪਤ ਹੁੰਦੀ ਹੈ ।[50]

ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਵਿਚ ਪ੍ਰਭੂ ਪ੍ਰਾਪਤੀ ਲਈ ਕੇਵਲ ਇਕੋ ਸਾਧਨ ਨੂੰ ਪ੍ਰਵਾਨਗੀ ਬਖਸ਼ੀ ਹੈ, "ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ।"[51] ਸਿੱਖ ਗੁਰੂ ਸਾਹਿਬਾਨ ਨੇ ਪ੍ਰਭੂ ਪ੍ਰਾਪਤੀ ਦੇ ਮਾਰਗ ਉਤੇ ਕਿਸੇ ਤਰ੍ਹਾਂ ਦੀਆਂ ਕਰਮਕਾਂਡੀ ਕ੍ਰਿਆਵਾਂ ਨੂੰ

ਪ੍ਰਵਾਨ ਨਹੀਂ ਕੀਤਾ ਸਗੋਂ ਸੰਪੂਰਨ ਰੂਪ ਵਿਚ ਗੁਰੂ ਅਗੇ ਸਮਰਪਣ ਨੂੰ ਪਹਿਲ ਦਿੱਤੀ ਹੈ। ਗੁਰਮਤਿ ਭਗਤੀ ਭਾਰਤੀ ਪਰੰਪਰਾਗਤ ਭਗਤੀ ਮਾਰਗ ਨਾਲੋਂ ਨਿਖੜਦੀ ਹੈ। ਇਥੇ ਭਗਤੀ ਦਾ ਮਾਰਗ ਨਿਰੋਲ ਪ੍ਰੇਮ ਦੀ ਨੀਂਹ ਉਪਰ ਉਸਰਿਆ ਹੋਇਆ ਹੈ। ਡਾ. ਬਲਕਾਰ ਸਿੰਘ ਅਨੁਸਾਰ "ਗੁਰਮਤਿ-ਭਗਤੀ ਵਿਗਾਸ ਹੈ। ਇਹ ਵਿਗਾਸ ਇਕਾਂਤ ਤੇ ਆਧਾਰਤ ਨਹੀਂ ਸਗੋਂ ਸਕਰਮਕ ਹੈ ਅਤੇ ਇਸੇ ਲਈ ਹੱਸਦਿਆਂ ਖੇਡਦਿਆਂ ਹੋਣ ਵਾਲੀਆਂ ਪ੍ਰਾਪਤੀਆਂ ਵਲ ਤੋਰਦਾ ਹੈ। ਇਹ ਚਾਲ ਗੁਰਮੁੱਖ ਚਾਲ ਹੈ ਅਤੇ ਇਸ ਰਾਹੇ ਤੁਰਦਿਆਂ ਕੀਰਤਨ ਭਗਤੀ ਦਾ ਆਸਰਾ ਲੈਣ ਦਾ ਆਦੇਸ਼ ਹੈ ਕਿਉਂਕਿ ਗੁਰਮੁੱਖਤਾ ਸ਼ਬਦ ਦਾ ਜਾਗਣਾ ਹੈ ਅਤੇ ਇਹ ਜਾਗ ਗੁਰਮਤਿ ਭਗਤੀ ਦੀ ਪ੍ਰਾਪਤੀ ਦਾ ਭਾਗ ਹੈ।"[52]

ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਗੁਰਮਤਿ ਦੀ ਇਸ ਆਧਾਰ ਸ਼ਿਲਾ ਨੂੰ ਪ੍ਰਮੁੱਖਤਾ ਪ੍ਰਦਾਨ ਕੀਤੀ ਹੈ। ਕਿਸੇ ਵੀ ਤਰ੍ਹਾਂ ਦੇ ਪਰੰਪਰਾਗਤ ਧਾਰਮਿਕ ਕ੍ਰਿਆਵਾਂ ਦਾਨ, ਇਸ਼ਨਾਨ, ਜਪ, ਤਪ, ਤੀਰਥ, ਬਰਤ, ਹੋਮ, ਜੱਗ ਆਦਿ ਨੂੰ ਪ੍ਰਭੂ ਪ੍ਰਾਪਤੀ ਲਈ ਪ੍ਰਮਾਣੀਕ ਨਹੀਂ ਪਰਵਾਨਿਆ, ਉੱਤਮਤਾ ਕੇਵਲ ਪਰਮਾਤਮਾ ਅਤੇ ਉਸਦੇ ਸਰਗੁਣ ਸਰੂਪ ਗੁਰੂ ਦੀ ਪ੍ਰੇਮਾ ਭਗਤੀ ਨੂੰ ਦਿੱਤੀ ਹੈ। ਜਿਵੇਂ ਅੰਬਾਂ ਦੀ ਮਿਠਾਸ ਦਾ ਅਨੰਦ ਅੰਬਾਖੜੀਆਂ ਪੂਰਾ ਨਹੀਂ ਕਰ ਸਕਦੀਆਂ, ਗੁਆਂਢੀ ਦਾ ਪ੍ਰੇਮ ਪਿਤਾ ਦੇ ਪਿਆਰ ਦੀ ਬਰਾਬਰੀ ਨਹੀਂ ਕਰ ਸਕਦਾ, ਟੋਭੇ ਤੇ ਸਮੁੰਦਰ ਵਿਚ ਕੀ ਸਮਾਨਤਾ, ਦੀਵੇ ਦੀ ਰੌਸ਼ਨੀ ਦੀ ਸੂਰਜ ਦੀ ਰੌਸ਼ਨੀ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ, ਖੂਹ ਦਾ ਪਾਣੀ ਮੀਂਹ ਦੇ ਤੁਲ ਨਹੀਂ ਹੋ ਸਕਦਾ, ਚੰਦਨ ਵਰਗੀ ਭਿੰਨੀ ਖੁਸ਼ਬੂ ਭਲਾ ਢਾਕ ਦੇ ਬ੍ਰਿਛ ਤੋਂ ਕਿਵੇਂ ਆ ਸਕਦੀ ਹੈ ? ਇਵੇਂ ਹੀ ਗੁਰੂ ਦਾ ਪ੍ਰੇਮ ਹੋਰ ਕਿਸੇ ਦੇਵੀ ਦੇਵਤੇ ਜਾਂ ਸਾਧਨ ਰਾਹੀਂ ਪ੍ਰਾਪਤ ਨਹੀਂ ਹੋ ਸਕਦਾ :

ਆਂਬਨ ਕੀ ਸਾਧ ਕਰ ਮਿਟਤ ਆਂਬਲੀ ਖਾਏ, ਪਿਤਾ ਕੋ ਪਿਆਰੁ ਨ ਪਰੋਸੀ ਪਹਿ ਪਾਈਐ।
ਸਾਗਰ ਕੀ ਨਿਧਿ ਕਰ ਪਾਈਅਤ ਪੋਖਰ ਸੋ ਦਿਨਕਰਿ ਸਰਿ ਦੀਪ ਜੋਤਿ ਨ ਪੂਜਾਈਐ।
ਇੰਦ੍ਰ ਬਰਖਾ ਸਮਾਨ ਪੁਜਸ ਨ ਕੂਪ ਜਲ, ਚੰਦਨ ਸੁਬਾਸ ਨ ਪਲਾਸ ਮਹਿਕਾਈਐ।
ਸ੍ਰੀਗੁਰ ਦਇਆਲ ਕੀ ਦਇਆ ਨ ਆਨ ਦੇਵ ਸੋ ਜਉ ਖੰਡ ਬ੍ਰਹਮੰਡ ਉਦੈ ਅਸਤ ਲਉ ਧਾਈਐ।
(ਕਵਿੱਤ ੪੭੨)

ਜੇ ਉਕਤ ਸਾਧਨ ਪ੍ਰਮਾਣੀਕ ਨਹੀਂ ਤਾਂ ਫਿਰ ਉਹ ਅਬਿਗਤ, ਅਭਰਥ, ਅਲਖ, ਅਗਮ, ਅਦਰਸ ਪਰਮਾਤਮਾ ਦੀ ਪ੍ਰਾਪਤੀ ਕਿਵੇਂ ਹੋਵੇ ? ਉਹ ਕਿਵੇਂ ਹਿਰਦੇ ਵਿਚ ਧਾਰਨ ਕੀਤਾ ਜਾਵੇ ? ਇਸਦਾ ਸੁਖੈਨ ਮਾਰਗ ਪਰਮਾਤਮਾ ਪ੍ਰੇਮ ਦੁਆਰਾ ਉਸ ਵਿਚ ਅਭੇਦਤਾ ਤੇ ਲੀਨਤਾ ਹੀ ਹੈ :

ਅਬਿਗਤਿ ਗਤਿ ਕਰ ਆਵਤ ਅੰਤਰਿ ਗਤਿ, ਅਕਥ ਕਥਾ ਸੁਕਹਿ ਕੈਸੇ ਕੈ ਸੁਨਾਈਐ।
ਅਲਖ ਅਪਾਰ ਕਿਧੌ ਪਾਈਅਤਿ ਪਾਰੁ ਕੈਸੇ ਦਰਸੁ ਅਦਰਸੁ ਕੋ ਕੈਸੇ ਕੋ ਦਿਖਾਈਐ।
ਅਗਮ ਅਗੋਚਰੁ ਅਗਹੁ ਗਹੀਐ ਧੌ ਭੈਸੇ, ਨਿਰਲੰਭੁ ਕਉਨ ਅਵਲੰਬ ਠਹਿਰਾਈਐ।
ਗੁਰਮੁਖਿ ਸੰਧਿ ਮਿਲੈ ਸੋਈ ਜਾਨੈ ਜਾਮੈ ਓਤੈ ਬਿਸਮ ਬਿਦੇਹ ਜਲ ਬੂੰਦ ਹੁਇ ਸਮਾਈਐ।
(ਕਵਿੱਤ ੨੫੭)

ਜਦੋਂ ਸਾਧਨਾ ਮਾਰਗ ਤੇ ਚਲਦਿਆਂ ਸਾਧਕ ਪ੍ਰੇਮ ਰੰਗ ਵਿਚ ਰੰਗਿਆ ਜਾਂਦਾ ਹੈ ਉਹ 'ਨਿਰਾਲੀ ਚਾਲ' ਦਾ ਧਾਰਨੀ ਹੋ ਜਾਂਦਾ ਹੈ, ਦੁਨਿਆਵੀ ਬੋਲ ਉਸ ਤੋਂ ਬੋਲੇ ਨਹੀਂ ਜਾਂਦੇ, ਸੰਸਾਰ ਦੀਆਂ ਗਲਾਂ ਕੰਨਾਂ ਨੂੰ ਚੰਗੀਆਂ ਨਹੀਂ ਲਗਦੀਆਂ, ਜੀਵਨ ਮੁਕਤ ਹੋਇਆ ਵਿਸਮਾਦ ਅਵਸਥਾ ਵਿਚ ਵਿਚਰਦਾ ਹੈ :

ਬਿਨੁ ਰਸ ਰਸਨਾ ਬਕਤ ਹੀ ਬਹੁਤ ਬਾਤੈ, ਪ੍ਰੇਮਰਸ ਬਸਿ ਭਏ ਮੌਨਿ ਬ੍ਰਤ ਲੀਨ ਹੈ।
ਪ੍ਰੇਮਰਸ ਅੰਮ੍ਰਿਤ ਨਿਧਾਨ ਪਾਨ ਕੈ ਮਗੰਨ, ਅੰਤਰਿ ਧਿਆਨ ਦ੍ਰਿਗ ਦ੍ਰਤੀਆ ਨ ਚੀਨ ਹੈ।

ਪ੍ਰੇਮ ਨੇਮ ਸਹਜ ਸਮਾਧਿ ਅਨਹਦ ਲਿਵ, ਦੁਤੀਆ ਸਬਦ ਸੁਵਨੰਤਰਿ ਨ ਕੀਨ ਹੈ।
ਬਿਸਮ ਬਿਦੇਹ ਜਗ ਜੀਵਨ ਮੁਕਤਿ ਭਏ, ਤ੍ਰਿਭਵਨ ਅਉ ਤ੍ਰਿਕਾਲ ਗੰਮਿਤਾ ਪ੍ਰਬੀਨ ਹੈ।
(ਕਬਿੱਤ ੬੫)

ਅਜਿਹੀ ਅਵਸਥਾ ਵਿਚ ਬਿਰਹੋਂ ਕੁੱਠੀ ਆਤਮਾ ਪ੍ਰਭੂ ਮਿਲਾਪ ਲਈ ਤੜਫਦੀ ਹੈ, ਤਰਲੇ ਮੱਛੀ ਹੁੰਦੀ ਹੈ, ਫੜਫੜਾਉਂਦੀ ਹੈ, ਕੂਕਦੀ ਹੈ, ਪੁਕਾਰਦੀ ਹੈ :

ਕਬ ਲਾਗੈ ਮਸਤਕਿ ਚਰਨਨ ਰਜ, ਦਰਸੁ ਦਇਆ ਦ੍ਰਿਗੁਨ ਕਬ ਦੇਖਉ।
ਅੰਮ੍ਰਿਤ ਬਚਨ ਸੁਨਉ ਕਬ ਸ੍ਰਵਨਨ, ਕਬ ਰਸਨਾ ਬੇਨਤੀ ਬਿਸੇਖਉ।
ਕਬ ਕਰ ਕਰਉ ਡੰਡਉਤ ਬੰਦਨਾ, ਪਗਨ ਪਰਿਕ੍ਰਮਾ ਦਿ ਪੁਨ ਰੇਖਉ।
ਪ੍ਰੇਮ ਭਗਤ ਪ੍ਰਤਿ ਪ੍ਰਾਨਪਤਿ, ਗਿਆਨ ਧਿਆਨ ਜੀਵਨਪਦ ਲੇਖਉ॥
(ਕਬਿੱਤ ੪੦੧)

ਜਦੋਂ ਬਿਰਹਾ ਦੀ ਸਿੱਖਰ ਹੁੰਦੀ ਹੈ ਫਿਰ ਸੁਰਤੀ ਸਬਦ ਦੇ ਮੇਲ ਦ੍ਵਾਰਾ ਸਹਜ ਵਿਚ ਨਿਵਾਸ ਕਰਦੀ ਹੈ। ਬੁੱਧ ਨਿਰਮਲ ਹੁੰਦੀ ਹੈ, ਪਰਮਾਤਮ ਜੋਤ ਦੇ ਦੀਦਾਰਿਆਂ ਨਾਲ ਅੰਤਰਆਤਮਾ ਪ੍ਰਕਾਸ਼ਮਾਨ ਹੋ ਉਠਦੀ ਹੈ। ਸਰਬ ਸ੍ਰਿਸ਼ਟੀ ਵਿਚ ਬ੍ਰਹਮ ਦੇ ਰਮੇ ਹੋਣ ਦਾ ਦ੍ਰਿੜ ਨਿਸ਼ਚਾ ਪ੍ਰਾਪਤ ਹੁੰਦਾ ਹੈ :

ਸਬਦਸੁਰਤਿ ਅਵਗਾਹਨ ਬਿਮਲ ਮਤਿ, ਸਬਦਸੁਰਤਿ ਗੁਰ ਗਿਆਨ ਕੋ ਪ੍ਰਗਾਸ ਹੈ।
ਸਬਦਸੁਰਤਿ ਸਮ ਦ੍ਰਿਸਟਿ ਕੋ ਦਿਬਿ ਜੋਤਿ, ਸਬਦਸੁਰਤਿ ਲਿਵ ਅਨਭੈ ਅਭਿਆਸ ਹੈ।
ਸਬਦਸੁਰਤਿ ਪਰਮਾਰਥ ਪਰਮਪਦ, ਸਬਦਸੁਰਤਿ ਸੁਖ ਸਹਜ ਨਿਵਾਸ ਹੈ।
ਸਬਦਸੁਰਤਿ ਲਿਵ ਪ੍ਰੇਮਰਸ ਰਸਿਕ ਹੁਇ, ਸਬਦਸੁਰਤਿ ਲਿਵ ਬਿਸਮ ਬਿਸ੍ਵਾਸ ਹੈ।
(ਕਬਿੱਤ ੬੨)

ਜਿਵੇਂ ਲਗਾਤਾਰ ਸੂਤ ਨਾਲ ਮਨੁੱਖ ਆਖਰ ਵਿਦਵਾਨ ਬਣ ਜਾਂਦਾ ਹੈ, ਰਿਆਜ਼ ਕਰਨ ਨਾਲ ਸੰਗੀਤਕਾਰ ਦੀ ਪਦਵੀ ਨੂੰ ਪ੍ਰਾਪਤ ਹੋਈਦਾ ਹੈ, ਸਹਜੇ ਸਹਜੇ ਕੁਰਦਿਆਂ ਕੁਰਦਿਆਂ ਆਖਰ ਮੰਜ਼ਿਲ ਦੀ ਪ੍ਰਾਪਤੀ ਹੁੰਦੀ ਹੈ ਇਵੇਂ ਹੀ ਪ੍ਰੇਮਾ ਭਗਤੀ ਦੇ ਮਾਰਗ ਦੀਆਂ ਗਹਿਰਾਈਆਂ ਦੇ ਤਾਰੂ ਹੋਇਆਂ ਗੁਰਸ਼ਬਦ ਵਿਚ ਅਭੇਦ ਹੋ ਕੇ ਪੂਰਨ ਪਦ ਦੀ ਪ੍ਰਾਪਤੀ ਹੁੰਦੀ ਹੈ :

ਪੇਖਤ ਪੇਖਤ ਜੈਸੇ ਰਤਨ ਪਾਰਖੂ ਹੋਤ, ਸੁਨਤ ਸੁਨਤ ਜੈਸੇ ਪੰਡਿਤ ਪ੍ਰਬੀਨ ਹੈ।
ਸੂਘਤ ਸੂਘਤ ਸੋਧਾ ਜੈਸੇ ਤਉ ਸੁਬਾਸੀ ਹੋਤ, ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ।
ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ, ਚਾਖਤ ਚਾਖਤ ਜੈਸੇ ਭੋਗੀ ਰਸੁ ਭੀਨ ਹੈ।
ਚਲਤ ਚਲਤ ਜੈਸੇ ਪਹੂਚੈ ਠਿਕਾਨੇ ਜਾਇ, ਖੋਜਤ ਖੋਜਤ ਗੁਰਸਬਦੁ ਲਿਵਲੀਨ ਹੈ॥
(ਕਬਿੱਤ ੫੮੮)

ਇਸ ਪ੍ਰੇਮਾ ਭਗਤੀ ਦੇ ਮਾਰਗ ਦੀ ਵਿਆਖਿਆ ਭਾਈ ਗੁਰਦਾਸ ਨੇ ਅਨੇਕਾਂ ਕਬਿੱਤਾਂ ਵਿਚ ਚੰਪਤੀ ਦੇ ਰੂਪਕ ਵਿਧਾਨ ਰਾਹੀਂ ਕੀਤੀ ਹੈ :

ਸਫਲ ਜਨਮ, ਧੰਨ ਆਜ ਕੋ ਦਿਵਸ ਹੈਨਿ, ਪਹਿਰ ਮਹੂਰਤ ਘਰੀ ਔ ਪਲ ਪਾਏ ਹੈ।
ਸਫਲ ਸਿੰਗਾਰ ਚਾਰ ਸਿਹਜਾ ਸੰਜੋਗ ਭੋਗ, ਆਂਗਨ ਮੰਦਰ ਅਤਿ ਸੁੰਦਰ ਸੁਹਾਏ ਹੈ।
ਜਗਮਗ ਜੋਤਿ ਸੋਭਾ ਕੀਰਤਿ ਪ੍ਰਤਾਪ ਛਤਿ, ਆਨਦ ਸਹਿਜ ਸੁਖ ਸਾਗਰ ਬਢਾਏ ਹੈ।
ਅਰਥ ਧਰਮ ਕਾਮ ਮੋਖ ਨਿਹਕਾਮ ਨਾਮੁ, ਪ੍ਰੇਮ ਰਸਰਸਿਕ ਹੈ ਲਾਲ ਮੇਰੇ ਆਏ ਹੈ।
(ਕਬਿੱਤ ੬੫੨)

ਕੀਰਤਨ-ਭਗਤੀ

ਪ੍ਰੇਮਾ ਭਗਤੀ ਦੇ ਮਾਰਗ ਦਾ ਪਾਂਧੀ ਬਣਿਆਂ 'ਕੀਰਤਨ ਭਗਤੀ' ਦਾ ਆਸਰਾ ਲੈਣ ਨਾਲ ਪੰਧ ਹੋਰ ਵਧੇਰੇ ਸੁਖਾਲਾ ਤਹਿ ਹੋ ਸਕਦਾ ਹੈ :

ਗੁਰਮੁਖਿ ਚਾਲ ਜਿਤੁ ਪਾਰਬ੍ਰਹਮ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ ।

(ਮਾਝ ਮ. ੫, ਗੁਰੂ ਗ੍ਰੰਥ ਪੰ. ੧੩੧)

ਗੁਰਮਤਿ ਨੇ 'ਕੀਰਤਨ' ਨੂੰ ਕਲਜੁਗ ਵਿਚ ਕੇਂਦਰੀਅਤਾ ਬਖਸ਼ਦਿਆਂ, 'ਕਲਜੁਗ ਮਹਿ ਕੀਰਤਨ ਪ੍ਰਧਾਨਾ' ਕਿਹਾ ਹੈ । ਡਾ. ਬਲਕਾਰ ਸਿੰਘ ਲਿਖਦੇ ਹਨ, "ਗੁਰੂ ਸਾਹਿਬਾਂ ਨੇ ਕੀਰਤਨ ਸਦਾ ਵਸੰਆ' ਦਾ ਮਾਹੌਲ ਉਸਾਰ ਕੇ ਸਮੁੱਚੀ ਭਗਤੀ ਲਹਿਰ ਦਾ ਮੂੰਹ ਨਿੱਜੀ ਮੁਕਤੀ ਵਲੋਂ ਮੋੜ ਕੇ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਪੁਨਰ ਜਾਗ੍ਰਿਤੀ ਵਲ ਕਰ ਦਿੱਤਾ ਜਾਪਦਾ ਹੈ ।[53]

ਭਾਈ ਗੁਰਦਾਸ ਜੀ ਨੇ ਵੀ ਇਸ ਜੁਗਤੀ ਨੂੰ ਪਰਵਾਨਦਿਆ ਕੀਰਤਨ ਦਾ ਮਹੱਤਵ ਇਉਂ ਉਜਾਗਰ ਕੀਤਾ :

ਸਹਜ ਸਮਾਧਿ ਸਾਧਸੰਗਤਿ ਸਖਾ ਮਿਲਾਪ, ਗਗਨ ਘਟਾ ਘਮੰਡ ਜੁਗਤਿ ਕੈ ਜਾਨੀਐ ।
ਸਹਜ ਸਮਾਧਿ ਕੀਰਤਨ ਗੁਰੁ ਸਬਦ ਕੈ, ਅਨਹਦ ਨਾਦ ਗਰਜਣ ਉਨਮਾਨੀਐ ।
ਸਹਜ ਸਮਾਧਿ ਸਾਧ ਸੰਗਤਿ ਜੋਤੀ ਸਰੂਪ, ਦਾਮਨੀ ਚਮਤਕਾਰ ਉਨਮਨ ਮਾਨੀਐ ।
ਸਹਜ ਸਮਾਧਿ ਲਿਵ ਨਿਝਰ ਅਪਾਰ ਧਾਰ, ਬਰਖਾ ਅੰਮ੍ਰਿਤ ਜਲ ਸਰਬ ਨਿਧਾਨੀਐ ॥

(ਕਬਿੱਤ ੧੨੮)

ਹੋਰਨਾਂ ਸਭਨਾਂ ਮਾਰਗਾਂ ਨਾਲੋਂ ਕੀਰਤਨ ਗੁਰੂ ਦੀ ਨਿਕਟਤਾ ਲਈ ਵਧੇਰੇ ਸਹਾਈ ਹੋ ਸਕਦਾ ਹੈ :

ਅਗਮ ਅਪਾਰ ਦੇਵ ਅਲਖ ਅਭੇਵ ਅਤਿ, ਅਨਿਕ ਜਤਨ ਕਰਿ ਨਿਗ੍ਰਹੁ ਨ ਪਾਈਐ ।
ਪਾਈਐ ਨ ਜਗ ਭੋਗ ਪਾਈਐ ਨ ਰਾਜ ਜੋਗ, ਨਾਦ ਬਾਦ ਬੇਦ ਕੈ ਅਗਹੁ ਨਾ ਗਹਾਈਐ ।
ਤੀਰਥ ਪੁਰਬ ਦੇਵ ਦੇਵ ਸੇਵਕੈ ਨ ਪਾਈਐ, ਕਰਮ ਧਰਮ ਬ੍ਰਤ ਨੇਮ ਲਿਵ ਲਾਈਐ ।
ਨਿਹਫਲ ਅਨਿਕ ਪੂਕਾਰ ਕੈ ਅਚਾਰ ਸਭੈ, ਸਾਵਧਾਨ ਸਾਧਸੰਗ ਹੂਇ ਸਬਦ ਗਾਈਐ ॥

(ਕਬਿੱਤ ੩੦੪)

ਇਹ ਮਨੁੱਖਾ ਜਨਮ ਫਿਰ ਪਤਾ ਨਹੀਂ ਕਦੋਂ ਪ੍ਰਾਪਤ ਹੋਵੇਗਾ । ਇਹ 'ਬਰੀਆ' ਅਜਾਈਂ ਨ ਚਲੀ ਜਾਹੇ ਇਸੇ ਲਈ ਭਾਈ ਸਾਹਿਬ ਚੇਤੰਨ ਕਰਦੇ ਹਨ :

ਕਤ ਪੁਨ ਮਾਨਸ ਜਨਮ ਕਤ ਸਾਧਸੰਗੁ, ਨਿਸ ਦਿਨ ਕੀਰਤਨ ਸਮੈ ਚਲਿ ਜਾਈਐ ।
ਕਤ ਪੁਨ ਦ੍ਰਿਸਟਿ ਦਰਸ ਹੂਇ ਪੁਰਸਪਰ, ਭਾਵਨੀ ਭਗਤ ਭਾਇ ਸੇਵਾ ਲਿਵਲਾਈਐ ।
ਕਤ ਪੁਨ ਰਾਗ ਨਾਦ ਬਾਦ ਸੰਗੀਤ ਗੀਤ, ਸੁੰਗੁਰ ਸਬਦੁ ਧੁਨਿ ਸੁਨਿ ਧੁਨਿ ਗਾਈਐ ।
ਕਤ ਪੁਨ ਕਰਿ ਕਿਰਤਾਸ ਲੇਖ ਮਸੁਵਾਨੀ, ਸ੍ਰੀਗੁਰ ਸਬਦ ਲਿਖਿ ਨਿਜਪਦੁ ਪਾਈਐ ।

(ਕਬਿੱਤ ੫੦੦)

ਸੋ ਉਪਰੋਕਤ ਜੁਗਤ ਰਾਹੀਂ ਹੀ 'ਗੋਬਿੰਦ ਮਿਲਣਾ' ਦਾ ਪ੍ਰਕਾਸ਼ ਸੰਭਵ ਹੋ ਸਕਦਾ ਹੈ ਤੇ ਭਾਈ ਸਾਹਿਬ ਨੇ ਇਨ੍ਹਾਂ ਨੂੰ ਆਪਣੇ ਕਬਿੱਤ ਸਵੈਯਾਂ ਵਿਚ ਮੁੱਢਲੇ ਤੱਤਾਂ ਵਜੋਂ ਪਰਵਾਨਿਆ ਹੈ ।

ਸਤਿ ਸੰਗਤ

ਭਗਤੀ ਦੇ ਕਰਮ ਖੇਤਰ ਵਾਸਤੇ ਭਾਈ ਸਾਹਿਬ ਨੇ ਸੰਗਤਿ ਚੋ ਸੰਕਲਪ ਨੂੰ ਪੁਸ਼ਤੁਤ ਕੀਤਾ ਹੈ । ਭਗਤੀ ਸਾਧ ਸੰਗਤਿ ਰਾਹੀਂ ਪ੍ਰਾਪਤ ਕੀਤਾ ਪ੍ਰੇਮ ਦਾ ਜਜ਼ਬਾ ਹੈ ।[55]

ਸੰਗਤ ਅਤੇ ਪੰਗਤ ਸਿੱਖ ਧਰਮ ਦੇ ਦੋ ਮਹਾਨ ਕੰਮ ਹਨ ਜਿਨ੍ਹਾਂ ਦੀ ਉਸਾਰੀ ਗੁਰੂ ਨਾਨਕ ਸਾਹਿਬ ਨੇ ਆਪ ਕੀਤੀ ਕਿਉਂਕਿ ਭਗਤੀ ਮਾਰਗ ਵਿਚ ਇਸਦਾ ਬਹੁਤ ਮਹੱਤਵ ਹੈ। ਗੁਰੂ ਸਾਹਿਬਾਨ ਨੇ ਧਰਮ ਨੂੰ ਸਦਾਚਾਰ ਨਾਲ ਭਰਪੂਰ ਕਰਕੇ ਜਦੋਂ ਸਦਾਚਾਰ ਨੂੰ ਨਿੱਜ ਨਾਲੋਂ ਸੰਗਤ ਨਾਲ ਵਧੇਰੇ ਜੋੜਿਆ ਤਾਂ ਧਰਮ ਦੇ ਅਰਥ ਹੀ ਬਦਲ ਗਏ । ਭਾਰਤੀ ਕੁ ਖੰਡ ਤੇ ਇਕ ਨਵੀਂ ਕ੍ਰਾਂਤੀ ਆਈ ਜਿਸ ਦੇ ਬੜੇ ਦੂਰਦਰਸ਼ੀ ਸਿੱਟੇ ਨਿਕਲੇ ।

ਭਾਰਤੀ ਧਰਮਾਂ ਵਿਚ ਸਿੱਧਾਂਤਾਂ ਦੀ ਸਿਰਜਣਾ ਤਾਂ ਬਹੁਤ ਹੋਈ ਪਰ ਸਿੱਧਾਂਤ ਆਦਰਸ਼ ਰੂਪ

ਬਣ ਹਮੇਸ਼ਾਂ ਹੀ ਮਨੁੱਖੀ ਜੀਵਨ ਨਾਲੋਂ ਉੱਚਾ ਰਿਹਾ। ਸਿੱਧਾਂਤ ਅਤੇ ਅਮਲ ਦੀ ਸਮਸੁਰਤਾ ਲਈ ਗੁਰੂ ਨਾਨਕ ਸਾਹਿਬ ਨੇ ਪ੍ਰਥਮ ਉਪਰਾਲਾ ਕੀਤਾ। ਉਦਾਸੀਆਂ ਵੇਲੇ ਭਾਈ ਮਰਦਾਨਾ ਹਮੇਸ਼ਾਂ ਆਪ ਦੇ ਨਾਲ ਰਹੇ। ਦਸਮ ਪਾਤਸ਼ਾਹ ਨੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛੱਕ ਕੇ ਸੰਗਤ ਸਿੱਧਾਂਤ ਨੂੰ ਸੁਸ਼ਟਤਾ ਪ੍ਰਦਾਨ ਕੀਤੀ। ਇਉਂ ਸੰਗਤ ਜਾਂ ਜਮਾਤ ਨੂੰ ਜਿਤਨੀ ਉੱਚਤਾ ਜਾਂ ਪ੍ਰਕ੍ਰਿਤਾ ਸਿੱਖ ਧਰਮ ਨੇ ਦਿੱਤੀ ਹੈ ਇਤਨੀ ਹੋਰ ਕਿਸੇ ਧਰਮ ਨੇ ਨਹੀਂ ਦਿੱਤੀ। ਸਤਿ ਸੰਗਤ ਨੂੰ ਉੱਤਮ ਤਾਂ ਹਰ ਕੋਈ ਕਹਿੰਦਾ ਹੈ ਪਰ ਪਰਬ੍ਰਹਮ ਪਰਮੇਸਰ ਦਾ ਨਿਵਾਸ ਸੰਗਤ ਵਿਚ ਹੈ ਇਹ ਸਿੱਧਾਂਤ ਸਿੱਖੀ ਨੇ ਹੀ ਪੇਸ਼ ਕੀਤਾ ਹੈ :

ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੂਝਹੁ ਸਬਦ ਵੀਚਾਰਿ ॥
(ਸਲੋਕ ਮ. ੪ ਗੁਰੂ ਗ੍ਰੰਥ ਪੰ. ੧੩੧੪)

ਗੁਰੂ ਨਾਨਕ ਸਾਹਿਬ ਨੇ ਸਤਿ ਸੰਗਤਿ ਦਾ ਸਰੂਪ ਬਿਆਨਦਿਆਂ ਫੁਰਮਾਇਆ :

ਸਭ ਸੰਗਤ ਕੈਸੀ ਜਾਣੀਐ ਜਿਥੈ ਏਕੋ ਨਾਮੁ ਵਖਾਣੀਐ ॥
(ਸਿਰੀ ਰਾਗ ਮ. ੧ ਗੁਰੂ ਗ੍ਰੰਥ ਪੰ. ੭੨)

ਗੁਰੂ ਸਾਹਿਬਾਨ ਦਾ ਟੀਚਾ ਆਦਰਸ਼ਕ ਮਨੁੱਖ ਦੀ ਸਥਾਪਤੀ ਰਾਹੀਂ ਪਹਿਲਾਂ 'ਇਹ ਲੋਕ ਸੁਖੀਏ' ਬਣਾਕੇ ਫਿਰ 'ਫਿਰ ਪਰਲੋਕ ਸੁਹੇਲੇ' ਬਣਾਉਣਾ ਸੀ। ਇਹ 'ਲੋਕ ਸੁਖੀਏ' ਰਾਹੀਂ ਹੀ ਨਵਾਂ ਨਰੋਆ ਸਮਾਜ ਉਸਾਰਿਆ ਜਾ ਸਕਦਾ ਹੈ। ਇਸ ਨਰੋਏ ਸਮਾਜ ਰਾਹੀਂ ਪਰਲੋਕ ਸੁਹੇਲੇ ਬਣਾਉਣਾ ਗੁਰਮਤਿ ਜੁਗਤਿ ਹੈ। ਇਸ ਆਦਰਸ਼ਕ ਮਨੁੱਖ ਨੂੰ ਹੀ ਗੁਰਮਤਿ ਵਿਚ ਗੁਰਮੁੱਖ ਪਰਵਾਨਿਆ ਗਿਆ ਤੇ ਗੁਰਬਾਣੀ ਨੇ ਇਸ ਗੁਰਮੁੱਖ ਦੇ ਚਲਣ ਲਈ 'ਗਾਡੀ ਰਾਹ' ਬਣਾਇਆ। ਮਨਮੁੱਖ ਇਸ ਰਾਹ ਤੇ ਨਹੀਂ ਚਲ ਸਕਦਾ। ਮਨਮੁੱਖ ਦਾ ਰਸਤਾ ਮਨਮੱਤ ਦਾ ਹੈ। ਗੁਰਮੁੱਖ ਦਾ ਰਸਤਾ ਗੁਰੂ ਦੀ ਮੱਤ ਦਾ ਰਸਤਾ ਹੈ। ਇਸ ਲਈ ਗੁਰਬਾਣੀ ਜੁਗਤਿ 'ਸਚਿਆਰ ਮਨੁੱਖ' ਬਣਨ ਲਈ ਪ੍ਰੇਰਦੀ ਹੈ। 'ਕਿਵ ਸਚਿਆਰਾ' ਹੋਣਾ ਹੀ ਧਰਮ ਦੀ ਮੂਲ ਸਮੱਸਿਆ ਹੈ। 'ਸਚਿਆਰ ਮਨੁੱਖ' ਬਣਨ ਲਈ ਸਤਿਸੰਗਤ ਤੇ ਗੁਰਬਾਣੀ ਹੀ ਸਹੀ ਮਾਧਿਅਮ ਹੈ। ਇਸੇ ਰਾਹੀਂ ਹੀ ਠੀਕ ਅਰਥਾਂ ਵਿਚ 'ਸੰਸਾਰੀ', 'ਨਿਰੰਕਾਰੀ' ਹੋ ਸਕਦੇ ਹਨ। ਕਿਉਂਕਿ ਸਤਿਗੁਰੂ ਭਾਵੇਂ ਗੁਰਸਿੱਖ ਦਾ ਪਥ-ਪ੍ਰਦਰਸ਼ਕ ਹੈ ਪਰ ਇਸਦੇ ਨਾਲ ਇਕ ਅਨੁਕੂਲ ਅਤੇ ਪਵਿੱਤਰ ਵਾਤਾਵਰਣ ਦੀ ਵੀ ਸਦਾ ਲੋੜ ਬਣੀ ਰਹਿੰਦੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ, "ਅਸਲ ਵਿਚ ਬ੍ਰਹਮ ਗਿਆਨ ਦੀ ਪ੍ਰਾਪਤੀ ਵਿਚ ਕਿਸੇ ਇਕ ਵਿਅਕਤੀ ਦਾ ਕਿਤਨਾ ਵਾ ਸਹਿਯੋਗ ਅਤੇ ਪਥ-ਪ੍ਰਦਰਸ਼ਨ ਕਿਉਂ ਨਾ ਰਿਹਾ ਹੋਵੇ ਪਰ ਦੂਜੇ ਸੰਤਾਂ ਜਾਂ ਮਹਾਂਪੁਰਸ਼ਾਂ ਦੀ ਸੰਗਤਿ ਨਾਲ ਪ੍ਰੇਰਣਾ ਵਿਚ ਨਿਰੰਤਰ ਦ੍ਰਿੜਤਾ, ਸਾਧਨਾ ਦੇ ਸਰੂਪ ਵਿਚ ਨਿਖਾਰ ਅਤੇ ਆਤਮ-ਗਿਆਨ ਵਿਚ ਲਗਾਤਾਰ ਵਿਸਤਾਰ ਹੁੰਦਾ ਰਹਿੰਦਾ ਹੈ।[55]

ਭਾਈ ਗੁਰਦਾਸ ਜੀ ਨੇ ਇਸ ਅਦੁੱਤੀ ਗੁਰਮਤਿ ਸਿੱਧਾਂਤ ਨੂੰ ਵਿਚਾਰਿਆ, ਪ੍ਰਚਾਰਿਆ ਅਤੇ ਸੰਗਤਾਂ ਨੂੰ ਦ੍ਰਿੜ ਕਰਾਇਆ। ਆਪ ਵਾਰਾਂ ਵਿਚ ਸਾਧਸੰਗਤ ਦਾ ਸਰੂਪ ਬਿਆਨਦਿਆਂ ਸਪੱਸ਼ਟ ਕਰਦੇ ਹਨ ਕਿ ਇਹ ਸੰਗਤ ਕਿਸੇ ਵਿਅਕਤੀਗਤ ਸੰਤ, ਸਾਧ ਤੋਂ ਵਖਰਿਆਂ ਗੁਰੂ ਦੇ ਪਿਆਰ ਵਿਚ ਰੱਤੇ, ਸਮਾਜ ਵਿਚ ਵਿਚਰਦੇ ਗੁਰਸਿੱਖਾਂ ਦੇ ਆਪਸੀ ਮਿਲਾਪ ਨਾਲ ਹੀ ਬਣਦੀ ਹੈ :

ਇਕੁ ਸਿਖੁ ਦੁਇ ਸਾਧਸੰਗੁ ਪੰਜੀ ਪਰਮੇਸਰੁ ।
ਨਉ ਅੰਗ ਨੀਲ ਅਨੀਲ ਸੁੰਨ ਅਵਤਾਰ ਮਹੇਸਰੁ ।
ਵੀਹ ਇਕੀਹ ਅਸੰਖ ਸੰਖ ਮੁਕਤੇ ਮੁਕਤੇਸਰੁ ।
ਨਗਰਿ ਨਗਰਿ ਸੈ ਸਹੰਸ ਸਿਖ ਦੇਸ ਦੇਸ ਲਖੇਸਰੁ ।

ਦਿਕਦੂੰ ਬਿਰਖਹੁੰ ਲਖ ਫਲ ਫਲ ਬੀਅ ਲੁਮੇਸੁਰ ।
ਭੰਗ ਭੁਗਤਿ ਰਜੇਸੁਰਾਂ ਜੋਗ ਜੁਗਤਿ ਜੋਗੇਸੁ ।

(ਵਾਰਾਂ ਭਾਈ ਗੁਰਦਾਸ ੧੩/੧੯)

ਜਿਵੇਂ ਹਲਦੀ ਤੇ ਚੂਨਾ, ਪਾਨ ਤੇ ਕੱਥਾ ਮਿਲਕੇ ਸੁਰਖ ਰੂਪ ਧਾਰਦੇ ਹਨ, ਜਾਮਨ ਨਾਲ ਦੁੱਧ ਦਹੀਂ ਬਣਦਾ ਹੈ, ਘਿਉ ਖੰਡ ਮੈਦਾ ਮਿਲਕੇ ਸਵਾਦਿਸ਼ਟ ਪਦਾਰਥ ਬਣਦੇ ਹਨ, ਸਾਰੀਆ ਸੁਗੰਧੀਆਂ ਮਿਲਕੇ 'ਅਰਗਜਾ ਧੂਪ' ਬਣਦੀ ਹੈ ਇਵੇਂ ਹੀ ਸਿੱਖਾਂ ਦੇ ਮਿਲ ਬੈਠਣ ਕਰਕੇ ਉਸ ਸੰਗਤ ਵਿਚ 'ਪਰਮੇਸ਼ਵਰ' ਦਾ ਵਾਸਾ ਹੁੰਦਾ ਹੈ ਤੇ ਉਸਦੀ ਮਹਿਮਾ ਅਕਥਨੀਯ ਹੈ :

ਹਰਦੀ ਅਉ ਚੂਨਾ ਮਿਲਿ ਅਰੁਨ ਬਰਨ ਜੈਸੇ, ਚਤੁਰ ਬਰਨ ਕੈ ਤੈਸੋਈ ਰਸ ਰੂਪ ਹੈ ।
ਦੂਧ ਮੈ ਜਾਵਨੂ ਮਿਲੈ ਦਧਿ ਕੈ ਬਖਾਨੀਅਤ, ਖਾਂਡ ਘ੍ਰਿਤ ਚੂਨ ਮਿਲਿ ਬਿੰਜਨ ਅਨੂਪ ਹੈ ।
ਕੁਸਮ ਸੁਗੰਧ ਮਿਲਿ ਤਿਲ ਸੋ ਫਲੇਲ ਹੋਤ, ਸਕਲ ਸੁਗੰਧ ਮਿਲਿ ਅਰਗਜਾ ਧੂਪ ਹੈ ।
ਦੋਇ ਸਿਖ ਸਾਧਸੰਗੁ ਪੰਜ ਪਰਮੇਸਰ ਹੈ, ਦਸ ਬੀਸ ਤੀਸ ਮਿਲੇ ਅਬਿਗਤਿ ਊਪ ਹੈ ।

(ਕਬਿੱਤ ੧੨੨)

ਗੁਰਸਿੱਖਾਂ ਦੇ ਅਜਿਹੇ ਮਿਲਾਪ ਵਿਚੋਂ ਮਨੁੱਖ ਨੈਤਿਕ ਗੁਣਾ ਦਾ ਧਾਰਨੀ ਬਣਕੇ 'ਸਚਿਆਰ' ਦਾ ਰੂਪ ਧਾਰਦਾ ਹੈ :

ਜੈਸੇ ਤਉ ਗੋਬੰਸ ਤਿਨ ਖਾਇ ਦੂਹੈ ਗੋਰਸ ਦੈ, ਗੋਰਸ ਅਉਟਾਏ ਦਧਿ ਮਾਖਨ ਪ੍ਰਗਾਸ ਹੈ ।
ਊਖ ਮੈ ਪਿਊਖ ਤਨ ਖੰਡ ਖੰਡ ਕੈ ਪਰਾਏ, ਰਸ ਕੈ ਅਉਟਾਏ ਖਾਂਡ ਮਿਸਰੀ ਮਿਠਾਸ ਹੈ ।
ਚੰਦਨ ਸੁਗੰਧ ਸਨਬੰਧ ਕੈ ਬਨਾਸਪਤੀ, ਢਾਕ ਅਉ ਪਲਾਸ ਜੈਸੇ ਚੰਦਨ ਸੁਬਾਸ ਹੈ ।
ਸਾਧੂਸੰਗਿ ਮਿਲਤ ਸੰਸਾਰੀ ਨਿਰੰਕਾਰੀ ਹੋਤ, ਗੁਰਮਤਿ ਪਰਉਪਕਾਰ ਕੈ ਨਿਵਾਸ ਹੈ ।

(ਕਬਿੱਤ ੧੨੯)

ਜਿਵੇਂ ਸਵਾਂਤੀ ਬੂੰਦ ਸਿੱਪੀ ਵਿਚ ਪੈ ਕੇ ਸਾਗਰ ਦੇ ਥਲੇ ਚਲੀ ਜਾਂਦੀ ਹੈ ਤੇ ਮੁਕਤਾਹਲ ਦਾ ਰੂਪ ਧਾਰ ਲੈਂਦੀ ਹੈ । ਇਉਂ ਗੁਰੂ ਦੇ ਪਿਆਰੇ ਸਿੱਖ ਸਤਿਸੰਗਤ ਵਿਚ ਟੁੱਭੀਆਂ ਮਾਰ ਮਾਰ ਕੇ ਪ੍ਰੇਮਰਸ ਦੇ ਰਸੀਲੇ ਹੋ ਕੇ ਅੰਮ੍ਰਿਤ ਪੀ ਪੀ ਨਿਹਾਲ ਨਿਹਾਲ ਹੁੰਦੇ ਹਨ ਕਿਉਂਕਿ ਸਾਧਸੰਗਤ ਸਚਖੰਡ ਦੇ ਸਮਾਨ ਹੁੰਦੀ ਹੈ ਜਿਥੇ ਪਰਮੇਸਰ ਦਾ ਵਾਸਾ ਹੁੰਦਾ ਹੈ :

ਸਹਜ ਸਮਾਧਿ ਸਾਧ ਸੰਗਤਿ ਮੈ ਸਾਚੁ ਖੰਡ ॥
ਸਤਿਗੁਰ ਪੂਰਨ ਬ੍ਰਹਮ ਕੋ ਨਿਵਾਸ ਹੈ ।

(ਕਬਿੱਤ ੧੨੫.੧)

'ਧਰਮਸਾਲ' ਜਿਸਨੂੰ ਗੁਰਦੁਆਰੇ ਦੀ ਸੰਗਿਆ ਦਿੱਤੀ ਗਈ ਹੈ ਵਿਖੇ ਸੰਗਤ ਰੂਪ ਵਿਚ ਜੁੜਕੇ ਗੁਰਸਿੱਖਾਂ ਦੇ ਮਾਨਸਰੋਵਰ ਤੇ ਬੈਠੇ ਹੰਸ ਵਾਂਗ ਸ਼ਬਦ ਰੂਪੀ ਮੋਤੀ ਚੁੱਗ ਚੁੱਗ ਕੇ ਵਿਗਸਣਾ ਹੈ । ਜਿਵੇਂ ਸ੍ਰੇਸ਼ਟ ਵਿਅਕਤੀ ਮਿਲਕੇ ਸਵਾਦਿਸ਼ਟ ਭੋਜਨ ਛੱਡ ਕੇ ਆਨੰਦਿਤ ਹੁੰਦੇ ਹਨ ਤੇ ਪੱਛੀ ਛਲਦਾਰ ਰੁੱਖ ਤੇ ਬੈਠਕੇ ਮਿੱਠੇ ਫਲ ਛੱਕਕੇ ਖੇਤੇ ਵਿਚ ਮਧੁਰ ਬਚਨ ਉਚਾਰਦੇ ਹਨ ਤਿਵੇਂ ਗੁਰੂ ਦਿਆਂ ਸਿੱਖਾਂ ਨੇ ਸੰਗਤ ਵਿਚੋਂ ਸ਼ਬਦ ਰਸ ਦੇ ਅੰਮ੍ਰਿਤ ਨਾਲ ਸਰਸ਼ਾਰ ਹੋਣਾ ਹੈ :

ਜੈਸੇ ਤੋਂ ਮਰਾਲ ਮਾਲ ਬੈਠਤ ਹੈ ਮਾਨਸਰ, ਮੁਕਤਾ ਅਮੋਲ ਖਾਇ ਖਾਇ ਬਿਗਸਾਤ ਹੈ ।
ਜੈਸੇ ਤੋਂ ਸੁਜਨ ਮਿਲ ਬੈਠਤ ਹੈ ਪਾਕਸਾਲ, ਅਨਿਕ ਪ੍ਰਕਾਰ ਬਿੰਜਨਾਦਿ ਰਸ ਖਾਤ ਹੈ ।
ਜੈਸੇ ਦ੍ਰੁਮ ਡਾਢਾ ਮਿਲ ਬੈਠਤ ਅਨੇਕ ਪੰਛੀ, ਖਾਇ ਫਲ ਮਧੁਰ ਬਚਨ ਕੈ ਸੁਹਾਤ ਹੈ ।
ਤੈਸੇ ਗੁਰਸਿੱਖ ਮਿਲ ਬੈਠਤ ਧਰਮਸਾਲ, ਸਹਜ ਸਬਦ ਰਸ ਅੰਮ੍ਰਿਤ ਅਘਾਤ ਹੈ ।

(ਕਬਿੱਤ ੫੫੯)

ਭਾਈ ਸਾਹਿਬ ਗੁਰਮਤਿ ਦੇ ਇਸ ਅਨੂਪਮ ਸਿਧਾਂਤ ਤੋਂ ਬਲਿਹਾਰ ਜਾਂਦੇ ਹੋਏ ਨਾਰਦ ਮੁਨੀ ਨੂੰ ਸੰਬੋਧਨ ਕਰਦੇ ਹਨ ਕਿ ਸਾਧਸੰਗਤ ਮੇਰੇ ਪ੍ਰਾਣਾਂ ਦਾ ਆਧਾਰ ਹੈ, ਮੇਰਾ ਮਾਤਾ ਪਿਤਾ, ਕੁਟੰਬ,

ਕਾਰਨ ਅਨੇਕਾਂ ਦੁੱਖ, ਇਨ੍ਹਾਂ ਸਾਰੀਆਂ ਪੀੜਾਂ ਦਾ ਦਰਦ ਵੀ ਪ੍ਰੀਤਮ ਦੇ ਇਕ ਪਲ ਦੇ ਵਿਛੋੜੇ ਦੇ ਦਰਦ ਨੂੰ ਨਹੀਂ ਪੁਜ ਸਕਦਾ :

ਅਗਨਿ ਜਰਤ ਜਲ ਬੂਡਤ ਸਰਪ ਗ੍ਰਸਹਿ
ਸਸਤ੍ਰ ਅਨੇਕ ਰੋਮ ਰੋਮ ਭਰਿ ਘਾਤ ਹੈ ।
ਬਿਰਥਾ ਅਨੇਕ ਅਪਦਾ ਅਧੀਨ ਦੀਨੇ ਗਤਿ,
ਭੂਖਮ ਅੰ ਸੀਤ ਬਰਖ ਮਾਹਿ ਨਿਸ ਪ੍ਰਾਤ ਹੈ ।
ਗੋ, ਦ੍ਵਿਜ, ਬਿਸ੍ਵਾਸ ਬੈਸ ਕੋਟਿ ਹਤਯਾ,
ਤ੍ਰਿਸਨਾ ਅਨੇਕ ਦੁਖ ਦੇਖ ਥਸ ਗਾਤ ਹੈ ।
ਅਨਿਕ ਪ੍ਰਕਾਰ ਜੋਰ ਸਕਲ ਸੰਸਾਰ ਸੋਧ
ਪੀਯ ਕੇ ਬਿਛੋਹ ਪਲ ਏਕ ਨ ਪੁਜਾਤ ਹੈ ॥

(ਕਬਿੱਤ ੫੭੨)

ਇਉਂ ਇਸ ਬਿਰਹਾ ਦੇ ਦਰਦ ਵਿਚੋਂ ਆਤਮਿਕ ਅਨੰਦ ਤੇ ਸਹਜ ਦੀ ਪ੍ਰਾਪਤੀ ਹੁੰਦੀ ਹੈ ।

ਜੀਵਨ ਮੁਕਤੀ

ਮੁਕਤੀ ਦਾ ਕੋਸ਼ਗਤ ਅਰਥ ਹੈ ਛੁਟਕਾਰਾ ਜਾਂ ਰਿਹਾਈ ।[57] ਸ੍ਰੀਮਦ ਭਗਵਤ ਗੀਤਾ ਵਿਚ ਇਸ ਲਈ ਸ਼ਬਦ 'ਮੁਮੁਖਸ਼ਮਿ', ਬੁੱਧ ਮੱਤ ਵਿਚ ਨਿਰਵਾਣ, ਈਸਾਈ ਮੱਤ ਵਿਚ ਸਾਲਵੇਸ਼ਨ (Salvation) ਅਤੇ ਇਸਲਾਮ ਵਿਚ 'ਨਿਜਾਤ' ਵਰਤਿਆ ਗਿਆ ਹੈ ।[58]

ਭਾਰਤੀ ਧਰਮ ਚਿੰਤਨ ਵਿਚ ਮੁਕਤੀ ਜਾਂ ਮੋਕਸ਼ ਨੂੰ ਜੀਵਨ ਦਾ ਪਰਮ ਉਦੇਸ਼ ਪਰਵਾਨ ਕੀਤਾ ਹੋਇਆ ਹੈ । ਆਮ ਲੋਕਾਂ ਦੇ ਵਿਚਾਰ ਅਨੁਸਾਰ ਮੁਕਤੀ ਦੇ ਅਰਥ ਹਨ ਮਰਨ ਮਗਰੋਂ ਆਤਮਾ ਪਰਮਾਤਮਾ ਵਿਚ ਲੀਨ ਹੋ ਜਾਵੇ ਅਤੇ ਜਨਮ ਮਰਨ ਦਾ ਚੱਕਰ ਮੁੱਕ ਜਾਵੇ ।

ਹਿੰਦੂ ਧਰਮ ਪੁਸਤਕਾਂ ਅਨੁਸਾਰ ਧਰਮ, ਅਰਥ, ਕਾਮ ਤੇ ਮੋਕਸ਼ ਨੂੰ ਮਨੁੱਖੀ ਜੀਵਨ ਦਾ ਆਧਾਰ ਮੰਨਿਆ ਗਿਆ ਹੈ । ਇਨ੍ਹਾਂ ਨੂੰ ਚਾਰ ਪੁਰਸ਼ਾਰਥ ਵੀ ਕਹਿੰਦੇ ਹਨ । ਇਨ੍ਹਾਂ ਵਿਚੋਂ 'ਮੋਕਸ਼' ਨੂੰ 'ਪਰਮ ਪੁਰਸ਼ਾਰਥ' ਪਰਵਾਨ ਕੀਤਾ ਹੈ । ਧਰਮ ਨੂੰ ਮੋਕਸ਼ ਦਾ ਸਾਧਨ ਮੰਨਿਆ ਗਿਆ ਹੈ । ਮੋਕਖ ਪ੍ਰਾਪਤੀ ਲਈ ਬਾਨ-ਪ੍ਰਸਤ ਆਸ਼ਰਮ ਧਾਰਣ ਕਰਕੇ ਕਈ ਤਰ੍ਹਾਂ ਦੇ ਕਰਮਕਾਂਡ ਕੀਤੇ ਜਾਂਦੇ ਸਨ ।

ਬੁੱਧ ਧਰਮ ਅਨੁਸਾਰ 'ਨਿਰਵਾਣ' ਪ੍ਰਾਪਤੀ ਮਨੁੱਖ ਦੇ ਜੀਵਨ ਦਾ ਪਰਮ ਆਦਰਸ਼ ਹੈ । ਨਿਰਵਾਣ ਸ਼ਬਦ ਨੂੰ 'ਨਿਰਵਹ' ਧਾਤੂ ਤੋਂ ਨਿਕਲਿਆ ਮੰਨਕੇ ਇਸਦੇ ਅਰਥ 'ਬੁੱਝਣਾ', ਠੰਡਾ ਜਾਂ ਸ਼ਾਂਤ ਹੋ ਜਾਣਾ ਕੀਤੇ ਜਾਂਦੇ ਹਨ । ਦੁੱਖਾਂ ਰੂਪੀ ਭੇਲ ਖਤਮ ਹੋਣ ਨਾਲ ਦੀਵੇ ਦੇ ਬੁੱਝਣ ਨੂੰ ਨਿਰਵਾਣ ਦੀ ਸੰਗਿਆ ਦਿੱਤੀ ਹੈ । ਡਾ. ਰਾਧਾ ਕ੍ਰਿਸ਼ਨਨ ਅਨੁਸਾਰ, "ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਹਾਸਲ ਕਰਕੇ ਅਮਰ ਜੀਵਨ ਪ੍ਰਾਪਤ ਕਰਨਾ ਹਰ ਧਰਮੀ ਬੰਦੇ ਦਾ ਨਿਸ਼ਾਨਾ ਹੈ ਅਤੇ ਇਸੇ ਨੂੰ ਮੋਕਸ਼ ਜਾਂ ਮੁਕਤੀ, ਬ੍ਰਹਮ ਨਾਲ ਮਿਲਾਪ ਤੇ ਨਿਰਵਾਣ ਕਿਹਾ ਜਾਂਦਾ ਹੈ ।[59]

ਈਸਾਈ ਮੱਤ ਅਨੁਸਾਰ ਖੁਦਾ ਦੇ ਪੁੱਤਰ ਹਜ਼ਰਤ ਈਸਾ ਤੇ ਪੂਰਾ ਭਰੋਸਾ ਕਰਨ ਤੋਂ ਪਾਪਾਂ ਤੋਂ ਛੁਟਕਾਰਾ ਅਤੇ ਅਖੈ ਜੀਵਨ ਪਾਉਣਾ ਮੁਕਤੀ ਹੈ । ਉਨ੍ਹਾਂ ਦਾ ਖ਼ਿਆਲ ਹੈ ਕਿ ਕੋਈ ਆਦਮੀ ਬਿਨਾਂ ਪਾਪ ਨਹੀਂ ਅਰ ਪਾਪ ਦਾ ਫਲ ਮੌਤ ਹੈ । ਪੈਗੰਬਰ ਈਸਾ ਨੇ ਆਪਣੇ ਪ੍ਰਾਣ ਦੇ ਕੇ ਲੋਕਾਂ ਦੇ ਪਾਪਾਂ ਦਾ ਪ੍ਰਾਸ਼ਚਿਤ ਕੀਤਾ ਹੈ । ਜੋ ਉਸ ਤੇ ਈਮਾਨ ਲਿਆਉਣਗੇ ਉਹ ਪਾਪਾਂ ਤੋਂ ਛੁਟਕਾਰਾ ਪਾਉਣਗੇ ਅਤੇ ਅਵਿਨਾਸ਼ੀ ਜੀਵਨ ਪ੍ਰਾਪਤ ਕਰਨਗੇ ।[60]

ਇਸਲਾਮ ਮੱਤ ਅਨੁਸਾਰ 'ਕੁਰਾਨ ਸ਼ਰੀਫ਼' ਦੇ ਬਚਨਾਂ ਤੇ ਅਮਲ ਕਰਨਾ ਅਤੇ ਨਮਾਜ਼, ਰੋਜ਼ੇ ਆਦਿ ਪੰਜ ਨਿਯਮਾਂ ਤੇ ਪੱਕੇ ਰਹਿਣਾ, ਪੈਗੰਬਰ ਮੁਹੰਮਦ ਤੇ ਨਿਸ਼ਚਾ ਰਖਣਾ, ਇਸ ਤੋਂ ਕਿਆਮਤ ਦੇ ਦਿਨ ਦੇ ਫ਼ੈਸਲੇ ਅਨੁਸਾਰ ਹਮੇਸ਼ਾਂ ਲਈ ਬਹਿਸ਼ਤ ਦੀ ਪ੍ਰਾਪਤੀ ਮੁਕਤੀ ਹੈ ।[61]

ਮਿੱਤਰ, ਪੁੱਤਰ, ਇਸ਼ਟ, ਸੁੱਖ ਆਨੰਦ ਸਭੋ ਕੁੱਝ ਸਾਧਸੰਗਤ ਹੈ :

ਨਿਜ ਘਰ ਮੇਰੋ ਸਾਧਸੰਗਤਿ ਨਾਰਦਮੁਨਿ, ਦਰਸਨ ਸਾਧਸੰਗ ਮੇਰੋ ਨਿਜ ਰੂਪ ਹੈ।
ਸਾਧੁਸੰਗਿ ਮੇਰੋ ਮਾਤਾ ਪਿਤਾ ਅਉ ਕੁਟੰਬ ਸਖਾ, ਸਾਧਸੰਗੁ ਮੇਰੋ ਸੁਤੁ ਸੋਸ਼ਟੁ ਅਨੂਪੁ ਹੈ।
ਸਾਧੁਸੰਗਿ ਸਰਬ ਨਿਧਾਨੁ ਪ੍ਰਾਨ ਜੀਵਨ ਮੈ, ਸਾਧਸੰਗ ਨਿਜੁ ਪਦ ਸੇਵਾ ਦੀਪ ਧੂਪ ਹੈ।
ਸਾਧਸੰਗਿ ਰੰਗ ਰਸ ਭੋਗ ਸੁਖ ਸਹਜ ਮੈ, ਸਾਧਸੰਗ ਸੋਭਾ ਅਤਿ ਉਪਮਾ ਅਉ ਊਪ ਹੈ।

(ਕਬਿੱਤ ੩੦੩)

ਨਿਸ਼ਕਰਸ਼ ਵਜੋਂ ਕਹਿ ਸਕਦੇ ਹਾਂ ਕਿ ਗੁਰੂ ਸਾਹਿਬਾਨ ਦੁਆਰਾ ਸਿਰਜਿਆ ਗਿਆ 'ਸੰਗਤਿ' ਦਾ ਸਿੱਧਾਂਤ ਮਨੁੱਖੀ ਜ਼ਿੰਦਗੀ ਵਿਚ ਚੌਵੀ ਗੁਣਾਂ ਦੀ ਪ੍ਰਾਪਤੀ ਰਾਹੀਂ ਆਤਮਿਕ ਉਨਤੀ ਦੇ ਨਾਲ ਨਾਲ ਸਮਾਜਿਕ ਉਨਤੀ ਲਈ ਵੀ ਭਰੱਕੀ ਦਾ ਰਾਹ ਬਣਿਆ ਅਤੇ ਭਾਈ ਗੁਰਦਾਸ ਆਪਣੀ ਰਚਨਾ ਰਾਹੀਂ ਇਸ ਅਮਲ ਨੂੰ ਸੰਗਤਾਂ ਦੇ ਜੀਵਨ ਨਾਲ ਸਮਸ੍ਰ ਕਰਨ ਲਈ ਯਤਨਸ਼ੀਲ ਰਹੇ।

ਬਿਰਹਾ

ਬਿਰਹਾ ਨੂੰ ਬਾਬਾ ਫਰੀਦ ਨੇ 'ਸੁਲਤਾਨ' ਦੀ ਸੰਗਿਆ ਦਿਤੀ ਹੈ। ਗੁਰੂ ਅੰਗਦ ਸਾਹਿਬ ਦਾ ਫੁਰਮਾਨ ਹੈ :

ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥

(ਸਿਰੀ ਰਾਗ ਕੀ ਵਾਰ ਸਲੋਕ ਮ: ੨ ਪੰਨਾ ੮੯)

ਪ੍ਰਭੂ ਪਿਆਰ ਦੀ ਮਿਠੀ ਮਿਠੀ ਪੀੜਾ ਨੂੰ ਸਦਾ ਚੇਤਨਾ ਦਾ ਹਿੱਸਾ ਬਣਾਈ ਰਖਣਾ ਇਹ ਪ੍ਰਭੂ ਵਿਯੋਗੀਆਂ ਦਾ ਜੀਵਨ ਸੁਭਾਅ ਹੈ। ਬਿਰਹਾ ਮਨੁੱਖ ਨੂੰ ਪ੍ਰਭੂ ਚਰਨਾਂ ਨਾਲ ਇਕ ਸੁਰ ਕਰਦੀ ਹੈ। ਬਿਰਹਾ ਪੀੜ ਨਾਲ ਭਰੰਗਿਤ ਹੋਈ ਆਤਮਾ ਵਿਚੋਂ ਅਨੰਦ ਦੀਆਂ ਕਿਰਨਾਂ ਨਿਕਲਦੀਆਂ ਹਨ। ਗੁਰਮਤਿ ਚਿੰਤਨ ਨੇ ਵੀ ਬਿਰਹਾ ਨੂੰ ਜੀਵਨ-ਅਮਲ ਦੀ ਚੂਲ ਪਰਵਾਨ ਕੀਤਾ ਹੈ।

ਭਾਈ ਗੁਰਦਾਸ ਦੇ ਸਾਰੇ ਕਬਿੱਤ ਸਵੈਯਾ ਵਿਚ ਪਰਧਾਨ ਸੁਰ ਬਿਰਹਾ ਹੈ। ਪ੍ਰੋ. ਸਰਦੂਲ ਸਿੰਘ ਲਿਖਦੇ ਹਨ ਕਿ, "ਆਪਦਾ ਸਤਿਗੁਰ ਜੀ ਨਾਲ ਅਥਾਹ ਪ੍ਰੇਮ ਹੈ। ਦਰਸ ਬਿਨਾਂ ਬਿਰਹੋਂ ਦੇ ਘੇਰੇ ਹੋਏ ਬਿਲਲਾ ਉਠਦੇ ਹਨ। ਮਿਲਾਪ ਦੀ ਅਵਸਥਾ ਦਾ ਬਿਆਨ ਗਜ਼ਬ ਦਾ ਹੈ। ਦਿਲ ਦੀਆਂ ਪ੍ਰੇਮ ਕਾਂਗਾਂ ਦਾ ਚੜ੍ਹਾ ਜ਼ਬਰਦਸਤ ਹੈ। ਆਪ ਗੁਰ-ਦਰਸ਼ਨ ਵਿਚ ਮਸਤ ਹੋਕੇ ਅਕਹਿ ਰਸ ਮਾਣਦੇ ਹਨ ਅਰ ਵਿਛੜਕੇ ਮੱਛੀ ਵਾਂਙੂ ਤੜਫਦੇ ਹਨ। ਕਿਵੇਂ ਹੋਠ ਲਿਖੇ ਕਬਿਤ ਵਿਚ ਆਪਣੇ ਆਪ ਨੂੰ ਪਪੀਹੇ ਦੀ ਤਰ੍ਹਾਂ ਵਿਲਪ ਵਿਲਪ ਕੇ ਪਿਉ ਪਿਉ ਕਰਦਾ ਵਿਖਾ ਰਹੇ ਹਨ। ਸ਼ਬਦਾਂ ਦੀ ਮਿਲਾਉਣੀ ਅਨੂਪਮ ਹੈ :[56]

ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ
ਪਾਵਨ ਪਵਿਤ੍ਰ ਮਿਤ੍ਰ ਆਜ ਮੋਰੈ ਆਏ ਹੈ।
ਪਰਮ ਦਇਆਲ ਲਾਲ ਲੋਚਨ ਬਿਸਾਲ ਮੁਖ,
ਬਚਨ ਰਸਾਲ ਮਧੁ ਮਧੁਰ ਪੀਆਏ ਹੈ।
ਸੋਭਿਤ ਸਿਜਾਸਨ ਬਿਲਾਸਨ ਦੈ ਅੰਕਮਾਲ,
ਪ੍ਰੇਮਰਸ ਬਿਸਮ ਹੁਇ ਸਹਜ ਸਮਾਏ ਹੈ।
ਚਾਤ੍ਰਿਕ ਸਬਦ ਸੁਨਿ ਅਖੀਆ ਉਘਰਿ ਗਈ,
ਭਈ ਜਲ ਮੀਨ ਗਤਿ ਬਿਰਹ ਜਗਾਏ ਹੈ ॥

(ਕਬਿੱਤ ੨੦੫)

ਬਿਰਹਾ ਦੀ ਵਿਆਕੁਲਤਾ ਦਾ ਚਿੱਤਰ ਖਿਚਦੇ ਲਿਖਦੇ ਹਨ ਕਿ ਅਗਨੀ ਦਾ ਸਾੜ, ਜਲ ਦੇ ਡੁੱਬਣ ਦੀ ਪੀੜਾ, ਸੱਪ ਦਾ ਡੰਗ, ਅਨੇਕਾਂ ਸ਼ਸਤਰਾਂ ਦੇ ਹਜ਼ਾਰਾਂ ਜ਼ਖਮ, ਅਨੇਕਾਂ ਮੁਸੀਬਤਾਂ, ਅਤਿ ਦੀ ਗਰਮੀ ਸਰਦੀ, ਗਊ ਹੱਤਿਆ, ਬ੍ਰਾਹਮਣ ਹੱਤਿਆ, ਬੰਸ ਹੱਤਿਆ ਅਤੇ ਕੂੜਾ ਹੱਤਿਆਵਾਂ

ਗੁਰਮਤਿ ਵਿਚ ਮੁਕਤੀ ਇਸ ਜੀਵਨ ਵਿਚ ਸਾਧਨਾ ਰਾਹੀਂ ਪ੍ਰਾਪਤ ਕੀਤੀ ਵਿਸ਼ੇਸ਼ ਗਿਆਨ-ਮਈ ਸਹਜ ਅਵਸਥਾ ਹੈ। ਇਸ ਦਾ ਦੇਸ਼ ਕਾਲ ਨਾਲ ਕੋਈ ਸੰਬੰਧ ਨਹੀਂ। ਗੁਰਮਤਿ ਜੀਵਨ ਜਾਚ ਦੀ ਵਿਲੱਖਣਤਾ ਹੀ ਇਹ ਹੈ ਕਿ ਇਹ ਮਨੁੱਖ ਨੂੰ ਪ੍ਰਾਪਤ ਜਨਮ ਵਿਖੇ ਜਿਉਂਦੇ ਜੀਅ ਪੂਰੇ ਸਤਿਗੁਰੂ ਦੁਆਰਾ ਦੱਸੀ ਜੁਗਤ ਨੂੰ ਪੂਰਨ ਕਰ ਹਸੰਦਿਆਂ, ਖੇਡੰਦਿਆਂ, ਪੈਨੰਦਿਆਂ ਖਾਵੰਦਿਆਂ 'ਗ੍ਰਿਹਸਤ ਪ੍ਰਧਾਨ' ਵਿਚ ਹੀ 'ਜੀਵਨ ਮੁਕਤੀ' ਪ੍ਰਾਪਤ ਕਰਨ ਦੇ ਸਮੱਰਥ ਬਣਾਉਂਦੀ ਹੈ :

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

(ਸਲੋਕ ਮ: ੫, ਗੁਰੂ ਗ੍ਰੰਥ ਪੰ. ੫੨੨)

ਜੀਵਨ ਮੁਕਤ ਵਿਅਕਤੀ ਬਾਰੇ ਗੁਰੂ ਅਰਜਨ ਸਾਹਿਬ ਇਉਂ ਵਿਸ਼ਲੇਸ਼ਣ ਕਰਦੇ ਹਨ :

ਪੂਛ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਊਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥

(ਗਉੜੀ ਮ. ੫, ਗੁਰੂ ਗ੍ਰੰਥ ਪੰ. ੨੭੫)

ਇਸੇ ਗੁਰਮਤਿ ਜੁਗਤਿ ਨੂੰ ਭਾਈ ਸਾਹਿਬ ਕਮਲ ਫੂਲ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਉਂਦਿਆਂ ਦਸਦੇ ਹਨ ਕਿ ਜਿਹੜਾ ਮਨੁੱਖ ਮਾਇਆ ਰੂਪੀ ਸੰਸਾਰ ਵਿਚ ਰਹਿੰਦਾ ਹੋਇਆ ਵੀ ਪ੍ਰਭੂ ਨਾਲ ਜੁੜਨ ਦੇ ਸਮਰੱਥ ਹੋ ਸਕਦਾ ਹੈ ਉਹੋ ਹੀ ਜੀਵਨ-ਮੁਕਤ ਹੈ :

ਜੀਵਨਮੁਕਤਿ ਜਗਜੀਵਨ ਜੁਗਤਿ ਜਾਨੀ
ਸਲਿਲ ਕਮਲ ਗਤਿ ਮਾਇਆ ਮੈ ਉਦਾਸੀ ਹੈ ॥

(ਕਬਿੱਤ ੨੮੮/੪)

ਸਿੰਬਲ, ਬਾਂਸ, ਕੰਚਨ ਤੇ ਜ਼ਹਿਰ ਦੇ ਬਿੰਬਾਂ ਰਾਹੀਂ ਜੀਵਨ ਮੁਕਤੀ ਦੀ ਦਾਰਸ਼ਨਿਕਤਾ ਨੂੰ ਨਿਮਨ ਅਨੁਸਾਰ ਉਘਾੜਦੇ ਹਨ :

ਗੁਰਮਤਿ ਸਤਿ ਕਰਿ ਸਿੰਬਲ ਸਫਲ ਭਏ,
ਗੁਰਮਤਿ ਸਤਿ ਕਰਿ ਬਾਂਸ ਮੈ ਸੁਗੰਧ ਹੈ।
ਗੁਰਮਤਿ ਸਤਿ ਕਰਿ ਕੰਚਨ ਭਏ ਮਨੂਰ,
ਗੁਰਮਤਿ ਸਤਿ ਕਰਿ ਪਰਖਤ ਅੰਧ ਹੈ।
ਗੁਰਮਤਿ ਸਤਿ ਕਰਿ ਕਾਲਕੂਟ ਅੰਮ੍ਰਿਤ ਹੁਇ
ਕਾਲ ਮੈ ਅਕਾਲ ਭਏ ਅਸਥਿਰ ਕੰਧ ਹੈ।
ਗੁਰਮਤਿ ਸਤਿ ਕਰਿ ਜੀਵਨਮੁਕਤ ਭਏ,
ਮਾਇਆ ਮੈ ਉਦਾਸ ਬਾਬ ਬੰਧ ਨਿਰਬੰਧ ਹੈ।।

(ਕਬਿੱਤ ੨੭)

ਅਜਿਹੇ ਜੀਵਨ ਮੁਕਤ ਵਿਅਕਤੀ ਦਾ ਅਤਿਹਕਰਣ ਜਦੋਂ ਗੁਰੂ ਦੀ ਮੱਤ ਨਾਲ ਪ੍ਰਕਾਸ਼ਮਾਨ ਹੁੰਦਾ ਹੈ ਤਾਂ ਫਿਰ ਉਹ ਜੀਵਨ ਦੇ ਲਾਲਚ ਤੇ ਮੌਤ ਦੇ ਭੈ ਤੋਂ ਮੁਕਤ ਹੋ ਜਾਂਦਾ ਹੈ :

ਜੀਵਨ ਕੀ ਆਸਾ ਅਰੁ ਮਰਨ ਕੀ ਚਿੰਤਾ ਮਿਟੀ
ਜੀਵਨਮੁਕਤ ਗੁਰਮਤਿ ਕੋ ਪ੍ਰਗਾਸ ਹੈ ॥

(ਕਬਿੱਤ ੨੮੧/੨)

ਸਾਰੇ ਸਿੱਖ ਚਿੰਤਨ ਦੁਆਰਾ ਦਰਸਾਈ ਜੀਵਨ ਜਾਂਚ ਦਾ ਕੇਂਦਰ ਬਿੰਦੂ ਮਨੁੱਖੀ ਜੀਵਨ ਹੋਣ ਕਰਕੇ ਪ੍ਰਭੂ ਮਿਲਾਪ ਦਾ ਪਹੁੰਚ ਮਾਰਗ 'ਜੀਵਨ ਮੁਕਤੀ' ਹੀ ਪਰਵਾਨਿਆ ਹੈ ਅਤੇ ਭਾਈ ਗੁਰਦਾਸ 'ਜੀਵਨ ਮੁਕਤੀ' ਦੇ ਸੰਕਲਪ ਨੂੰ ਪਰੰਪਰਾਵਾਦੀ ਫੋਕਟ ਕਰਮਕਾਂਡੀ ਕੀਮਤਾਂ ਹਠ ਜੋਗ, ਤਿਆਗ, ਸੰਨਿਆਸ ਆਦਿ ਨਾਲੋਂ ਨਿਖੇੜ ਕੇ ਗੁਰਮਤਿ ਜੁਗਤਿ ਅਨੁਸਾਰ ਜਨ ਸਾਧਾਰਨ ਦੇ ਜੀਵਨ ਨਾਲ ਸਮਸ੍ਰਿਤ ਕਰਨ ਲਈ ਯਤਨਸ਼ੀਲ ਹਨ।

ਸਮਾਜਿਕ ਅਤੇ ਆਚਾਰਾਤਮਿਕ ਪੱਖ

ਸਾਰੇ ਸਮਾਜਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਧਰਮ ਮੌਜੂਦ ਹੁੰਦਾ ਹੈ। ਮਨੁੱਖ ਕਿਉਂਕਿ ਸਮਾਜਿਕ ਪ੍ਰਾਣੀ ਹੈ ਅਤੇ ਮਨੁੱਖੀ ਆਚਾਰ ਵਿਵਹਾਰ ਹੀ ਸਮਾਜ ਦੇ ਸਰੂਪ ਦਾ ਆਧਾਰ ਹੈ। ਜਦ ਵੀ ਵਿਅਕਤੀ ਆਪਣੇ ਕਰਤੱਵ ਤੋਂ ਡਿਗਦੇ ਹਨ, ਤਾਂ ਸਮਾਜ ਦੀ ਵਿਵਸਥਾ ਵੀ ਖੇਰੂੰ ਖੇਰੂੰ ਹੋਣ ਲਗ ਜਾਂਦੀ ਹੈ। ਸਮਾਜ ਨੂੰ ਮੁੜ ਸੰਗਠਿਤ ਕਰਨ ਲਈ ਹੀ ਅਕਸਰ ਯੁੱਗ ਪੁਰਸ਼ਾਂ ਦਾ ਜਨਮ ਹੁੰਦਾ ਹੈ।[62]

ਗੁਰੂ ਨਾਨਕ ਸਾਹਿਬ ਦੀ ਆਮਦ ਵੇਲੇ ਵੀ ਭਾਰਤੀ ਸਮਾਜ ਦੀ ਕੁੱਝ ਅਜਿਹੀ ਹੀ ਦੁਰਦਸ਼ਾ ਸੀ ਜਿਸਦਾ ਉਲੇਖ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਵਿਸਤਾਰ ਨਾਲ ਕੀਤਾ।[63] ਭਾਈ ਗੁਰਦਾਸ ਨੇ ਵੀ ਆਪਣੀ ਪਹਿਲੀ ਵਾਰ ਵਿਚ ਇਸ ਵਲ ਭਰਪੂਰ ਸੰਕੇਤ ਕੀਤੇ ਹਨ।[64]

ਗੁਰੂ ਸਾਹਿਬਾਨ ਨੇ ਸਾਹਮਣੇ ਉਸ ਸਮੇਂ ਅਧਿਆਤਮਕ ਵਿਕਾਸ ਦੇ ਨਾਲ ਨਾਲ ਨਵੇਂ ਨਰੋਏ ਸਮਾਜ ਦੀ ਉਸਾਰੀ ਦਾ ਆਦਰਸ਼ ਵੀ ਸੀ। ਹਿੰਦੂ ਪੁਰੋਹਿਤ ਜਮਾਤ ਨੇ ਧਰਮ ਨੂੰ ਆਪਣੀਆਂ ਸਹੂਲਤਾਂ ਅਨੁਸਾਰ ਢਾਲਦਿਆਂ ਇਸ ਨੂੰ ਸਮਾਜ ਨਾਲੋਂ ਤੋੜ ਕੇ ਪ੍ਰਸਤੁੱਤ ਕਰਨ ਦੇ ਯਤਨ ਕੀਤੇ। ਸਮਾਜ ਦੀ ਇਸ ਚੱਤੁਰ ਸ਼੍ਰੇਣੀ ਨੇ ਧਰਮ ਦਾ ਆਸਰਾ ਲੈ ਕੇ ਅਜਿਹੇ ਸਿੱਧਾਂਤ ਘੜਾਏ ਅਤੇ ਸਮਾਜ ਦੀ ਅਜਿਹੀ ਸ਼੍ਰੇਣੀ ਵੰਡ ਕੀਤੀ ਜਿਸ ਵਿਚ ਉਹ ਧਰਮ ਦੇ ਨਾਮ ਤੇ ਵਿਹਲੜ ਰਹਿ ਕੇ ਜ਼ਿੰਦਗੀ ਬਸਰ ਕਰ ਸਕਣ। ਭਾਰਤੀ ਧਾਰਮਿਕ ਪਰੰਪਰਾ ਦੀਆਂ ਅਧਿਕਤਰ ਕਦਰਾਂ—ਕੀਮਤਾਂ ਮਨੁੱਖ ਨੂੰ ਭਾਂਜਵਾਦ, ਸੰਸਾਰ ਤੱਜਣ ਅਤੇ ਪਰਨਿਰਭਰਤਾ ਵਲ ਪ੍ਰੇਰਿਤ ਕਰਦੀਆਂ ਹਨ। ਡਾ. ਦਰਸ਼ਨ ਸਿੰਘ ਅਨੁਸਾਰ, "ਗ੍ਰਹਿਸਤੀ ਨੂੰ ਕਰਮੀ, ਕਰਮ ਨੂੰ ਬੰਧਨ, ਬੰਧਨ ਨੂੰ ਅਵਿਦਿਆ, ਅਵਿਦਿਆ ਨੂੰ ਮਾਇਆ ਤੇ ਮਾਇਆ ਨੂੰ ਨਰਕ ਦਾ ਪਾਤਰ ਬਣਾ ਕੇ ਗ੍ਰਹਿਸਤੀ ਨੂੰ ਨਰਕਧਾਰੀ ਸਿੱਧ ਕਰਨ ਲਈ ਇਕ ਲੰਮੀ ਕੜੀ ਬਣਾਈ ਗਈ। ਨਵਿਰਤੀ ਮਾਰਗ ਨੂੰ ਭਾਰਤੀ ਸੰਸਕ੍ਰਿਤੀ ਦਾ ਮੂਲ ਸੋਮਾ ਸਮਝਿਆ ਜਾਂਦਾ ਹੈ। ਸਮਾਜ ਤੋਂ ਨਵਿਰਿਤ ਹੋ ਕੇ, ਇਕਾਂਤਵਾਸੀ ਹੋਕੇ ਕਠਿਨ ਤਪੱਸਿਆ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਮਾਰਗ ਦੱਸਿਆ ਗਿਆ।[65]

ਗ੍ਰਹਿਸਤ ਪ੍ਰਧਾਨ

ਗੁਰੂ ਸਾਹਿਬਾਨ ਨੇ ਨਵਿਰਤੀ ਮਾਰਗ ਦੀ ਇਸ ਪਰੰਪਰਾ ਨੂੰ ਵੰਗਾਰਿਆ ਤੇ ਪਰਵਿਰਤੀ ਮਾਰਗ ਨੂੰ ਯੋਗ ਦਰਸਾਇਆ ਕਿਉਂਕਿ ਗੁਰੂ ਵਿਅਕਤੀ ਦਾ ਆਦਰਸ਼ ਧਰਮ ਨੂੰ ਜੀਵਨ ਨਾਲ ਜੋੜਨਾ ਸੀ। ਇਸ ਪ੍ਰਤੀ ਨੌਵੇਂ ਗੁਰਦੇਵ ਦੇ ਆਦੇਸ਼ ਹਨ :

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ਰਹਾਉ ॥
(ਧਨਾਸਰੀ ਮ. ੯ ਗੁਰੂ ਗ੍ਰੰਥ ਪੰ. ੬੯੪)

ਦਸਮ ਪਾਤਸ਼ਾਹ ਵੀ ਜਦੋਂ ਖਾਲਸ ਰੂਪ ਸੰਭਾਵਤ ਮਨੁੱਖ ਨੂੰ ਅੰਤਿਮ ਛੋਹਾਂ ਦੇ ਰਹੇ ਸਨ ਤਾਂ ਸੁਚੇਤ ਕਰਦੇ ਹਨ ਕਿ ਪੂਰਨਤਾ 'ਮਨ ਹੀ ਮਾਹਿ ਉਦਾਸਾ' ਨਾਲ ਜੁੜੀ ਹੈ ਅਤੇ ਇਹ ਗ੍ਰਿਹਸਤ ਵਿਚ ਹੀ ਸੰਜਮਮਈ ਜੀਵਨ ਬਤੀਤ ਕਰਦਿਆਂ ਪ੍ਰਾਪਤ ਹੋ ਸਕਦੀ ਹੈ :

ਰੇ ਮਨ ਐਸੋ ਕਰਿ ਸੰਨਿਆਸਾ ॥
ਬਨਸੇ ਸਦਨ ਸਭੈ ਕਰਿ ਸਮਝੁ ਮਨ ਹੀ ਮਾਹਿ ਉਦਾਸਾ ॥ ਰਹਾਉ ॥

ਸਤ ਕੀ ਸਟਾ ਜੋਗ ਕੋ ਮਜਨੁ ਨੇਮ ਕੋ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਕੁਤ ਲਗਾਓ ॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੋਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹੂੰਬੋ ਤ੍ਰਿਗੁਣ ਅਤੀਤ ॥੨੧॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹ ਪਾਵੈ ॥੨॥

(ਰਾਮਕਲੀ ਪਾਤਿਸ਼ਾਹੀ ੧੦, ਅਕਾਲ ਉਸਤਤਿ, ਦਸਮ ਗ੍ਰੰਥ)

ਇਹ ਪਰਮ ਪੂਰਖ ਦੀ ਪ੍ਰਾਪਤੀ ਲਈ ਆਚਾਰ ਲਿਖੀ ਹੈ ਅਤੇ ਇਸ ਵਾਸਤੇ ਲੰਡੀਂਦੇ ਧਾਰਮਿਕ ਆਧਾਰ ਪੂਰਨ ਭਾਂਤ ਦਰਸਾ ਦਿੱਤੇ ਗਏ ਹਨ ।

ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬਾਨ ਦੀ ਛੱਤਰ ਛਾਇਆ ਹੇਠ ਸਿੱਖੀ ਵਰਤੋਂ ਵਿਹਾਰ ਨੂੰ ਬਹੁਤ ਨੇੜਿਓਂ ਹੋ ਕੇ ਵੇਖਿਆ ਤੇ ਗਹਿਰਾਈ ਨਾਲ ਉਸਦਾ ਅਧਿਐਨ ਕੀਤਾ । ਭਾਈ ਸਾਹਿਬ ਦਸਦੇ ਹਨ ਕਿ ਛਿਲਕੇ ਸਮੇਤ ਚੋਲਾਂ ਨੂੰ ਬੀਜਿਆ ਜਾਏ ਤਾਂ ਉਸ ਤੋਂ ਹੋਈ ਪੈਦਾਵਾਰ ਨੂੰ ਖਾਕੇ ਅਨੇਕਾਂ ਜੀਆਂ ਦਾ ਭਲਾ ਹੁੰਦਾ ਹੈ । ਜੇ ਛਿਲਕੇ ਸਮੇਤ ਚੌਲਾਂ ਦੀ ਸੰਭਾਲ ਕੀਤੀ ਜਾਏ ਤਾਂ ਕਾਫੀ ਸਮੇਂ ਤੱਕ ਘੁਣ ਲਗਣ ਦਾ ਡਰ ਨਹੀਂ ਰਹਿੰਦਾ । ਛਿਲਕਾ ਉਤਰਦਿਆਂ ਸਾਰ ਹੀ ਉਸਦੇ ਰੂਪ ਵਿਚ ਪ੍ਰੀਵਰਤਨ ਆਉਂਦਾ ਹੈ ਤੇ ਲੋਕੀਂ ਉਸਦਾ ਭੋਜਨ ਕਰਕੇ ਉਸ ਦਾ ਅਸਤਿਤਵ ਸਮਾਪਤ ਕਰ ਦਿੰਦੇ ਹਨ । ਦਿਵੇਂ ਹੀ ਗ੍ਰਹਿਸਤ ਗੁਰਸਿੱਖ ਲਈ ਚਾਵਲ ਦੇ ਛਿਲਕੇ ਦੀ ਨਿਆਈ ਹੈ । ਉਸ ਦਾ ਰਖਵਾਲਾ ਹੈ । ਬੁਰਾਈਆਂ ਕਰਨ ਤੋਂ ਹੱਥ ਕੇ ਸੰਜਮ ਵਿਚ ਰਖਦਾ ਹੈ । ਕੰਵਲ ਵਾਂਗ ਘਰ ਵਿਚ ਹੀ ਅਸਲੀ ਬੈਰਾਗੀ ਤੇ ਸੰਨਿਆਸੀ ਬਣਨ ਵਿਚ ਸਹਾਈ ਹੁੰਦਾ ਹੈ । ਗ੍ਰਿਹਸਤ ਤਾਂ ਆਧਾਰ ਸਿਰਜਣ ਹੈ ਪ੍ਰਭੂ ਪ੍ਰਾਪਤੀ ਦੀ ;

ਤੁਸ ਮੈ ਤੇਂਦਲ ਬੋਦੋ ਨਿਪਜੈ ਸਹੰਸ੍ਰ ਗੁਨੋ, ਦੇਹ ਧਾਰਿ ਕਰਤ ਹੈ ਪਰਉਪਕਾਰ ਜੀ ।
ਤੁਸ ਮੈ ਤੰਦੁਲ ਨਿਰਬਿਘਨ ਲਾਗੋ ਨ ਘੁਨੁ, ਰਾਖੈ ਰਹੈ ਚਿਰੰਕਾਲ ਹੋਤ ਨ ਬਿਕਾਰ ਜੀ ।
ਭੁਖ ਸੋ ਨਿਕਸਿ ਹੋਇ ਭਗਤ ਮਲੀਨ ਰੂਪ, ਸ੍ਵਾਦ ਕਰਤਾਇ ਰਾਖੈ ਰਹੈ ਨ ਸੰਸਾਰ ਜੀ ।
ਗੁਰ ਉਪਦੇਸ ਗੁਰਸਿਖ ਗ੍ਰਿਹ ਮੈ ਬੈਰਾਗੀ, ਗ੍ਰਿਹ ਤਜਿ ਬਨ ਖੰਡ ਹੋਤ ਨ ਉਧਾਰ ਜੀ ॥

(ਕਬਿੱਤ ੧੨੧)

ਗ੍ਰਿਹਸਤ ਆਸ਼ਰਮ ਪ੍ਰਯੋਗਸ਼ਾਲਾ ਤੇ ਕਸਵੱਟੀ ਹੈ ਧਰਮ ਦੀਆਂ ਨੈਤਿਕ ਤੇ ਸਦਾਚਾਰਿਕ ਕੀਮਤਾਂ ਨੂੰ ਪਰਖਣ ਦੀ । ਕਿਸੇ ਮਨੁੱਖ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਕਿਸ ਸੀਮਾਂ ਤੱਕ ਸੰਜਮ ਵਿਚ ਹਨ, ਮਨੁੱਖ ਇਨ੍ਹਾਂ ਦਾ ਸਮਾਂ ਪੈਣ ਤੇ ਕਿੰਨਾ ਕੁ ਸਾਹਮਣਾ ਕਰ ਸਕਦਾ ਹੈ, ਉਸਦੀ ਕਿਤਨੀ ਕੁ ਜਿੱਤ ਤੇ ਹਾਰ ਹੁੰਦੀ ਹੈ, ਇਹ ਗੁਸਾਈਂ ਦਾ ਪਹਿਲਵਾਨੜਾ ਬਣ, ਪਿੜ ਵਿਚ ਉਤਰਿਆਂ ਹੀ ਪਤਾ ਲਗੇਗਾ ਨਾ ਕਿ ਕਿਨਾਰੇ ਤੇ ਬਹਿ ਕੇ ਕੇਵਲ ਨਿਹਾਰਦੇ ਰਹਿਣ ਨਾਲ । ਸਤਿ, ਸੰਤੋਖ, ਦਇਆ, ਖਿਮਾਂ, ਪਰਉਪਕਾਰ ਆਦਿ ਸਦ-ਗੁਣਾਂ ਦੀ ਪਰਪੱਕਤਾ ਸਮਾਜ ਵਿਚ ਰਹਿੰਦਿਆਂ ਹੀ ਹੋ ਸਕਦੀ ਹੈ । ਸੋ ਭਾਵੇਂ ਹਿੰਦੂ ਧਰਮ ਦੀ ਪ੍ਰੋਹਿਤ ਜਮਾਤ ਅਤੇ ਨਾਥਾਂ ਜੋਗੀਆਂ ਆਦਿ ਨੇ ਗ੍ਰਿਹਸਤ ਨੂੰ ਤ੍ਰਿਸਕਾਰਿਆ ਸੀ ਪਰ ਇਸਦੇ ਉਲਟ ਭਾਈ ਸਾਹਿਬ ਨੇ ਗ੍ਰਿਹਸਤ ਨੂੰ ਧਰਮਾਂ ਦਾ ਸਿਰਮੌਰ ਗਰਦਾਨਿਆ ਹੈ । ਜਿਵੇਂ ਤਲਾਵਾਂ ਅਤੇ ਨਦੀਆਂ ਵਿਚੋਂ ਸਮੁੰਦਰ ਮਹਾਨ ਹੈ, ਪਹਾੜਾਂ ਵਿਚ ਸੁਮੇਰ ਦੀ ਉੱਚਤਾ ਪ੍ਰਵਾਨ ਹੈ, ਬ੍ਰਿਛਾ ਵਿਚੋਂ ਚੰਦਨ ਤੇ ਧਾਤਾਂ ਵਿਚੋਂ ਸੋਨਾ ਉੱਤਮ ਹੈ, ਪੰਛੀਆਂ ਵਿਚੋਂ ਹੰਸ, ਸ਼ੇਰਾਂ ਵਿਚੋਂ ਬੱਬਰ ਸ਼ੇਰ, ਰਾਗਾਂ ਵਿਚੋਂ ਸ੍ਰੀ ਰਾਗ ਅਤੇ ਪੱਥਰਾਂ ਵਿਚੋਂ ਪਾਰਸ ਸ੍ਰੇਸ਼ਠ ਹੈ ਉਵੇਂ ਹੀ ਗਿਆਨ ਵਿਚੋਂ ਗੁਰੂ ਗਿਆਨ, ਧਿਆਨ ਵਿਚੋਂ ਗੁਰੂ ਧਿਆਨ ਅਤੇ ਸਾਰੇ ਧਰਮਾਂ ਵਿਚੋਂ ਗ੍ਰਿਹਸਤ ਪ੍ਰਧਾਨ ਧਰਮ ਹੈ :

ਜੈਸੇ ਸਰਿ ਸਰਿਤਾ ਸਕਲ ਮੈ ਸਮੁੰਦ੍ਰ ਬਡੋ, ਮੇਰ ਮੈ ਸੁਮੇਰ ਬਡੋ ਜਗਤ ਬਖਾਨ ਹੈ ।
ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ, ਧਾਤ ਮੈ ਕਨਕ ਅਤਿ ਉਤਮ ਕੋ ਮਾਨਿ ਹੈ ।

ਪੰਛੀਅਨ ਮੈ ਹੰਸੁ ਮ੍ਰਿਗ ਰਾਜਨ ਮੈ ਸਾਰਦੂਲ, ਰਾਗਨ ਮੈ ਸਿਰੀ-ਰਾਗੁ ਪਾਰਸ ਪਖਾਨ ਹੈ।
ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰ, ਸਕਲ ਧਰਮ ਮੈ ਗ੍ਰਿਹਸਰੁ ਪ੍ਰਧਾਨ ਹੈ।
(ਕਬਿੱਤ ੩੭੬)

ਹਿੰਦੂ ਧਰਮ ਸ਼ਾਸਤਰਾਂ ਅਨੁਸਾਰ ਮਨੁੱਖ ਜ਼ਿੰਦਗੀ ਦੀ ਉਮਰ ਸੌ ਕ ਸਾਲ ਮੰਨ ਕੇ ਇਸ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਬ੍ਰਹਮਚਰਜ, ਗ੍ਰਿਹਸਰ, ਬਾਨਪ੍ਰਸਰ ਅਤੇ ਸੰਨਿਆਸ।[66] ਹਿੰਦੂ ਵਿਧੀ ਵਿਧਾਨ ਅਨੁਸਾਰ ਭਾਵੇਂ ਗ੍ਰਿਹਸਤੀ ਜੀਵਨ ਨੂੰ ਸ੍ਰਿਸ਼ਟੀ ਚਲਾਉਣ ਲਈ ਜ਼ਰੂਰੀ ਮੰਨਿਆ ਗਿਆ, ਫਿਰ ਵੀ ਜੀਵਨ ਨੂੰ ਚਾਰ ਆਸ਼ਰਮਾਂ ਵਿਚ ਬੰਨ੍ਹਕੇ ਇਸ ਨੂੰ ਜੀਵਨ ਦਾ ਚੌਥਾ ਹਿੱਸਾ ਹੀ ਛਿੱਡਾ ਗਿਆ ਹੈ। ਉਸ ਵਿਚ ਵੀ ਗ੍ਰਿਹਸਤੀ ਦੇ ਜੀਵਨ ਨੂੰ ਬਹੁਤ ਘੱਟ ਸਤਿਕਾਰਿਆ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਭਾਵੇਂ ਭਾਰਤੀ ਧਰਮ ਪਰੰਪਰਾ ਨੇ ਹੋਰ ਅਨੇਕਾਂ ਜਿੱਧਾਂਤਾਂ ਅਤੇ ਵਰਣਾਂ ਆਦਿ ਨੂੰ ਮਾਨਤਾ ਪ੍ਰਦਾਨ ਕੀਤੀ ਪਰ ਫਿਰ ਵੀ ਇਹ ਸਾਰੇ ਗ੍ਰਿਹਸਤੀਆਂ ਤੇ ਨਿਰਭਰ ਹੋਣ ਕਰਕੇ ਇਨ੍ਹਾਂ ਦਾ ਮੂਲ ਇਕ ਤਰ੍ਹਾਂ ਨਾਲ ਗ੍ਰਿਹਸਤ ਹੀ ਹੈ ਅਤੇ ਇਹ ਸਭ ਵਰਤੇ ਦਰਖਤ ਦੀ ਤਰ੍ਹਾਂ ਉਸ ਦੀਆਂ ਛੋਟੀਆਂ ਛੋਟੀਆਂ ਸ਼ਾਖਾਵਾਂ ਹਨ :

ਜੈਸੇ ਮਛ ਕਛ ਬਗ ਹੰਸ ਮੁਕਤਾ ਪਾਖਾਨ, ਅੰਮ੍ਰਿਤ ਬਿਖੈ ਪ੍ਰਗਾਸ ਉਦਧਿ ਸੈ ਜਾਨੀਐ।
ਜੈਸੇ ਤਾਰੇ ਤਾਰੀ ਤਉ ਆਰਸੀ ਸਨਾਹ ਸਸਤ੍ਰ, ਲੋਹ ਏਕਸੇ ਅਨੇਕ ਰਚਨਾ ਬਖਾਨੀਐ।
ਭਾਂਜਨ ਬਿਬਿਧ ਜੈਸੇ ਹੋਤ ਏਕ ਮਿਰਤਕਾ ਸੈ, ਖੀਰ ਨੀਰ ਭੇਜਨਾਦਿ ਅਉਖਦ ਸਮਾਨੀਐ।
ਤੈਸੇ ਦਰਸਨ ਬਹੁ ਬਰਨ ਆਸ੍ਰਮ ਧ੍ਰਮ ਸਕਲ ਗ੍ਰਿਹਸਰੁ ਕੀ ਸਾਖਾ ਉਨਮਾਨੀਐ।
(ਕਬਿੱਤ ੩੭੫)

ਜਿਵੇਂ ਪੰਛੀ ਸਵੇਰੇ ਦਰਖਤ ਤੋਂ ਉੱਡਕੇ ਭਾਵੇਂ ਜਿਤਨਾ ਮਰਜੀ ਦੂਰ ਚਲਾ ਜਾਏ, ਕੀੜੀ ਖੁੱਡ ਵਿਚੋਂ ਨਿਕਲ ਕੇ ਜਿਥੇ ਮਰਜੀ ਫਿਰੇ ਬਾਲਕ ਰੁੱਠਕੇ ਜਿਥੇ ਮਰਜੀ ਜਾਏ ਪਰ ਆਖਰ ਨੂੰ ਆਪਣੇ ਟਿਕਾਣਿਆਂ ਤੇ ਆ ਕੇ ਹੀ ਸੁਖ ਦਾ ਅਨੁਭਵ ਕਰਦੇ ਹਨ, ਇਉਂ ਹੀ ਤਿਆਗੀ ਸੰਨਿਆਸੀ ਵੀ ਭੱਟਕ ਕੇ ਮੁੜ ਗ੍ਰਿਹਸਤੀਆਂ ਦਾ ਹੀ ਆਸਰਾ ਤਕਦੇ ਹਨ :

ਜੈਸੇ ਪ੍ਰਾਤ ਸਮੈ ਖਗ ਜਾਤ ਉਡਿ ਬਿਰਖ ਸੈ, ਬਹੁਰਿ ਆਇ ਬੈਠਤ ਬਿਰਖ ਹੀ ਮੈ ਆਇਕੇ।
ਚੀਟੀ ਚੀਟਾ ਬਿਲ ਸੈ ਨਿਕਸਿ ਧਰ ਗਵਨ ਕੈ, ਬਹੁਰਿਓ ਪੈਸਤ ਜੈਸੇ ਬਿਲ ਹੀ ਮੈ ਜਾਇਕੈ।
ਲਰਕੈ ਲਰਿਕਾ ਰੂਠਿ ਜਾਤ ਤਾਤ ਮਾਤ ਸਨ, ਭੂਖ ਲਾਗੈ ਤਿਆਗੈ ਹਠ ਆਵੈ ਪਛੁਤਾਇ ਕੈ।
ਤੈਸੇ ਗ੍ਰਿਹ ਤਿਆਗਿ ਭਾਗਿ ਜਾਤ ਉਦਾਸ ਬਾਸ ਆਸਰੋ ਤਕਤ ਪੁਨਿ ਗ੍ਰਿਹਸਤ ਕੌ ਧਾਇਕੈ।
(ਕਬਿੱਤ ੫੪੮)

ਸੋ ਇਉਂ ਭਾਈ ਸਾਹਿਬ ਨੇ ਉਕਤ ਵਿਆਖਿਆ ਨਾਲ ਸਿੱਖ ਧਰਮ ਦੇ ਧਰਮ ਵਿਗਿਆਨ (Theology) ਨੂੰ ਸਾਹਮਣੇ ਲਿਆਂਦਾ ਹੈ। ਸਮਕਾਲੀਨ ਅਤੇ ਸਭ ਸਮਿਆਂ ਲਈ ਧਰਮ ਨੂੰ ਸਮਾਜਿਕ ਪ੍ਰਫੁਲਤਾ ਵਿਚ ਬਾਧਕ ਹੋ ਸਕਨ ਤੋਂ ਇਨਕਾਰ ਕਰਦਿਆਂ ਧਰਮ ਦੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਪ੍ਰਸਤੁੱਤ ਕੀਤਾ ਹੈ।

ਹਰ ਧਰਮ ਦੀ ਇਕ ਬਾਹਰੀ ਰਹਿਤ ਹੁੰਦੀ ਹੈ ਜਿਸ ਨਾਲ ਜੀਵਨ ਦਾ ਨੈਤਿਕ ਤੇ ਆਚਰਣਿਕ ਪੱਖ ਜੁੜਿਆ ਹੁੰਦਾ ਹੈ। ਇਸ ਤੋਂ ਬਿਨਾਂ ਕਿਸੇ ਵੀ ਧਰਮ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਆਚਾਰ ਤੇ ਧਰਮ ਇਕ ਦੂਸਰੇ ਨਾਲ ਓਤਪ੍ਰੋਤ ਹਨ। ਦਰਅਸਲ ਧਰਮ ਨੇ ਸੁੱਚੇ ਆਚਾਰ ਰਾਹੀਂ ਹੀ ਪ੍ਰਕਾਸ਼ਮਾਨ ਹੋਣਾ ਹੁੰਦਾ ਹੈ। ਸੰਤ ਸਿੰਘ ਸੇਖੋਂ ਦੇ ਸ਼ਬਦਾਂ ਵਿਚ, "ਧਰਮ ਤੇ ਆਚਾਰ ਦੋਹਾਂ ਦੀਆਂ ਨੀਹਾਂ ਇਕੋ ਭਾਵ ਵਿਚ ਹਨ ਅਤੇ ਉਹ ਭਾਵ ਹੈ ਜਾਤੀ ਤੇ ਸਮਾਜ ਦਾ ਵਾਧਾ। ਜੋ ਮਤਿ ਧਰਮ ਨੂੰ ਜਾਤੀ ਤੇ ਸਮਾਜ ਦੇ ਵਾਧੇ ਦਾ ਅਤੀ ਲੰਡੀਂਦਾ ਸਾਧਨ ਸਮਝਦੇ ਹਨ, ਉਹ ਆਚਾਰ ਦੀ ਕੰਧ ਵੀ ਧਰਮ ਦੀ ਨੀਂਹ ਉਤੇ ਹੀ ਉਸਾਰਨਗੇ। ਇਸ ਲਈ ਸਭ ਆਸਤਕ ਮੱਤਾਂ, ਬ੍ਰਾਹਮਣ, ਬੁੱਧ, ਈਸਾਈ, ਮੁਸਲਿਮ, ਸਿੱਖ ਵਿਚ ਆਚਾਰ ਦੀ ਨੀਂਹ ਧਰਮ ਹੈ।[67]

ਭਾਈ ਗੁਰਦਾਸ ਜੀ ਦੇ ਕਬਿੱਤ ਸਵੈਯੇ ਇਸ ਤਰ੍ਹਾਂ ਨਾਲ ਸਿੱਖ ਰਹਤ ਮਰਯਾਦਾ ਅਤੇ ਨੈਤਿਕ ਕੀਮਤਾਂ ਦੇ ਧਰਮ ਵਿਗਿਆਨ (Theology) ਦੀ ਵਿਆਖਿਆ ਹੀ ਹਨ। ਇਸ ਸੰਬੰਧੀ ਕੁੱਝ ਸੰਕਲਪ ਸੰਕੋਚ ਮਾਤਰ ਹੇਠਾ ਵਿਚਾਰੇ ਜਾ ਰਹੇ ਹਨ।

ਨਿਮਰਤਾ

ਗੁਰੂ ਨਾਨਕ ਸਾਹਿਬ ਨੇ ਨਿਮਰਤਾ ਨੂੰ ਸਭ ਚੰਗਿਆਈਆਂ ਦਾ 'ਭੁੱਤ' ਪਰਵਾਨਿਆ :

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ ॥

(ਸਿਰੀ ਮਹਲਾ ਰਾਗ ੧ ਗੁਰੂ ਗ੍ਰੰਥ ਪੰ. ੪੭੦)

ਸੰਸਾਰ ਵਿਚ ਹਜ਼ਾਰਾਂ ਉਲਝਣਾਂ ਨਿਮਰਤਾ ਦੇ ਅਭਾਵ ਕਾਰਨ ਪੈਦਾ ਹੁੰਦੀਆਂ ਹਨ ਅਤੇ ਹਜ਼ਾਰਾਂ ਉਲਝਣਾਂ ਨਿਮਰ ਭਾਵ ਨਾਲ ਸੁਲਝਾਈਆਂ ਜਾ ਸਕਦੀਆਂ ਹਨ। ਸਮਾਜਿਕ ਪਖੋਂ ਨਿਮਰਤਾ ਇਕ ਤਰ੍ਹਾਂ ਨਾਲ ਸਦਾਚਾਰ ਦਾ ਆਧਾਰ ਹੈ। ਨਿਮਰ ਮਨੁੱਖ ਸਮਾਜ ਵਿਚ ਸਤਿਕਾਰ ਦਾ ਪਾਤਰ ਤੇ ਦੂਜਿਆਂ ਲਈ ਪ੍ਰੇਰਨਾ ਦਾ ਸੋਮਾ ਬਣਦਾ ਹੈ। ਹੈਵਰੀ ਸਿਜਵਿਕ ਰੰਮਨ ਅਨੁਸਾਰ, "ਸਮਾਜਕ ਪੱਖ ਤੋਂ ਇਸਦਾ ਭਾਵ ਹੈ ਕਿ ਆਪਣੀ ਪ੍ਰਸੰਸਾ ਤੇ ਗੁਣ ਬਦਲੇ ਸੁਖ ਆਰਾਮ ਦੀ ਮੰਗ ਨਾ ਕਰਨਾ। ਨਿਮਰਤਾ ਦਾ ਭਾਵ ਮਨੁੱਖ ਨੂੰ ਇਹ ਮਹਿਸੂਸ ਕਰਾਉਣਾ ਹੈ ਕਿ ਉਹ ਆਪਣੇ ਆਦਰਸ਼ਾਂ ਦੀ ਪੂਰਤੀ ਤੋਂ ਅਜੇ ਕਿਤੇ ਦੂਰ ਹੈ। ਇਸ ਲਈ ਇਹ ਗੁਣ ਪ੍ਰਾਪਤੀ ਵਾਲੇ ਮਨੁੱਖ ਦਾ ਹੀ ਨਹੀਂ ਬਲਕਿ ਉਨ੍ਹਾਂ ਦਾ ਵੀ ਹੈ ਜਿਹੜੇ ਆਪਣੇ ਆਪ ਨੂੰ ਆਦਰਸ਼ ਪ੍ਰਾਪਤੀ ਦੇ ਮਿਆਰ ਤੋਂ ਪਰਖਦੇ ਹਨ।[68] ਧਰਮ ਦੇ ਦਾਅਵੇਦਾਰਾਂ ਦੀ ਮਹੱਤਾ ਹੋਰ ਵੀ ਵੱਧ ਜਾਂਦੀ ਹੈ ਕਿਉਂ ਕਿ ਧਰਮੀ ਮਨੁੱਖ ਨੇ ਸਮਾਜ ਲਈ ਆਦਰਸ਼ ਮਨੁੱਖ ਬਣਨਾ ਤੇ ਸਦਾਚਾਰ ਪੱਖੋਂ ਇਕ ਤਰ੍ਹਾਂ ਨਾਲ ਸਮਾਜ ਦੀ ਅਗਵਾਈ ਕਰਨੀ ਹੁੰਦੀ ਹੈ। ਅਜਿਹੇ ਆਦਰਸ਼ਕ ਮਨੁੱਖ ਲਈ ਨਿਮਰਤਾ ਬੌਧਿਕ ਸੁੱਖ ਦਾ ਪ੍ਰਤੀਕ ਬਣਦੀ ਹੈ ਕਿਉਂਕਿ ਉਸ ਦੇ ਨਿਮਰਤਾ ਦੇ ਗੁਣ ਨਾਲ ਉਸਦਾ ਆਲਾ ਦੁਆਲਾ ਸੁਗੰਧੀ ਭਰਪੂਰ ਹੁੰਦਾ ਹੈ। ਭਾਈ ਗੁਰਦਾਸ ਜੀ ਇਸ ਪੱਖੋਂ ਪੂਰੀ ਤਰ੍ਹਾਂ ਜਾਗਰੂਕ ਸਨ। ਸੰਤ ਸਿੰਘ ਸੰਖੋ ਦੇ ਵਿਚਾਰ ਇਸ ਪਖੋਂ ਧਿਆਨਯੋਗ ਹਨ, "ਭਾਈ ਗੁਰਦਾਸ ਇਕ ਆਸਤਕ ਤੇ ਆਸਤਕ ਵੀ ਭਗਤੀ ਤੇ ਸ਼ਰਧਾ ਭਰਪੂਰ ਹੁੰਦੇ ਹੋਏ ਆਚਾਰ ਨੂੰ ਧਰਮ ਦਾ ਹੀ ਅੰਗ ਸਮਝਦੇ ਹਨ। ਉਨ੍ਹਾਂ ਨੇ ਆਚਰਣ ਦੇ ਉਹ ਗੁਣ ਪਰਧਾਨ ਵਰਣਨ ਕੀਤੇ ਹਨ ਜੋ ਭਗਤੀ ਤੇ ਸ਼ਰਧਾ ਲਈ ਲੱਜ਼ਾ ਦੇ ਹਨ ਅਤੇ ਭਗਤੀ ਤੇ ਸ਼ਰਧਾ ਵਿਚ ਪਰਧਾਨਤਾ ਗਰੀਬੀ ਤੇ ਨਿਮਰਤਾ ਦੀ ਹੈ।"[69]

ਭਾਈ ਸਾਹਿਬ ਦ੍ਰਿਸ਼ਟਾਤਾਂ ਰਾਹੀਂ ਸਮਝਾਉਂਦੇ ਹਨ ਕਿ ਉਲਝਣਾਂ ਭਰੇ ਸੰਸਾਰ ਵਿਚ ਜੇ ਭਗਤੇ ਵੇਲੇ ਇਕ ਚਿਤ ਨਿਮਰਤਾ ਧਾਰ ਕੇ ਹਾਰ ਮੰਨ ਲਵੇ ਤਾਂ ਮਸਲਾ ਸੁਲਝ ਜਾਂਦਾ ਹੈ। ਜਿਵੇਂ ਪਾਣੀ ਆਪਣੇ ਸੁਭਾਅ ਕਾਰਨ ਉਚਾਈ ਤੇ ਨਹੀਂ ਠਹਿਰ ਸਕਦਾ ਇਵੇਂ ਨਾਮ ਸਿਮਰਨ ਰੂਪੀ ਜਲ ਨਿਮਰਤਾ ਤੋਂ ਰਹਿਤ ਹੰਕਾਰ ਭਰੇ ਹਿਰਦੇ ਵਿਚ ਨਹੀਂ ਟਿੱਕ ਸਕਦਾ। ਮਨੁੱਖੀ ਸਰੀਰ ਵਿਚੋਂ ਪੈਰ ਨੀਵੇਂ ਹੋਣ ਕਰਕੇ ਨਿਮਰਤਾ ਦੇ ਪ੍ਰਤੀਕ ਹਨ। ਇਸੇ ਕਰਕੇ ਚਰਨਾਂ ਨਾਲ ਛੰਹੇ ਜਲ ਤੇ ਮਿੱਟੀ ਨੂੰ ਕ੍ਰਮਵਾਰ ਚਰਨਾਮ੍ਰਿਤ ਤੇ ਚਰਨ-ਧੂੜ ਦੀ ਸੰਗਿਆ ਦਿੱਤੀ ਜਾਂਦੀ ਹੈ। ਇਵੇਂ ਹੀ ਨਿਮਰਤਾ ਕਰਕੇ ਸਾਰਾ ਸੰਸਾਰ ਭਗਤ ਜਨਾਂ ਦੇ ਚਰਨਾਂ ਤੇ ਮਸਤਕ ਝੁਕਾਉਂਦਾ ਹੈ :

ਹਾਰਿ ਮਾਨੀ ਭਗਤੰ ਮਿਟਸ ਰੋਸ ਮਾਰੇ ਸੈ ਰਸਾਇਨ ਹੁਇ,
ਪੋਟ ਡਾਰੇ ਲਾਗਤ ਨ ਡੰਡੂ ਜਗ ਜਾਨੀਐ।
ਹਉਮੈ ਅਭਿਮਾਨ ਅਸਥਾਨ ਉ੍ਚੇ ਨਾਹਿ ਜਲੁ, ਨਿਮਤ ਨਵਨ ਬਲ ਜਲੁ ਪਹਿਚਾਨੀਐ।
ਅੰਗ ਸਰਬੰਗ ਤਰਹਰ ਹੋਤ ਹੈ ਚਰਨ, ਤਾਂਤੇ ਚਰਨਾਮ੍ਰਿਤ ਚਰਨ ਰੇਨ ਮਾਨੀਐ।
ਤੈਸੇ ਹਰਿ ਭਗਤ ਜਗਤ ਮੈ ਨਿਮਰੀਭੂਤ, ਜਗ ਪਗ ਲਗਿ ਮਸਤਕਿ ਪਰਵਾਨੀਐ।

(ਕਬਿੱਤ ੨੮੮)

'ਨਿਵੈ ਸੁ ਗਉਰਾ ਹੋਇ' ਦੇ ਆਦਰਸ਼ ਨੂੰ ਸਾਹਮਣੇ ਰਖਦਿਆਂ ਭਾਈ ਸਾਹਿਬ ਧਰਤੀ, ਚੀਚੀ ਉਂਗਲੀ, ਮੱਖੀ, ਕੀੜੀ, ਭਗਤ ਰਵਿਦਾਸ, ਨਾਮਾ, ਬਿਦਰ ਤੇ ਕਬੀਰ ਦਾ ਦ੍ਰਿਸ਼ਟਾਂਤ ਦਿੰਦਿਆਂ ਸਮਝਾਉਂਦੇ ਹਨ ਕਿ ਇਨ੍ਹਾਂ ਸਭ ਨੂੰ ਨੀਵਿਆਂ ਹੋਣ ਕਾਰਨ ਹੀ ਉੱਚੀਆਂ ਪਦਵੀਆਂ ਪ੍ਰਾਪਤ ਹੋਈਆਂ :

ਜੈਸੇ ਪਾਂਚੋ ਤਤ ਬਿਖੈ ਬਸੁਧਾ ਨਵਨ ਮਨ, ਤਾਂ ਮੈ ਉਤਪਤ ਹੁਇ ਸਮਾਤ ਸਭ ਤਾਹੀ ਮੈ ।
ਜੈਸੇ ਪਾਂਚੋ ਆਂਗੁਰੀ ਮੈ ਸੂਖਮ ਕਨੂੰਗੁਆ ਹੈ, ਕੰਚਨ, ਖਚਤ ਨਗ ਸੋਭਤ ਹੈ ਵਾਹੀ ਮੈ ।
ਜੈਸੇ ਨੀਚ ਜੋਨ ਗਨੀਅਤ ਅਤਿ ਮਾਖੀ ਕ੍ਰਿਮ, ਹੀਰ ਚੀਰ ਮਧੁ ਉਪਜਤ ਸੁਖ ਜਾਹੀ ਮੈ ।
ਤੈਸੇ ਰਵਿਦਾਸ ਨਾਮਾ ਬਿਦਰ ਕਬੀਰ ਭਏ, ਹੀਨ ਜਾਤਿ ਉਚ ਪਦ ਪਾਏ ਸਭ ਕਾਹੀ ਮੈ ।

(ਕਬਿੱਤ ੬੭੨)

ਤਾਣ ਹੁੰਦਿਆਂ, ਮਾਣ ਹੁੰਦਿਆਂ, ਵਿਦਵਤਾ ਹੁੰਦਿਆਂ ਵੀ ਅਤਿ ਨਿਮਰਤਾ ਤੇ ਦਾਸ ਭਾਵਨਾ ਨਾਲ ਕਿਵੇਂ ਗੁਰੂ ਅਗੇ ਸਮਰਪਿਤ ਰਹਿਣਾ ਚਾਹੀਦਾ ? ਇਸ ਦਾ ਅਤਿਅੰਤ ਸੁੰਦਰ ਚਿਤਰਣ ਭਾਈ ਸਾਹਿਬ ਨੇ ਇਉਂ ਕੀਤਾ ਹੈ :

ਤੋਸੋ ਨ ਨਾਥੁ ਅਨਾਥ ਨ ਮੋਸਰਿ, ਤੋਸੋ ਨ ਦਾਨੀ ਨ ਮੋਸੋ ਭਿਖਾਰੀ ।
ਮੋਸੋ ਨ ਦੀਨੁ ਦਇਆਲੁ ਨ ਤੋਸਰਿ, ਮੋਸੋ ਅਗਿਆਨੁ ਨ ਤੋਸੋ ਬਿਚਾਰੀ ।
ਮੋਸੋ ਨ ਪਤਿਤ ਨ ਪਾਵਨਿ ਤੋਸਰਿ, ਮੋਸੋ ਬਿਕਾਰੀ ਨ ਤੋਸੋ ਉਪਕਾਰੀ ।
ਮੋਰੋ ਹੈ ਅਵਗੁਨ ਤੂ ਗੁਨ ਸਾਗਰ, ਜਾਤ ਰਸਾਤਲ ਓਟ ਤਿਹਾਰੀ ।

(ਕਬਿੱਤ ੫੨੮)

SIKHBOOKCLUB.COM

ਹਉਮੈ ਦਾ ਤਿਆਗ

ਗੁਰਬਾਣੀ ਵਿਚ ਹਉਮੈ ਨੂੰ ਦੀਰਘ ਰੋਗ ਦੀ ਸੰਗਿਆ ਦਿੱਤੀ ਗਈ ਹੈ । ਇਸਦੇ ਕੈਂਸਰ ਰੂਪੀ ਕੀਟਾਣੂ ਧਰਮ ਦੇ ਜਾਹੋ ਜਲਾਲ ਨੂੰ ਭਸਮ ਕਰ ਦਿੰਦੇ ਹਨ। ਮਨੁੱਖੀ ਮਨ ਅਧਿਆਤਮਕਤਾ ਦੀਆਂ ਪਉੜੀਆਂ ਚੜ੍ਹਦਿਆਂ ਚੜ੍ਹਦਿਆਂ ਮੰਜ਼ਿਲ ਦੇ ਨਜ਼ਦੀਕ ਜਾ ਕੇ ਵੀ ਸਹਿਜੇ ਹੀ ਇਸ ਭਿਆਨਕ ਰੋਗ ਦੀ ਲਪੇਟ ਵਿਚ ਆ ਜਾਂਦਾ ਹੈ। ਫਿਰ ਕਰਾਮਾਤਾਂ, ਰਿੱਧੀਆਂ, ਸਿੱਧੀਆਂ, ਵਰ, ਸਰਾਪ ਤੇ ਹੋਰ ਕਈ ਤਰ੍ਹਾਂ ਦੇ ਕਰਮਕਾਂਡ ਇਸਦਾ ਰਾਹ ਰੋਕ ਲੈਂਦੇ ਹਨ ਤੇ ਉਹ ਤੱਤ-ਵਸਤੂ ਦਾ ਖੁਰ ਜਾਣਾ ਸੁਭਾਵਿਕ ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਇਸ ਸੰਬੰਧੀ ਪਾਣੀ ਦੇ ਦ੍ਰਿਸ਼ਟਾਂਤ ਨਾਲ ਦਸਦੇ ਹਨ ਕਿ ਹਉਮੈ ਤੇ ਅਭਿਆਨ ਭਰੇ ਹਿਰਦੇ ਵਿਚ ਪ੍ਰਭੂ ਦਾ ਵਾਸਾ ਨਹੀਂ ਹੋ ਸਕਦਾ :

ਹਉਮੈ ਅਭਿਮਾਨ ਅਸਥਾਨ ਉਚੇ ਨਾਹਿ ਜਲੁ,
ਨਿਮਤ ਨਵਨ ਥਲ ਜਲੁ ਪਹਿਚਾਨੀਐ ।

(ਕਬਿੱਤ ੨੮੮/੨)

ਹਉਮੈ ਨਿਵਾਰਣ ਲਈ ਇਕੋ ਇਕ ਰਾਹ ਗੁਰੂ ਸ਼ਰਨ ਹੀ ਹੈ । ਗੁਰਮਤਿ ਨੂੰ ਸਤਿ ਕਰਕੇ ਹਿਰਦੇ ਵਿਚ ਵਸਾਉਂਦਿਆਂ ਸਭਨਾਂ ਦੀ ਚਰਨਧੂੜ ਹੋਣ ਨਾਲ ਤ੍ਰਿਕੁਟੀ ਤੇ ਤ੍ਰਿਬੇਣੀ ਨੂੰ ਉਲੰਘ ਕੇ ਸਵੈ-ਸਰੂਪ ਦੀ ਪਹਿਚਾਣ ਹੋ ਜਾਂਦੀ ਹੈ :

ਗੁਰਮਤਿ ਸਤਿ ਕਰਿ ਹਉਮੈ ਖੋਇ ਹੋਇ ਰੇਨ,
ਤ੍ਰਿਕੁਟੀ ਤ੍ਰਿਬੇਨੀ ਪਾਰਿ ਆਪਾ ਆਪ ਚੀਨੇ ਹੈ ।

(ਕਬਿੱਤ ੨੪੩)

ਇਉਂ ਹਉਮੈ ਦਾ ਤਿਆਗ ਆਦਰਸ਼ ਪ੍ਰਾਪਤੀ ਦੀ ਮੰਜ਼ਿਲ ਵਲ ਵੱਧਣ ਵਿਚ ਸਹਾਈ ਹੁੰਦਾ ਹੈ ।

ਸੇਵਾ ਤੇ ਪਰਉਪਕਾਰ

ਭਾਰਤੀ ਧਰਮ ਪਰੰਪਰਾ ਵਿਚ ਧਰਮ ਸਾਧਨਾ ਵਧੇਰੇ ਕਰਕੇ 'ਵਰ ਤੇ ਸਰਾਪ' ਦੇ ਖ਼ਯਾਲੇ

ਕੇਂਦਰਿਤ ਹੈ ਜੋ ਹਉਮੈ ਦੀ ਪ੍ਰਤੀਕ ਹੈ। ਇਸ ਦਾ ਆਧਾਰ ਬ੍ਰਾਹਮਣਵਾਦੀ ਬਿਰਤੀ ਸੀ ਜਿਸ ਅਧੀਨ ਸਮਾਜ ਦੇ ਵੱਡੇ ਹਿੱਸੇ ਨੂੰ ਨੀਵਾਂ ਗਰਦਾਨ ਕੇ ਆਪਣੇ ਆਪ ਨੂੰ ਹਰ ਪੱਖ ਤੋਂ ਸਰਵ-ਸ੍ਰੇਸ਼ਟ ਸਿੱਧ ਕਰਨਾ ਸੀ। ਇਸ ਦਾ ਮੂਲ ਕਾਰਨ ਧਰਮ ਚੇਤਨਾ ਵਿਚ 'ਮੈਂ' ਵਾਲੀ ਹੰਕਾਰੀ ਬਿਰਤੀ ਕਰਕੇ ਨਿਮਰਤਾ ਦਾ ਮਨਫ਼ੀ ਹੋਣਾ ਸੀ। ਡਾ. ਰਤਨ ਸਿੰਘ ਜੱਗੀ ਲਿਖਦੇ ਹਨ, "ਹੰਕਾਰ ਅੰਧਕਾਰ ਵਾਂਗ ਹੈ ਅਤੇ ਸੇਵਾ ਪ੍ਰਕਾਸ਼ ਦੇ ਸਮਾਨ ਹੈ। ਹੰਕਾਰ ਆਪਣੇ ਆਪ ਜਾਂ ਆਪਣੇਪਨ ਵਿਚ ਜੀਣਾ ਹੈ। ਸੇਵਾ ਨਾਲ ਦੂਜਿਆਂ ਲਈ ਜੀਵਿਆ ਜਾਂਦਾ ਹੈ।[70]" ਸੋ ਨਿਮਰਤਾ ਦਾ ਅਖਾੜਾ ਸੇਵਾ ਹੈ। ਧਰਮੋਪਕਾਰੀ ਬਿਰਤੀ ਅਧੀਨ ਨਿਰਸਵਾਰਥ ਹੋ ਕੇ ਕੀਤੀ ਮਾਨਵਤਾ ਦੀ ਸੇਵਾ ਵਿਚੋਂ ਹੀ ਨਿਮਰਤਾ ਅਤੇ ਮਨੁੱਖੀ ਕਲਿਆਣ ਨੇ ਹੋਂਦ ਵਿਚ ਆਉਣਾ ਹੈ। ਪੱਛਮ ਵਿਚ ਈਸਾਈ ਮੱਤ ਦੇ ਮਿਸ਼ਨਰੀਆਂ ਨੇ ਇਸ ਭੇਦ ਨੂੰ ਸਮਝਦਿਆਂ ਇਸ ਤੇ ਰਨਦੇਹੀ ਨਾਲ ਅਮਲ ਕੀਤਾ ਹੈ ਅਤੇ ਇਸ ਨੂੰ ਈਸਾਈਅਤ ਦੇ ਪ੍ਰਚਾਰ ਦਾ ਆਧਾਰ ਬਣਾਇਆ ਹੈ।

ਪਹਿਲਾਂ ਦਰਸਾਏ ਸੰਕਲਪ 'ਨਿਮਰਤਾ' ਦੀ ਪ੍ਰਾਪਤੀ ਲਈ 'ਸੇਵਾ' ਆਵਸ਼ਕ ਕਰਮ ਖੇਤਰ ਹੈ। ਲਗਭਗ ਸਾਰੇ ਧਰਮਾਂ ਅਤੇ ਸਮਾਜਾਂ ਵਿਚ ਸੇਵਾ ਨੂੰ ਉਚੇ ਥਾਂ ਪ੍ਰਾਪਤ ਹੈ। ਬਾਕੀ ਧਰਮਾਂ ਵਾਂਗ ਹੀ ਮਨੁੱਖਤਾ ਦੇ ਕਲਿਆਣ ਲਈ ਹੋਂਦ ਵਿਚ ਆਏ ਸਿੱਖ ਧਰਮ ਅੰਦਰ ਇਸ ਦਾ ਅਤਿ ਅਧਿਕ ਮਹੱਤਵ ਹੈ।[71] ਗੁਰੂ ਨਾਨਕ ਸਾਹਿਬ ਨੇ ਪ੍ਰਭੂ ਪ੍ਰਾਪਤੀ ਲਈ ਵੀ ਸੇਵਾ ਨੂੰ ਆਧਾਰ ਵਜੋਂ ਪਰਵਾਨਿਆ :

ਵਿਚ ਦੁਨੀਆਂ ਸੇਵ ਕਮਾਈਐ ਤਾਂ ਦਰਗਹ ਬੈਸਣ ਪਾਈਐ ॥

(ਸਿਰੀ ਰਾਗੁ ਮ. ੧ ਗੁਰੂ ਗ੍ਰੰਥ ਪੰ. ੨੬)

ਭਾਈ ਗੁਰਦਾਸ ਜੀ ਗੁਰ ਸਿੱਧਾਂਤ ਨਾਲ ਸਮਸ੍ਰੁਰ ਹੁੰਦਿਆਂ ਲਿਖਦੇ ਹਨ ਕਿ ਜੋ ਗੁਰਸਿੱਖ ਸਭਨਾਂ ਵਿਚ ਪਰਮਾਤਮਾ ਦਾ ਸਰੂਪ ਜਾਣਕੇ ਸੰਸਾਰ ਦੀ ਸੇਵਾ ਕਰਦੇ ਹਨ ਉਹ ਇਸ ਮਾਇਆ ਰੂਪੀ ਸੰਸਾਰ ਵਿਚ ਰਹਿੰਦਿਆਂ ਵੀ ਬਿਰਤੀ ਨੂੰ ਇਸ ਦੀ 'ਕਲਮਲ' ਤੋਂ ਉਪਰਾਮ ਰਖਦੇ ਹਨ ਤੇ ਪਰਮਾਤਮਾ ਦਾ ਹੀ ਰੂਪ ਹੋ ਨਿਬੜਦੇ ਹਨ :

ਸੇਵਾ ਕਰੈਜਨ ਸਰਬਾਤਮ ਨਿਰੰਜਨ ਭਏ,
ਮਾਇਆ ਮੈ ਉਦਾਸ ਕਲਿਮਲ ਨਿਰਮਲ ਹੈ।

(ਕਬਿੱਤ ੨੬੫/੪)

ਸੇਵਾ ਦੀ ਇਹ ਖੇਡ ਔਖੀ ਹੈ। ਸਰਵਣ ਪੁੱਤਰ ਵਰਗਾ ਕੋਈ ਵਿਰਲਾ ਹੀ ਇਸ ਪਿੜ ਵਿਚ ਉਤਰਦਾ ਹੈ :

ਜੈਸੇ ਮਾਤ ਪਿਤਾ ਕੋਰੀ ਸੇਵਾ ਸਰਵਨ ਕੀਤੀ, ਸਿਖ ਬਿਰਲੌਂਹੀ ਗੁਰ ਸੇਵਾ ਠਹਿਰਾਵਈ।

(ਕਬਿੱਤ ੧੦੩.੧)

ਗੁਰਸਿੱਖਾਂ ਦੀ ਸੇਵਾ ਨਾਲ ਜਿਨ੍ਹਾਂ ਜਿਨ੍ਹਾਂ ਫਲਾਂ ਦੀ ਪ੍ਰਾਪਤੀ ਹੁੰਦੀ ਹੈ, ਭਾਈ ਸਾਹਿਬ ਦਸਦੇ ਹਨ :

ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ, ਤੈਸਾ ਪੁੰਨ ਏਕ ਗੁਰ ਸਿਖ ਕਉ ਨਵਾਏ ਕਾ।
ਸਿਖ ਕਉ ਪਿਲਾਇ ਪਾਨੀ ਭਾਉਕਰ ਕੁਰਖੇਤ, ਅਸੁਮੇਧ ਜਗ ਫਲ ਸਿਖ ਕਉ ਜਿਵਾਏ ਕਾ।
ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ, ਤੈਸਾ ਪੁੰਨ ਸਿਖ ਕਉ ਇਕ ਸ਼ਬਦ ਸਿਖਾਏ ਕਾ।
ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ, ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ।

(ਕਬਿੱਤ ੬੭੩)

ਪੂਜਾ ਦਾ ਥਾਨ

ਗੁਰੂ ਨਾਨਕ ਪਾਤਸ਼ਾਹ ਨੇ ਨਰੋਏ ਸਮਾਜ ਦੇ ਆਦਰਸ਼ ਅਧੀਨ ਕਿਰਤ ਦੇ ਬੁਨਿਆਦੀ ਸਿਧਾਂਤ

ਸਮਾਜ ਦੇ ਚਤੁਰ ਵਿਅਕਤੀਆਂ ਨੇ ਧਰਮ ਦਾ ਆਸਰਾ ਲੈ ਕੇ ਅਜਿਹੇ ਸਿੱਧਾਂਤ ਬਣਾਏ ਕਿ ਉਹ ਗ੍ਰਹਿਸਤੀਆਂ ਦੀ ਸੁੱਚੀ ਕਿਰਤ ਨੂੰ ਪੂਜਾ ਪਾਠ ਦੇ ਨਾਂ ਅਧੀਨ ਹੜੱਪਦਿਆ ਵਿਹਲੜ ਰਹਿ ਕੇ ਆਨੰਦ ਤੇ ਮੌਜਾਂ ਮਾਣ ਸਕਣ । ਇਹ ਰਾਹ ਪ੍ਰਭੂ ਪ੍ਰਾਪਤੀ ਦਾ ਨਹੀਂ ਸੀ ਸਗੋਂ ਪ੍ਰਭੂ ਮਿਲਾਪ ਲਈ ਵਿਘਨਕਾਰੀ ਸੀ । ਇਸ ਲਈ ਗੁਰਦੇਵ ਨੇ ਫੁਰਮਾਇਆ :

ਘਾਲ ਖਾਇ ਕਿਛੁ ਹਥਹੁ ਦੇਇ ਨਾਨਕ ਰਾਹ ਪਛਾਣਹਿ ਸੇਇ ।

(ਸਲੋਕ ਮ. ੧, ਗੁਰੂ ਗ੍ਰੰਥ ਪੰ. ੧੨੪੫)

ਗੁਰੂ ਘਰ ਦੀ ਕਿਰਤ ਨੇ ਭਾਈ ਗੁਰਦਾਸ ਜੀ ਨੂੰ ਇਸ ਪੂਰੀ ਅੰਤਾਂ ਦੇ ਸੁਚੇਤ ਕਰ ਦਿੱਤਾ ਸੀ ਕਿ ਕਿਵੇਂ ਸੁੱਚੀ ਕਿਰਤ ਕਰਨ ਤੋਂ ਬਗੈਰ ਧਰਮ ਦੇ ਨਾਂ ਤੇ ਇਕੱਠਾ ਕੀਤਾ ਧਨ ਮਨੁੱਖੀ ਸਰੀਰ ਨੂੰ ਕਚਾ ਪਾਰਾ ਖਾਣ ਵਾਂਗ ਗਾਲ ਦਿੰਦਾ ਹੈ :

ਜੈਸੇ ਕਾਚੈ ਪਾਰੈ ਖਾਤ ਉਪਜੈ ਬਿਕਾਰ ਗਾਤਿ, ਰੋਮ ਰੋਮ ਕੈ ਪਿਰਾਤਿ ਮਹਾਂ ਦੁਖ ਪਾਈਐ ।
ਜੈਸੇ ਤਉ ਲਸਨ ਖਾਏ ਮੋਨਿ ਕੈ ਸਭਾ ਮੈ ਬੈਠੇ, ਪ੍ਰਗਟੈ ਦੁਰਗੰਧ ਨਾਹਿ ਦੁਰਤਿ ਦੁਰਾਈਐ ।
ਜੈਸੇ ਮਿਸਟਾਨ ਪਾਨਿ ਸੰਗਮ ਕੈ ਮਾਖੀ ਲੀਲੈ, ਹੋਤ ਉਕਲੇਦ ਖੇਦੁ ਸੰਕਟੁ ਸਹਾਈਐ ।
ਤੈਸੇ ਹੀ ਅਪਰਚੇ ਪਿੰਡ ਸਿਖਨ ਕੀ ਭਿਖਿਆ ਖਾਏ, ਅੰਤਕਾਲ ਭਾਰੀ ਸੰਦਿ ਜਮਲੋਕ ਜਾਈਐ ।

(ਕਬਿੱਤ ੫੧੭)

ਪਰ ਤਨ ਪਰ ਧਨ

ਧਰਮ ਰੂਪੀ ਸੱਚ ਦੁੱਧ ਵਾਂਗ ਪਵਿੱਤਰ ਹੁੰਦਾ ਹੈ । ਇਸ ਦੇ ਨਿਵਾਸ ਲਈ ਭਾਂਡਾ ਵੀ ਸੁੱਚਾ ਪਵਿੱਤਰ ਹੀ ਚਾਹੀਦਾ ਹੈ ।[੨੪] ਪਰਾਏ ਧਨ ਨੂੰ ਗੁਰਮਤਿ ਵਿਚ 'ਗਊ ਤੇ ਸੂਰ' ਖਾਣ ਤੁੱਲ ਦੱਸਿਆ ਹੈ । 'ਪਰ ਤਨ' ਤੋਂ ਵੀ ਵਰਜਿਆ ਹੈ । ਭਾਈ ਸਾਹਿਬ ਗੁਰੂਆਂ ਦੁਆਰਾ ਦਰਸਾਈ ਸਿੱਖੀ ਰਹਿਤ ਨੂੰ ਦ੍ਰਿੜ੍ਹ ਕਰਾਉਂਦਿਆਂ ਦੱਸਦੇ ਹਨ ਕਿ ਜਿਵੇਂ ਰੜਾ ਕੁ ਜ਼ਿੰਨੀ ਜ਼ਹਿਰ ਨਾਲ ਵਰ੍ਹਿਆਂ ਦਾ ਪਾਲਿਆ ਸਰੀਰ ਮੁਰਝਾ ਕੇ ਮੌਤ ਦੇ ਮੂੰਹ ਵਿਚ ਚਲਾ ਜਾਂਦਾ ਹੈ, ਨਿੱਕੀ ਜਿਹੀ ਚੰਗਿਆੜੀ ਨਾਲ ਜਰੋੜਾ ਰੂੰਈ ਦੀਆਂ ਪੰਡਾਂ ਖਿਨ ਵਿਚ ਸੁਆਹ ਹੋ ਜਾਂਦੀਆਂ ਹਨ, ਕਾਂਜੀ ਦੀ ਨਿੱਕੀ ਜਿਹੀ ਬੂੰਦ ਨਾਲ ਹੀ ਦੁੱਧ ਫੱਟ ਜਾਂਦਾ ਹੈ, ਇਵੇਂ ਹੀ ਪਰਾਏ ਧਨ ਤੇ ਪਰਾਏ ਤਨ ਨਾਲ ਵਰ੍ਹਿਆਂ ਦੀ ਅਧਿਆਤਮਕ ਘਾਲ ਕਮਾਈ ਦਾ ਨਾਸ ਹੋ ਜਾਂਦਾ ਹੈ :

ਜੈਸੇ ਬਿਖੁ ਤਨਕ ਹੀ ਖਾਤ ਮਰਿ ਜਾਤਿ ਭਾਤ, ਗਾਤਿ ਮੁਰਝਾਤ ਪੂਤਿਪਾਲੀ ਬਰਖਨ ਕੀ ।
ਮਹਿਖੀ ਦੁਹਾਇ ਦੂਧ ਰਾਖੀਐ ਭਾਜਨ ਭਰਿ, ਪਰਤਿ ਕਾਂਜੀ ਕੀ ਬੂੰਦ ਬਾਦਿ ਨ ਰਖਨ ਕੀ ।
ਜੈਸੇ ਕੋਟਿ ਭਾਰਿ ਰੂਲਿ ਰੈਚਕ ਚਿਨਗ ਪਰੇ, ਹੋਤ ਭਸਮਾਤ ਛਿਨ ਮੈ ਅਕਰਖਨ ਕੀ ।
ਤੈਸੇ ਪਰ ਤਨ ਧਨ ਦੂਖਨਾ ਬਿਕਾਰ ਕੀਏ, ਹਰੈ ਨਿਧਿ ਸੁਕ੍ਰਤ ਸਹਜ ਹਰਖਨ ਕੀ ।

(ਕਬਿੱਤ ੫੦੬)

ਕਰਮਕਾਂਡੀ ਰਹਿਤ

ਸਿੱਖ ਧਰਮ ਵਿਚ ਬਿਬੇਕਹੀਨ ਕਟੜਤਾ, ਹਠਧਰਮੀ ਤੇ ਕਰਮਕਾਂਡੀ ਰਹਿਤ ਲਈ ਕੋਈ ਥਾਂ ਨਹੀਂ । ਬਾਹਰਲੀ ਰਹਿਤ ਭੇ ਮੁੱਖ ਦੀ ਕਹਿਣੀ ਨਾਲ ਵਿਅਕਤੀ ਨੂੰ ਵਕਤੀ ਤੌਰ ਤੇ ਤਾਂ ਲੋਕ ਭਲਾ ਕਹਿੰਦੇ ਹਨ ਪਰ ਗੁਰੂ ਦਰ ਤੇ ਪਰਵਾਨ ਤਾਂ ਹੀ ਹੋਈਦਾ ਜਦੋਂ ਇਹ ਸਾਰੀ ਰਹਿਣੀ ਉਸਦੇ ਅੰਦਰ ਵਸਦਿਆਂ ਉਸਦੇ ਜੀਵਨ ਨਾਲ ਇਕਸੁਰ ਹੋ ਜਾਏ । ਗੁਰਬਾਣੀ ਤੇ ਗੁਰ ਇਤਿਹਾਸ ਵਿਚ ਇਸ ਪ੍ਰਤੀ ਅਨੇਕਾਂ ਸੰਕੇਤ ਤੇ ਦ੍ਰਿਸ਼ਟਾਂਤ ਦਿੱਤੇ ਗਏ ਹਨ । ਗੁਰੂਆਂ ਦੀ ਛੱਤਰ ਛਾਇਆ ਹੇਠ ਰਹਿੰਦਿਆਂ ਸਿੱਖੀ ਢਰਤੌਂ-ਵਿਹਾਰ ਨੂੰ ਭਾਈ ਸਾਹਿਬ ਨੇ ਲੋੜਿਓਂ ਹੀ ਕੈ ਨਿਰਖਿਆ ਤੇ ਪਰਖਿਆ । ਅਨ-ਧਰਮਾਂ ਦੇ ਅਧਿਐਨ ਨਾਲ ਵੀ ਆਪ ਧਰਮ ਦੇ ਇਸ ਵਿਵੇਕਹੀਨ ਪੱਖ ਤੋਂ ਭਲੀ ਪ੍ਰਕਾਰ ਚੇਤੰਨ ਸਨ,ਕਿ ਕਿਵੇਂ ਮਨੁੱਖ ਕੇਵਲ ਕਰਮਕਾਂਡੀ ਹੋਕੇ ਰਸਾਤਲਗਾਮੀ ਹੋ ਸਕਦਾ ਹੈ । ਇਸ ਕਰਕੇ ਆਪਣੀ ਰਚਨਾ ਰਾਹੀਂ ਗੁਰਮਤਿ ਸ਼ਰਧਾਲੂਆਂ ਨੂੰ ਇਸ ਪੱਖੋਂ ਜਾਗ੍ਰਿਤ ਕਰਦੇ ਹੋਏ

ਨਿਰਦੇਸ਼ ਕਰਦੇ ਹਨ :

ਗੁਰ ਉਪਦੇਸਿ ਪ੍ਰਾਤ ਸਮੈ ਇਸਨਾਨ ਕਰਿ,
ਜਿਹਵਾ ਜਪਤ ਗੁਰਮੰਤ੍ਰ ਜੈਸੇ ਜਾਨਹੀ ॥
ਤ੍ਰਿਲਕ ਲਿਲਾਰ, ਪਾਇ ਪਰਤ ਪਰਸਪਰ,
ਸਬਦ ਸੁਨਾਇ ਗਾਇ ਸੁਨ ਉਨਮਾਨ ਹੀ ।
ਗੁਰਮਤਿ ਭਜਨ ਭਜਨ ਦੁਰਮਤ ਕਹੈ,
ਗਯਾਨ ਧਯਾਨ ਗੁਰਸਿਖ ਪੰਥ ਪਰਵਾਨ ਹੀ ॥
ਦੇਖਤ ਸੁਨਤ ਐ ਕਹਤ ਸਬ ਕੌਉ ਭਲੋ,
ਰਹਤ ਅੰਤਰਿਗਤ ਸਤਿਗੁਰ ਮਾਨਹੀ ॥

(ਕਬਿੱਤ ੬੧੩)

ਉਪਰ ਦੱਸੇ ਸੰਕਲਪਾਂ ਨੂੰ ਗੁਰੂ ਦੇ ਦਸੇ ਉਪਦੇਸ਼ਾਂ ਅਨੁਸਾਰ ਸਹਿਜੇ ਸਹਿਜੇ ਜੀਵਨ ਦਾ ਅੰਗ ਬਣਾਇਆਂ ਹੀ 'ਪੂਰਨਤਾ' ਨੂੰ ਛੂਹਿਆ ਜਾ ਸਕਦਾ ਹੈ । ਇਹ ਸਭ ਕੁਝ ਐਵੇਂ ਗਲਾਂ ਨਾਲ ਨਹੀਂ ਸਗੋਂ ਕਰੜੀ ਘਾਲ ਕਮਾਈ ਨਾਲ ਗੁਰੂ ਦੇ ਸ਼ਬਦ ਦੀ ਕਮਾਈ ਕੀਤਿਆਂ ਸੰਭਵ ਹੋ ਸਕਦਾ :

ਪੂਛਤ ਪਥਿਕ ਤਿਹ ਮਾਰਗ ਨ ਧਾਰੈ ਪਗ
ਪ੍ਰੀਤਮ ਕੌ ਦੇਸ ਕੈਸੇ ਬਾਤਨ ਕੌ ਜਾਈਐ ।
ਪੂਛ੍ਹ ਹੈ ਬੈਦ ਖਾਤ ਅਉਖਦ ਨ ਸੈਜਮ ਸੈ,
ਕੈਸੇ ਮਿਟੈ ਰੋਗ ਸੁਖ ਸਹਜ ਸਮਾਈਐ ।
ਪੂਛਤ ਸੁਹਾਗਨ ਕਰਮ ਹੈ ਦੁਹਾਗਨਿ ਕੌ,
ਰਿਦੈ ਬਿਬਿਚਾਰ ਕਤ ਜਿਹਜਾ ਬੁਲਾਈਐ ।
ਗਾਏ ਸੁਨੇ ਆਖੇ ਮੀਚੈ ਪਾਈਐ ਨ ਪਰਮਪਦੁ,
ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ ॥

(ਕਬਿੱਤ ੪੩੬)

ਇਉਂ ਸਿੱਖ ਧਰਮ ਸ਼ਾਸਤਰ ਦੇ ਪਹਿਲੇ ਵਿਆਖਿਆਕਾਰ ਭਾਈ ਗੁਰਦਾਸ ਨੇ ਗੁਰਮਤਿ ਸਿਧਾਂਤਾਂ ਦੀਆਂ ਬਹੁਤ ਸਾਰੀਆਂ ਪੀੜੀਆਂ ਗੀਢਾਂ ਨੂੰ ਖੋਲ੍ਹਿਆ । ਧਰਮ ਵਿਗਿਆਨ (Theology) ਪ੍ਰਬੰਧ ਦਾ ਮੁੱਖ ਉਦੇਸ਼ ਉਸ ਧਰਮ ਦੇ ਸੱਤਿ ਦੀ ਅਸਲ ਵਿਚ ਸਥਾਪਤੀ ਹੁੰਦੀ ਹੈ ਤੇ ਭਾਈ ਗੁਰਦਾਸ ਜੀ ਨੇ ਸੱਤਿ ਦੀ ਸਥਾਪਤੀ ਵਿਚ ਆਪਣੀਆਂ ਰਚਨਾਵਾਂ ਰਾਹੀਂ ਭਰਪੂਰ ਹਿੱਸਾ ਪਾਇਆ ਤੇ ਗੁਰੂ ਦੇ ਸਿੱਖਾਂ ਲਈ ਸਹੀ ਰੂਪ ਵਿਚ ਗੁਰਮਤਿ ਸਿਧਾਂਤ ਨੂੰ ਸਾਹਮਣੇ ਲਿਆਂਦਾ ।

ਸਰੂਪਾਤਮਕ ਪੱਖ

ਲਏ ਗਏ ਵਿਸ਼ੇ ਵਸਤੂ ਦੇ ਨਾਲ ਨਾਲ ਭਾਈ ਗੁਰਦਾਸ ਦੇ ਇਨ੍ਹਾਂ ਕਬਿੱਤ ਸਵੈਯਾਂ ਦਾ ਸਰੂਪ ਪੱਖੋਂ ਵੀ ਸਾਹਿਤ ਵਿਚ ਵਿਸ਼ੇਸ਼ ਸਥਾਨ ਹੈ । ਇਸ ਦਾ ਸੰਕੋਚਾਤਮਿਕ ਵਿਸ਼ਲੇਸ਼ਣ ਨਿਮਨ ਅਨੁਸਾਰ ਹੈ :

ਬੋਲੀ ਤੇ ਸ਼ੈਲੀ

ਭਾਈ ਸਾਹਿਬ ਦੀਆਂ ਦੋ ਹੀ ਪ੍ਰਸਿੱਧ ਰਚਨਾਵਾਂ ਹਨ । ਵਾਰਾਂ ਤੇ ਕਬਿੱਤ ਸਵੈਯੇ । ਵਾਰਾਂ ਠੇਠ ਪੰਜਾਬੀ ਵਿਚ ਹਨ ਤੇ ਕਬਿੱਤ ਸਵੈਯੇ ਉਸ ਸਮੇਂ ਦੀ ਮੰਨੀ ਜਾਂਦੀ ਸਾਹਿਤਕ ਭਾਸ਼ਾ "ਬ੍ਰਜ" ਵਿਚ ਹਨ । ਭਾਈ ਸਾਹਿਬ ਦੇ ਸਮਕਾਲੀ ਗੁਲਸੀਦਾਸ ਵਰਗੇ ਪ੍ਰਸਿੱਧ ਕਵੀ ਬ੍ਰਜ ਭਾਸ਼ਾ ਵਿਚ ਰਾਮ ਚਰਿਤ੍ਰ ਮਾਨਸ ਵਰਗੇ ਅਧਿਆਤਮਿਕ ਕਾਵਿ ਦੀ ਸਿਰਜਣਾ ਕਰ ਰਹੇ ਸਨ । ਭਾਈ ਸਾਹਿਬ ਨੂੰ ਕਿਉਂਕਿ ਸਮੇਂ ਸਮੇਂ ਪੰਜਾਬ ਤੋਂ ਬਾਹਰ ਗੁਰਮਤਿ ਪ੍ਰਚਾਰ ਲਈ ਜਾਣਾ ਪੈਂਦਾ ਸੀ, ਇਸ ਲਈ

ਬ੍ਰਜ ਵਰਗੀ ਸਾਹਿਤਕ ਭਾਸ਼ਾ ਵਿਚ ਵੀ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਦੀ ਲੋੜ ਸਮਝਕੇ ਕਬਿੱਤਾਂ ਦੀ ਰਚਨਾ ਕੀਤੀ।

ਭਾਈ ਸਾਹਿਬ ਨੇ ਆਪਣੇ ਕਬਿੱਤਾਂ ਵਿਚ ਬ੍ਰਜ ਭਾਸ਼ਾ ਦੇ ਅਨੁਰੂਪ ਛੰਦ, ਅਲੰਕਾਰ, ਮੁਹਾਵਰੇ, ਉਪਮਾਵਾਂ ਇਤਿਹਾਸਿਕ ਮਿਥਿਹਾਸਿਕ ਤੇ ਪੌਰਾਣਿਕ ਜਾਣਕਾਰੀ ਦੇ ਕੇ ਸਮਕਾਲੀਨ ਬ੍ਰਜ ਭਾਸ਼ਾ ਕਵੀਆਂ ਵਿਚ ਆਪਣਾ ਸ੍ਰੇਸ਼ਟ ਸਥਾਨ ਬਣਾਇਆ। ਡਾ. ਰਾਮ ਪ੍ਰਕਾਸ਼ ਲਿਖਦੇ ਹਨ "ਉਤਰ ਮੱਧਕਾਲ ਦੇ ਪ੍ਰਸਿੱਧ ਆਚਾਰੀਯ ਕਵੀ ਭਿਖਾਰੀ ਦਾਸ ਨੇ ਆਪਣੇ 'ਕਾਵਿ ਨਿਰਣਯ' ਨਾਮਕ ਗ੍ਰੰਥ ਵਿਚ ਬ੍ਰਜ ਦੇ ਪ੍ਰਸਿੱਧ ਕਵੀਆਂ ਦੇ ਨਾਵਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ :

ਸੂਰ ਕੋਸ਼ੈ ਮੰਡਨ, ਬਿਹਾਰੀ ਕਾਲੀਦਾਸ ਬ੍ਰਹਮ,
ਚਿਤਾ ਮਨੀ ਮਤਿਰਾਮ ਭੂਸਨ ਸੁਜਾਨਿਏ।
ਲੀਲਾਧਰ ਸੈਲਾਪਤਿ ਨਿਪਟ ਨੇਵਾਜ਼ ਨਿਧਿ,
ਨੀਲਕੰਠ ਮਿਸ਼ਰ ਸੁਖਦੇਵ ਦੇਵ ਮਾਨਿਯੇ।
ਆਲਮ ਰਹੀਮ ਰਘੁਨਾਥ ਸੁੰਦਰਾਦਿਕ,
ਅਨੇਕ ਸੁਮਤਿ ਭਏ ਕਹਾਂ ਲੌ ਬਖਾਨਿਯੇ।

ਕਾਸ਼ ! ਆਚਾਰਯ ਭਿਖਾਰੀ ਦਾਸ ਗੁਰਮੁਖੀ ਤੋਂ ਪਰਿਚਿਤ ਹੁੰਦੇ ਜਾਂ ਫਿਰ ਭਾਈ ਗੁਰਦਾਸ ਰਚਿਤ 'ਕਬਿੱਤ ਸਵੈਯੇ' ਦੀ ਦੇਵਨਾਗਰੀ ਵਿਚ ਲਿਪੀ-ਬੱਧ ਉਤਾਰਾ ਉਨ੍ਹਾਂ ਦੇ ਸਾਹਮਣੇ ਹੁੰਦਾ ਤਾਂ ਉਹ ਪੰਜਾਬ ਦੇ ਅਜਿਹੇ ਸਮਰੱਥ ਬ੍ਰਜ ਭਾਸ਼ਾ ਮੁਤਤਕਾਰ ਦੇ ਨਾਂ ਦਾ ਉਲੇਖ ਵੀ ਇਹ ਕਹਿਕੇ ਅਵੱਸ਼ ਕਰਦੇ :

ਬ੍ਰਹਮ ਗਿਆਨ ਗਿਆਤਾ ਗੁਰਬਾਨੀ ਕੇ ਬਿਖਿਆਤਾ,
ਭਗਤੀ ਪ੍ਰੇਮ ਰਸ ਦਾਤਾ ਭਾਈ ਗੁਰਦਾਸ ਮਾਨਿਯੇ।[73]

ਅਜਿਹੇ ਮਹਾਂ ਕਵੀ ਭਾਈ ਗੁਰਦਾਸ ਜੀ ਦੀ ਰਚਨਾ 'ਕਬਿੱਤਾਂ' ਨੂੰ ਪੜ੍ਹਦੇ ਇਉਂ ਲਗਦਾ ਜਿਵੇਂ ਉਨ੍ਹਾਂ ਦੀ ਮਾਂ ਬੋਲੀ ਪੰਜਾਬੀ ਦੀ ਥਾਂ ਬ੍ਰਜ ਹੀ ਸੀ। ਡਾ. ਸੀਤਾ ਰਾਮ ਬਾਹਰੀ ਲਿਖਦੇ ਹਨ, "ਬ੍ਰਜ ਭਾਸ਼ਾ ਉਨ੍ਹਾਂ ਦੀ ਮਾਤਰੀ ਭਾਸ਼ਾ ਦੀ ਥਾਂ ਲੈ ਚੁੱਕੀ ਸੀ ਅਤੇ ਸੰਸਕ੍ਰਿਤ ਗ੍ਰੰਥਾਂ ਦਾ ਪਠਨ-ਪਾਠਨ ਗੁਰੂ ਘਰ ਵਿਚ ਵੀ ਕਰਦੇ ਆਏ ਸਨ। ਇਸ ਕਰਕੇ ਉਨ੍ਹਾਂ ਦੀ ਸਾਹਿਤਿਕ ਬੋਲੀ ਪ੍ਰੌੜ੍ਹ ਹੁੰਦੀ ਗਈ।[74]

ਭਾਈ ਸਾਹਿਬ ਨੇ ਕਬਿੱਤਾਂ ਦੀ ਰਚਨਾ ਸਮੇਂ ਭਾਸ਼ਾ ਨੂੰ ਆਪਣੀ ਰਚਨਾ ਦੇ ਅਨੁਕੂਲ ਢਾਲਿਆ। ਇਵੇਂ ਕਰਦਿਆਂ ਬਹੁਤ ਘੱਟ ਸ਼ਬਦ ਆਪਣੇ ਤਤਸਮ ਰੂਪ ਵਿਚ ਕਾਇਮ ਰਹਿ ਸਕੇ। ਜ਼ਿਆਦਾਤਰ ਸ਼ਬਦ ਬ੍ਰਜ ਭਾਸ਼ਾ ਦੀ ਪਰਕ੍ਰਿਤੀ ਅਨੁਸਾਰ ਤਦਭਵ ਰੂਪ ਵਿਚ ਤਰਾਸ਼ੇ ਗਏ। ਅਰਬੀ ਫਾਰਸੀ ਦੇ ਬਹੁਤ ਘੱਟ ਸ਼ਬਦ ਵਰਤੇ ਗਏ ਹਨ।

ਜਨ-ਜੀਵਨ ਦਾ ਗਹਿਰਾ ਅਨੁਭਵ ਹੋਣ ਕਰਕੇ ਜਨ-ਸਧਾਰਨ ਦੇ ਜੀਵਨ ਨਾਲ ਸਬੰਧਿਤ ਸ਼ਬਦਾਵਲੀ ਦੀ ਵਰਤੋਂ ਇਸ ਰਚਨਾ ਵਿਚ ਆਮ ਹੈ। ਜਿਵੇਂ ਉਖਲੀ (273.3), ਉਖਾਰੀ (383.3), ਅਹੀਰ (555.2), ਕਮੁੰਭ (136.2) ਕੁਠਾਰੀ (349.1), ਖੜ (201.1), ਗਾਂਡਾ (109.1), ਘੋਸਲਾ (184.1), ਘੋਘਾ (486.4), ਚਇਲੀ (219.2), ਜਾਵਨ (174.1), ਤੇਲੀ (578.1), ਤੁਸ (121.1), ਪੈਂਡਾ (111.1), ਮਸੁਵਾਨੀ (500.4), ਰੇਹਰੀ (273.2) ਲੇਖਨਿ (210.3) ਆਦਿ।

ਸ਼ੈਲੀ ਪੱਖੋਂ ਵੀ ਭਾਈ ਸਾਹਿਬ ਦਾ ਸਰਬ ਪੱਖੀ ਗਿਆਨ ਹੈਰਾਨਕੁਨ ਹੈ। ਪ੍ਰੋ. ਸਰਦੂਲ ਸਿੰਘ ਅਨੁਸਾਰ, "ਆਪਦੀ ਸ਼ੈਲੀ ਉਸ ਸਮੇਂ ਦੇ ਵਿਦਵਾਨ ਕਵੀਆਂ ਤੁਲਸੀਦਾਸ, ਸੂਰਦਾਸ ਰਸਖਾਨ ਅਤੇ ਅਬਦੁਲ ਰਹੀਮ ਖਾਨ ਖਾਨਾ ਤੋਂ ਨਿਰਾਲੀ ਤੇ ਆਪਣੇ ਆਪ ਜਿਹੀ ਆਪ ਹੀ ਹੈ।"[75]

ਭਾਈ ਸਾਹਿਬ ਨੇ ਕਬਿੱਤ ਸਵੈਯੇ ਵਿਚ ਖ਼ਿਆਲ ਦੀ ਸਪਸ਼ਟਤਾ ਲਈ ਵਿਲੱਖਣ ਤਰਾਂ ਦੀ ਸ਼ੈਲੀ (style) ਨੂੰ ਅਪਣਾਇਆ । ਕਬਿੱਤ ਦੀ ਪਹਿਲੀ ਪੰਗਤੀ ਵਿਚ ਖ਼ਿਆਲ ਪੇਸ਼ ਕਰਦੇ ਹਨ। ਦੂਜੀ ਤੇ ਤੀਜੀ ਪੰਗਤੀ ਵਿਚ ਦ੍ਰਿਸ਼ਟਾਂਤਾਂ ਰਾਹੀਂ ਸਹਿਜੇ ਸਹਿਜੇ ਖ਼ਿਆਲ ਨੂੰ ਦ੍ਰਿੜ੍ਹ ਕਰਾਉਂਦਿਆਂ ਸਿੱਖਰ ਵੱਲ ਲਿਜਾਂਦੇ ਹਨ ਅਤੇ ਚੌਥੀ ਪੰਗਤੀ ਵਿਚ ਉਸ ਖ਼ਿਆਲ ਨੂੰ ਗੁਰਮਤਿ ਸਿੱਧਾਂਤ ਦੇ ਅਨੁਕੂਲ ਸਿਧ ਕਰਕੇ ਆਪਣਾ ਨਿਰਣਾ ਦਿੰਦੇ ਹਨ । ਭਾਈ ਸਾਹਿਬ ਦੀ ਸਾਰੀ ਵਿਆਖਿਆ ਤਰਕ ਤੇ ਕੇਂਦਰਿਤ ਹੈ। ਜੇ ਇਕ ਦਲੀਲ ਨਾਲ ਪਾਠਕ ਦੀ ਸੰਤੁਸ਼ਟੀ ਨਹੀਂ ਹੁੰਦੀ ਤਾਂ ਫਿਰ ਦੂਸਰੀ ਦਿੰਦੇ ਹਨ, ਫਿਰ ਤੀਸਰੀ, ਫਿਰ ਚੌਥੀ । ਇਉਂ ਸਮਝਾਉਂਦਿਆਂ ਸਮਝਾਉਂਦਿਆਂ ਪਾਠਕ ਦੀ ਚੇਤਨਾ ਨੂੰ ਗੁਰਮਤਿ ਸਿੱਧਾਂਤ ਨਾਲ ਇਕਸੁਰ ਕਰ ਦਿੰਦੇ ਹਨ।

ਯੁੱਗ ਬੋਧ ਤੇ ਸਮਾਜਿਕ ਚੇਤਨਾ

ਭਾਈ ਸਾਹਿਬ ਪੌਰਾਣਿਕ ਭੱਤਾਂ ਅਤੇ ਸਮਕਾਲੀ ਸਮਾਜ ਬਾਰੇ ਡੂੰਘੀ ਤੇ ਵਿਸ਼ਾਲ ਜਾਣਕਾਰੀ ਰੱਖਦੇ ਸਨ । ਇਸ ਪ੍ਰਭਾਵ ਉਨਾਂ ਦਾ ਸ਼ਬਦ ਭੰਡਾਰ ਅਥਾਹ ਹੈ । ਜਿਸ ਦਾ ਅਨੁਮਾਨ ਉਨ੍ਹਾਂ ਵਲੋਂ ਪੌਰਾਣਿਕ ਭੱਤਾਂ ਤੇ ਜੀਵਨ ਦੇ ਵੱਖ ਵੱਖ ਪੱਖਾਂ ਬਾਰੇ ਵਰਤੀ ਗਈ ਸ਼ਬਦਾਵਲੀ ਦੇ ਨਿਮਨ ਵਿਸ਼ਲੇਸ਼ਣ ਤੋਂ ਸਹਿਜੇ ਲਾਇਆ ਜਾ ਸਕਦਾ ਹੈ ।

ਪੌਰਾਣਿਕ ਸੰਕੇਤ ਤੇ ਸ਼ਬਦਾਵਲੀ

ਅਖਿਲੇਸ (ਕੁਬੇਰ), ਅਜੁਧਿਆ, ਅੰਮ੍ਰਿਤ, ਅਰਕਸੁਤ, ਅਵੰਤਿਕਾ, ਅਸੁਮੇਧ, ਇੰਦ੍ਰਾਦਿਕ, ਇਸਿ, ਸਨਕਾਦਿ, ਸਨੀਚਰ, (ਸੂਰਜ ਦੇਵਤੇ ਦਾ ਪੁੱਤਰ), ਸਰਵਨ, ਸਿਵ, ਸੋਸ, ਸੁਕਦੇਵ, ਸੁਦਾਮਾ, ਸੁਰਸਤੀ, ਸੁਰਸਰਿ (ਗੰਗਾ), ਸੁਮੇਰ, ਸੁਰਗ, ਸੁਰਸਰਿ (ਸਰਸ੍ਵਤੀ), ਹੋਮ, ਕੰਸ, ਕਲਪਤਰ (ਕਲਪਬਿਛ), ਕਾਂਸੀ, ਕਾਂਤੀ (ਕਾਂਚੀ), ਕਾਮਦੇਵ, ਕਾਮਧੇਨੁ, ਕੁਰਖੇਤ, ਕੋਕੁ, ਕੰਦਾਰ (ਕੇਦਾਰਨਾਥ) ਗਇਆ, ਗਜਰਾਜ, ਗੰਧ੍ਰਬ, ਗਨੇਸ, ਗਵਰਿ (ਗੌਰੀ, ਪਾਰਬਤੀ), ਗਜਿੰਦ, ਗੰਦਾਵਰੀ, ਗੋਮਤੀ, ਚਕ੍ਰਪਾਨਿ (ਵਿਸ਼ਨੂ), ਚੰਚਲਾ (ਲਛਮੀ), ਜਗਦੀਸਹ (ਕ੍ਰਿਸ਼ਨਜੀ) ਜਗਿ, ਜਮਦੂਤ, ਜਮੁ, ਜਮੁਨਾ, ਜਮੁਪਰ, ਤ੍ਰਿਲੋਕ, ਦੁਆਰਾਵਤੀ, ਦੇਵਪੁਰੀ, ਦੌਪਤੀ, ਧਰਮਰਾਇ, ਨਰਕ, ਨਰਬਦਾ, ਨਾਰਦਾਦਿਕ, ਨੀਲ, ਪਰਲੌਕ, ਪਾਰਸ, ਪੁਰਾਨ, ਪ੍ਰਹਿਲਾਦ, ਪ੍ਰਯਾਗ, ਬਿਆਸ (ਮੁਨੀ), ਬਿਖ (ਕਾਲਕੂਟ), ਬ੍ਰਹਮਾ, ਭਭੀਖਣ, ਭ੍ਰਤਲ (ਮਾਤਲੌਕ), ਮਹਾਂਭਾਰਥ, ਮਥੁਰਾ, ਮੰਦਰਾਚਲ, ਮਰਜੰਸ (ਜਮਰਾਜ), ਮਾਇਆ (ਮਾਇਆਪੁਰੀ), ਮਾਨਸਰ, ਮੁਨੀਸਰਹਿ (ਦੁਰਬਾਸਾ ਮੁਨੀ), ਰਵਿ, ਰਵਿਸੁਤ, ਰਾਹੁ ।

ਪਰਿਵਾਰਕ ਰਿਸ਼ਤੇ

ਸਸੁਰ, ਸਸੁਰਾਰ, ਸਾਰੀ (ਸਾਲੀ), ਸਾਰੋ (ਸਾਲਾ), ਕੁਲਾਬਧੂ, ਜੇਠ, ਦਦਸਾਰ (ਦਾਦਕਾਘਰ), ਦੇਵਰ, ਨਨਸਾਰ (ਨਾਨਕਾਘਰ), ਨੰਹਰ (ਪੋਕਾਘਰ), ਪਿਤ, ਪਿਤਾਮਾ (ਬਾਬਾ), ਪਰਪਿਤਾਮਾ (ਪਭਬਾਬਾ), ਪਰਮਾਤਾ (ਨਾਨੀ), ਬਨਿਤਾ (ਪਤਨੀ), ਬ੍ਰਿਧਮਾਤਾ (ਪਤਨਾਨੀ), ਭਰਤਾਰੁ (ਪਤੀ), ਭ੍ਰਾਤਾ, ਮਾਸੀ, ਮਾਤਾ, ਮਾਮੀ, ਮਾਮੂ (ਮਾਮਾ), ਮੌਸਾ (ਮਾਸੜ) ।

ਕਿੱਤੇ

ਅਹੀਰ, ਸੁਨਾਰ, ਸੈਨਿਕ, ਸੋਧਾ (ਗਾਂਧੀ), ਕਲਾਲ, ਕੁਮਹਾਰ, ਕਿਰਸਾਨ, ਖੋਜੀ, ਗਵਾਲਾ, ਜਉਹਰੀ, ਜੁਲਾਹਾ, ਠਠੇਰੇ, ਡੋਮੇਲੀ, ਤੇਲੀ, ਧੰਬੀ, ਨਾਈ, ਬਿਆਪਾਰੀ, ਬੈਦ, ਮਾਲੀ, ਮੁਨੀਮ, ਰਾਗੀ, ਲੁਹਾਰ ।

ਜੀਵ-ਜੰਤੂ

ਉਲੂ, ਅਸ੍ (ਘੋੜਾ), ਅਹਿ (ਸਪ), ਅਜਪਾ (ਬਕਰੀ), ਸਾਰਦੂਲ (ਬੱਬਰਸ਼ੇਰ), ਸਿੰਘ, ਸੀਚਾਨੈ (ਬਾਜ ਵਰਗਾ ਸ਼ਿਕਾਰੀ ਪੰਛੀ) ਸੂਆ (ਤੋਤਾ), ਸੂਕਰੀ (ਸੂਰੀ), ਹੰਸ, ਹਸਤੀ, ਕਛਪ, ਜਾਗ, ਕ੍ਰੌਜ, ਕੋਕਲਾ (ਕੋਇਲ), ਖਗਪਤ (ਗਰੜ), ਗਉ, ਗਜ, ਗਜਰਾਜ, ਗਰਧਬ, ਗਿਰਗਿਟ (ਕਿਰਲਾ),

ਗੌਖੰਸ (ਗਊਆਂ ਦੀ ਔਲਾਦ), ਗ੍ਰਾਹਿ (ਮਗਰਮੱਛ), ਘੁਨ, ਘੱਘਾ, ਚਕਈ, ਚਕੋਰ, ਚਾੜ੍ਹਿਕ, ਚੀਟੀ, ਚੀਤਾ, ਚੀਲ (ਇਲ੍ਹ), ਜੰਬੁਕ (ਗਿਦੜ), ਜੌਕ, ਤਮਚੜ (ਜੁਗਨੂੰ), ਤੁਮਚੜ (ਕੁੱਕੜ), ਦਾਦਰ (ਡੱਡੂ), ਪਤੰਗ ਪਰਮਹੰਸ, ਬਗ, ਬਛੜਾ, ਬਾਇਸ (ਕਾਂ), ਬਾਸਕਨਾਗ, ਬਾਘ, ਬਿਲਾਓ (ਬਿਲਾ), ਭ੍ਰਿੰਗੀ, ਮਹਿਖੀ (ਮੱਝ), ਮਕਰੀ, ਮੱਛ, ਮੱਛਰ, ਮਧੂਕਰ (ਭੌਰਾ), ਮਸੱਲਾ (ਸੁੰਦਰ ਅੱਖਾਂ ਵਾਲੀ ਚਿੜੀ), ਮਰਕਟ (ਬਾਂਦਰ), ਮਾਖੀ, ਮ੍ਰਿਗ, ਮੀਨ, ਮੂਸਾ (ਚੂਹਾ), ਮੋਰ ।

ਨਾਧ-ਤੌਲ

ਚਾਵਰ, ਟਾਂਕ, ਪਈਸੇ, ਮਣ, ਮਾਸਾ, ਰਤੀ ।

ਬਨਾਸਪਤੀ

ਅੰਬ, ਅਰਿੰਡ, ਆਕ, ਸਣ, ਸਿੰਬਲ, ਕਸੁੰਭ ਕਦਲੀ (ਕੇਲਾ), ਕਮਲ, ਕਮਾਦ, ਚੰਦਨ, ਚੰਪਕਬੇਲ, ਚੰਬੇਲੀ, ਜਵਾਸੈ, ਢਾਕ, ਤਮਾਲ (ਤਾੜ), ਥੋਹਰਿ, ਨਾਗਬੇਲ, ਪਲਾਸ, ਬਟਿ (ਬੋੜ੍ਹ), ਬਾਂਸ, ਬਾਦਨਚੰਦਨ, ਬਿਬੂਹ (ਕਿਕਰ) ।

ਤਿਉਹਾਰ

ਏਕਾਦਸੀ, ਚਤੁਰਦਸੀ, ਜਨਮਅਸ਼ਟਮੀ, ਦਵਾਦਸੀ, ਰਾਮਨਉਮੀ ।

ਮਨਪਰਚਾਵੇ ਦੇ ਸਾਧਨ

ਗੁੜੀ, ਲਟੂਆ ।

ਗਹਿਣੇ

ਆਰਸੀ, ਸੀਸਫੂਲ, ਹਾਰ, ਕੰਠਸਰੀ, ਕਰਨਫੂਲ, ਚਚਰਚਰੀ, ਚੌਕਫੂਲ, ਛਦਪੀਠ, ਬਸੇਰ, ਬਾਰੀ ।

ਨਿਤ-ਵਹਤੋਂ ਦੇ ਪਦਾਰਥ

ਉਖਲੀ, ਅਉਖਦ, ਅਗਨ, ਅੰਬਰ (ਕਪੜਾ), ਸਾਬਨ, ਸੁਪਾਰੀ, ਸੂਤ੍ਰ, ਕਉਡੀ, ਕੰਚਨ, ਕਰਪੂਰ, ਕਾਸਟ, ਕਾਬਾ, ਕੁਠਾਰੀ, ਕੋਇਲਾ, ਕੰਹਲ੍ਹੂ, ਖਲ, ਖਾਂਡ, ਗਾਗਰ, ਗੁਰ, ਗੋਹੂੰ, ਗੋਰਸ, ਘਟਿਕਾ (ਘੜਾ), ਘ੍ਰਿਤ, ਚਲਨੀ (ਛਾਣਨੀ), ਚੂਨ (ਆਟਾ), ਚੂਨਾ, ਜਲ, ਜਾਮਨ, ਤਾਰੀ (ਚਾਬੀ), ਤਾਰੋ (ਜੰਦਰਾ), ਤਿਲ, ਤੁਸ, ਤੁਲਾਂ, ਦਧਿ (ਦਹੀਂ), ਦਰਪਨ, ਦੀਪਕ, ਦੂਧ, ਪਨਹੀ, ਪਾਨ ਮਉਆ, ਮਸਵਾਨੀ, ਮਸੁ, ਮਜੀਠ, ਮਥਨੀਆ, ਮਧੁ, ਮਨੂਰ, ਮਿਸਰੀ, ਮਿਠਾਈ, ਮੂਰੀ, ਲਉਂਗ, ਲਸਨ, ਲਾਇਚੀ, ਲੌਸਟ (ਲੋਹਾ), ਲੋਨ (ਲੂਣ) ।

ਛੰਦਾ ਬੰਦੀ

ਕਬਿੱਤ, ਮੱਧ-ਕਾਲੀਨ ਬ੍ਰਜ ਕਾਵਿ ਦਾ ਪ੍ਰਮੁੱਖ ਛੰਦ ਹੈ । ਡਾ. ਨਿਰਮਲ ਕੌਸ਼ਿਕ ਅਨੁਸਾਰ, "ਮੱਧਕਾਲ ਵਿਚ ਕਬਿੱਤ ਸਵੈਯਾਂ ਦੀ ਇਕ ਸੁਦੀਰਘ ਪਰੰਪਰਾ ਰਹੀ ਹੈ। ਮੁਕਤਕ ਛੰਦ ਹੋਣ ਦੇ ਕਾਰਨ, ਇਹ ਪ੍ਰਚਾਰ ਕਾਰਜ ਲਈ ਅਤਿਅੰਤ ਅਨੁਕੂਲ ਸੀ। ਭਾਈ ਗੁਰਦਾਸ ਨੇ ਇਸ ਨੂੰ ਅਪਣਾਇਆ।"[76]

ਭਾਈ ਗੁਰਦਾਸ ਵਲੋਂ ਰਚੇ ਉਪਲੱਬਧ 'ਕਬਿੱਤ ਸਵੈਯੇ' ਦੀ ਗਿਣਤੀ 675 ਹੈ । ਇਨ੍ਹਾਂ ਵਿਚ ਅੱਠ ਦੋਹਰੇ, ਅੱਠ ਸੋਰਠੇ, ਅੱਠ ਛੰਤ ਅਤੇ ਤਿੰਨ ਸਵੈਯੇ ਹਨ ।

ਕਬਿੱਤਾਂ ਨੂੰ ਕਾਵਿ ਸ਼ਾਸਤਰੀਆਂ ਅਨੁਸਾਰ 'ਧਨਾਕਸ਼ਰੀ ਕਬਿੱਤ' ਵੀ ਕਿਹਾ ਜਾਂਦਾ ਹੈ । ਕਾਵਿ ਸ਼ਾਸਤਰ ਅਨੁਸਾਰ 'ਧਨਾਕਸ਼ਰੀ ਛੰਦ' ਦੇ ਹਰ ਚਰਣ ਵਿਚ ਇਕੱਤੀ ਵਰਣ ਹੁੰਦੇ ਹਨ ਅਤੇ ਸੋਲਾਂ ਤੇ ਪੰਦਰਾਂ ਵਰਣਾਂ ਉਪਰੰਤ ਵਿਸ਼ਰਾਮ ਦਾ ਨਿਯਮ ਹੈ । ਭਾਈ ਗੁਰਦਾਸ ਦੇ ਕਬਿੱਤਾਂ ਵਿਚ ਛੰਦ ਸ਼ਾਸਤਰ ਦੇ ਇਸ ਨਿਯਮ ਦਾ ਸੁਚਾਰੂ ਰੂਪ ਵਿਚ ਨਿਰਬਾਹ ਹੋਇਆ ਹੈ । ਨਾਲ ਹੀ

ਸੁਰਾਂ ਦੇ ਲੈਆਤਮਿਕ ਆਰੋਹ-ਅਵਰੋਹ ਅਤੇ ਲਗਾਤਾਰਤਾ ਵਾਲਾ ਪਰਵਾਹ ਬਣਾਈ ਰਖਣ ਲਈ ਉਪਯੁਕਤ ਵਰਣਾਂ ਅਤੇ ਸ਼ਬਦਾਂ ਦੀ ਚੋਣ ਤਥਾ ਗਠਨ ਵੀ ਰਚਨਾ ਦੀ ਸੁੰਦਰਤਾ ਤੇ ਆਭਾ ਨੂੰ ਬਣਾਈ ਰਖਣ ਵਿਚ ਸਹਾਈ ਹੋਏ ਹਨ ।[77]

ਕਿਤੇ ਕਿਤੇ ਕੁੱਝ ਵਰਣਾਂ ਦੀ ਗਿਣਤੀ ਵੱਧ ਘੱਟ ਦਿਸ ਆਉਂਦੀ ਹੈ । ਇਸਦਾ ਮੂਲ ਕਾਰਨ ਭਾਈ ਸਾਹਿਬ ਦੀ ਆਪਣੀ ਹੱਥ ਲਿਖਤ ਪੋਥੀ ਦੇ ਮੂਲ ਰੂਪ ਦਾ ਨਾ ਮਿਲਣਾ ਵੀ ਹੈ । ਹੋ ਸਕਦਾ ਲਿਖਾਰੀਆਂ ਵਲੋਂ ਉਤਾਰੇ ਕਰਦਿਆਂ ਵਰਣਾਂ ਵਿਚ ਕੁਝ ਵਾਧ ਘਾਟ ਹੋ ਗਈ ਹੋਵੇ । ਦੂਸਰਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਹੋਰ ਮਹਾਂਕਵੀਆਂ ਵਾਂਗ ਇਨ੍ਹਾਂ ਨੇ ਵੀ ਛੰਦ ਨੂੰ ਨਿਯਮਾਂ ਦੇ ਮਕਾਨਕੀ ਰੂਪ ਵਿਚ ਗ੍ਰਹਿਣ ਨਾ ਕੀਤਾ ਹੋਵੇ ਅਤੇ ਅਨੁਭਵ ਦੀ ਲੋੜ ਅਨੁਕੂਲ ਉਸ ਨੂੰ ਢਾਲ ਲਿਆ ਹੋਵੇ ।

ਮਹਾਂਕਵੀ ਭਾਈ ਗੁਰਦਾਸ ਜੀ ਦੀ ਰੁਚੀ ਅਲੰਕਾਰ ਜਾਂ ਰਸ ਆਦਿ ਰਾਹੀਂ ਕਿਸੇ ਤਰ੍ਹਾਂ ਦਾ 'ਬਾਵਿ ਸੁਹਜ' ਉਪਜਾਉਣ ਦੀ ਨਹੀਂ ਸੀ । ਮੁੱਖ ਆਦਰਸ਼ ਤਾਂ ਭਾਵ ਸਪਸ਼ਟਤਾ ਰਾਹੀਂ ਗੁਰਮਤਿ ਜੀਵਨ-ਜਾਚ ਨਾਲ ਜਨ ਸਾਧਾਰਣ ਨੂੰ ਸਮਸ੍ਰਥ ਕਰਨਾ ਸੀ । ਫਿਰ ਵੀ ਉਨ੍ਹਾਂ ਦੀ ਰਚਨਾ ਵਿਚ ਅਲੰਕਾਰ ਅਤੇ ਰਸ ਆਦਿ ਦੀ ਪ੍ਰਬੀਨਤਾ ਨਾਲ ਵਰਤੋਂ ਹੋਈ ਮਿਲਦੀ ਹੈ ।

ਅਲੰਕਾਰ

ਕਾਵਿ ਅਚਾਰੀਆਂ ਨੇ ਅਲੰਕਾਰ ਨੂੰ ਕਵਿਤਾ ਦੀ ਜ਼ਿੰਦ ਜਾਨ ਅਤੇ ਆਤਮਾ ਮੰਨਿਆ ਹੈ । ਜਿਵੇਂ ਗਹਿਣੇ ਇਸਤਰੀ ਦੀ ਸੁੰਦਰਤਾ ਵਿਚ ਨਿਖਾਰ ਲਿਆਉਂਦੇ ਹਨ ਇਵੇਂ ਹੀ ਅਲੰਕਾਰ ਕਵਿਤਾ ਦੀ ਸੁੰਦਰਤਾ ਨੂੰ ਵਧਾਉਂਦੇ ਹਨ ।

ਡਾ. ਰਾਮ ਪ੍ਰਕਾਸ਼ ਅਨੁਸਾਰ, 'ਸ਼ਬਦ ਅਲੰਕਾਰਾਂ ਵਿਚੋਂ ਅਨੁਪ੍ਰਾਸ' ਅਤੇ ਅਰਥ ਅਲੰਕਾਰਾਂ ਵਿਚੋਂ 'ਉਪਮਾ' 'ਰੂਪਕ' ਅਤੇ 'ਅਨਉਕਤੀ' ਦੇ ਤਾਂ ਭਾਈ ਗੁਰਦਾਸ ਬਾਦਸ਼ਾਹ ਹਨ ਅਤੇ ਇਸ ਤੋਂ ਵੀ ਜ਼ਿਆਦਾ 'ਦ੍ਰਿਸ਼ਟਾਂਤ' ਅਲੰਕਾਰ ਉਪਰ ਤਾਂ ਉਨ੍ਹਾਂ ਨੂੰ ਪੂਰਨ ਪ੍ਰਬੀਨਤਾ ਹਾਸਲ ਹੈ । ਸੰਪੂਰਨ ਕਬਿੱਤ ਸਵੈਯਾ ਵਿਚ ਸ਼ਾਇਦ ਹੀ ਕੋਈ ਇਕ ਦੋ ਸਤਰਾਂ ਅਜਿਹੀਆਂ ਮਿਲਣ ਜਿਸ ਵਿਚ 'ਅਨੁਪ੍ਰਾਸ', 'ਰੂਪਕ' ਜਾਂ 'ਦ੍ਰਿਸ਼ਟਾਂਤ' ਦੀ ਸੁੰਦਰਤਾ ਨਾ ਝਲਕਦੀ ਹੋਵੇ ।[78]

ਹੇਠਾਂ ਭਾਈ ਸਾਹਿਬ ਦੇ ਕਬਿੱਤ ਸਵੈਯਾ ਵਿਚੋਂ ਸ਼ਬਦ ਅਲੰਕਾਰ ਦੀ ਇਕ ਉਦਾਹਰਣ ਪੇਸ਼ ਹੈ :—

ਨਿਹਕਾਮ ਨਿਹਕ੍ਰੋਧ ਨਿਰਲੰਭ ਨਿਰਮੋਹ
ਨਿਹਮੇਵ ਨਿਹਟੇਵ, ਨਿਰਦੋਖ ਵਾਸੀ ਹੈ ।
ਨਿਰਲੇਪ, ਨਿਰਬਾਨ, ਨਿਰਮਲ ਨਿਰਬੈਰ
ਨਿਰਬਿਘਨ ਨਿਰਾਲੰਬ ਅਬਿਨਾਸੀ ਹੈ ।
ਨਿਰਾਹਾਰ ਨਿਰਾਧਾਰ ਨਿਰੰਕਾਰ ਨਿਰਬਿਕਾਰ
ਨਿਹਚਲ ਨਿਹਭ੍ਰਾਂਤਿ ਨਿਰਭੈ ਨਿਰਾਸੀ ਹੈ ।
ਨਿਹਕਰਮ, ਨਿਹਭਰਮ ਨਿਹਸਰਮ ਨਿਹਸ੍ਵਾਦ
ਨਿਰਬਿਵਾਦ ਨਿਰੰਜਨ ਸੁੰਨਿ ਮੈ ਸੰਨਿਆਸੀ ਹੈ ।

(ਕਬਿੱਤ ੧੬੮)

ਇਸ ਸਵੈਯੇ ਦੇ ਅਧਿਕਤਮ ਸ਼ਬਦਾਂ ਵਿਚ 'ਨਿ' ਅਗੇਤਰ ਨਾਲ ਇਕ ਵਿਸ਼ੇਸ਼ ਤਰ੍ਹਾਂ ਦੀ ਸੰਗੀਤਾਤਮਿਕ ਝਨਕਾਰ ਜਿਹੀ ਪੈਦਾ ਹੋ ਗਈ ਹੈ ਜੋ ਕੰਨਾਂ ਨੂੰ ਅਤੀਅੰਤ ਮਧੁਰ ਲਗਦੀ ਹੈ ।

ਇਵੇਂ ਹੀ ਦ੍ਰਿਸ਼ਟਾਂਤ ਅਲੰਕਾਰ ਦੀ ਵੀ ਇਕ ਫੈਨਗੀ ਵੇਖੋ :

ਜੈਸੇ ਧੋਬੀ ਸਾਬਨ ਲਗਾਇ ਪੀਟੇ ਪਾਖਰ ਸੋ
ਨਿਰਮਲ ਕਰਤ ਹੈ ਬਸਨ ਮਲੀਨ ਕਉ ।

ਜੈਸੇ ਰਹੈ ਸੁਨਾਰ ਬਾਰੰਬਾਰ ਗਾਰ ਹਾਰ ਫਾਰ
ਕਰਤ ਅਸੁਧ ਸੁਧ ਕੰਚਨ ਕੁਲੀਨ ਕਉ ।
ਜੈਸੇ ਰਹੈ ਪਵਨ ਝਕਝੋਰਤ ਬਿਰਖ ਮਿਲ
ਮਲਯ ਗੰਧ ਕਰਤ ਹੈ ਚੰਦਨ ਪ੍ਰਬੀਨ ਕਉ ।
ਤੈਸੇ ਗੁਰ ਸਿਖਨ ਦਿਖਾਇਕੈ ਬ੍ਰਿਖਾ ਬਿਬੇਕ
ਮਾਯਾ ਮਲ ਕਾਟਿ ਕਰੈ ਨਿਜ ਪਦ ਲੀਨ ਕਉ ।

(ਕਬਿੱਤ ੬੧੪)

ਰਸ

'ਰਾਮ ਕੀ ਅੰਸ਼' ਹੋਣ ਕਾਰਨ 'ਆਨੰਦਿਤ' ਹੋਣਾ ਮਨੁੱਖੀ ਸੁਭਾ ਦਾ ਮੂਲ ਹੈ । ਮਨੁੱਖ ਦਾ ਹਰ ਕਰਮ ਆਨੰਦ ਪ੍ਰਾਪਤੀ ਲਈ ਯਤਨ ਹੈ । ਕਵਿਤਾ ਵੀ ਮਨੁੱਖ ਨੂੰ ਆਨੰਦ ਪ੍ਰਦਾਨ ਕਰਦੀ ਹੈ । ਸਾਹਿਤਕਾਰਾਂ ਨੇ ਇਸ ਦਾ ਵਿਸ਼ਲੇਸ਼ਣ ਕਰਦਿਆਂ ਇਸ ਨੂੰ 'ਕਾਵਿ ਰਸ' ਦੀ ਸੰਗਿਆ ਦਿੱਤੀ ਹੈ । ਵਿਸ਼ਵਨਾਥ ਨੇ 'ਸਾਹਿਤਯ ਦਰਪਣ' ਵਿਚ ਰਸ, ਅਲੰਕਾਰ ਆਦਿਕ ਕਾਵਿ ਤੱਤਾਂ ਦਾ ਵਰਣਨ ਕਰਦਿਆਂ ਰਸ ਨੂੰ ਕਾਵਿ ਦੀ ਆਤਮਾ ਕਿਹਾ ਹੈ ।[੧]

ਭਾਈ ਗੁਰਦਾਸ ਦੇ ਕਬਿੱਤ ਸਵੈਯਾਂ ਵਿਚ ਵੱਖੋ ਵੱਖਰੇ ਰਸ ਪਾਠਕਾਂ ਸਾਹਮਣੇ ਉਘੜਦੇ ਹਨ । ਇਨ੍ਹਾਂ ਵਿਚੋਂ ਸ਼ਿੰਗਾਰ ਰਸ ਅਤੇ ਵਿਸ਼ੇਸ਼ ਕਰਕੇ 'ਵਿਯੋਗ' ਅਤਿਅੰਤ ਪ੍ਰਬਲ ਰੂਪ ਵਿਚ ਵਿਦਮਾਨ ਹਨ । ਇਸ ਦੀ ਅਤਿ ਸੁੰਦਰ ਵੰਨਗੀ ਦੇਖੋ :—

ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ
ਪਾਵਨ ਪਵਿਤ੍ਰ ਮਿਤ੍ਰ ਆਜ ਮੋਰੈ ਆਏ ਹੈ ।
ਪਰਮ ਦਇਆਲ ਲਾਲ ਲੋਚਨ ਬਿਸਾਲ ਮੁਖ
ਬਚਨ ਰਸਾਲ ਮਧੁ ਮਧੁਰ ਪੀਆਏ ਹੈ ।
ਸੰਚਿਤ ਸਿਜਾਸਨ ਬਿਲਾਸਨ ਦੈ ਅੰਕਮਾਲ
ਪ੍ਰੇਮਰਸ ਬਿਸਮ ਹੁਇ ਸਹਜ ਸਮਾਏ ਹੈ ।
ਚਾਤ੍ਰਿਕ ਸਬਦ ਸੁਨਿ ਅਖੀਆ ਉਘਰਿ ਗਈ
ਭਈ ਜਲ ਮੀਨ ਗਤਿ ਬਿਰਹ ਜਗਾਏ ਹੈ ।

(ਕਬਿੱਤ ੨੦੫)

ਇਉਂ ਭਾਈ ਸਾਹਿਬ ਦੇ ਕਬਿੱਤ ਸਵੈਯੇ ਸਰੂਪਾਤਮਕ ਦ੍ਰਿਸ਼ਟੀ ਤੋਂ ਵੀ ਇਕ ਅਤਿਅੰਤ ਮਹੱਤਵਪੂਰਨ ਰਚਨਾ ਹੈ ਜਿਸ ਦੀ ਸ਼ਬਦਾਵਲੀ, ਸ਼ੈਲੀ, ਪੌਰਾਣਿਕ ਸੰਕੇਤ ਅਲੰਕਾਰ ਚਿਤ੍ਰਣਾਂ ਤੇ ਉਪਮਾਵਾਂ ਆਦਿ ਦਾ ਲੋਕ ਜੀਵਨ ਦੇ ਵਿਵਹਾਰਕ ਪੱਖ ਨਾਲ ਅਤਿ ਨੇੜਲਾ ਸੰਬੰਧ ਹੈ ।

ਸੰਪਾਦਕੀ ਤਕਨੀਕ

ਪਾਠ ਸੰਪਾਦਨ

ਪ੍ਰੇਰਣਾ ਤੇ ਸ੍ਰੋਤ

ਜਨਵਰੀ 1991 ਵਿਚ ਡਾ. ਗੁਰਚਰਨ ਸਿੰਘ ਜੀ ਨਾਲ ਮੈਂ ਪੀ.ਐਚ.ਡੀ. ਦੀ ਰਜਿਸਟ੍ਰੇਸ਼ਨ ਲਈ ਕਿਸੇ ਸੰਬੰਧੀ ਵਿਚਾਰ ਵਟਾਂਦਰਾ ਕਰ ਰਿਹਾ ਸੀ ਤਾਂ ਡਾ. ਸਾਹਿਬ ਨੇ ਦਸਿਆ ਕਿ ਭਾਈ ਸਾਹਿਬ ਦੇ ਕਬਿੱਤ ਸਵੈਯਾਂ ਤੇ ਅਕਾਦਮਿਕ ਪੱਖੋਂ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਗਿਆ । ਇਸ ਲਈ ਕਬਿੱਤ ਸਵੈਯਾਂ ਵਿਚ ਦਰਸਾਏ 'ਧਰਮ ਵਿਗਿਆਨ' ਨੂੰ ਹੀ ਪੀ.ਐਚ.ਡੀ. ਲਈ ਆਧਾਰ ਬਣਾਇਆ ਜਾਵੇ । ਨਾਲ ਹੀ ਉਨ੍ਹਾਂ ਪ੍ਰੇਰਿਆ ਕਿ ਪੀ.ਐਚ.ਡੀ. ਦੇ ਵਿਸ਼ੇ ਲਈ ਖੋਜ-ਸੰਦ ਵਜੋਂ ਭਾਈ ਸਾਹਿਬ ਦੇ ਕਬਿੱਤ ਸਵੈਯਾਂ ਦਾ ਪਾਠ ਸੰਪਾਦਨ, ਭੁੱਲ ਰਤਕਰਾ, ਅਨੁਕ੍ਰਮਣਿਕਾ ਅਤੇ ਕੋਸ਼

ਵੀ ਪਹਿਲਾਂ ਤਿਆਰ ਕੀਤਾ ਜਾਵੇ । ਪਰ ਮੇਰੇ ਕੋਲ ਇਸ ਵਿਸ਼ਾਲ ਕੰਮ ਲਈ ਲੋੜੀਂਦਾ ਤਜ਼ਰਬਾ ਨਹੀਂ ਸੀ। ਇਸ ਲਈ ਇਹ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੀ ਏ. ਸੀ. ਡੀ. ਵਲੋਂ ਵਿਭਾਗ ਦੇ ਸੀਨੀਅਰ ਪ੍ਰੋਫੈਸਰ ਤੇ ਡੀਨ, ਡਾ. ਬਲਕਾਰ ਸਿੰਘ ਜੀ ਦੀ ਸੁਯੋਗ ਨਿਗਰਾਨੀ ਹੇਠ ਕਰਨ ਲਈ ਮੈਨੂੰ ਜ਼ਿੰਮੇਵਾਰੀ ਸੌਂਪੀ ਗਈ ।

ਕਬਿੱਤ ਸਵੈਯਾਂ ਵਿਚ ਭਾਈ ਗੁਰਦਾਸ ਨੇ 'ਸਿੱਖ ਧਰਮ ਵਿਗਿਆਨ' ਦੀ ਸਿਰਜਣਾ ਕੀਤੀ ਹੈ । ਇਹ ਨਿਰੋਲ ਵਿਦਵਾਨਾਂ ਨੂੰ ਸੰਬੋਧਿਤ ਹਨ। ਇਹ ਇਕ ਕਰ੍ਹਾਂ ਨਾਲ ਆਦਰਸ਼ ਹੈ ਜਿਸ ਤੱਕ ਸਿੱਖ ਨੇ ਪੁੱਜਣਾ ਹੈ । ਇਸ ਲਈ ਗੁਰਮਤਿ ਸਾਹਿਤ ਵਿਚ ਕਬਿੱਤ ਸਵੈਯੇ ਦੀ ਵਿਸ਼ੇਸ਼ ਮਹੱਤਾ ਹੈ ਪਰ ਸੰਘਰਸ਼ਮਈ ਹਾਲਾਤਾਂ ਵਿਚੋਂ ਲੰਘਣ ਕਰਕੇ ਕੇਂਦਰੀ ਮਹੱਤਾ ਵਾਲਾ ਸਿੱਧਾਤਕ ਵਿਆਖਿਆ ਹੋਣ ਦੇ ਬਾਵਜੂਦ ਭਾਈ ਸਾਹਿਬ ਦੁਆਰਾ ਰਚਿਤ ਕਬਿੱਤਾਂ ਦੀ ਉਨ੍ਹਾਂ ਦੇ ਆਪਣੇ ਦੁਆਰਾ ਲਿਖੀ ਕੋਈ ਵੀ ਹੱਥ ਲਿਖਤ ਪੋਥੀ ਉਪਲੱਬਧ ਨਹੀਂ ਹੈ ਅਤੇ ਨਾ ਹੀ ਕੋਈ ਪ੍ਰਮਾਣੀਕ ਹਵਾਲਾ ਹੀ ਪ੍ਰਾਪਤ ਹੈ ।

ਸਮੇਂ ਸਮੇਂ ਗੁਰਸਿੱਖਾਂ ਵਲੋਂ ਭਾਈ ਸਾਹਿਬ ਦੇ ਕਬਿੱਤਾਂ ਦੇ ਉਤਾਰੇ ਕੀਤੇ ਜਾਂਦੇ ਰਹੇ ਜੋ ਬਹੁਤ ਸਾਰੀਆਂ ਲਾਇਬਰੇਰੀਆਂ ਵਿਚ ਸੁਰੱਖਿਅਤ ਹਨ ਪਰ ਇੰਨ੍ਹਾਂ ਵਿਚੋਂ ਕਈ ਕੀਮਤੀ ਉਤਾਰੇ 'ਸਿਖ ਰੈਫਰੈਂਸ ਲਾਇਬਰੇਰੀ' ਸ੍ਰੀ ਅੰਮ੍ਰਿਤਸਰ ਵਿਚ ਸੁਰੱਖਿਅਤ ਸਨ । ਇਨ੍ਹਾਂ ਦਾ ਜ਼ਿਕਰ ਸ. ਸਮਸ਼ੇਰ ਸਿੰਘ ਅਸ਼ੋਕ ਨੇ ਸਿਖ ਰੈਫਰੈਂਸ ਲਾਇਬਰੇਰੀ ਨਾਲ ਸੰਬੰਧਿਤ ਹੱਥ ਲਿਖਤ ਖਰੜਿਆਂ ਦੀ ਛਾਪੀ ਗਈ ਸੂਚੀ ਵਿਚ ਕੀਤਾ ਹੈ ਪਰ ਇਹ ਕੀਮਤੀ ਖਰੜੇ ਸਮੇਂ ਦੀ ਅਤਿਆਚਾਰੀ ਬੁੱਕਲ ਵਿਚ ਬਲਿਊ ਸਟਾਰ ਅਪਰੇਸ਼ਨ ਵੇਲੇ ਅਲੋਪ ਹੋ ਗਏ ।

ਭਾਈ ਸਾਹਿਬ ਦੇ ਕਬਿੱਤ ਸਵੈਯਾਂ ਦੇ ਪ੍ਰਕਾਸ਼ਿਤ ਸੰਸਕਰਣ ਦੋ ਭਾਗਾਂ ਵਿਚ ਉਪਲੱਬਧ ਹਨ । 675 ਕਬਿੱਤ ਸਵੈਯਾਂ ਵਿਚੋਂ ਪਹਿਲੇ 556 ਕਬਿੱਤ ਸਵੈਯਾ ਦੇ ਬਹੁਤ ਸਾਰੇ ਸੰਸਕਰਣ ਵੱਖਰੇ ਛਪੇ ਹੋਏ ਮਿਲਦੇ ਹਨ ਅਤੇ ਬਾਕੀ ਦੇ 119 ਕਬਿੱਤ ਭਾਈ ਵੀਰ ਸਿੰਘ ਵਲੋਂ ਕਿਸੇ ਹੱਥ ਲਿਖਤ ਪੋਥੀ ਤੋਂ ਪਹਿਲੀ ਵਾਰ ਅਕਤੂਬਰ 1940 ਵਿਚ ਛਾਪੇ ਗਏ ਸਨ ।

ਪਹਿਲੇ ਭਾਗ ਦੇ ਛਪੇ 556 ਕਬਿੱਤ ਸਵੈਯਾਂ ਦੇ ਵੱਖੋ ਵੱਖਰੇ ਸੰਸਕਰਣਾਂ ਵਿਚ ਕਿਸੇ ਵੀ ਪ੍ਰਕਾਸ਼ਕ ਵਲੋਂ ਪਾਠ ਦੇ ਸ੍ਰੋਤ ਸੰਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ । ਇਥੋਂ ਤੱਕ ਕਿ ਸ਼੍ਰੋਮਣੀ ਦੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੀ ਜੋ 556 ਕਬਿੱਤ ਸਵੈਯੇ ਹਿੰਦੀ ਵਿਚ ਪਹਿਲੀ ਵਾਰੀ ਮਈ 1956 ਨੂੰ ਛਾਪੇ ਗਏ, ਉਨ੍ਹਾਂ ਸੰਬੰਧੀ ਵੀ ਕਿਸੇ ਪ੍ਰਕਾਰ ਦੇ ਸ੍ਰੋਤ ਦੀ ਕੋਈ ਸੂਚਨਾ ਨਹੀਂ ਮਿਲਦੀ ।

ਦੂਸਰੇ ਭਾਗ ਦੇ 119 ਕਬਿੱਤ ਸਵੈਯਾਂ ਸੰਬੰਧੀ ਵੀ ਭਾਈ ਵੀਰ ਸਿੰਘ ਜੀ ਨੇ ਮੁੱਖ ਬੰਦ ਵਿਚ ਪ੍ਰਾਪਤ ਹੱਥ ਲਿਖਤ ਪੋਥੀ ਦੀ ਪੁਰਾਤਨਤਾ ਅਤੇ ਪ੍ਰਮਾਣੀਕਤਾ ਸੰਬੰਧੀ ਕੋਈ ਜਾਣਕਾਰੀ ਨਹੀਂ ਦਿਤੀ । ਇਸ ਸੰਬੰਧੀ ਖੋਜ ਲਈ 'ਪੰਚਵਟੀ' ਦੇਹਰਾਦੂਨ ਜਿਥੇ ਭਾਈ ਸਾਹਿਬ ਦੀ ਨਿੱਜੀ ਲਾਇਬਰੇਰੀ ਦੀਆਂ ਬਹੁਤ ਸਾਰੀਆਂ ਹੱਥ ਲਿਖਤਾਂ ਸਾਂਭੀਆਂ ਪਈਆਂ ਹਨ, ਵਿਖੇ ਸੰਬੰਧਿਤ ਪੋਥੀ ਦੀ ਭਾਲ ਲਈ ਯਤਨ ਕੀਤਾ ਗਿਆ । ਇਸੇ ਤਰਾਂ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਜਿਥੇ ਭਾਈ ਸਾਹਿਬ ਦੀ ਲਾਇਬਰੇਰੀ ਦੇ ਕੁਝ ਕੁ ਹੱਥ ਲਿਖਤ ਖਰੜੇ ਸਾਂਭੇ ਹੋਏ ਹਨ, ਵਿਚੋਂ ਵੀ ਇਹ ਪੋਥੀ ਲਭਣ ਦਾ ਯਤਨ ਕੀਤਾ ਗਿਆ ਪਰ ਸਫਲਤਾ ਪ੍ਰਾਪਤ ਨਹੀਂ ਹੋਈ । ਸੰਬੰਧਿਤ ਸੱਜਣਾਂ ਵਲੋਂ ਦੱਸਿਆ ਗਿਆ ਕਿ ਇਹ ਪੋਥੀ ਸ਼ਾਇਦ 1947 ਈਸਵੀ ਵਿਚ ਫਸਾਦਾਂ ਦੇ ਵੇਲੇ 'ਖਾਲਸਾ ਸਮਾਚਾਰ' ਦੇ ਦਫਤਰ ਵਿਚ ਅੱਗ ਲੱਗਣ ਕਾਰਨ ਨਸ਼ਟ ਹੋ ਗਈ ਸੀ ।

ਇੰਨਾਂ 119 ਕਬਿੱਤ ਸਵੈਯਾਂ ਦਾ ਪਾਠ ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਵਾਲਿਆਂ ਨੇ ਪੰਡਤ ਨਰਾਇਣ ਸਿੰਘ ਗਿਆਨੀ ਵਲੋਂ ਕੀਤੇ ਟੀਕੇ ਸਹਿਤ ਵੀ ਛਾਪਿਆ ਹੈ । ਇਥੇ ਵੀ ਪਾਠ ਬਾਰੇ ਕਿਸੇ ਪ੍ਰਕਾਰ ਦੇ ਸ੍ਰੋਤ ਦਾ ਜ਼ਿਕਰ ਨਹੀਂ ਕੀਤਾ

ਮਿਲਦਾ ।

ਸੋ ਦੂਸਰੇ ਭਾਗ ਨਾਲ ਸੰਬੰਧਿਤ ਕੁਝ ਹੱਥ ਲਿਖਤ ਉਪਲੱਬਧ ਨਾ ਹੋਣ ਕਾਰਨ ਭਾਈ ਵੀਰ ਸਿੰਘ ਵਲੋਂ ਸੰਪਾਦਿਤ ਅਕਤੂਬਰ 1940 ਵਾਲੇ ਸੰਸਕਰਣ ਨੂੰ ਆਧਾਰ ਬਣਾਇਆ ਗਿਆ ਹੈ, ਅਤੇ ਪੰਡਤ ਨਰਾਇਣ ਸਿੰਘ ਜੀ ਦੇ ਟੀਕੇ ਵਾਲੇ ਪਾਠ ਨਾਲ ਕੇਵਲ ਜੋ ਪਾਠ ਅੰਤਰ ਹਨ, ਉਨ੍ਹਾਂ ਨੂੰ ਫੁਟ ਨੋਟਾਂ ਵਿਚ ਦਿਤਾ ਗਿਆ ਹੈ ।

ਪਹਿਲੇ ਭਾਗ ਦੇ ਪਾਠ ਸੰਪਾਦਨ ਲਈ ਚਾਰ ਹੱਥ ਲਿਖਤ ਪੋਥੀਆਂ ਅਤੇ ਇਕ ਸੌ ਸਾਲਾ ਪੁਰਾਣੇ ਪ੍ਰਕਾਸ਼ਿਤ ਸੰਸਕਰਣ ਨੂੰ ਆਧਾਰ ਬਣਾਇਆ ਗਿਆ ਹੈ । ਹੱਥ ਲਿਖਤਾਂ ਸੰਬੰਧੀ ਉਨ੍ਹਾਂ ਦੀ ਪੁਰਾਤਨਤਾ ਨੂੰ ਇਸ ਵਿਸ਼ੇ ਦੇ ਵਿਸ਼ੇਸ਼ਗ ਵਿਦਵਾਨਾਂ ਦੀ ਰਾਇ ਨਾਲ ਨਿਰਧਾਰਿਤ ਕੀਤਾ ਗਿਆ ਹੈ । ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

'ਲ' ਪੋਥੀ

ਪਹਿਲੇ ਭਾਗ ਦੇ ਪ੍ਰਕਾਸ਼ਿਤ ਸੰਸਕਰਣਾਂ ਦੀਆਂ ਉਪਲੱਬਧ ਪੋਥੀਆਂ ਵਿਚੋਂ ਇਹ ਸਭ ਤੋਂ ਪੁਰਾਣੀ ਹੈ । ਇਸ ਦੀ ਪਹਿਲੀ ਛਾਪ ਸੰਮਤ ਨਾਨਕ ਜੀ 427 (ਸੰਨ 1896) ਵਿਚ ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼ ਨੇ ਲਾਹੌਰ ਵਿਖੇ ਪ੍ਰਕਾਸ਼ਿਤ ਕੀਤੀ । ਇਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਲਾਇਬਰੇਰੀ ਦੇ, 'ਵਿਸ਼ੇਸ ਸਮੱਗਰੀ ਵਿਭਾਗ' ਵਿਚ ਸੁਰੱਖਿਅਤ ਹੈ । ਇਸ ਤੇ ਪੰਜਾਬੀ ਯੂਨੀਵਰਸਿਟੀ ਲਾਇਬਰੇਰੀ ਦਾ ਨੰਬਰ Q –:332x J 46,2, 153 C6 ਅੰਕਿਤ ਹੈ । ਇਸ ਵਿਚ ਛਾਪੇ ਦੀਆਂ ਕੁਝ ਤਰੁੱਟੀਆਂ ਵੀ ਹਨ । ਤਕਰੀਬਨ 100 ਕੁ ਸਾਲ ਪੁਰਾਣੀ ਹੋਣ ਕਾਰਣ ਇਸ ਨੂੰ ਕੁਲਨਾਤਮਿਕ ਅਧਿਐਨ ਲਈ ਵਰਤਿਆ ਗਿਆ ਹੈ । ਪ੍ਰਕਾਸ਼ਿਤ ਸੰਸਕਰਣ ਲਾਹੌਰ ਵਿਚ ਛਪੇ ਹੋਣ ਕਾਰਨ ਇਸ ਦਾ ਨਾਮ 'ਲ' ਪੋਥੀ ਰੱਖਿਆ ਗਿਆ ਹੈ । ਇਸ ਦੇ ਟਾਈਟਲ ਦੀ ਫੋਟੋ ਚਿੱਤਰ ਨੰਬਰ '1' ਤੇ ਦਿਤੀ ਗਈ ਹੈ ।

'ਅ' ਪੋਥੀ

ਇਹ ਪੋਥੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਪੁਨਰ ਸਥਾਪਿਤ 'ਸਿਖ ਰੈਫਰੈਂਸ ਲਾਇਬਰੇਰੀ' ਵਿਚ ਸੁਰੱਖਿਅਤ ਹੈ । 1984 ਵੇਲੇ 'ਸਿਖ ਰੈਫਰੈਂਸ ਲਾਇਬਰੇਰੀ' ਦੇ ਨਸ਼ਟ ਹੋ ਜਾਣ ਬਾਅਦ ਇਹ ਪੋਥੀ ਇਕ ਪ੍ਰੇਮੀ ਵਲੋਂ ਇਸ ਲਾਇਬਰੇਰੀ ਨੂੰ ਅਰਪਿਤ ਕੀਤੀ ਗਈ ਹੈ ਇਸ ਦਾ ਨੰਬਰ ਲਾਇਬਰੇਰੀ ਵਲੋਂ 1968 ACC ਅੰਕਿਤ ਹੈ । ਇਸ ਦੇ ਪੱਤਰਿਆਂ ਦਾ ਆਕਾਰ 16 x 12 ਸੈਂਟੀਮੀਟਰ ਹੈ ਅਤੇ ਕੁੱਲ ਪੱਤਰੇ 677 ਹਨ । ਇਸ ਦੇ ਹਰ ਪੰਨੇ ਤੇ ਤਕਰੀਬਨ 8 ਪੰਕਤੀਆਂ ਹਨ । ਆਰੰਭ ਤੋਂ 402 ਪੰਨੇ ਤੱਕ 39 ਵਾਰਾਂ ਦਾ ਪਾਠ ਹੈ । 403 ਤੋਂ 658 ਤੱਕ 556 ਕਬਿੱਤ ਸਵੈਯੇ ਤਰਤੀਬਵਾਰ ਹਨ । ਪੰਨਾ 659 ਤੋਂ 677 ਤੱਕ ਫਿਰ ਵਾਰ 'ਸੱਚੇ ਤਖਤ ਰਚਾਇਆ,.....' ਵਾਲੀ ਅੰਕਿਤ ਹੈ । ਦੋਨੋਂ ਪਾਸੇ ਮੋਟਾ ਹਾਸ਼ੀਆ ਲੱਗਾ ਹੈ । ਲਿਖਤ ਸ਼ੁਧ ਤੇ ਸਾਫ ਹੈ । ਇਹ ਪੋਥੀ ਦਸਵੰਮੀ ਲਿਖਣ ਸ਼ੈਲੀ ਵਿਚ ਲਿਖੀ ਹੋਈ ਹੈ । ਕਿਤੇ ਕਿਤੇ ਅੱਧਕ ਦੀ ਵਰਤੋਂ ਕੀਤੀ ਹੈ । ਜਿਲਦ ਵਾਲੇ ਪੰਨੇ ਦਾ ਕਾਗਜ਼ ਸਿਆਲਕੋਟੀ ਹੈ ਅਤੇ ਅੰਦਰਲੀ ਲਿਖਤ ਵਾਲਾ ਕਸ਼ਮੀਰੀ ਕਾਗਜ਼ ਤੇ ਹੈ । ਇਸ ਦਾ ਨਕਲ ਕਰਤਾ ਕੌਣ ਹੈ ? ਇਸ ਬਾਰੇ ਇਸ ਤੋਂ ਕੋਈ ਜਾਣਕਾਰੀ ਨਹੀਂ ਮਿਲਦੀ ਅਤੇ ਨਾ ਹੀ ਇਸ ਵਿਚ ਕਿਤੇ ਲਿਖਣ ਸਮਾਂ ਅੰਕਿਤ ਹੈ । ਨਿਜੀ ਸੰਪਰਕ ਨਾਲ ਕਾਗਜ਼ ਅਤੇ ਲਿਖਣ ਸ਼ੈਲੀ ਦੇ ਅਧਾਰ ਤੇ ਡਾ. ਪਿਆਰ ਸਿੰਘ ਨੇ ਪੋਥੀ ਨੂੰ ਵੇਖਕੇ ਇਸਦਾ ਨਿਰੀਖਣ ਕਰਦਿਆਂ ਇਸ ਨੂੰ ਸਿਖ ਰਾਜ ਦੇ ਮੁੱਢਲੇ ਸਮੇਂ ਦੀ ਛਾਪ 200 ਕੁ ਸਾਲ ਪੁਰਾਣੀ ਲਿਖਤ ਦੱਸਿਆ ਹੈ । ਅੰਮ੍ਰਿਤਸਰ ਵਿਚ ਪਈ ਹੋਣ ਕਰਕੇ ਇਸ ਦਾ ਨਾਂ 'ਅ' ਪੋਥੀ ਰੱਖਿਆ ਗਿਆ ਹੈ । ਇਸ ਦੇ ਪੰਨੇ ਦੀ ਫੋਟੋ ਚਿਤਰ ਨੰ: '2' ਤੇ ਦਿਤੀ ਗਈ ਹੈ ।

'ਪ' ਪੋਥੀ

ਇਹ ਪੋਥੀ ਭਾਸ਼ਾ ਵਿਭਾਗ ਪਟਿਆਲਾ ਦੀ ਲਾਇਬਰੇਰੀ ਦੇ ਹੱਥ ਲਿਖਤ ਖਰੜਿਆਂ ਵਾਲੀ

ਸ਼ਾਖਾ ਵਿਚ ਸੁਰੱਖਿਅਤ ਹੈ। ਇਸ ਤੇ ਉਸ ਵਿਭਾਗ ਵਲੋਂ ਨੰਬਰ 9 ਅੰਕਿਤ ਕੀਤਾ ਹੋਇਆ ਹੈ। ਇਸ ਦੇ ਪੱਤਰਿਆਂ ਦਾ ਆਕਾਰ 17 x 15 ਸੈ: ਮੀ: ਹੈ। ਇਸ ਦੇ ਪਹਿਲੇ 21 ਪੰਨੇ ਲੁਪਤ ਹਨ। 22 ਪੰਨੇ ਤੇ ਅੱਠਵੀਂ ਵਾਰ ਦਾ ਪਾਠ ਸਮਾਪਤ ਹੁੰਦਾ ਹੈ। 400 ਪੰਨੇ ਤੇ 39ਵੀਂ ਵਾਰ ਦਾ ਪਾਠ ਸਮਾਪਤ ਹੁੰਦਾ ਹੈ। ਇਸੇ ਪੰਨੇ ਤੋਂ ਕਬਿੱਤ ਸਵੈਯਾਂ ਦਾ ਪਾਠ ਸ਼ੁਰੂ ਹੁੰਦਾ ਹੈ ਅਤੇ 609 ਪੰਨੇ ਤੱਕ ਤਰਤੀਬਵਾਰ 556 ਕਬਿੱਤ ਸਵੈਯਾਂ ਦਾ ਪਾਠ ਦਰਜ ਹੈ। ਇਸ ਦੇ ਹਰ ਪੰਨੇ ਤੇ ਤਕਰੀਬਨ 9 ਲਾਈਨਾਂ ਹਨ। ਲਿਖਾਈ ਪੁਰਾਣੀ ਸੁੰਦਰ ਸ਼ੁਧ ਤੇ ਸਾਫ਼ ਹੈ ਅਤੇ ਦਮਦਮੀ ਸ਼ੈਲੀ ਵਿਚ ਲਿਖੀ ਹੈ। ਪਾਠ ਕਾਫ਼ੀ ਸ਼ੁੱਧ ਹੈ। ਦੋਨੋਂ ਪਾਸੇ ਸੁੰਦਰ ਹਾਸ਼ੀਆ ਰੰਗੀਨ ਲਕੀਰਾ ਫਾਲਾ ਲੱਗਿਆ ਹੋਇਆ ਹੈ। ਜਿਲਦ ਬਾਅਦ ਵਿਚ ਦੁਬਾਰਾ ਬੰਨ੍ਹੀ ਹੋਈ ਹੈ। ਕਾਗਜ਼ ਦੇਸੀ ਹੈ ਅਤੇ ਪੋਥੀ ਬਿਲਕੁਲ ਠੀਕ ਹਾਲਤ ਵਿਚ ਹੈ। ਇਸ ਦੇ ਅਧਿਐਨ ਤੋਂ ਵੀ ਕਿਸੇ ਲਿਖਾਰੀ ਦਾ ਨਾਂ ਅਤੇ ਲਿਖਣ ਸਮੇਂ ਦੀ ਜਾਣਕਾਰੀ ਨਹੀਂ ਮਿਲਦੀ। ਪ੍ਰਸਿੱਧ ਵਿਦਵਾਨ ਅਤੇ ਹੱਥ ਲਿਖਤ ਪੋਥੀਆਂ ਦੇ ਮਾਹਰ ਸ: ਸਮਸ਼ੇਰ ਸਿੰਘ ਅਸ਼ੋਕ ਨੇ ਭਾਸ਼ਾ ਵਿਭਾਗ, ਪਟਿਆਲਾ ਵਲੋਂ ਛਾਪੇ ਹੱਥ ਲਿਖਤਾਂ ਦੇ ਵੇਰਵੇ ਵਿਚ ਇਸ ਦਾ ਸਮਾਂ 17ਵੀਂ ਸਦੀ ਬਿਕਰਮੀ ਨਿਰਧਾਰਤ ਕੀਤਾ ਹੈ।[80] ਭਾਸ਼ਾ ਵਿਭਾਗ, ਪਟਿਆਲਾ ਦੀ ਲਾਇਬਰੇਰੀ ਵਿਚ ਪਈ ਹੋਣ ਕਰਕੇ ਇਸ ਦਾ ਨਾਂ 'ਪ' ਪੋਥੀ ਰੱਖਿਆ ਹੈ। ਇਸ ਦੇ ਪੰਨਿਆਂ ਦੀ ਫ਼ੋਟੋ ਚਿੱਤਰ ਨੰ. 3 ਤੇ ਦਿਤੀ ਗਈ ਹੈ।

'ਯ' ਪੋਥੀ

ਇਹ ਪੋਥੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਲਾਇਬਰੇਰੀ ਦੇ ਵਿਸ਼ੇਸ਼ ਸਮੱਗਰੀ ਸ਼ਾਖਾ ਵਿਚ ਸੁਰੱਖਿਅਤ ਹੈ। ਇਸ ਉਤੇ ਯੂਨੀਵਰਸਿਟੀ ਲਾਇਬਰੇਰੀ ਦਾ ਨੰਬਰ 11563 (ਹੱਥ ਲਿਖਤ) ਅੰਕਿਤ ਹੈ। ਇਹ ਪੋਥੀ ਪ੍ਰਸਿੱਧ ਵਿਦਵਾਨ ਸ: ਸਮਸ਼ੇਰ ਸਿੰਘ ਅਸ਼ੋਕ ਦੇ ਯੂਨੀਵਰਸਿਟੀ ਲਾਇਬਰੇਰੀ ਨੂੰ ਦਾਨ ਕੀਤੇ ਨਿੱਜੀ ਪੁਸਤਕਾਲਯ ਵਿਚ ਆਈ ਹੈ।

ਇਸ ਪੋਥੀ ਦਾ ਆਕਾਰ 17 x 12 ਸੈ: ਮੀ: ਹੈ। ਇਸ ਦੇ ਹਰੇਕ ਪੰਨੇ ਤੇ ਤਕਰੀਬਨ 9 ਲਾਈਨਾਂ ਹਨ। ਦੋਨੋਂ ਪਾਸੇ ਡਬਲ ਹਾਸ਼ੀਆ ਲੱਗਿਆ ਹੋਇਆ ਹੈ। ਇਸ ਦੇ ਪੰਨਾ ਨੰ: 1 ਤੋਂ 311 ਤੱਕ 40 ਵਾਰਾਂ ਦਾ ਪਾਠ ਹੈ। ਦੁਬਾਰਾ ਫਿਰ ਪੰਨਾ ਨੰਬਰ 1 ਲੱਗਿਆ ਹੈ ਅਤੇ 196 ਪੰਨੇ ਤੱਕ 556 ਕਬਿੱਤ ਸਵੈਯਾਂ ਦਾ ਪਾਠ ਹੈ। ਲਿਖਾਈ ਸ਼ੁੱਧ ਤੇ ਸਾਫ ਹੈ ਜਿਲਦ ਬਾਅਦ ਵਿਚ ਦੁਬਾਰਾ ਬੰਨ੍ਹੀ ਹੋਈ ਹੈ। ਵਾਰਾਂ ਦੇ ਅੰਖੀਰਲੇ ਪੰਨੇ ਉਤੇ ਮੰਗਲ ਸਿੰਘ ਨਾਂ ਦੇ ਵਿਅਕਤੀ ਦੇ ਹਸਤਾਖਰ ਹਨ। ਕਬਿੱਤ ਸਵੈਯਾਂ ਦੇ ਅਖੀਰ ਤੇ, "ਸਿਹਰਦਾਸ ਅਰ ਮਸਤਰਾਮ ਦੋਨੋ ਕੋ ਪ੍ਰਨਾਮ। ਪੋਥੀ ਸੰਪੂਰਨ ਭਈ ਅੰਮ੍ਰਿਤਸਰ ਸ੍ਰੀ ਨਾਮਾ" ਦੇ ਸ਼ਬਦ ਅੰਕਿਤ ਹਨ। ਇਸ ਦੇ ਮੁਦਲੇ ਪੰਨੇ ਤੇ ਸ: ਸਮਸ਼ੇਰ ਸਿੰਘ ਅਸ਼ੋਕ ਦੇ ਹਸਤਾਖਰ ਹਨ ਅਤੇ ਥੱਲੇ ਮਿਤੀ 28/3/81 ਪਈ ਹੋਈ ਹੈ। ਪੰਜਾਬੀ ਯੂਨੀਵਰਸਿਟੀ, ਵਿਚ ਪਈ ਹੋਣ ਕਰਕੇ ਇਸ ਦਾ ਨਾਂ 'ਯ' ਪੋਥੀ ਰੱਖਿਆ ਗਿਆ ਹੈ। ਡਾ. ਰਤਨ ਸਿੰਘ ਜੱਗੀ ਨਾਲ ਨਿੱਜੀ ਸੰਪਰਕ ਕਰਕੇ ਉਨ੍ਹਾਂ ਨੂੰ ਇਹ ਪੋਥੀ ਵਿਖਾਈ ਗਈ। ਉਨ੍ਹਾਂ ਕਾਗਜ਼ ਦੀ ਪੁਰਾਤਨਤਾ, ਤੇ ਲਿਖਾਵਟ ਦੇ ਸਰੂਪ ਦੇ ਆਧਾਰ ਤੇ ਇਸ ਨੂੰ 150 ਕੁ ਸੌ ਵਰ੍ਹੇ ਪੁਰਾਣੀ ਦਸਿਆ ਹੈ। ਇਸ ਦੇ ਪੰਨਿਆਂ ਦੀ ਫੋਟੋ ਚਿੱਤਰ ਨੰਬਰ 4 ਤੇ ਦਿਤੀ ਗਈ ਹੈ।

'ਆਧਾਰ' ਪੋਥੀ

ਇਹ ਪੋਥੀ ਸੈਂਟਰਲ ਪਬਲਿਕ ਲਾਇਬਰੇਰੀ ਪਟਿਆਲਾ ਦੇ ਰੈਫਰੈਂਸ ਸੈਕਸ਼ਨ ਵਿਚ ਸੁਰੱਖਿਅਤ ਹੈ। ਇਸ ਤੇ ਇਸ ਸ਼ਾਖਾ ਦਾ ਨੰਬਰ 562 ਅੰਕਿਤ ਹੈ। ਸ਼ੁਰੂ ਤੋਂ 214 ਪੱਤਰੇ ਤੱਕ 40 ਵਾਰਾਂ ਦਾ ਪਾਠ ਹੈ। 214 ਤੋਂ 341 ਪੰਨੇ ਤੱਕ 556 ਕਬਿੱਤ ਸਵੈਯਾਂ ਦਾ ਪਾਠ ਕ੍ਰਮਵਾਰ ਦਰਜ ਹੈ। ਇਸ ਦੇ ਹਰ ਪੰਨੇ ਤੇ ਲਗਭਗ 11 ਪੰਕਤੀਆਂ ਹਨ। ਦੋਨੋਂ ਪਾਸੇ ਸੁੰਦਰ ਮੋਟਾ ਰੰਗੀਨ ਹਾਸ਼ੀਆ ਹੈ। ਕਾਗਜ਼ ਫਯੀਆ ਸਿਆਲਕੋਟੀ ਹੈ। ਵਾਰਾਂ ਦੀਆਂ ਪਉੜੀਆਂ ਅਤੇ ਕਬਿੱਤਾਂ ਦੇ ਅੰਕ

ਲਾਲ ਸਿਆਹੀ ਨਾਲ ਲਿਖੇ ਹਨ। ਇਸ ਦੇ ਲਿਖਤ ਪੱਤਰਿਆਂ ਦਾ ਆਕਾਰ $26\frac{1}{2} \times 18\frac{1}{2}$ ਸੈ: ਮੀ: ਹੈ। ਲਿਖਤ ਪੁਰਾਣੀ ਸ਼ੁੱਧ ਤੇ ਖ਼ੂਬਸੂਰਤ ਹੈ। ਇਹ ਪੋਥੀ ਵੀ ਦਮਦਮੀ ਲਿਖਣ ਸ਼ੈਲੀ ਵਿਚ ਲਿਖੀ ਹੈ। ਇਸ ਦੇ ਅਧਿਐਨ ਤੋਂ ਵੀ ਕਿਸੇ ਲਿਖਾਰੀ ਜਾਂ ਲਿਖਣ ਸਮੇਂ ਬਾਰੇ ਕੋਈ ਸੰਕੇਤ ਨਹੀਂ ਮਿਲਿਆ। ਇਸ ਪੋਥੀ ਬਾਰੇ ਵੀ ਪੁਰਾਤਨ ਹੱਥ ਲਿਖਤਾਂ ਦੇ ਮਾਹਰ ਸ: ਸਮਸ਼ੇਰ ਸਿੰਘ ਅਸ਼ੋਕ ਨੇ ਭਾਸ਼ਾ ਵਿਭਾਗ, ਪਟਿਆਲਾ ਵਲੋਂ ਛਪੇ ਹੱਥ ਲਿਖਤਾਂ ਦੇ ਵੇਰਵੇ ਵਿਚ ਇਸ ਦਾ ਸਮਾਂ 16ਵੀਂ ਸਦੀ ਬਿਕਰਮੀ ਨਿਰਧਾਰਤ ਕੀਤਾ ਹੈ।[61] ਇਸ ਪ੍ਰਕਾਰ ਸੰਪਾਦਨ ਅਧਿਐਨ ਲਈ ਵਰਤੀਆਂ ਪੋਥੀਆਂ ਵਿਚੋਂ ਇਹ ਸਭ ਤੋਂ ਪੁਰਾਣੀ ਹੈ। ਇਸੇ ਲਈ ਇਸ ਪੋਥੀ ਨੂੰ ਪਾਠ ਸੰਪਾਦਨਾ ਲਈ ਆਧਾਰ ਪੋਥੀ ਵਜੋਂ ਵਰਤਿਆ ਗਿਆ ਹੈ ਅਤੇ ਇਸ ਦਾ ਨਾਂ ਵੀ 'ਆਧਾਰ ਪੋਥੀ' ਰੱਖਿਆ ਗਿਆ ਹੈ। ਇਸ ਦੇ ਪੰਨਿਆਂ ਦੀ ਫੋਟੋ ਚਿਤਰ ਨੰਬਰ 5 ਤੇ ਦਿਤੀ ਗਈ ਹੈ।

ਪਾਠ ਸੰਪਾਦਨ ਲਈ ਵਰਤੇ ਗਏ ਹੋਰ ਲਿਖੇ ਤਕਨੀਕੀ ਨੁਕਤੇ ਧਿਆਨ ਯੋਗ ਹਨ :

(1) ਤੁਲਨਾ ਪੋਥੀਆਂ ਵਿਚੋਂ ਲੁਪਤ ਪਾਠ ਲਈ ਹੇਠ ਲਿਖੇ ਅਨੁਸਾਰ ਚਿਨ੍ਹ ਵਰਤੇ ਗਏ ਹਨ :—

'ਅ' ਪੋਥੀ ਵਿਚੋਂ ਲੁਪਤ ਪਾਠ ਲਈ ਚਿੰਨ੍ਹ +
'ਪ' ਪੋਥੀ ਵਿਚੋਂ ਲੁਪਤ ਪਾਠ ਲਈ ਚਿੰਨ੍ਹ ‡
'ਯ' ਪੋਥੀ ਵਿਚੋਂ ਲੁਪਤ ਪਾਠ ਲਈ ਚਿੰਨ੍ਹ *
'ਲ' ਪੋਥੀ ਵਿਚੋਂ ਲੁਪਤ ਪਾਠ ਲਈ ਚਿੰਨ੍ਹ †

'ਆਧਾਰ' ਪੋਥੀ ਵਿਚੋਂ ਲੁਪਤ ਪਾਠ ਨੂੰ ਤੁਲਨਾ ਪੋਥੀਆਂ ਵਿਚੋਂ ਲੈ ਕੇ [ ] ਵਿਚ ਰੱਖਿਆ ਗਿਆ ਹੈ ਅਤੇ ਇਸ ਸਬੰਧੀ ਪੈਰ ਟਿਪਣੀ ਵੀ ਦਿੱਤੀ ਗਈ ਹੈ।

(2) ਪਾਠ ਅੰਤਰਾਂ ਨੂੰ ਪੈਰ ਟਿਪਣੀਆਂ ਵਿਚ ਦਰਸਾਇਆ ਗਿਆ ਹੈ। ਕੇਵਲ ਇਕ ਸ਼ਬਦ ਦੇ ਪਾਠਾਂਤਰਾਂ ਲਈ ਅੰਕ ਉਸ ਸ਼ਬਦ ਦੇ ਅਖੀਰ ਤੇ ਲਗਾ ਕੇ ਪੈਰ ਟਿਪਣੀ ਦਿੱਤੀ ਗਈ ਹੈ। ਇਕ ਸ਼ਬਦ ਤੋਂ ਵੱਧ ਦੇ ਪਾਠਾਂਤਰਾਂ ਲਈ ਪੈਰ ਟਿਪਣੀ ਅੰਕ ਉਸ ਦੇ ਸ਼ੁਰੂ ਤੇ ਅਖੀਰ ਚੋਹਾਂ ਥਾਂਵਾਂ ਤੇ ਲਗਾਇਆ ਗਿਆ ਹੈ।

(3) ਸੰਪਾਦਿਤ ਪਾਠ ਵਿਚ ਛਾਪੇ ਦੀ ਮਜਬੂਰੀ ਕਾਰਨ ਕਈ ਥਾਵਾਂ ਤੇ ' ੍ ' (ਹਲੰਤ) ਚਿੰਨ੍ਹ ਦੀ ਵਰਤੋਂ ਕੀਤੀ ਹੋਈ ਹੈ।

(ੳ) ਕਈ ਥਾਈਂ ਪੈਰ ਵਾਲਾ 'ਚ' ਨਾ ਮਿਲਣ ਕਰਕੇ ਉਸ ਅਖਰ ਦੇ ਪੈਰ ਵਿਚ ਹਲੰਤ ਪਾ ਕੇ ਅੱਗੇ ਪੂਰਾ ਅੱਖਰ ਪਾ ਦਿਤਾ ਗਿਆ ਹੈ ਜਿਵੇਂ 'ਅਸ੍ਚਰਜ' ਸ਼ਬਦ ਹੈ। ਇਥੇ ਪੈਰ ਵਾਲੇ 'ਚ' ਦੀ ਥਾਂ ' ੍ ' ਪਾ ਕੇ ਅੱਗੇ 'ਚ' ਪੂਰਾ ਲਿਖ ਦਿੱਤਾ ਹੈ।

(ਅ) ਹੱਥ ਲਿਖਤ ਪੋਥੀਆਂ ਵਿਚ ਕਈ ਥਾਂ ਅੱਧੇ 'ਯ' ਦੀ ਥਾਂ ਪੈਰ ਵਿਚ ' ੍ ' ਦਾ ਚਿੰਨ੍ਹ ਵਰਤਿਆ ਹੈ। ਉਸ ਨੂੰ ਉਸੇ ਤਰਾਂ ਦਰਸਾਇਆ ਗਿਆ ਹੈ।

(4) ਹੱਥ ਲਿਖਤਾਂ ਵਿਚ ਸ਼ਬਦ ਜੋੜਾਂ ਦੀ ਇਕਸਾਰਤਾ ਨਹੀਂ ਹੈ। ਇਕੋ ਲਿਖਾਰੀ ਨੇ ਵੀ ਸ਼ਬਦ ਜੋੜਾਂ ਦੇ ਵੱਖ ਵੱਖ ਰੂਪ ਵਰਤੇ ਹਨ। ਇਸ ਲਈ ਕੋਸ਼ਿਸ਼ ਕੀਤੀ ਗਈ ਹੈ ਕਿ ਆਧਾਰ ਪੋਥੀ ਵਾਲੇ ਸ਼ਬਦ ਜੋੜਾਂ ਨੂੰ ਹੀ ਤਰਜੀਹ ਦਿਤੀ ਜਾਵੇ।

(5) ਪਾਠ ਸੰਪਾਦਨ ਵੇਲੇ 'ਿ' ਸਿਹਾਰੀ ਅਤੇ ' ੁ' ਔਂਕੜ ਦੇ ਅੰਤਰ ਨੂੰ ਨਹੀਂ ਦਰਸਾਇਆ ਗਿਆ ਪਰ ਜਿਥੇ ਇੰਨ੍ਹਾਂ ਦੀ ਵਰਤੋਂ ਨਾਲ ਅਰਥਾਂ ਵਿਚ ਅੰਤਰ ਆਉਂਦਾ ਹੈ, ਉਥੇ ਇਸ ਨੂੰ ਪੈਰ ਟਿਪਣੀਆਂ ਵਿਚ ਨਿਰਦਿਸ਼ਟ ਕੀਤਾ ਗਿਆ ਹੈ।

(6) 'ਲ' ਪੋਥੀ ਦੇ ਪ੍ਰਕਾਸ਼ਿਤ ਸੰਸਕਰਣ ਅਤੇ ਭਾਈ ਵੀਰ ਸਿੰਘ ਵਾਲੀ ਪ੍ਰਕਾਸ਼ਿਤ ਪੋਥੀ ਵਿਚ ਬਹੁਤੀ ਥਾਈਂ ਅੱਧਕ ਦੀ ਵਰਤੋਂ ਕੀਤੀ ਗਈ ਹੈ ਪਰ ਤੁਲਨਾ ਕਰਨ ਵੇਲੇ ਇਸ ਨੂੰ ਧਿਆਨ ਵਿਚ ਨਹੀਂ ਰੱਖਿਆ ਗਿਆ ਕਿਉਂਕਿ ਅੱਧਕ ਦੀ ਵਰਤੋਂ

ਪੁਰਾਤਨ ਹੱਥ ਲਿਖਤਾਂ ਵਿਚ ਨਾਂਮਾਤਰ ਹੈ। ਉਕਤ ਪੋਥੀਆਂ ਵਿਚ ਸੰਪਾਦਕਾਂ ਨੇ ਇਹ ਅੰਧਕ ਕੌਲੋਂ ਲਗਾਏ ਜਾਪਦੇ ਹਨ।

(7) 'ਨ' ਅਤੇ 'ਣ' ਦੇ ਪਾਠਾਂਤਰ ਨਾਲ ਵੀ ਜਿਥੇ ਅਰਥਾਂ ਵਿਚ ਕੋਈ ਤਬਦੀਲੀ ਨਹੀਂ ਆਉਂਦੀ, ਉਥੇ ਇਸ ਨੂੰ ਛੱਡ ਦਿਤਾ ਗਿਆ ਹੈ।

(8) ਪਦ ਛੇਦ ਕਰਨ ਵੇਲੇ ਵੀ ਸ਼ਬਦਾਂ ਦੇ ਸੰਯੁਕਤ ਰੂਪ ਨੂੰ ਲਿਖਣ ਲੱਗਿਆਂ ਵਿਸ਼ੇਸ਼ ਧਿਆਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂਕਿ ਉਨ੍ਹਾਂ ਦਾ ਅਰਥ ਪਾਠਕਾਂ ਸਾਹਮਣੇ ਵਧੇਰੇ ਸਪਸ਼ਟ ਹੋ ਸਕੇ।

(9) ਪਾਠ ਸੰਪਾਦਨ ਵੇਲੇ ਜਿਥੇ ਕਿਤੇ ਆਧਾਰ ਪੋਥੀ ਦੇ ਲਿਖਾਰੀ ਵਲੋਂ ਪਾਠ ਸ਼ੁੱਧ ਪ੍ਰਤੀਤ ਨਹੀਂ ਹੋਇਆ, ਉਥੇ ਤੁਲਨਾ ਪੋਥੀਆਂ ਵਿਚੋਂ ਸਹੀ ਪਾਠ ਨਿਰਧਾਰਤ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਲੱਭੀਂਦੀ ਪੈਰ ਟਿਪਣੀ ਵੀ ਦੇ ਦਿੱਤੀ ਗਈ ਹੈ।

(10) ਆਧਾਰ ਪੋਥੀਆਂ ਅਤੇ ਸਭਨਾਂ ਤੁਲਨਾ ਪੋਥੀਆਂ ਵਿਚ ਹਰ ਇਕ 'ਕਾਵਿ-ਬੰਦ' ਦੀ ਸਮਾਪਤੀ ਤੇ ਲੱਗੇ ਅੰਕਾਂ ਵਿਚ ਭਿੰਨਤਾ ਹੈ। ਬਹੁਤੀ ਥਾਂਈਂ ਦੁਹਰੇ ਅੰਕ ਲੱਗੇ ਹੋਏ ਹਨ ਜਿਸ ਨਾਲ ਪਾਠਕਾਂ ਲਈ ਭੁਾਂਤੀ ਪੈਦਾ ਹੁੰਦੀ ਹੈ। ਇਸ ਲਈ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਅੰਕਾਂ ਵਿਚ ਇਕ ਹੀ ਤਰਤੀਬ ਰੱਖੀ ਗਈ ਹੈ ਤਾਂਕਿ ਕੋਈ ਪੰਕਤੀ ਜਾਂ ਸ਼ਬਦ ਲੱਭਣ ਲੱਗਿਆਂ ਕਿਸੇ ਪ੍ਰਕਾਰ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

(11) 'ਯ' ਪੋਥੀ ਵਿਚ ਕਈ ਥਾਈਂ ਸਿਹਾਰੀ ਦੀ ਥਾਂ ਲਿਖਾਰੀ ਨੇ '◌ੰ' ਚਿੰਨ੍ਹ ਵਰਤਿਆ ਹੈ ਪਰ ਪਾਠ ਸੰਪਾਦਨ ਵੇਲੇ ਇਸ ਨੂੰ ਸਿਹਾਰੀ ਹੀ ਦਰਸਾਇਆ ਗਿਆ ਹੈ। ਇਵੇਂ ਹੀ ਬਾਕੀ ਦੀਆਂ ਹੱਥ ਲਿਖਤ ਪੋਥੀਆਂ ਵਿਚ ਸੱਤਰ ਦੇ ਅਖੀਰ ਉਤੇ ਕੰਨੇ ਦੀ ਜਗ੍ਹਾ 'O' ਦਾ ਚਿੰਨ੍ਹ ਵਰਤਿਆ ਹੈ। ਪਰ ਪਾਠ ਸੰਪਾਦਨ ਵੇਲੇ ਇਸ ਦੀ ਥਾਂ ਕੰਨਾ ਹੀ ਵਰਤਿਆ ਹੈ।

ਕੁਝ ਤਤਕਰਾ

ਖੋਜ ਖੇਤਰ ਵਿਚ ਗੁਰਮਤਿ ਦੇ ਅਧਿਐਨ ਲਈ ਹਵਾਲਾ ਸੂਤ ਫਜੋਂ ਵੱਖੋ ਵੱਖਰੀਆਂ ਰਚਨਾਵਾਂ ਦੇ ਕੁਝ ਤਤਕਰਿਆਂ ਦੀ ਆਪਣੀ ਹੀ ਮਹੱਤਾ ਹੈ। ਇਹ ਗੱਲ ਗੁਰੂ ਗ੍ਰੰਥ ਸਾਹਿਬ ਦੇ ਅਤੇ ਦਸਮ-ਗ੍ਰੰਥ ਦੇ ਕੁੱਝ ਤਤਕਰੇ ਤੋਂ ਭਲੀ ਭਾਂਤ ਸਾਹਮਣੇ ਆ ਗਈ ਹੈ। ਭਾਈ ਗੁਰਦਾਸ ਜੀ ਦੀ ਰਚਨਾ ਵਾਰਾਂ ਅਤੇ ਕਬਿੱਤ ਸਵੈਯਾਂ ਦਾ ਕੁੱਝ-ਤਤਕਰਾ ਅਕਾਲੀ ਕੌਰ ਸਿੰਘ ਜੀ ਨਿਹੰਗ ਨੇ ਸੰਨ 1929 ਨੂੰ ਤਿਆਰ ਕਰਕੇ ਖ਼ਾਲਸਾ ਪਰਚੇਸੀ ਮਾਲਵਾ ਪ੍ਰੈਸ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕਰਵਾਇਆ ਸੀ ਪਰ ਮੁੱਢਲਾ ਯਤਨ ਹੋਣ ਕਰਕੇ ਉਹ ਕਿਸੇ ਵਿਗਿਆਨਿਕ ਵਿਧੀ ਅਨੁਸਾਰ ਨਹੀਂ ਹੈ ਅਤੇ ਨਾ ਹੀ ਹੁਣ ਉਸ ਦਾ ਕੋਈ ਸੰਸਕਰਣ ਪਾਠਕਾਂ ਨੂੰ ਮਾਰਕੀਟ ਵਿਚੋਂ ਮਿਲਦਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦਾ ਕੁਝ ਤਤਕਰਾ ਤਾਂ ਸ. ਕਰਤਾਰ ਸਿੰਘ ਨੇ ਵਿਗਿਆਨਿਕ ਵਿਧੀ ਅਨੁਸਾਰ ਤਿਆਰ ਕਰਕੇ 1963 ਵਿਚ ਜਨਤਾ ਪ੍ਰੈਸ ਜਲੰਧਰ ਤੋਂ ਪ੍ਰਕਾਸ਼ਿਤ ਕਰਵਾ ਦਿਤਾ ਸੀ ਪਰ ਕਬਿੱਤ ਸਵੈਯਾਂ ਦਾ ਕੁਝ ਤਤਕਰਾ ਹੁਣ ਤਕ ਕਿਸੇ ਵਲੋਂ ਵੀ ਸੰਪਾਦਿਤ ਨਹੀਂ ਸੀ ਕੀਤਾ ਗਿਆ। ਗੁਰਮਤਿ ਖੋਜ ਦੇ ਵਿਦਿਆਰਥੀਆਂ ਲਈ ਇਸ ਦੀ ਅੱਤਅੰਤ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

ਕੁਝ ਤਤਕਰੇ ਦੀ ਸੰਪਾਦਨਾ ਗੁਰਮੁੱਖੀ ਵਰਣ-ਮਾਲਾ ਅਨੁਸਾਰ ਕੀਤੀ ਗਈ ਹੈ। ਪਹਿਲਾਂ ਮੁਕਤ ਅੱਖਰਾਂ ਵਾਲੀਆਂ ਪੰਕਤੀਆਂ ਹਨ ਅਤੇ ਫਿਰ ਮਾਤਰਾਂ ਯੁਕਤ ਵਾਲੀਆਂ। ਬਿੰਦੀ ਅਤੇ ਟਿੱਪੀ ਨਾਲ ਸ਼ੁਰੂ ਹੋਣ ਵਾਲੀਆਂ ਪੰਕਤੀਆਂ ਨੂੰ ਮੁਕਤ ਅੱਖਰਾਂ ਦੇ ਸਥਾਨ-ਕ੍ਰਮ ਅਨੁਸਾਰ ਸ਼ੁਰੂ

ਹੋਣ ਵਾਲੀਆਂ ਪੰਕਤੀਆਂ ਦੇ ਆਰੰਭ ਵਿਚ ਰੱਖਿਆ ਗਿਆ ਹੈ। ਦੁੱਤ ਅੱਖਰਾਂ ਦੇ ਸ਼ਬਦ ਨਾਲ ਸ਼ੁਰੂ ਹੋਣ ਵਾਲੀਆਂ ਪੰਕਤੀਆਂ ਨੂੰ ਉਸ ਅੱਖਰ ਦੇ ਸ਼ਬਦਾਂ ਨਾਲ ਸ਼ੁਰੂ ਹੋਣ ਵਾਲੀਆਂ ਪੰਕਤੀਆਂ ਦੇ ਸਥਾਨ-ਕ੍ਰਮ ਵਿਚ ਅੰਤ ਤੇ ਰੱਖਿਆ ਗਿਆ ਹੈ। ਇਹ ਸਾਰੀ ਤਰਤੀਬ ਬਹੁਤ ਸੁਖੈਨ ਹੈ ਅਤੇ ਕਿਸੇ ਵੀ ਪੰਕਤੀ ਦੇ ਲੱਭਣ ਵਿਚ ਕਿਸੇ ਪ੍ਰਕਾਰ ਦੀ ਮੁਸ਼ਕਲ ਆਉਣ ਦੀ ਸੰਭਾਵਨਾ ਨਹੀਂ ਹੈ।

ਸ਼ਬਦ ਅਨੁਕ੍ਰਮਣਿਕਾ ਕੋਸ਼

ਇਹ ਇਸ ਖੋਜ ਪ੍ਰਬੰਧ ਦਾ ਅਹਿਮ ਭਾਗ ਹੈ। ਭਾਈ ਗੁਰਦਾਸ ਕਵਿੱਤ ਸਵੈਯਿਆਂ ਦੇ ਹੁਣ ਤੱਕ ਟੀਕੇ ਤਾਂ ਭਾਵੀ ਗਿਣਤੀ ਵਿਚ ਹੋਏ ਹਨ ਪਰ ਤੁਕਰੀਬਨ ਸਾਰਿਆਂ ਟੀਕਿਆਂ ਵਿਚ ਭਾਵ ਅਰਥ ਹੀ ਦਰਸਾਇਆ ਗਿਆ ਹੈ। ਹਰ ਟੀਕਾਕਾਰ ਦੇ ਅਰਥਾਂ ਵਿਚ ਕਾਫੀ ਅੰਤਰ ਹੈ। ਜਿਸ ਨਾਲ ਅਰਥਾਂ ਬਾਰੇ ਪਾਠਕਾਂ ਵਿਚ ਕੁੰਭੀਆਂ ਉਤਪੰਨ ਹੁੰਦੀਆਂ ਹਨ। ਸ਼ਬਦ ਅਨੁਕ੍ਰਮਣਿਕਾ ਕੋਸ਼ ਵਿਚ ਸਾਰੇ ਸੰਦਰਭ ਇਕ ਥਾਂ ਆ ਜਾਣ ਨਾਲ ਖੋਜ ਵਿਦਿਆਰਥੀਆਂ ਨੂੰ ਅਧਿਐਨ ਵਿਚ ਕਾਫੀ ਸੌਖ ਹੋ ਜਾਣ ਦੀ ਸੰਭਾਵਨਾ ਹੈ। ਇਸ ਕੋਸ਼ ਨਾਲ ਭਾਈ ਗੁਰਦਾਸ ਜੀ ਦਾ ਭਾਸ਼ਾ ਸੰਬੰਧੀ ਵਿਸ਼ਾਲ ਗਿਆਨ ਵੀ ਸਾਹਮਣੇ ਆਏਗਾ ਅਤੇ ਧਰਮ, ਇਤਿਹਾਸ, ਸਮਾਜ ਪੌਰਾਣਿਕ ਤਤ ਗਿਆਨ, ਵਿਗਿਆਨ, ਸਾਹਿਤ, ਬਨਾਸਪਤੀ ਅਤੇ ਜੀਵ ਜੰਤੂਆਂ ਆਦਿ ਦੇ ਵੱਖ ਵੱਖ ਪੱਖਾਂ ਅਤੇ ਯੁੱਗਬੋਧ ਸੰਬੰਧੀ ਉਨ੍ਹਾਂ ਦੀ ਚੇਤਨਾ ਦਾ ਅਧਿਐਨ ਵੀ ਵਿਸਤਾਰ ਵਿਚ ਹੋ ਸਕੇਗਾ।

ਖੋਜ ਪ੍ਰਬੰਧ ਦੇ ਇਸ ਭਾਗ ਦੀ ਤਰਤੀਬ ਯੋਜਨਾ ਬਿਲਕੁਲ ਤੁਕ ਤੁਕਰੇ ਵਾਂਗ ਹੀ ਰੱਖੀ ਗਈ ਹੈ। ਸਥਾਨ-ਕ੍ਰਮ ਅਨੁਸਾਰ ਸ਼ਬਦਾਂ ਦੀ ਤਰਤੀਬ ਤੋਂ ਬਾਅਦ ਦੱਸਿਆ ਗਿਆ ਹੈ ਕਿ ਉਹ ਸ਼ਬਦ ਕਿਹੜੀ ਭਾਸ਼ਾ ਨਾਲ ਸੰਬੰਧਿਤ ਹੈ ਅਤੇ ਫਿਰ ਵਿਉਂਤਪਤੀ ਦੇਣ ਦਾ ਯਤਨ ਕੀਤਾ ਗਿਆ ਹੈ। ਫ਼ਾਰਸੀ ਅਤੇ ਅਰਬੀ ਦੇ ਸ਼ਬਦਾਂ ਨੂੰ ਛਪਾਈ ਦੀ ਸੁਵਿਧਾ ਪਟਿਆਲੇ ਵਿਚ ਨਾ ਹੋਣ ਕਾਰਨ ਗੁਰਮੁੱਖੀ ਲਿਪੀ ਵਿਚ ਹੀ ਦਿਤਾ ਗਿਆ ਹੈ। ਇਸ ਉਪ੍ਰੰਤ ਉਸ ਦੇ ਅਰਥ ਭੇਦ ਦਿਤੇ ਗਏ ਹਨ। ਸ਼ਬਦਾਂ ਦੇ ਅਰਥ ਭੇਦਾਂ ਨੂੰ ਜਿੰਨ੍ਹਾਂ ਅਰਥਾਂ ਵਿਚ ਭਾਈ ਸਾਹਿਬ ਨੇ ਇਸ ਰਚਨਾ ਵਿਚ ਵਰਤਿਆ ਹੈ, ਉਥੇ ਤੱਕ ਹੀ ਸੀਮਤ ਰੱਖਣ ਦਾ ਯਤਨ ਕੀਤਾ ਗਿਆ ਹੈ।

ਇਸ ਉਪ੍ਰੰਤ ਭਾਈ ਗੁਰਦਾਸ ਨੇ ਕਿਹੜਾ ਸ਼ਬਦ ਕਿੱਥੇ ਕਿੱਥੇ ਕਿਤਨੀ ਵਾਰ ਵਰਤਿਆ ਹੈ, ਉਸ ਦਾ ਵੇਰਵਾ ਦਰਸਾਇਆ ਗਿਆ ਹੈ। ਇਸ ਦਾ ਵਿਸ਼ਲੇਸ਼ਣ ਇਸ ਪ੍ਰਕਾਰ ਹੈ :

ਉਸਤਤ
ਉਸਤਿਤ
ਉਸਤੁਤਿ
(ਸੰ. ਸ੍ਤੁਤਿ)
ਸਿਫਤ, ਸ਼ਲਾਘਾ, ਤਾਰੀਫ, ਵਡਿਆਈ
੨੬੪.੧/੮੨.੨; ੫੫੬.੪; ੫੬੫.੪; ੬੭੧.੪;/੧੦੭.੨

ਇਸ ਵਿਚ '੨੬੪' ਦਾ ਅੰਕ ਕਵਿੱਤ, ਸਵੈਯੇ ਜਾਂ ਕਿਸੇ ਦੂਸਰੇ ਕਾਵਿ-ਬੰਦ ਦਾ ਸੂਚਕ ਹੈ। '੧' ਪੰਕਤੀ ਦਾ ਅੰਕ ਹੈ। '/' ਦਾ ਚਿੰਨ੍ਹ ਉਸ ਸ਼ਬਦ ਦੇ ਆਏ ਦੂਸਰੇ ਰੂਪ 'ਉਸਤਿਤਿ' ਦੇ ਵੇਰਵੇ ਨਾਲੋਂ ਵਖਰਿਆਉਣ ਲਈ ਵਰਤਿਆ ਗਿਆ ਹੈ। ':' ਦਾ ਚਿੰਨ੍ਹ ਉਸ ਅੰਦਰਾਜ਼ ਦੀ ਸਮਾਪਤੀ ਲਈ ਵਰਤਿਆ ਗਿਆ ਹੈ। ਕਈ ਸਥਾਨਾਂ ਤੇ ਸ਼ਬਦਾਂ ਦਾ ਅੰਦਰਾਜ਼ ਪਤ੍ਰ.ਤ੍ਰੈ ਅਨੁਸਾਰ ਕੀਤਾ ਮਿਲੇਗਾ। ਇਥੇ .ਤ੍ਰੈ ਤੋਂ ਭਾਵ ਸੰਬੰਧਿਤ ਸ਼ਬਦ ਤੀਸਰੀ ਪੰਕਤੀ ਵਿਚ ਦੋ ਵਾਰੀ ਆਉਣ ਵਲ ਸੰਕੇਤ ਹੈ। ਅਨੁਕ੍ਰਮਣਿਕਾ ਵਿਚ ਕਈ ਥਾਂ ਇਸ ਖੋਜ ਪ੍ਰਬੰਧ ਵਿਚ ਵਰਤੇ ਗਏ ਸੰਖੇਪ ਚਿੰਨ੍ਹਾਂ ਦਾ ਬਿਉਰਾ ਇਸ ਪ੍ਰਕਾਰ ਹੈ :—

ਅ. — ਅਰਬੀ ਭਾਸ਼ਾ
ਸੰ. — ਸੰਸਕ੍ਰਿਤ ਭਾਸ਼ਾ
ਫ਼ਾ. — ਫ਼ਾਰਸੀ ਭਾਸ਼ਾ

ਧੰਨਵਾਦ

ਇਸ ਖੋਜ-ਪ੍ਰਬੰਧ ਦੀ ਤਿਆਰੀ ਲਈ ਦਿਸ ਵਿਸ਼ੇ-ਖੇਤਰ ਦੇ ਮਾਹਿਰ ਡਾ. ਗੁਰਚਰਨ ਸਿੰਘ ਜੀ ਦੀ ਸਰਪਰਸਤੀ ਹਰ ਕਦਮ ਤੇ ਮੇਰੇ ਨਾਲ ਰਹੀ ਹੈ। ਮੇਰੇ ਵਿਦਿਆ ਗੁਰੂ ਡਾ. ਬਲਕਾਰ ਸਿੰਘ ਜੀ ਪ੍ਰੋਫੈਸਰ, ਮੁੱਖੀ ਤੇ ਡੀਨ ਫੈਕਲਟੀ ਆਫ਼ ਰਿਲੀਜਨ ਦੀ ਸੁਯੋਗ ਅਗਵਾਈ ਹੇਠ ਇਹ ਖੋਜ-ਪ੍ਰਬੰਧ ਨੇਪਰੇ ਚੜ੍ਹਿਆ ਹੈ। ਪੰਜਾਬੀ ਯੂਨੀਵਰਸਿਟੀ ਦੇ ਸਾਰੇ ਗੁਰੂ ਗ੍ਰੰਥ ਸਾਹਿਬ ਵਿਭਾਗ ਤੇ ਯੂਨੀਵਰਸਿਟੀ ਦੇ ਹੋਰ ਉੱਚ ਅਧਿਕਾਰੀਆਂ ਦਾ ਵੀ ਮੈਂ ਸਦਾ ਰਿਣੀ ਰਹਾਂਗਾ ਜਿਨ੍ਹਾਂ ਨੇ ਇਤਨੀ ਵਡੀ ਜ਼ਿੰਮੇਵਾਰੀ ਦੇ ਮੈਨੂੰ ਯੋਗ ਸਮਝਿਆ । ਡਾ. ਹਜ਼ਾਰਾ ਸਿੰਘ ਮੁੱਖੀ, ਪਬਲੀਕੇਸ਼ਨ ਬਿਊਰੋ ਦਾ ਅਹਿਸਾਨ ਵੀ ਸਦਾ ਮੇਰੇ ਹਿਰਦੇ ਦੀਆਂ ਗਹਿਰਾਈਆਂ ਵਿਚ ਸਾਂਭਿਆ ਰਹੇਗਾ ਜਿਨ੍ਹਾਂ ਅਥਾਹ ਸ਼ਰਧਾ ਤੇ ਪਿਆਰ ਨਾਲ ਇਸ ਖੋਜ-ਪ੍ਰਬੰਧ ਨੂੰ ਛਾਪਕੇ ਇਸ ਨੂੰ ਅਤਿ ਸੁੰਦਰ ਦਿੱਖ ਪ੍ਰਦਾਨ ਕਰਨ ਵਿਚ ਅਗਵਾਈ ਕੀਤੀ ਹੈ।

ਇਸ ਖੋਜ-ਪ੍ਰਬੰਧ ਦੀ ਤਿਆਰੀ ਲਈ ਜਿਨ੍ਹਾਂ ਵਿਦਵਾਨਾਂ ਦੀਆਂ ਲਿਖਤਾਂ ਦਾ ਸਹਾਰਾ ਲਿਆ ਗਿਆ ਹੈ ਉਨ੍ਹਾਂ ਸਭਨਾਂ ਦਾ ਵੀ ਮੈਂ ਤਹਿ ਦਿਲੋਂ ਧੰਨਵਾਦੀ ਹਾਂ।

ਇਹ ਖੋਜ-ਪ੍ਰਬੰਧ ਮੈਂ ਖੋਜ ਵਿਦਿਆਰਥੀ ਦੇ ਤੌਰ ਤੇ 'ਖੋਜ ਮਾਧਿਅਮ' ਵਜੋਂ ਲਿਖਿਆ ਹੈ ਇਸਦੀ ਪੂਰਨਤਾ ਤੇ ਪਰਿਪੱਕਤਾ ਦਾ ਕਿਸੇ ਪ੍ਰਕਾਰ ਦਾ ਕੋਈ ਦਾਅਵਾ ਨਹੀਂ ਹੈ। ਜਿਤਨੀ ਬੁੱਧੀ ਤੇ ਸਮਰੱਥਾ ਅਕਾਲ-ਪੁਰਖ ਨੇ ਬਖਸ਼ੀ ਉਸ ਅਨੁਸਾਰ ਹੀ ਯਤਨ ਕਰ ਸਕਿਆ ਹਾਂ। ਇਸ ਬਖਸ਼ਿਸ਼ ਲਈ ਰੋਮ ਰੋਮ ਕਰਕੇ ਉਸ ਕਰਤਾ-ਪੁਰਖ ਦਾ ਸ਼ੁਕਰਗੁਜ਼ਾਰ ਹਾਂ।

ਓਅੰਕਾਰ ਸਿੰਘ

SIKHBOOKCLUB.COM

SIKHBOOKCLUB.COM

ਹਵਾਲੇ ਅਤੇ ਟਿੱਪਣੀਆਂ

1. ਬਲਕਾਰ ਸਿੰਘ (ਡਾ.), ਸਿੱਖ ਰਹੱਸਵਾਦ, ਅਨੁਭੂਤੀ ਅਤੇ ਅਭਿਵਿਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 9
2. "ਦੋ ਸ਼ਬਦ", ਭਾਈ ਗੁਰਦਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1969
3. ਕਬਿੱਤ ਭਾਈ ਗੁਰਦਾਸ : ਦੂਸਰਾ ਸਕੰਧ, ਖਾਲਸਾ ਸਮਾਚਾਰ, ਅੰਮ੍ਰਿਤਸਰ, 1950, ਪੰਨਾ 26
4. ਭਾਈ ਗੁਰਦਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1961, ਪੰਨਾ 5
5. (ੳ) Bhai Gurdas, the illustrious son of Datar Chand and Sukhdevi was born at Govindwal now is the district of Amritsar, Punjab on Monday the 2nd Kartik in the Bikram year 1608, corresponding with English date about the middle of October 1551 A.D. (TheKhalsa, Lahore, May 25, 1930)-ਡਾ. ਦਰਸ਼ਨ ਸਿੰਘ ਦੁਆਰਾ ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ (ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982) ਦੇ ਪੰਨਾ 49 ਤੋਂ ਉਧਰਿਤ

   (ਅ) 'ਭਾਈ ਗੁਰਦਾਸ' ਜੀ ਦਾ ਜੀਵਨ ਤੇ ਰਚਨਾ, (ਅਪ੍ਰਕਾਸ਼ਿਤ ਹੱਥ ਲਿਖਤ ਖਰੜਾ)

   (ੲ) ਭਾਈ ਗੁਰਦਾਸ ਜੀਵਨੀ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨਾ 10
6. ਭਾਈ ਗੁਰਦਾਸ ਈਸਰ ਭਲੇ ਦਾ ਬੇਟਾ ॥
   ਈਸਰ ਬਿਸਨ ਦਾਸ ਭਲੇ ਦੇ ਪਰਵਾਰ ਵਿਚੋਂ ਆਹਾ ਖਤ੍ਰੇਟਾ ॥
   ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, (ਸੰਪਾ. ਰਤਨ ਸਿੰਘ ਜੱਗੀ) ਪਰਖ, ਜਿਲਦ 2, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਚਰਣ ਪੰਜਵਾਂ/100
7. ਸਾਹਿਬ ਸਿੰਘ (ਪ੍ਰੋ.), ਭਾਈ ਗੁਰਦਾਸ ਜੀ ਦਾ ਜੀਵਨ ਤੇ ਰਚਨਾ, (ਅਪ੍ਰਕਾਸ਼ਿਤ ਹੱਥ ਲਿਖਤ ਖਰੜਾ)
8. ਵੀਰ ਸਿੰਘ (ਭਾਈ), ਕਬਿੱਤ ਭਾਈ ਗੁਰਦਾਸ; ਦੂਸਰਾ ਸਕੰਧ, ਪੰਨਾ 32
9. —ਉਹੀ—ਪੰਨਾ 34
10. 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ;, ਪੰਜਾਬੀ ਦੁਨੀਆਂ, ਸਤੰਬਰ-ਅਕਤੂਬਰ, 1968 ਪੰਨਾ 5,- ਡਾ. ਦਰਸ਼ਨ ਸਿੰਘ ਦੁਆਰਾ ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ, ਦੇ ਪੰਨਾ 14 ਤੋਂ ਉਧਰਿਤ
11. ਗੰਡਾ ਸਿੰਘ (ਡਾ.), ਸਿਖ ਇਤਿਹਾਸ ਬਾਰੇ, ਪੰਜ ਚਰਿਆ, ਨਿਸਬਤ ਰੋਡ, ਲਾਹੌਰ, 1942 ਪੰਨਾ 8
ਪਰਉਪਕਾਰੀ ਹੁਇ ਬਿਕਾਰਨ ਘਟਾਵਈ ।
ਸਾਧੁਸੰਗਿ ਅਧਮ ਅਸਾਧੁ ਹੁਇ ਮਿਲਤ
ਚੂਨਾ ਜਿਉ ਤੰਬੋਲ ਰਸੁ[4] ਰੰਗੁ ਪ੍ਰਗਟਾਵਈ ।
ਤੈਸੇ ਹੀ ਚੰਚਲ ਚਿਤ ਕ੍ਰਮਤ ਚਤੁਰਕੁੰਟ
ਚਰਨ ਕਮਲ ਸੁਖ ਸੰਪਟ ਸਮਾਵਈ ॥੨੫੮॥

ਗੁਰਮੁਖਿ ਮਾਰਗ ਹੁਇ ਧਾਵਤ ਬਰਜਿ ਰਾਖੈ
ਸਹਜ ਬਿਸ੍ਰਾਮ ਧਾਮ ਨਿਹਚਲ ਬਾਸੁ ਹੈ ।
ਚਰਨ ਸਰਨਿ ਰਸ ਰੂਪ ਕੋ ਅਨੂਪ ਉਪ
ਦਰਸ ਦਰਸਿ ਸਮਦਰਸਿ ਪ੍ਰਗਾਸੁ ਹੈ ।
ਸਬਦ ਸੁਰਤਿ ਲਿਵ ਬਜਰ[5] ਕਪਾਟ ਖੁਲੇ
ਅਨਹਦਨਾਦ ਬਿਸਮਾਦ ਕੋ ਬਿਸਵਾਸੁ[6] ਹੈ ।
ਅੰਮ੍ਰਿਤ ਬਾਨੀ ਅਲੇਖ ਲੇਖ ਕੋ ਅਲੇਖ ਭਏ
ਪਰਦਛਨਾ ਕੈ ਸੁਖ ਦਾਸਨ[7] ਕੋ ਦਾਸ ਹੈ ॥੨੫੯॥

ਗੁਰਸਿਖ ਸਾਧ ਰੂਪ ਰੰਗ ਅੰਗ ਅੰਗ ਛਬਿ
ਦੇਹ ਕੋ ਬਿਦੇਹ ਅਉ ਸੰਸਾਰੀ ਨਿਰੰਕਾਰੀ ਹੈ ।
ਦਰਸ ਦਰਸਿ ਸਮਦਰਸ ਬ੍ਰਹਮ ਧਿਆਨ
ਸਬਦ ਸੁਰਤਿ ਗੁਰ ਬ੍ਰਹਮ ਬੀਚਾਰੀ ਹੈ ।
ਗੁਰ ਉਪਦੇਸ ਪਰਵੇਸ ਲੇਖ ਕੈ ਅਲੇਖ[8]
ਚਰਨ ਸਰਨਿ ਕੈ ਬਿਕਾਰੀ ਉਪਕਾਰੀ ਹੈ ।
ਪਰਦਛਨਾ[9] ਕੈ ਬ੍ਰਹਮਾਦਿਕ ਪਰਿਕ੍ਰਮਾਦਿ
ਪੂਰਨ ਬ੍ਰਹਮ ਅਕੂਕਾਰਿ ਆਗਿਆਕਾਰੀ ਹੈ ।।੨੬੦॥

---

[1]ਮੋਦ ਅੰ (ਲ) [2]ਪਾਚੋ (ਲ) [3]ਮਾਰੇ ਭੇ (ਪ) [4]ਰਸ ਸਾਥ (ਲ) [5]ਬਜ੍ਰ (ਲ) [6]ਬਿਧ੍ਵਾਸ (ਅ,ਲ) [7]ਕੋਵਾਝ ਆਧਾਰ ਪੋਥੀ ਵਿਚ ਪਾਠ 'ਦਾਸਦ' ਹੈ । [8]ਅਲਖ (ਪ) [9]ਪ੍ਰਦਛਨਾ (ਲ)

ਗੁਰਮੁਖਿ ਮਾਰਗ ਹੁਇ ਭ੍ਰਮਨ ਕੋ ਭ੍ਰਮੁ ਖੋਇਓ
ਚਰਨ ਸਰਨਿ ਗੁਰ ਏਕ ਟੇਕ[1] ਧਾਰੀ ਹੈ ।
ਦਰਸ ਦਰਸ ਸਮਦਰਸ ਧਿਆਨ ਧਾਰਿ
ਸਬਦ ਸੁਰਤਿ ਕੈ ਸੰਸਾਰੀ ਨਿਰੰਕਾਰੀ ਹੈ ।
ਸਤਿਗੁਰ ਸੇਵਾ ਕਰਿ ਸੁਰਿ ਨਰ ਸੇਵਕ ਹੈ[2]
ਮਾਨਿ ਗੁਰ ਆਗਿਆ[3] ਸਭਿ ਜਗੁ ਆਗਿਆਕਾਰੀ ਹੈ ।
ਪੂਜਾ ਪ੍ਰਾਨ ਪ੍ਰਾਨਪਤਿ ਸਰਬ ਨਿਧਾਨ ਦਾਨ
ਪਾਰਸ ਪਰਸ ਗਤਿ ਪਰਉਪਕਾਰੀ ਹੈ ॥੨੬੧॥

ਪਰਨ ਬ੍ਰਹਮ ਗੁਰ ਮਹਿਮਾ ਕਹੈ ਸੁ ਥੋਰੀ
ਕਥਨੀ ਬਦਨੀ ਬਾਦਿ ਨੇਤ ਨੇਤ ਨੇਤ ਹੈ ।
ਪੂਰਨ ਬ੍ਰਹਮ ਗੁਰ ਪੂਰਨ ਸਰਬਮਈ
ਨਿੰਦਾ[4] ਕਰੀਐ ਸੁ ਕਾਕੀ ਨਮੋ ਨਮੋ ਹੰਤ ਹੈ ।
ਤਾਹੀ ਤੇ ਬਿਵਰਜਤ ਅਸੁਭਤਿ[5] ਨਿੰਦਾ ਚੰਉ
ਅਕਥ ਕਥਾ ਬੀਚਾਰਿ ਮੋਨਿ ਬ੍ਰਤ[6] ਲੰਤ ਹੈ ।
ਬਾਲ ਬੁਧਿ [ਸੁਧਿ][7] ਕਰਿ ਦੇਹ ਕੋ ਬਿਛੋਹ ਭਏ
ਜੀਵਨਮੁਕਤਿ ਗਤਿ ਬਿਸਮ ਸੁਚੇਤ ਹੈ ॥੨੬੨॥

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਅਤਿ
ਪ੍ਰੇਮ ਕੋ ਪਰਸਪਰ[8] ਬਿਸਮ ਸਥਾਨ[9] ਹੈ ।
ਦ੍ਰਿਸਟਿ ਦਰਸ ਕੈ ਦਰਸ ਕੈ ਦ੍ਰਿਸਟਿ ਹਰੀ
ਹੇਰਤ ਹਿਰਾਤ ਸੁਧਿ ਰਹਤ ਨ ਧਿਆਨ ਹੈ ।
ਸਬਦ ਕੈ ਸੁਰਤਿ ਸੁਰਤਿ ਕੈ ਸਬਦ ਹਰੇ
ਕਹਤ ਸੁਨਤ ਗਤਿ ਰਹਤ ਨ ਗਿਆਨ ਹੈ ।
ਅਸਨ ਬਸਨ ਤਨ ਮਨ ਬਿਸਮਰਨ ਹੁਇ
ਦੇਹ ਕੋ ਬਿਦੇਹ ਉਨਮਤ ਮਧੁ ਪਾਨ ਹੈ ॥੨੬੩॥

ਜੈਸੇ ਲਗ ਮਾਤ੍ਰ ਹੀਨ ਪਤਤ ਅਉਰ ਕਉ[*] ਅਉਰ
ਪਿਤਾ ਪੂਤ [ਪੂਤ][10] ਪਿਤਾ ਸਮਸਰਿ ਜਾਨੀਐ ।
ਸੁਰਤਿ ਬਿਹੂਨ ਜੈਸੇ ਬਾਵਰੋ[11] ਬਖਾਨੀਅਤ
ਅਉਰ ਕਹੇ ਅਉਰ ਕਛੁ ਹਿਰਦੈ ਮੈ ਆਨੀਐ ।
ਜੈਸੇ ਗੁੰਗ ਸਭਾ ਮਧਿ ਕਹਿ ਨ ਸਕਤ ਬਾਤ
ਬੋਲਤ ਹਸਾਇ ਹੈਂਇ ਬਚਨ ਬਿਧਾਨੀਐ ।
ਗਰਮੁਖਿ ਮਾਰਗ ਮੈ ਮਨਮੁਖ ਥਕਤ ਹੁਇ
ਲਗਨ ਸਗਨ ਮਾਨੈ ਕੈਸੇ ਮਨ ਮਾਨੀਐ ॥ ੨੬੪॥

---

[1]ਅਰ (ਲ) [2]ਹੈ (ਲ) [3]ਆਗਜਾ (ਲ) [4]ਨਿੰਦਿਆ (ਯ) ਨਿੰਦ (ਲ) [5]ਉਸਤਤਿ (ਲ) [6]ਵ੍ਰਤਾ (ਲ) [7]ਕੇਵਲ ਆਧਾਰ ਪੋਥੀ ਵਿਚ ਇਹ ਪਾਠ ਲੁਪਤ ਹੈ । [8]ਅ, ਪ ਤੇ ਆਧਾਰ ਪੋਥੀ ਵਿਚ ਪਾਠ 'ਪਰਮਪਰ' ਹੈ । [9]ਕੇਵਲ ਆਧਾਰ ਪੋਥੀ ਵਿਚ ਪਾਠ 'ਥਾਨਨ' ਹੈ । [10]ਇਹ ਪਾਠ ਕੇਵਲ ਆਧਾਰ ਪੋਥੀ ਵਿਚੋਂ ਲੁਪਤ ਹੈ ।

ਕੋਟਨਿ ਕੋਟਾਨਿ ਛਬਿ ਰੂਪ ਰੰਗ ਸੋਭਾ ਨਿਧਿ
ਕੋਟਨਿ ਕੰਟਾਨਿ ਕੰਟਿ ਜਗਮਗ ਜੋਤਿ ਕੈ[1] ।
ਕੋਟਨਿ ਕੋਟਾਨਿ ਰਾਜਭੋਗ ਪ੍ਰਭਤਾ[2] ਪ੍ਰਤਾਪੁ
ਕੋਟਨਿ ਕੰਟਾਨਿ ਸੁਖ ਅਨੰਦ[3] ਉਦੋਤ ਕੈ ।
ਕੋਟਨਿ ਕੋਟਾਨਿ ਰਾਗ ਨਾਦਿ ਬਾਦ ਗਿਆਨ[4] ਗੁਨ
ਕੋਟਨਿ ਕੰਟਾਨਿ ਜੋਗ ਭੋਗ ਓਤਿਪੋਤਿ ਕੈ ।
ਕੋਟਨਿ ਕੋਟਾਨਿ ਤਿਲ ਮਹਿਮਾ ਅਗਾਧਿ ਬੋਧ
ਨਮੋ ਨਮੋ ਦ੍ਰਿਸਟਿ ਦਰਸ ਸਬਦ ਸ੍ਰੋਤ ਕੈ ॥੨੬੫॥

ਅਹਿਨਿਸਿ ਭ੍ਰਮਤ ਭ੍ਰਮਰ ਕੁਮਦਨੀ ਕੋ ਸਾਸ
ਮਿਲਿ ਬਿਛਰਤ ਸੋਗ ਹਰਖ ਬਿਆਪਹੀ ।
ਰਵਿ ਸਸਿ ਉਲੰਘਿ ਸਰਨਿ ਸਤਿਗੁਰ ਗਹੀ
ਚਰਨਕਮਲ ਸੁਖ ਸੰਪਟ ਮਿਲਾਪਹੀ ।
ਸਹਜ ਸਮਾਧਿ ਨਿਜ ਆਸਨ ਸੁਬਾਸਨ ਕੈ
ਮਧੁ ਮਕਰੰਦ ਰਸੁ ਲੁਭਿਤ ਅਜਾਪਹੀ ।
ਤ੍ਰਿਗੁਨ ਅਤੀਤ ਹੁਇ ਬਿਸ੍ਰਾਮ ਨਿਹਕਾਮ ਧਾਮ
ਉਨਮਨ ਮਗਨ ਅਨਾਹਦ[5] ਅਲਾਪਹੀ ॥੨੬੬॥

ਰਵਿ ਸਸਿ ਦਰਸ[6] ਕਮਲ ਕੁਮਦਨੀ ਹਿਤ
ਭ੍ਰਮਤ ਭ੍ਰਮਰ ਮਨੁ ਸੰਜੋਗੀ ਬਿਓਗੀ[7] ਹੈ ।
ਤ੍ਰਿਗੁਨ ਅਤੀਤ ਗੁਰੁ ਚਰਨਕਮਲ ਰਸ
ਮਧੁ ਮਕਰੰਦ ਰੋਗ ਰਹਤ ਅਰੋਗੀ ਹੈ ।
ਨਿਹਚਲ ਮਕਰੰਦ ਸੁਖ ਸੰਪਟ ਸਹਜ ਧੁਨਿ
ਸਬਦ ਅਨਾਹਦ ਕੈ ਲੱਗ ਮੈ ਅਲੱਗੀ ਹੈ ।
ਗੁਰਮੁਖਿ ਸੁਖਫਲ ਮਹਿਮਾ ਅਗਾਧਿ ਬੋਧ
ਜੋਗ ਭੋਗ ਅਲਖ ਨਿਰੰਜਨ ਪ੍ਰਜੋਗੀ ਹੈ ॥੨੬੭॥

ਜੈਸੇ ਦਰਪਨ ਬਿਖੈ ਬਦਨੁ ਬਿਲੋਕੀਅਤ
ਐਸੇ ਸਰਗੁਨ ਸਾਖੀ ਕੂਤ ਗੁਰ ਧਿਆਨ ਹੈ ।
ਜੈਸੇ ਜੰਤ੍ਰ ਧੁਨਿ ਬਿਖੈ ਬਾਜਤ ਬਜੈਤ੍ਰੀ[8] ਕੋ ਮਨੁ
ਤੈਸੇ ਘਟ ਘਟ ਗੁਰ ਸਬਦ ਗਿਆਨ ਹੈ ।
ਮਨ ਬਚ ਕ੍ਰਮ ਜਤ੍ਰ ਕਤ੍ਰ ਸੋ ਇਕਤ੍ਰ ਭਏ
ਪੂਰਨ ਪ੍ਰਗਾਸ ਪ੍ਰੇਮ ਪਰਮ[9] ਨਿਧਾਨ ਹੈ ।
ਉਨਮਨ ਮਗਨ ਗਗਨ ਅਨਹਦਧੁਨਿ
ਸਹਜ ਸਮਾਧਿ ਨਿਰਾਲੰਬ ਨਿਰਬਾਨ ਹੈ ॥੨੬੮॥

---

[1]ਹੈ (ਪ) [2]ਪ੍ਰਭੂ (ਲ) [3]ਆਨੰਦ (ਪ) [4]ਗਯਾਨ [5]ਕੇਵਲ ਆਧਾਰ ਪੋਥੀ ਵਿਚ ਪਾਠ 'ਅਨਹਦ' ਹੈ । [6]ਭਰਸ (ਲ)
[7]ਬਿਓਗੀ (ਅ) [8]ਜੈਤ੍ਰੀ (ਪ,ਅ,ਯ,ਲ) [9]ਦਰਸ (ਲ)

ਕੋਟਨਿ ਕੋਟਾਨਿ ਧਿਆਨ ਦ੍ਰਿਸਟਿ ਦਰਸ ਮਿਲਿ
ਅਤਿ ਅਸਚਰਜਮੈ[1] ਹੋਰਤ ਹਿਰਾਏ ਹੈ ।
ਕੋਟਨਿ ਕੋਟਾਨਿ ਗਿਆਨ[2] ਸਬਦ ਸੁਰਤਿ ਮਿਲਿ
ਮਹਿਮਾ ਮਹਾਤਮ ਨ ਅਲਖ ਲਖਾਏ ਹੈ ।
ਤ੍ਰਿਲ ਕੀ ਅਤੂਲ ਸੋਭਾ ਤੁਲਤ[3] ਨ ਤੁਲਾਧਾਰ
ਪਾਰ ਕੋ ਅਪਾਰ ਨ ਅਨੰਤ [ਅਤਿ][4] ਪਾਏ ਹੈ ।
ਕੋਟਨਿ ਕੋਟਾਨਿ ਚੰਦ੍ ਭਾਨ ਜੋਤਿ ਕੋ ਉਦੋਤ੍
ਹੋਤ ਬਲਿ† ਬਲਿਹਾਰ ਬਾਰੰਬਾਰ[5] ਨ ਅਘਾਏ ਹੈ ॥੨੬੯॥

ਕੋਟਿ ਬ੍ਰਹਮਾਂਡ ਜਾਕੇ ਰੋਮ ਰੋਮ ਅਕ੍ਰਭਾਗਿ
ਪੂਰਨ ਪ੍ਰਗਾਸ ਤ੍ਰਾਸ ਕਹਾ ਧੌ ਸਮਾਵਈ ।
ਜਾਰੈ ਏਕ ਤ੍ਰਿਲਕੋ ਮਹਾਤ੍ਰਮੁ ਅਗਾਧਿ ਬੋਧ
ਪੂਰਨ ਬ੍ਰਹਮ ਜੋਤਿ ਕੈਸੇ ਕਹਿ ਆਵਈ ।
ਜਾਕੈ ਓਅਕਿਾਰ ਕੇ ਬਿਥਾਰ ਕੀ ਅਪਾਰ ਗਤਿ
ਸਬਦ ਬਿਬੇਕ ਏਕ ਜੀਹ ਕੈਸੇ ਗਾਵਈ
ਪੂਰਨ ਬ੍ਰਹਮ ਗੁਰ ਮਹਿਮਾ ਅਕਥ ਕਥਾ
ਨੇਤ ਨੇਤ ਨੇਤ ਨਮੋ ਨਮੋ ਕੈ[6] ਆਵਈ ॥੨੭੦॥

ਚਰਨਕਮਲ ਮਕਰੰਦ ਰੰਸ ਲੁਭਿਤ ਹ੍ਵਹਿ
ਮਨ ਮਧੁਕਰ ਸੁਖ ਸੰਪਟ ਸਮਾਨੇ ਹੈ ।
ਪਰਮ ਸੁਗੰਧ ਅਤਿ ਕੋਮਲ ਸੀਤਲਤਾ ਕੈ
ਬਿਮਲ[7] ਸਬਲ ਨਿਹਚਲ ਨ ਡੁਲਾਨੇ ਹੈ ।
ਸਹਜ ਸਮਾਧਿ ਅਤਿ ਅਗਮ ਅਗਾਧਿ ਲਿਵ
ਅਨਹਦ ਰੁਨਝੁਨ ਧੁਨਿ ਉਰ ਗਾਨੇ ਹੈ ।
ਪੂਰਨ ਪਰਮ ਜੋਤਿ ਪਰਮ ਨਿਧਾਨ ਦਾਨ
ਆਨ ਗਿਆਨ[8] ਧਿਆਨ[9] ਸਿਮਰਨ ਬਿਸਰਾਨੇ ਹੈ ॥੨੭੧॥

ਰਜ ਤਮ ਸਤ ਕਾਮ ਕ੍ਰੋਧ ਲੋਭ ਮੋਹ ਹੰਕਾਰ
ਹਾਰਿ ਗੁਰ ਗਿਆਨ ਬਾਨ ਕ੍ਰਾਂਤਿ ਨਿਹਕ੍ਰਾਂਤਿ ਹੈ ।
ਕਾਮ ਨਿਹਕਾਮ ਨਿਹਕਰਮ ਕਰਮ ਗਤਿ
ਆਸਾ ਤੈ ਨਿਰਾਸ ਤੁਏ ਕ੍ਰਾਂਤ ਨਿਹਕ੍ਰਾਂਤਿ ਹੈ ।
ਸ੍ਵਾਦ ਨਿਹਸ੍ਵਾਦ ਅਰੁ ਬਾਦ ਨਿਹਬਾਦ ਭਏ
ਅਸਪ੍ਰੋਹ[9] ਨਿਸਪ੍ਰੋਹ [10]ਗੋਹ ਦੋਹ[10] ਪਾਂਤਿ ਹੈ ।
ਗੁਰਮੁਖਿ ਪ੍ਰੇਮਰਸ ਬਿਸਮ ਬਿਦੇਹ ਸਿਖ
ਮਾਇਆ ਮੈ ਉਦਾਸ ਬਾਸ ਏਕਾਕੀ ਇਕਾਂਤਿ ਹੈ ॥੨੭੨॥

---

[1]ਅਸਚਰਮੈ (ਅ) [2]ਗਯਾਨ (ਲ) [3]ਤੁਲ (ਘ, ਲ) [4]ਕੇਵਲ ਆਧਾਰ ਪੋਥੀ ਵਿਚੋਂ ਇਹ ਪਾਠ ਲੁਪਤ ਹੈ ।
[5]ਬਰੰਬ ਰ (ਅ) [6]ਯਰ (ਘ, ਲ) [7]ਬਿਸਮ (ਅ, ਪ) ਬਿਖਮ (ਲ) [8]ਧਯਾਨ (ਲ) [9]ਅਸੰਪ੍ਰੋਹ (ਪ, ਲ)
[10]ਫੋਹਗੋਹ (ਅ, ਧ, ਲ)

ਪ੍ਰਥਮ ਹੀ ਤ੍ਰਿਲ ਬੰਦੇ ਧੁਰਿ ਮਿਲਿ ਬੂਟ ਬਾਧੈ
ਏਕ ਸੋ ਅਨੇਕ ਹੋਤ ਪ੍ਰਗਟ ਸੰਸਾਰ ਮੈ ।
ਕੱਉ ਲੈ ਚਬਾਦਿ ਕੱਉ ਖਾਲ[1] ਕਾਢੈ ਰੇਵਰੀ ਕੈ
ਕੱਉ ਕਰੈ ਤ੍ਰਿਲਵਾ ਮਿਲਾਇ ਗੁਰ ਬਾਰਿ ਮੈ ।
ਕੱਉ[2] ਉਖਲੀ ਡਾਰਿ ਕੂਟਿ ਤ੍ਰਿਲਕੁਟ ਕਰੈ ਕੱਉ
ਕੋਲੂ ਪੀਰੈ[3] ਦੀਪ† ਦਿਪਤ ਅੰਧਾਰ[4] ਮੈ ।
ਜਾਕੈ ਏਕ ਤ੍ਰਿਲ ਕੋ ਬੀਚਾਰੁ ਨ ਕਹਤ ਆਵੈ
ਅਬਿਗਤਿ ਗਤਿ ਕਤ ਆਵਤ ਬੀਚਾਰ ਮੈ ॥੨੭੩॥

ਰਚਨਾ ਚਰਿਤ੍ਰ[5] ਚਿਤ੍ਰ ਬਿਸਮ ਬਚਿਤ੍ਰਪਨ
ਏਕ ਚੀਟੀ ਕੋ ਚਰਿਤ੍ਰ ਕਹਤ ਨ ਆਵਹੀ ।
ਪ੍ਰਥਮ ਹੀ ਚੀਟੀ ਕੋ ਮਿਲਾਪ ਕੋ ਪ੍ਰਤਾਪੁ ਦੇਖੋ
ਸਹਸ ਅਨੇਕ ਏਕ ਬਿਲ ਮੈ ਸਮਾਵਹੀ ।
ਅਗ੍ਰਭਾਗੀ ਪਾਛੈ ਏਕੈ ਮਾਰਗ ਚਲਤ ਜਾਤ
ਪਾਵਤ ਮਿਠਾਸ ਬਾਸੁ ਤਹੀਂ[6] ਮਿਲਿ ਧਾਵਹੀ ।
ਭ੍ਰਿੰਗੀ ਮਿਲਿ ਤਾਤਕਾਲ ਭ੍ਰਿੰਗੀ ਰੂਪ ਹੁਇ ਦਿਖਾਵੈ
ਚੀਟੀ ਚੀਟੀ†* ਚਿਤ੍ਰ ਅਲਖ ਚਿਤੇਰੈ ਕਤ ਪਾਵਹੀ ॥੨੭੪॥

ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰਪਨ
ਘਟ ਘਟ ਏਕ ਹੀ ਅਨੇਕ ਹੁਇ[7] ਦਿਖਾਏ ਹੈ ।
ਉਤ ਤੇ ਲਿਖਤ ਇਤ ਪਢਤ ਅਤਿਰਗਤਿ
ਇਤਹੂ ਤੇ ਲਿਖਿ ਪ੍ਰਤਿ ਉਤਰ ਪਠਾਏ ਹੈ ।
ਉਤ ਤੇ ਸਬਦ ਰਾਗ ਨਾਦ ਕੋ ਪ੍ਰਸੰਨੁ ਕਰਿ
ਇਤ ਸੁਨਿ ਸਮਝਿ ਕੈ ਉਤ ਸਮਝਾਏ ਹੈ ।
ਰਤਨ ਪਰੀਖਿਆ[8] ਪੋਖਿ ਪਰਮਿਤਿ ਕੈ ਸੁਨਾਵੈ
ਗੁਰਮੁਖਿ ਸੰਧਿ ਮਿਲੇ ਅਲਖ ਲਖਾਏ ਹੈ ॥੨੭੫॥

ਪੂਰਨ ਬ੍ਰਹਮ ਗੁਰ ਪੂਰਨ ਕ੍ਰਿਪਾ ਕੈ ਦੀਨੋ
ਸਾਚੁ ਉਪਦੇਸੁ ਰਿਦੈ ਨਿਹਚਲ ਮਤਿ ਹੈ ।
ਸਬਦ ਸੁਰਤਿ ਲਿਵ ਲੀਨ ਜਲ ਮੀਨ ਭਏ
ਪੂਰਨ ਸਰਬਮਦੀ ਪੈ ਘ੍ਰਿਤ[9] ਜੁਗਤਿ ਹੈ ।
ਸਾਚੁ ਰਿਦੈ ਸਾਚੁ ਦੇਖੈ ਸੁਨੈ ਬੋਲੈ [10]ਗੰਧ ਰਸ[10]
ਸਪੂਰਨ[11] ਪਰਸਪਰ[12] ਭਾਵਨੀ ਭਗਤਿ ਹੈ ।
ਪੂਰਨ ਬ੍ਰਹਮ ਦ੍ਰੁਮ ਸਾਖਾ ਪਤ੍ਰ ਫੂਲ ਫਲ
ਏਕ ਹੀ ਅਨੇਕਮੇਕ ਸਤਿਗੁਰ ਮਤਿ ਹੈ ॥੨੭੬॥

---

[1]ਖਲ੍ਹ (ਪ) [2]ਕੋਊ (ਲ) [3]ਪਗਰਿ (ਲ) [4]ਕੇਵਲ ਆਧਾਰ ਪੋਥੀ ਵਿਚ ਪਾਠ 'ਅੰਧਾਅੰਧਾਰ' ਹੈ । [5]ਚਿਰਤ੍ਰ (ਅ)
[6]ਤਾਹੀ (ਲ) [7]ਸੁਦਿ (ਲ) [8]ਪ੍ਰੀਖਯਾ (ਲ) [9]ਕੇਵਲ ਆਧਾਰ ਪੋਥੀ ਵਿਚ ਪਾਠ 'ਘਿਤ' ਹੈ । [10]ਗੰਧਰਥ (ਪ)
[11]ਪੂਰਨ [12]ਕੇਵਲ ਆਧਾਰ ਪੋਥੀ ਵਿਚ ਪਾਠ 'ਪਰਸਪਰਸ' ਹੈ।

ਪੂਰਨ ਬ੍ਰਹਮ ਗੁਰ ਪੂਰਨ ਪਰਮਜੋਤਿ
ਓਤਿਪੋਤਿ ਸੂਤ੍ਰ[1] ਗਤਿ ਏਕ ਹੀ ਅਨੇਕ ਹੈ ।
ਲੋਚਨ ਸ੍ਰਵਨ ਸੋ੍ਰਤ[2] ਏਕ ਹੀ ਦਰਸ ਸਬਦ
ਵਾਰ ਪਾਰ ਕੂਲ ਗਤਿ ਸਰਿਤਾ ਬਿਬੇਕ ਹੈ ।
ਚੰਦਨ ਬਨਾਸਪਤੀ ਕਨਿਕ ਅਨਿਕ ਧਾਤੁ
ਪਾਰਸ ਪਰਸਿ ਜਾਨੀਅਤ ਜਾਵਦੇਕ ਹੈ ।
ਗਿਆਨ ਗਰ ਅੰਜਨ ਨਿਰੰਜਨ ਅੰਜਨ ਬਿਧੈ
ਦੁਬਿਧਾ ਨਿਵਾਰਿ ਗੁਰਮਤਿ ਏਕ ਟੇਕ ਹੈ ॥੨੭੭॥

ਦਰਸ ਧਿਆਨ ਲਿਵ ਦ੍ਰਿਸਟਿ ਅਚਲ ਭਈ
ਸਬਦ ਬਿਬੇਕ ਸ੍ਰੁਤਿ ਸ੍ਰਵਨ ਅਚਲ ਹੈ ।
ਜਿਮਰਨ ਮਾਤ੍ਰ ਸੁਧਾ ਜਿਹਬਾ ਅਚੁਲ ਭਈ
ਗੁਰਮਤਿ ਅਚਲ ਉਨਮਨ ਅਸਥਲ ਹੈ ।
ਨਾਸਕਾ ਸੁਬਾਸੁ ਕਰ ਕੋਮਲ ਸੀਤਲਤਾ ਕੈ
ਪ੍ਰਜਾ ਪਰਨਾਮ[3] ਪਰਸ[4] ਚਰਨਕਮਲ ਹੈ ।
ਗੁਰਮੁਖਿ ਪੰਥ ਚਰ ਅਚਰ ਹੁਇ ਅੰਗ ਅੰਗ
ਪੰਗ ਸਰਬੰਗ ਬ੍ਰੰਦ[5] ਸਾਗਰ ਸਲਲ ਹੈ ॥੨੭੮॥

ਦਰਸਨ ਸੋਭਾ ਦ੍ਰਿਗ ਦ੍ਰਿਸਟਿ ਗਿਆਨ ਗੰਮਿ
ਦ੍ਰਿਸਟਿ ਧਿਆਨ ਪ੍ਰਭ ਦਰਸ[6] ਅਤੀਤ ਹੈ ।
ਸਬਦ ਸੁਰਤਿ ਪਰੈ ਸੁਰਤਿ ਸਬਦ ਪਰੈ
ਜਾਸ ਬਾਸੁ ਅਲਖ ਸੁਬਾਸੁ ਨਾਸ[7] ਰੀਤ ਹੈ ।
ਰਸ ਰਸਨਾ ਰਹਿਤ ਰਸਨਾ ਰਹਿਤ [ਰਸ][8]
ਕਰ ਅਸਪਰਸ[9] ਪਰਸਨ ਕਰਾਜੀਤ ਹੈ ।
ਚਰਨ ਗਵਨ ਗੰਮਿ ਗਵਨ ਚਰਨ ਗੰਮਿ
ਆਸ[10] ਪਿਆਸ ਬਿਸਮ ਬਿਸ੍ਵਾਸ ਪ੍ਰਿਅ ਪ੍ਰੀਤਿ ਹੈ ॥੨੭੯॥

ਗੁਰਮੁਖਿ ਸਬਦ ਧੁਰਤਿ ਹਉਮੈ ਮਾਰਿ ਮਰੈ
ਜੀਵਨਮੁਕਤਿ ਜਗਜੀਵਨ ਕੈ ਜਾਨੀਐ ।
ਅੰਤਰਿ ਨਿਰੰਤਰਿ[11] ਅੰਤਰ ਪਟ ਘਟਿ ਗਏ
ਅੰਤਰਜਾਮੀ[12] ਅੰਤਰਿ ਗਤਿ ਉਨਮਾਨੀਐ ।
ਬ੍ਰਹਮਮਈ[13] ਹੈ ਮਾਇਆ ਮਾਇਆਮਈ ਹੈ ਬ੍ਰਹਮ
ਬ੍ਰਹਮ ਬਿਬੇਕ ਟੇਕ ਏਕੈ ਪਹਿਚਾਨੀਐ ।
ਪਿੰਡ ਬ੍ਰਹਮੰਡ ਬ੍ਰਹਮੰਡ‡ ਪਿੰਡ ਓਤਿਪੋਤਿ
ਜੋਤੀ ਮਿਲਿ ਜੋਤਿ ਗੋਰ ਬ੍ਰਹਮ ਗਿਆਨੀਐ ॥੨੮੦॥

---

[1]ਕੇਵਲ ਆਧਾਰ ਪੋਥੀ ਵਿਚ ਪਾਠ 'ਸ੍ਰ੍ਰ' ਹੈ । [2]ਕੇਵਲ ਆਧਾਰ ਪੋਥੀ ਵਿਚ ਪਾਠ 'ਸੋਤ੍ਰ' ਹੈ । [3]ਪ੍ਰਨਾਸ (ਲ) [4]'ਅ' 'ਪ' ਤੇ ਆਧਾਰ ਪੋਥੀ ਵਿਚ ਪਾਠ 'ਪਾਸ' ਹੈ । [5]'ਪ' ਤੇ ਆਧਾਰ ਪੋਥੀ ਵਿਚ ਪਾਠ 'ਬ੍ਰਿਦ ਹੈ । [6]ਅ,ਪ, ਤੇ ਆਧਾਰ ਪੋਥੀ ਵਿਚ ਪਾਠ 'ਰਸਨ' ਹੈ । [7]ਬਾਸਨਾ (ਲ) [8]ਕੇਵਲ ਆਧਾਰ ਪੋਥੀ ਵਿਚੋਂ' ਇਹ ਪਾਠ ਲੁਪਤ ਹੈ । [9]ਆਸ-ਪਰਸ (ਅ) [10]ਕੇਵਲ ਆਧਾਰ ਪੋਥੀ ਵਿਚ ਪਾਠ 'ਆਸ' ਹੈ । [11]ਕੇਵਲ ਆਧਾਰ ਪੋਥੀ ਵਿਚ ਪਾਠ 'ਨਿਤਰਿ' ਹੈ । [12]ਕੇਵਲ ਆਧਾਰ ਪੋਥੀ ਵਿਚ 'ਅੰਤਰਜਾਮੀ' ਪਾਠ ਦੋ ਵਾਰੀ ਲਿਖਿਆ ਹੈ । [13]ਕੇਵਲ ਆਧਾਰ ਪੋਥੀ ਵਿਚ ਪਾਠ 'ਬ੍ਰਹਮਈ' ਹੈ ।

ਚਰਨ ਸਰਨਿ ਗੁਰ ਧਾਵਤ ਬਰਜਿ ਰਾਖੈ
ਨਿਹਚਲ ਚਿਤ ਸੁਖ ਸਹਜ ਨਿਵਾਸ ਹੈ ।
ਜੀਵਨ ਕੀ ਆਸਾ ਅਰੁ ਮਰਨ ਕੀ ਚਿੰਤਾ ਮਿਟੀ
ਜੀਵਨਮੁਕਤਿ ਗੁਰਮਤਿ ਕੈ ਪ੍ਰਗਾਸ ਹੈ ।
ਆਪਾ ਖੋਇ ਹੋਨਹਾਰੁ ਹੋਇ ਸੇਵੀ ਭਲੋ ਮਾਨੈ
ਸੇਵਾ[1] ਸਰਬਾਤਮ ਕੈ ਦਾਸਨ ਕੇ[2] ਦਾਸ ਹੈ ।
ਸ੍ਰੀਗੁਰ ਦਰਸ ਸਬਦ ਬ੍ਰਹਮ ਗਿਆਨ ਧਿਆਨ
ਪੂਰਨ ਸਰਬਮਈ ਬ੍ਰਹਮ ਬਿਸ੍ਵਾਸ ਹੈ ॥੨੮੧॥

ਗੁਰਮੁਖਿ ਸੁਖਫਲ ਕਾਮ ਨਿਹਕਾਮ ਕੀਨੇ
ਗੁਰਮੁਖਿ ਉਦਮ ਨਿਰੁਦਮ ਊਕਤਿ ਹੈ ।
ਗੁਰਮੁਖਿ ਮਾਰਗ ਹੁਇ ਦੁਬਿਧਾ ਭ੍ਰਮ[3] ਖੋਏ
ਚਰਨ ਸਰਨਿ ਗਹੇ ਨਿਹਚਲ ਮਤਿ[4] ਹੈ
ਦਰਸਨ ਪਰਸਤ[5] ਆਸਾ ਮਨਸਾ ਰਹਤ
ਸਬਦ ਸੁਰਤਿ ਗਿਆਨ ਪ੍ਰਾਨ ਪ੍ਰਾਨਪਤਿ ਹੈ ।
ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰਪਨ
ਚਿਤ੍ਰ ਮੈ ਚਿਤੇਰਾ ਕੋ ਬਸੇਰਾ ਸਤਿ ਸਤਿ ਹੈ ॥੨੮੨॥

ਸ੍ਰੀਗੁਰ ਸਬਦ ਸੁਨਿ ਸ੍ਰਵਨ ਕਪਾਟ ਖੁਲੇ
ਨਾਦੈ ਮਿਲਿ ਨਾਦ ਅਨਹਦ ਲਿਵ ਲਾਈ ਹੈ ।
ਗਾਵਤ ਸਬਦ ਰਸੁ ਰਸਨਾ ਰਸਾਇਨ ਕੈ
ਨਿਝਰ ਅਪਾਰ ਧਾਰ[6] ਭਾਠੀ ਕੈ ਚੁਆਈ ਹੈ ।
ਹਿਰਦੈ ਨਿਵਾਸ ਗੁਰਸਬਦ ਨਿਧਾਨ ਗਿਆਨ
ਧਾਵਤ ਬਰਜਿ ਉਨਮਨਿ ਸੁਧਿ ਪਾਈ ਹੈ ।
ਸਬਦ ਅਵੇਸ ਪਰਮਾਰਥ ਪ੍ਰਵੇਹ ਧਾਰਿ
ਦਿਬ ਦੇਹ ਦਿਬਿ ਜੋਤਿ[7] ਪ੍ਰਗਟਾਈ[8] ਹੈ ॥੨੮੩॥

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਅਤਿ
ਪ੍ਰੇਮ ਕੈ ਪਰਸਪਰ ਪੂਰਨ ਪ੍ਰਗਾਸ ਹੈ ।
ਦਰਸ ਅਨੂਪ ਰੂਪ ਰੰਗ ਅੰਗ ਅੰਗ ਛਬਿ
ਹੇਰਤ ਹਿਰਾਨੇ ਦ੍ਰਿਗ ਬਿਸਮ ਬਿਸ੍ਵਾਸ ਹੈ ।
ਸਬਦ ਨਿਧਾਨ ਅਨਹਦ ਰੁਨਝੁਨ ਧੁਨਿ
ਸੁਨਤ ਸੁਰਤਿ ਮਤਿ ਹਰਨ ਅਭਿਆਸ ਹੈ ।
ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ
ਪਰਮਦਭੁਤ ਗਤਿ ਪੂਰਨ ਬਿਲਾਸ ਹੈ ॥੨੮੪॥

---

[1]ਸਿਵ (ਲ) [2]ਭੈ (ਲ) [3]ਭ੍ਰਮ (ਲ) [4]ਸਾਰਤਿ (ਪ) [5]'ਅ' 'ਪ' ਤੇ ਆਧਾਰ ਪੋਥੀ ਵਿਚ ਪਾਠ 'ਦਰਸਤ' ਹੈ ।
[6]'ਅ' 'ਲ' ਤੇ ਆਧਾਰ ਪੋਥੀ ਵਿਚ ਪਾਠ 'ਬਾਸ' ਹੈ । [7]ਜੋਤ ਰਿਦੈ (ਯ) [8]ਪ੍ਰਗਟ ਦਿਖਾਈ (ਲ)

ਗੁਰਮੁਖਿ ਸੰਗਤਿ ਮਿਲਾਪ ਕੋ[1] ਪ੍ਰਤਾਪੁ ਅਤਿ
ਪੂਰਨ ਪ੍ਰਗਾਸ ਪ੍ਰੇਮ ਨੇਮ ਕੋ ਪਰਸਪਰ ਹੈ ।
ਚਰਨ ਕਮਲ ਰਜ ਬਾਸਨਾ ਸੁਬਾਸ ਵਾਸਿ
ਸੀਤਲਤਾ ਕੋਮਲ[2] ਪੂਜਾ ਕੋਟਾਨਿ[3] ਸਮਸਰਿ ਹੈ ।
ਰੂਪ ਕੋ ਅਨੂਪ ਰੂਪ ਅਤਿ ਅਸਚਰਜਮੈ
ਨਾਨਾ ਬਿਸਮਾਦ ਰਾਗ ਰਾਗਨੀ ਨ ਘਟਤਰ[4] ਹੈ ।
ਨਿਝਰ ਅਪਾਰ ਧਾਰ ਅੰਮ੍ਰਿਤ ਨਿਧਾਨ ਧਾਨ[5]
ਪਰਮਦਕ੍ਰੁਤ ਗਤਿ ਆਨ ਨਹੀ ਸਮਸਰਿ ਹੈ ।੨੮੫॥

ਨਵਨ ਗਵਨ ਜਲ ਸੀਤਲ ਅਮਲ ਜੈਸੇ
ਅਗਨਿ ਉਰਧ ਮੁਖ ਤਪਤ ਮਲੀਨ ਹੈ ।
ਬਰਨ ਬਰਨ ਮਿਲਿ ਸ੍ਰਲਿਲ ਬਰਨ ਸੋਇ
ਸਿਆਮ ਅਗਨਿ ਸੁਬ[6] ਬਰਨ ਛਬਿ ਛੀਨ ਹੈ ।
ਜਲ ਪ੍ਰਤਿਬਿੰਬ ਪਾਲਕ ਪ੍ਰਫੁਲਿਤ ਬਨਾਸਪਤੀ
ਅਗਨਿ ਪ੍ਰਦਗਧ ਕਰਤ ਸੁਖ ਹੀਨ ਹੈ ।
ਤੈਸੇਂ[7] ਹੀ ਅਸਾਧ ਸਾਧ ਸੰਗਮ ਸੁਭਾਵ ਗਤਿ
ਗੁਰਮਤਿ ਦੁਰਮਤਿ ਸੁਖ ਦੁਖ ਹੀਨ[8] ਹੈ ॥੨੮੬॥

ਕਾਮ ਕ੍ਰੋਧ ਲੋਭ ਮੋਹ ਅਹੰਮੇਵ ਕੋ ਅਸਾਧ
ਸਾਧ ਸਤ ਧਰਮ ਦਇਆ ਰਿਦ ਸੰਤੋਖ ਕੋ ।
ਗੁਰਮਤਿ ਸਾਧਸੰਗ ਭਾਵਨੀ ਭਗਤਿ ਭਾਇ
ਦੁਰਮਤਿ ਕੋ ਅਸਾਧ ਸੰਗ ਦੁਖ ਦੋਖ ਕੋ ।
ਜਨਮ ਮਰਨ ਗੁਰ ਚਰਨ ਸਰਨਿ ਬਿਨੁ
ਮੋਖ ਪਦ ਚਰਨ ਕਮਲ ਚਿਤ ਚੋਖ ਕੋ ।
ਗਿਆਨ ਅੰਸ਼† ਚਿਤ ਹੰਸ ਗਤਿ ਗੁਰਮੁਖਿ ਬੰਸ ਬਿਖੈ
ਦੁਕ੍ਰਿਤ ਸੁਕ੍ਰਿਤ ਖੀਰ ਨੀਰ[9] ਸੋਖ ਪੰਖ ਕੋ ॥੨੮੭॥

ਹਾਰਿ ਮਾਨੀ ਭਗਤੋ ਮਿਟਤ, ਰੋਸ ਮਾਰੇ ਸੋ ਰਸਾਇਨ ਹੁਇ[10]
ਪੰਟ ਭਾਰੇ ਲਾਗਤ ਨ ਡੈਡੂ ਜਗ ਜਾਨੀਐ ।
ਹਉਮੈ ਅਭਿਮਾਨ ਅਸਥਾਨ ਊਚੇ ਨਾਹਿ ਜਲੁ
ਨਿਮਤ[11] ਨਵਨ ਬਲ ਜਲੁ ਪਹਿਚਾਨੀਐ ।
ਅੰਗ ਸਰਥੰਗ ਤਰ ਹਰ ਹੇਤ ਹੈ ਚਰਨ
ਤਾਤੇ ਚਰਨਾਮ੍ਰਿਤ ਚਰਨ ਰੇਨ ਮਾਨੀਐ ।
ਤੈਸੇ ਹਰਿ ਭਗਤ ਜਗਤ ਮੈ ਨਿੰਮਰੀਭੂਤ
ਜਗ ਪਗ ਲਗਿ ਮਸਤਕਿ ਪਰਵਾਨੀਐ ॥੨੮੮॥

---

[1]ਕੋ (ਲ) [2]ਕੋਮਲਤਾ [3]ਕੋਟਨਿ (ਪ,ਯ) [4]ਪਟੈਤਰ (ਯ,ਪ) [5]ਨ (ਲ) [6]ਕੇਵਲ ਆਧਾਰ ਪੋਥੀ ਵਿਚ ਪਾਠ 'ਸ੍ਰ' ਹੈ । [7]'ਯ' ਤੇ ਆਧਾਰ ਪੋਥੀ ਵਿਚ ਪਾਠ 'ਤੈਸੇ ਹੈ । [8]ਕੇਵਲ 'ਲ' ਪੋਥੀ ਵਿਚ ਪਾਠ 'ਹੀਨ' ਹੈ । ਬਾਕੀ ਸਭ ਵਿਚ 'ਦੀਨ' ਹੈ । [9]ਕੇਵਲ ਆਧਾਰ ਪੋਥੀ ਵਿਚ ਪਾਠ 'ਨੀਨ' ਹੈ । [10]ਹੁਏ (ਲ) [11]ਨਿੰਮ੍ਰਿਤ (ਯ) ।

ਪੂਜੀਐ ਨ ਸੀਸੁ ਈਸੁ ਊਚੋ ਦੋਹੀ ਮੈ ਕਹਾਵੈ[1]
ਪੂਜੀਐ ਨ ਲੋਚਨ [ਦ੍ਰਿਸਟਿ][2] ਦ੍ਰਿਸਟਾਂਤ ਕੈ ।
ਪਜੀਐ ਨ ਸ੍ਰਵਨ[3] ਸੁਰਤਿ ਸਨਬੰਧ ਕਰਿ
ਪੂਜੀਐ ਨ ਨਾਸਕਾ ਸੁਬਾਸ ਸ੍ਵਾਸ ਕ੍ਵਾਂਰ ਕੈ ।
ਪੂਜੀਐ ਨ ਮੁਖ ਸ੍ਵਾਦ ਸਬਦ ਸੰਜੁਗਤ ਕੋ
ਪੂਜੀਐ ਨ ਹਸਤ ਸਕਲ[4] ਅੰਗ ਪਾਂਤ ਕੈ ।
ਦ੍ਰਿਸਟਿ ਸਬਦ ਸੁਰਤਿ ਗੰਧ ਰਸ ਰਹਿਤ ਹੁਇ
ਪੂਜੀਐ ਪਦਾਰਬਿੰਦ ਨਵਨ ਮਹਾਂਤ ਕੈ ॥੨੮੯॥

ਨਵਨ ਗਵਨ ਜਲ ਨਿਰਮਲ ਸੀਤਲ ਹੈ
ਨਵਨ ਬਸੁੰਧਰਾ[5] ਸਤਬ ਰਸ ਰਾਸਿ ਹੈ ।
ਉਰਧ ਤੁਪਸਿਆ ਕੈ ਸ੍ਰੀ[6] ਖੰਡ ਬਾਸੁ ਬੰਹੈ ਬਨ
ਨਵਨ ਸਮੁੰਦ੍ਰ ਹੇਤ ਰਤਨ ਪ੍ਰਗਾਸ ਹੈ ।
ਨਵਨ ਗਵਨ ਪਗ ਪੂਜੀਅਤ ਜਗਤ ਮੈ
ਚਾਹੈ ਚਰਨਾਮ੍ਰਿਤ ਚਰਨ ਰਜ ਡਾਸ ਹੈ ।
ਤੈਸੇ[7] ਹਰਿ ਭਗਤ ਜਗਤ ਮੈ ਨਿੰਮਰੀਭੂਤ
ਕਾਮ ਨਿਹਕਾਮ ਧਾਮ ਬਿਸ੍ਰਮ ਬਿਸ੍ਵਾਸ ਹੈ ॥੨੯੦॥

ਸਬਦ ਸੁਰਤਿ ਲਿਵਲੀਨ ਜਲ ਮੀਨ ਗਤਿ
ਸੁਖਮਨਾ ਸੰਗਮ ਹੁਇ ਉਲਟਿ ਪਵਨ ਕੈ
ਬਿਸ੍ਰਮ ਬਿਸ੍ਵਾਸ ਇਖੈ ਅਨਭੈ ਅਭਿਆਸ[8] ਰਸ
ਪ੍ਰੇਮ ਮਧੁ ਅਪੀਉ ਪੀਐ[9] ਗੁਹਜੁ ਗਵਨ ਕੈ ।
ਸਬਦ ਕੈ ਅਨਹਦ ਸੁਰਤਿ ਕੈ ਉਨਮਨੀ
ਪ੍ਰੇਮ ਕੈ ਨਿਝਰ ਧਾਰ ਸਹਜ ਰਵਨ ਕੈ ।
ਤ੍ਰਿਕੁਟੀ ਉਲੰਘਿ ਸੁਖ ਸਾਗਰ ਸੰਜੋਗ ਭੰਗ
ਦਸਮ ਸਥਲ ਨਿਹਕੇਵਲੁ ਭਵਨ ਕੈ ॥੨੯੧॥

ਜੈਸੇ ਜਲ ਜਲਜ ਅਉ ਜਲ ਦੁਧ ਸੀਲ ਮੀਨ
ਚਕਈ ਕਮਲ ਦਿਨਕਰਿ ਪ੍ਰਿਤਿ ਪ੍ਰੀਤ ਹੈ ।
ਦੀਪਕ ਪਤੰਗ ਅਲਿ ਕਮਲ ਚਕੋਰ ਸਸਿ
ਮ੍ਰਿਗ ਨਾਦ ਬਾਦ ਘਨ ਚਾਤ੍ਰਿਕ ਸੁਚੀਤ ਹੈ ।
ਨਾਰਿ[10] ਅਉ ਭਤਾਰੁ ਸੁਤ ਮਾਤ ਜਲ ਤ੍ਰਿਖਾਵੰਤ
ਖੁਧਿਆਰਥੀ[11] ਭੋਜਨ ਦਾਰਿਦ੍ ਧਨ ਮੀਤ ਹੈ ।
ਮਾਇਆ ਮੋਹ ਦ੍ਰੋਹ ਦੁਖਦਾਈ ਨ ਸਹਾਈ ਹੋਤ
ਗੁਰ ਸਿਖ ਸੰਧਿ ਮਿਲੇ ਤ੍ਰਿਗੁਨ ਅਤੀਤ ਹੈ ॥੨੯੨॥

---

[1]ਕਹੁ ਵ (ਲ) [2]ਕੇਵਲ ਆਧਾਰ ਪੋਥੀ ਵਿਚੋਂ ਇਹ ਪਾਠ ਲੁਪਤ ਹੈ । [3]ਕੇਵਲ ਆਧਾਰ ਪੋਥੀ ਵਿਚ 'ਸ੍ਰਵਨ' ਪਾਠ ਦੂਹਰੀ ਵਾਰ ਲਿਖਿਆ ਹੈ । [4]ਕੇਵਲ ਆਧਾਰ ਪੋਥੀ ਵਿਚ ਪਾਠ 'ਸਰਾਕਲ' ਹੈ । [5]ਬਸੁੰਧ੍ਰਾ (ਯ) [6]ਮੀ (ਅ, ਲ)
[7]ਤੈਸੇਹੀ (ਪ) [8]ਅਭਿਜਾਸ (ਲ) [9]ਪੀਵੈ (ਲ) [10]ਨਾਰੀ (ਲ) [11]ਖੁਧਜਾਰਥੀ (ਲ)

ਚਰਨਕਮਲ ਮਕਰੰਦ ਰਸ ਲੁਭਿਤ ਹੂਇ
ਅੰਗ ਅੰਗ ਬਿਸਮ ਸੂਬੰਗ ਮੈ ਸਮਾਨੇ ਹੈ।
ਦ੍ਰਿਸਟਿ ਦਰਸ ਲਿਵ ਦੀਪਕ ਪਤੰਗ ਸੰਗ
ਸਬਦ ਸੁਰਤਿ ਮ੍ਰਿਗ ਨਾਦ ਹੂਇ ਹਿਰਾਨੇ ਹੈ।
ਕਾਮ ਨਿਹੁਕਾਮ ਕੁੰਧਾਕੁੰਧ[1] ਨਿਰਲੋਭ ਲੰਭ
ਮੋਹ ਨਿਰਮੋਹ* ਅਹੰਮੇਵ ਹੂ ਲਜਾਨੇ ਹੈ।
ਬਿਸਮੈ ਬਿਸਮ ਅਸਚਰਜੈ [2]ਅਸਚਰਜਮੈਂ
ਅਦਕ੍ਰੁਤ[2] ਪਰਮਦਕ੍ਰੁਤ ਅਸਥਾਨੇ ਹੈ ॥੨੯੩॥

ਦਰਸਨ ਜੋਤਿ ਕੋ[3] ਉਦੋਤ ਸੁਖ ਸਾਗਰ ਮੈ
ਕੋਟਿਕ ਉਸਤਤ ਛਬਿ ਤਿਲ ਕੋ ਪ੍ਰਗਾਸ ਹੈ।
ਕਿੰਚਤ ਕ੍ਰਿਪਾ ਕੋਟਿਕ ਕਮਲਾ ਕਲਪਤਰ
ਮਧੁਰ ਬਚਨ ਮਧੁ ਕੋਟਿਕ ਬਿਲਾਸੁ ਹੈ।
ਮੰਦ ਮੁਸਕਾਨਿ ਬਾਨਿ ਖਾਨਿ ਹੈ ਕੋਟਾਨਿ ਸਸਿ
ਸੋਭਾ[4] ਕੋਟਿ ਲੋਟਪੋਟ ਕ੍ਰਮਦਨੀ ਤਾਸੁ ਹੈ।
ਮਨ ਮਧੁਕਰ ਮਕਰੰਦ ਰਸ[5] ਲੁਭਿਤ ਹੂਇ
ਸਹਜ ਸਮਾਧਿ ਲਿਵ ਬਿਸਮ ਬਿਸ੍ਵਾਸ ਹੈ ॥੨੯੪॥

ਚਰਨ ਸਰਨਿ ਰਜ ਮਜਨ[6]† ਮਲੀਨ ਮਨ†
ਦਰਪਨ ਗਤਿ ਗੁਰਮਤਿ ਨਿਹਚਲ ਹੈ।
ਗ੍ਯਾਨ[7] ਗੁਰ ਅੰਜਨ ਦੈ ਚਪਲ ਖੰਜਨ ਦ੍ਰਿਗ
ਅਕੁਲ ਨਿਰੰਜਨ ਧ੍ਯਾਨ[8] ਜਲ ਥਲ ਹੈ।
ਭੰਜਨ[9] ਭੈ ਭ੍ਰਮ ਅਰਿ ਗੰਜਨ ਕਰਮ ਕਾਲ
ਪਾਂਚ[10] ਪਰਪੰਚ ਬਲਬੰਚ ਨਿਰਦਲ ਹੈ।
ਸੇਵਾ ਕਰੰਜਨ ਸਰਬਾਤਮ ਨਿਰੰਜਨ ਭਏ
ਮਾਇਆ ਮੈਂ* ਉਦਾਸ ਕਲਿਮਲ ਨਿਰਮਲ ਹੈ ।੨੯੫॥

ਚੰਦ੍ਰਮਾ ਅਛਤ ਰਵਿ ਰਾਹ ਨ ਸਕਤ ਗ੍ਰਸਿ
ਦ੍ਰਿਸਟਿ ਅਗੋਚਰੁ ਹੂਇ ਸੂਰਜਗ੍ਰਹਨ ਹੈ।
ਪਛਮ ਉਦੋਤ ਹੋਤ ਚੰਦ੍ਰਮੈ ਨਮਸਕਾਰ
ਪੂਰਬ ਸੰਜੋਗ ਸਸਿ ਕੋਤ ਖੇਤ ਹਨਿ ਹੈ।
ਕਾਸਟ[11] ਮੈ ਅਗਨਿ ਮਗਨ ਪਿਰੰਕਾਲ ਰਹੈ
ਅਗਨਿ ਮੈ ਕਾਸਟ ਪਰਤ ਹੀ ਦਹਨ ਹੈ ।
ਤੈਸੇ ਸਿਵ ਸਕਤ ਅਨਾਦ ਸਾਧ ਸੰਗਮ ਕੈ
ਦੁਰਮਤਿ ਗੁਰਮਤਿ* ਦੁਸਹ ਸਹਨ ਹੈ॥੨੯੬॥

---

[1]'ਪ' ਤੇ ਆਧਾਰ ਪੋਥੀ ਵਿਚ ਪਾਠ 'ਕੋਧਾਕ੍ਰੁਧ' ਹੈ। [2]ਆਧਾਰ ਪੋਥੀ ਵਿਚ ਪਾਠ 'ਅਸਚਰਮੈਂ ਅਨਕ੍ਰੁਤ' ਹੈ। 'ਅਸਚਰਜ' (ਪ, ਅ,) [3]ਤੇ (ਅ, ਪ, ਲ, ਯ) [4]ਸੋਭ (ਲ) [5]ਰਸੰ (ਪ) [6]ਮੰਜਨ (ਲ) [7]ਗ੍ਯਾਨ (ਲ) [8]ਧਿਯਾਨ (ਲ) [9]'ਅ' ਤੇ ਆਧਾਰ ਪੋਥੀ ਵਿਚ ਪਾਠ 'ਭੁੰਜ' ਹੈ। [10]ਪੰਚ (ਯ) [11]ਕਾਸ੍ਟ (ਲ)

ਸਾਧੁ ਕੀ ਸੁਜਨਤਾਈ ਪਾਹਨ ਕੀ ਰੇਖ ਪ੍ਰੀਤਿ
ਬੈਰ ਜਲ ਰੇਖ ਹੁਇ ਬਿਸੇਖ ਸਾਧ ਸੰਗ ਮੈਂ।
ਦੁਰਜਨਤਾ ਅਸਾਧ ਪ੍ਰੀਤਿ ਜਲ ਰੇਖ ਅਰੁ
ਬੈਰੁ ਤਉ ਪਖਾਨ ਰੇਖ ਸੋਖ ਅਗਿ ਅੰਗ ਮੈਂ।
ਕਾਸਟ ਅਗਨਿ ਗਤਿ ਪ੍ਰੀਤਿ ਬਿਪਰੀਤਿ
ਸੁਰਸਰੀ ਜਲ ਬਾਰੁਨੀ ਸਰੂਪ [ਜਲ][1] ਗੰਗ ਮੈਂ।
ਦੁਰਮਤਿ ਗੁਰਮਤਿ ਅਜਯਾ ਸਰਪ ਗਤਿ
ਉਪਕਾਰੀ ਅਉ ਬਿਕਾਰੀ ਢੋਗ ਹੀ ਕੁਢੰਗ[2] ਮੈਂ।।੨੯੭।।

ਦੁਰਮਤਿ ਗੁਰਮਤਿ ਸੰਗਤਿ ਅਸਾਧ ਸਾਧ
ਕਾਸਟ ਅਗਨਿ ਗਤਿ ਟੇਵ ਨ ਟਰਤ ਹੈ।
ਅਜਯਾ ਸਰਪ ਜਲ ਗੰਗ ਬਾਰੁਨੀ ਬਿਧਾਨ
ਸਨ ਅਉ ਮਜੀਠ ਖਲ ਪੰਡਿਤ ਲਰਤ ਹੈ।
ਕੰਟਕ ਪੁਹਪ ਸੈਲ ਘਟਿਕਾ ਸਨਾਹ ਸਸਤ੍ਰ
ਹੰਸ ਕਾਗ ਬਗ ਬਿਆਧ ਮ੍ਰਿਗ ਹੋਇ ਨਿਬਰਤ ਹੈ।
ਲੱਸਟ ਕਨਿਕ ਸੀਪ ਸੰਖ ਮਧੁ ਕਾਲਕੂਟ
ਸੁਖ ਦੁਖਦਾਇਕ ਸੰਸਾਰ ਬਿਚਰਤ[3] ਹੈ ।੨੯੮।।

ਦਾਦਰ ਸਰੋਜ ਬਾਸ ਬਾਵਨ ਮਰਾਲ ਬਗ
ਪਾਰਸ ਪਾਖਾਨ ਬਿਖ ਅੰਮ੍ਰਿਤ ਸੰਜੋਗ[4] ਹੈ।
ਮ੍ਰਿਗ ਮ੍ਰਿਗਮਦ ਅਹਿਮਨਿ ਮਧੁਮਾਖੀ ਸਾਖੀ
ਬਾਝ ਬਧੂ ਨਾਹ ਨੇਹੁ[5] ਨਿਹਫਲ ਭੋਗ ਹੈ।
ਦਿਨਕਰ ਜੋਤਿ ਉਲੂ ਬਰਖੈ[6] ਸਮੈ ਜਵਾਸੁ
ਅਸਨ ਬਸਨ ਜੈਸੇ ਬ੍ਰਿਥਾਵੰਤ ਰੋਗ ਹੈ।
ਤੈਸੇ ਗੁਰਮਤਿ ਬੀਜ ਜਮਤ[7] ਨ ਕਾਲਰ ਮੈਂ
ਅੰਕੁਰ ਉਦੋਤ ਹੋਤ ਨਾਹਿਨ ਬਿਓਗ ਹੈ।੨੯੯।।

ਸੰਗਮ ਸੰਜੋਗ ਪ੍ਰੇਮ ਨੇਮ ਕਉ ਪਤੰਗੁ ਜਾਨੈ
ਬਿਰਹ ਬਿਓਗ ਸੰਗ ਮੀਨ ਭਲ ਜਾਨਈ।
ਇਕ ਟਕ ਦੀਪਕ ਧਿਆਨ ਪ੍ਰਾਨ ਪਰਹਰੈ
ਸਲਿਲ ਬਿਓਗ ਮੀਨ ਜੀਵਨ ਨ ਮਾਨਈ।
ਚਰਨਕਮਲ[8] ਮਿਲਿ ਬਿਛਰੈ ਮਧੁਪ ਮਨੁ
ਕਪਟ ਸਨੇਹ ਧ੍ਰਿਗੁ ਜਨਮੁ ਅਗਿਆਨਈ।
ਨਿਹਫਲ ਜੀਵਨ ਮਰਨ ਗੁਰ ਬਿਮੁਖ ਹੁਇ
ਪ੍ਰੇਮ ਅਰੁ ਬਿਰਹ ਨ ਦੂਉ ਉਰ ਆਨਈ ।।੩੦੦।

---

[1]'ਅ' ਤੋਂ ਆਧਾਰ ਪੋਥੀ ਵਿਚੋਂ ਇਹ ਪਾਠ ਲੁਪਤ ਹੈ। [2]ਕੇਵਲ ਆਧਾਰ ਪੋਥੀ ਵਿਚ ਪਾਠ 'ਕੂਚ' ਹੈ। [3]ਕੇਵਲ ਆਧਾਰ ਪੋਥੀ ਵਿਚ ਪਾਠ 'ਬਿਚਾਰਤ' ਹੈ। [4]ਕੇਵਲ ਆਧਾਰ ਪੋਥੀ ਵਿਚ ਪਾਠ 'ਸੰਜੋਗ' ਦੂਹਰੀ ਵਾਰੀ ਲਿਖਿਆ ਹੈ। [5]ਨੇਹੁ (ਲ) [6]ਬਰਖਾ (ਅ,ਪ,ਯ,ਲ) [7]'ਅ' 'ਪ' ਤੇ ਆਧਾਰ ਪੋਥੀ ਵਿਚ ਪਾਠ 'ਮਮਤ' ਹੈ। [8]ਚਰਨ ਖਵਲ (ਲ)

ਦ੍ਰਿਸਟਿ ਦਰਸ ਲਿਵ ਦੇਖੈ ਅਉ ਦਿਖਾਵੈ ਸੋਈ
ਸਰਬ ਦਰਸ ਏਕ ਦਰਸਕੈ ਜਾਨੀਐ ।
ਸਬਦ ਸੁਰਤਿ ਲਿਵ ਕਹਤ ਸੁਨਤ ਸੋਈ
ਸਰਬ ਸਬਦ ਏਕ ਸਬਦ ਕੈ ਮਾਨੀਐ ।
ਕਾਰਨ[1] ਕਰਨ ਕਰਤਗਿ ਸਰਬਗਿ ਸੋਈ
ਕਰਮ ਕ੍ਰਤੂਤਿ[2] ਕਰਤਾਰੂ ਪਹਿਚਾਨੀਐ ।
ਸਤਿਗੁਰ ਗਿਆਨ ਧਿਆਨੁ ਏਕ ਹੀ ਅਨੇਕਮੇਕ
ਬ੍ਰਹਮ ਬਿਬੇਕ ਟੇਕ ਏਕੈ ਉਰਿ ਆਨੀਐ ॥੩੦੧॥

ਕਿੰਚਤ ਕਟਾਛ[3] ਮਾਇਆ ਮੋਹੈ[4] ਬ੍ਰਹਮੰਡ ਖੰਡ
ਸਾਧਸੰਗ ਰੰਗ ਮੈ ਬਿਮੋਹਤ[5] ਮਗਨ ਹੈ ।
ਜਾਕੈ ਓਅੰਕਾਰ ਕੈ ਅਕਾਰ[6] ਹੈ ਠਾਨਾ ਪ੍ਰਕਾਰ
ਕੀਰਤਨ ਸਮੈ ਸਾਧਸੰਗ ਸੋ ਲਗਨ ਹੈ ।
ਸਿਵ ਸਨਕਾਦਿ ਬ੍ਰਹਮਾਦਿ ਆਗਿਆਕਾਰੀ ਜਾਕੇ
ਅਗੁਭਾਗ ਸਾਧ ਸੰਗ ਗੁਨਨੁ ਅਹਨ ਹੈ ।
ਅਗਮ ਅਪਾਰ ਸਾਧ ਮਹਿਮਾ ਅਧਾਰ ਬਿਖੈ
ਅਤਿ ਲਿਵ ਲੀਨ ਜਲ ਮੀਨ ਅਭਗਨ ਹੈ ॥੩੦੨॥

ਨਿਜਘਰ ਮੇਰੋ ਸਾਧਸੈਗਤਿ ਨਾਰਦਮੁਨਿ
ਦਰਸਨ ਸਾਧਸੈਗ ਮੇਰੋ ਨਿਜ ਰੂਪ ਹੈ ।
ਸਾਧਸੈਗਿ ਮੇਰੋ ਮਾਤਾ ਪਿਤਾ ਅਉ ਕੁਟੰਬ ਸਖਾ
ਸਾਧਸੈਗਿ ਮੇਰੋ ਸੁਤੁ ਸੋਭਾ ਅਨੂਪ ਹੈ ।
ਸਾਧਸੈਗ ਸਰਬ ਨਿਧਾਨੁ ਪ੍ਰਾਨ ਜੀਵਨ ਮੈ
ਸਾਧਸੈਗਿ ਨਿਜੁ ਪਦ ਸੇਵਾ ਦੀਪ ਧੂਪ ਹੈ ।
ਸਾਧਸੈਗਿ ਰੰਗ[7] ਰਸ ਭੰਗ ਸੁਖ ਸਹਜ ਮੈ
ਸਾਧਸੈਗਿ ਸੋਭਾ ਅਤਿ ਉਪਮਾ ਅਉ ਊਪ ਹੈ ॥੩੦੩॥

ਅਗਮ ਅਪਾਰ ਦੇਵ ਅਲਖ ਅਭੇਵ ਅਤਿ
ਅਨਿਕ ਜਤਨ ਕਰਿ ਨਿਗ੍ਰਹ ਨ ਪਾਈਐ ।
ਪਾਈਐ ਨ ਜਗ ਭੰਗ ਪਾਈਐ ਨ ਰਾਜ ਜੋਗ
ਨਾਦ ਬਾਦ ਬੇਦ ਕੈ[8] ਅਗਹੁ ਨਾ ਗਹਾਈਐ ।
ਤੀਰਥ ਪੁਰਖ ਦੇਵ ਦੇਵ[9] ਸੋਢਕੈ ਨ ਪਾਈਐ
ਕਰਮ ਧਰਮ ਬ੍ਰਤ ਨੇਮ ਲਿਵ ਲਾਈਐ ।
ਨਿਹਫਲ ਅਨਿਕ ਪ੍ਰਕਾਰ ਕੈ ਅਚਾਰ ਸਬੈ
ਸਾਵਧਾਨ ਸਾਧਸੈਗ ਹੁਇ ਸਬਦ ਗਾਈਐ ॥੩੦੪॥

---

[1]ਰਾਗਨ (ਲ) [2]ਕ ਰਤੂਤ [3]ਕਟਾਛਤ (ਲ) [4]ਕੇਵਲ ਆਧਾਰ ਪੋਥੀ ਵਿਚ ਪਾਠ 'ਮੋਹ' ਹੈ । [5]ਬਿਮੋਹਿ (ਫ਼) [6]ਆਕਾਰ (ਅ) ਆਰ (ਪ) [7]ਕੇਵਲ ਆਧਾਰ ਪੋਥੀ ਵਿਚ ਪਾਠ 'ਗੰਗ' ਹੈ । [8]'ਅ' 'ਪ' ਤੇ ਆਧਾਰ ਪੋਥੀ ਵਿਚ ਪਾਠ 'ਕੇਨ' ਹੈ । [9]ਦੇਵ ਦੇਵ (ਅ)

ਸੁਪਨ ਚਰਿਤ੍ਰ ਚਿਤ੍ਰ ਜੇਵਰੀ ਦੇਖੇ ਸੇਵਰੀ ਜਾਨੈ
ਦੂਸਰੋ ਨ ਦੇਖੈ ਪਾਵੈ ਕਹੇ ਕੈਸੇ ਜਾਨੀਐ ।
ਨਾਲ[1] ਬਿਖੈ ਬਾਤ ਕੀਏ ਸੁਨੀਅਤ ਕਾਨ ਦੀਏ
ਬਕਤਾ ਅਉ ਸ੍ਰੋਤਾ ਬਿਨੁ ਕਾਪੈ ਉਨਮਾਨੀਐ ।
ਪਘੁਲਾ ਕੋ ਮੂਲ ਬਿਖੈ ਜੈਸੇ ਜਲ ਪਾਨ ਕੀਜੈ
ਲੀਜੀਐ ਜਤਨ ਕਰਿ ਪੀਏ ਮਨ ਮਾਨੀਐ ।
ਗੁਰ ਸਿਖ ਸੰਧਿ ਮਿਲੇ ਗੁਹਜ ਕਥਾ ਬਿਨੰਦ
ਗਿਆਨ[2] ਧਿਆਨ[3] ਪ੍ਰੇਮਰਸ ਬਿਸਮ ਬਿਧਾਨੀਐ ॥੩੦੫॥

ਨਵਨ ਗਵਨ ਜਲ ਸੀਤਲ ਅਮਲ ਜੈਸੇ
ਅਗਨਿ ਉਰਧ ਮੁਖ ਤਪਤ ਮਲੀਨ ਹੈ ।
ਸਫਲ ਹੁਇ ਆਂਬ ਝਕੋ ਰਹਤ ਹੈ ਚਿਰੈਕਾਲ
ਨਿਵੈ ਨ ਅਰੜ[4] ਤਾਂਤੇ ਆਰਬਲਾ ਛੀਨ ਹੈ ।
ਚੰਦਨ ਸੁਬਾਸ ਜੈਸੇ ਬਾਸੀਐ ਬਨਾਸਪਤੀ
ਬਾਸੁ ਤਉ ਬਡਾਈ ਬੂਝਿਓ ਸੰਗ ਲਿਵਲੀਨ ਹੈ ।
ਤੈਸੇ ਹੀ ਅਸਾਧ ਸਾਧ ਅਹੰਬੁਧਿ ਨਿੰਮ੍ਰਤਾ[5] ਕੈ
ਸਨ ਅਉ ਮਜੀਠ ਗਤਿ ਪਾਪ ਪੁੰਨ ਕੀਨ ਹੈ ॥੩੦੬॥

ਸਕਲ ਬਨਾਸਪਤੀ ਬਿਖੈ ਦ੍ਰੁਮ ਦੀਰਘ ਦੁਇ
ਨਿਹਫਲ ਭਏ ਬੂਡੇ ਬਹੁਤ ਬਡਾਈ ਕੈ ।
ਚੰਦਨ ਸੁਬਾਸਨਾ ਕੈ ਸੋ'ਬੁਲ ਸੁਬਾਸ[6] ਹੋਤ
ਬਾਂਸੁ ਨਿਰਗੰਧ ਬਹੁ ਗਾਂਠਨੁ ਦਿਠਾਈ[7] ਕੈ ।
ਸੋ'ਬਲ ਕੇ ਫਲ ਤੂਲ ਖਗ ਮ੍ਰਿਗ ਛਾਇਆ ਤਾਕੈ
ਬਾਂਸੁ ਤਉ ਬਰਨ ਦੇਖੀ ਜਾਰਤ ਬੁਰਾਈ ਕੈ ।
ਤੈਸੇ ਹੀ ਅਸਾਧ ਸਾਧ ਹੋਤ ਸਾਧਸੰਗਤਿ ਕੈ
ਤ੍ਰਿਸਟੈ ਨ ਗੁਰ ਗੋਪਿ ਦੁਹੂ ਗੁਰਭਾਈ ਕੈ ॥੩੦੭॥

ਬਿਰਖ ਬਲੀ ਮਿਲਾਪ ਸਫਲ ਸਘਨ ਛਾਇਆ
ਬਾਸੁ ਤਉ ਬਰਨ ਦੇਖੀ ਮਿਲੇ ਜਰੈ ਜਾਰਿ ਹੈ ।
ਸਫਲ ਹੁਇ ਤਰਹਰ ਝੁਕਤਿ ਸਕਲ ਤਰ
ਬਾਂਸੁ ਤਉ ਬਡਾਈ ਬੂਡਿਓ ਆਪਾ ਨ ਸੰਮਾਰਿ ਹੈ ।
ਸਕਲ ਬਨਾਸਪਤੀ ਸੁਧਿ ਰਿਦੈ ਮੰਨਿ ਗਹੇ
ਬਾਂਸੁ ਤਉ ਰੀਤੋ ਗਠੀਲੋ ਬਾਜੋ ਧਾਰ ਮਾਰਿ ਹੈ ।
ਚੰਦਨ ਸਮੀਪ ਹੀ ਅਛਤ ਨਿਰਗੰਧ ਰਹੇ
ਗੁਰਸਿਖ ਦੇਖੀ[8] ਬਸੁ ਪ੍ਰਾਨੀ ਨ[9] ਉਧਾਰਿ ਹੈ ॥੩੦੮॥

---

[1]ਕੇਵਲ 'ਲ' ਪੋਥੀ ਵਿਚ ਪਾਠ 'ਨਾਲ' ਹੈ ਬਾਕੀ ਸਭ ਵਿਚ 'ਲਲ' ਹੈ । [2]'ਅ' 'ਪ' ਤੇ ਆਧਾਰ ਪੋਥੀ ਵਿਚ ਪਾਠ 'ਕਬਾਨ' ਹੈ । [3]ਧਜਾਨ (ਲ) [4]ਅਰਿੜ (ਲ) [5]ਨਿਮਰਤਾ (ਲ) [6]ਕੇਵਲ ਆਧਾਰ ਪੋਥੀ ਵਿਚ ਪਾਠ 'ਸੁਬਾਸ' ਹੈ । [7]ਕੇਵਲ ਆਧਾਰ ਪੋਥੀ ਵਿਚ 'ਢਿਕਾਈ ਹੈ । [8]ਦੇਸੈ (ਲ) [9]ਨਹਿ (ਲ)

ਗੁਰਸਿਖ ਸੰਗਤਿ[1] ਮਿਲਾਪ ਕੋ ਪ੍ਰਤਾਪੁ ਐਸੋ
ਪ੍ਰੇਮ ਕੈ ਪਰਸਿਪਰ ਪਗ ਲਪਟਾਵਹੀ ।
ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ
ਪੂਰਨ ਬ੍ਰਹਮ ਗਿਆਨ[2] ਧਿਆਨ[3] ਲਿਵ ਲਾਵਹੀ ।
ਏਕ ਮਿਸਟਾਨ ਪਾਨ ਲਾਵਤ ਮਹਾਪ੍ਰਸਾਦਿ
ਏਕ ਗੁਰਪੂਰਬ ਕੈ ਸਿਖਨੁ ਬੁਲਾਵਹੀ ।
ਸਿਵ ਸਨਕਾਦਿ ਬਾਛੈ ਤਿਨਕੋ ਉਚਿਸਟ[4] ਕਉ
ਸਾਧਨ ਕੀ ਦੂਖਨਾ ਕਵਨ ਫਲ ਪਾਵਹੀ ॥੩੦੬॥

ਜੈਸੇ ਬੋਝ ਭਰੀ ਨਾਵ ਆਗੂਰੀ[5] ਦੁਇ[6] ਬਾਹਰਿ ਹੁਇ
ਪਾਰ ਪਹੈ ਪੂਰ[7] ਸਬੈ ਕੁਸਲ ਬਿਹਾਤ ਹੈ ।
ਜੈਸੇ ਏਕਾਹਾਰੀ ਏਕ ਘਰੀ ਪਾਕਸਾਲਾ ਬੈਠਿ
ਭੁੰਜਨ ਕੈ ਬਿੰਜਨ ਦਿ ਸ੍ਵਾਦਿ ਕੋ ਅਘਾਤ ਹੈ ।
ਜੈਸੇ ਰਾਜਦੁਆਰੇ ਜਾਇ ਕਰਤ ਜੁਹਾਰ ਜਨ
ਏਕ ਘਰੀ ਪਾਛੈ ਦੇਸ ਭੁਗਤਾ ਹੁਇ ਖਾਤ ਹੈ ।
ਆਠ ਹੀ ਪਹਰ ਸਾਠਿ ਘਰੀ [ਮੈ][8] ਜਉ ਏਕ ਘਰੀ
ਸਾਧ ਸਮਾਗਮੁ ਕਰੈ ਨਿਜ ਘਰ ਜਾਤ ਹੈ ।।੩੧੮।।

ਕਾਰਤਕ ਜੈਸੇ[9] ਦੀਪਮਾਲਕਾ ਰਜਨੀ ਸਮੈ
ਦੀਪ ਜੋਤਿ ਕੋ ਉਦੋਤ ਹੋਤ ਹੀ ਬਿਲਾਤ ਹੈ ।
ਬਰਖਾ ਸਮੈ ਜੈਸੇ ਭਉ ਬੁਦਬੁਦਾ[10] ਕੋ[11] ਪ੍ਰਗਾਸ
ਤਾਸ ਨਾਮ ਪਲਕ ਮੈ ਨ ਭਉ[12] ਠਹਿਰਾਤ ਹੈ ।
ਗ੍ਰੀਖਮ ਸਮੈ ਜੈਸੇ ਭਉ ਮ੍ਰਿਗ ਤ੍ਰਿਸਨਾ ਚਰਿਤ੍ਰ
ਝਾਈ ਸੀ ਦਿਖਾਈ ਦੇਤ ਉਪਜਿ ਸਮਾਤ ਹੈ ।
ਤੈਸੇ ਮੋਹ ਮਾਇਆ ਛਾਇਆ ਬਿਰਖ ਚਪਲ ਛਲ
ਛਲੈ ਛੈਲ ਸ੍ਰੀਗੁਰ ਚਰਨ ਲਪਟਾਤ ਹੈ ॥੩੧੯॥

ਜੈਸੇ ਭਉ ਬਸਨ ਅੰਗ ਸੰਗ ਮਿਲਿ ਹੁਇ[13] ਮਲੀਨ
ਸਲਿਲ ਸਾਬੁਨ ਮਿਲਿ ਨਿਰਮਲ ਹੋਤ ਹੈ ।
ਜੈਸੇ ਭਉ ਸਰੰਵਰ ਸਿਵਾਲ ਕੈ ਅਛਾਦਿਓ ਜਲੁ
ਭੁੰਲਿ ਪੀਏ ਨਿਰਮਲ ਦੇਖੀਐ ਅਛੋਤ ਹੈ ।
ਜੈਸੇ ਨਿਸ ਅੰਧਕਾਰ ਤਾਰਕਾ ਚਮਤਕਾਰ
ਹੋਤ ਉਜੀਆਰੇ ਦਿਨਕਰ ਕੇ ਉਦੋਤ ਹੈ ।
ਤੈਸੇ ਮਾਇਆ ਮੋਹ ਕ੍ਰਮ ਹੋਤ ਹੈ ਮਲੀਨ ਮਤਿ
ਸਤਿਗੁਰ ਗਿਆਨ[14]† ਧਿਆਨ[15]† ਜਗਮਗ ਜੋਤਿ ਹੈ ॥੩੧੨॥

---

[1]ਸਿਖ ਸੰਧ (ਲ) [2]ਗਜਾਨ (ਲ) [3]ਧਜਾਨ (ਲ) [4]ਉਚਿਸ੍ਟ (ਲ) [5]ਅਗੂਰੀ (ਪ) [6]ਦੂਦਿ (ਪ) [7]ਪੁਰ (ਅ,ਲ) [8]ਕੇਵਲ 'ਲ' ਪੋਥੀ ਵਿਚ ਇਹ ਪਾਠ ਹੈ, ਬਾਕੀ ਸਭ ਵਿਚੋਂ ਲੁਪਤ ਹੈ। [9]ਕੇਵਲ ਆਧਾਰ ਪੋਥੀ ਵਿਚ ਪਾਠ 'ਕੈਸੇ' ਹੈ। [10]ਆਧਾਰ ਪੋਥੀ ਵਿਚ ਪਾਠ 'ਬੁਦਬੁਦ' ਹੈ। [11]ਕੋ (ਅ,ਪ,ਹ) [12]ਭੂ ਉ (ਪ) [13]'ਲ' ਤੇ ਆਧਾਰ ਪੋਥੀ ਵਿਚ ਪਾਠ 'ਹੋਇ' ਹੈ। [14]ਗਜਾਨ (ਲ) [15]ਧਜਾਨ (ਲ)

ਅੰਤਰ ਅਛਿਤ ਹੀ ਦਿਸੰਤਰਿ ਗਵਨ ਕਰੈ
ਪਾਛੈ ਪਰੇ[1] ਪਹੁਚੈ ਨ ਪਾਦਿਕੁ ਜਉ ਧਾਵਈ।
ਪਹੁਚੈ ਨ ਰਥੁ ਪਹੁਚੈ ਨ ਗਜਰਾਜੁ ਬਾਜੁ
ਪਹੁਚੈ ਨ ਖਗ ਮ੍ਰਿਗ ਫਾਦਤ[2] ਉਡ੍ਹਾਵਈ[3]।
ਪਹੁਚੈ ਨ ਪਵਨ ਗਵਨ ਤ੍ਰਿਭਵਨ ਪ੍ਰਿਤ
ਅਰਧ ਉਰਧ ਅੰਤਰੀਛ ਹੁਇ ਨ ਪਾਵਈ।
ਪੰਚ ਦੂਤ ਭੂਤ ਲਗਿ ਅਧਮੁ ਅਸਾਧੁ ਮਨੁ
ਗਹੈ ਗੁਰ ਗਿਆਨ[4] ਸਾਧਸੰਗਿ ਬਸਿ ਆਵਈ ॥੩੧੩॥

ਆਂਧਰੇ ਕਉ ਸਬਦ ਸੁਰਤਿ ਕਰ ਚਰ ਟੇਕ
ਬਹਰੈ ਚਰਨ ਕਰ ਦ੍ਰਿਸਟਿ ਸਬਦ ਹੈ।
ਗੂੰਗੈ ਟੇਕ[5] ਚਰ ਕਰ ਦ੍ਰਿਸਟਿ ਸਬਦ ਸੁਰਤਿ ਲਿਵ
ਲ੍ਹੂਲ੍ਹ ਟੇਕ ਦ੍ਰਿਸਟਿ ਸਬਦ ਸ੍ਰ_ਤਿ[6] ਪਦ ਹੈ।
ਪਾਗੁਰੇ ਕਉ ਟੇਕ[7] ਦ੍ਰਿਸਟਿ ਸਬਦ ਸੁਰਤਿ[8] ਕਰ ਟੇਕ
ਏਕ ਏਕ ਅੰਗਹੀਨ ਦੀਨਤਾ ਅਛਦ ਹੈ।
ਅੰਧ ਗੁੰਗ[9] ਸੁੰਨ ਪੰਗ ਲ੍ਹੂੰਜ ਦੁਖ ਪੁੰਜ ਮਮ[10]
ਅੰਤਰ ਕੇ ਅੰਤਰਜਾਮੀ ਪਰਬੀਨ ਸਦ ਹੈ ॥੩੧੪॥

ਆਂਧਰੇ[11] ਕਉ ਸਬਦ ਸੁਰਤਿ ਕਰ ਚਰ ਟੇਕ
ਅੰਧ ਗੁੰਗ ਸਬਦ ਸੁਰਤਿ ਕਰ ਚਰ ਹੈ।
ਅੰਧੇ ਗੁੰਗ ਸੁੰਨ ਕਰ ਚਰ ਅਵਲੰਬ ਟੇਕ
ਅੰਧ ਗੁੰਗ ਸੁੰਨ ਪੰਗ ਟੇਕ ਏਕ ਕਰ ਹੈ।
ਅੰਧ ਗੁੰਗ ਸੁੰਨ ਪੰਗ ਲ੍ਹੂੰਜ[12] ਦੁਖ ਪੁੰਜ ਮਮ
ਸਰਬੰਗ ਹੀਨ ਦੀਨ ਦੁਖਤ ਅਧਰ ਹੈ।
ਅੰਤਰ ਕੀ ਅੰਤਰਜਾਮੀ ਜਾਨੈ ਅੰਤਰਗਤਿ
ਕੈਸੇ ਨਿਰਬਾਹੁ[13] ਕਰੈ ਸਰੈ ਨਰਹਰ ਹੈ ॥੩੧੫॥

ਚਕਈ ਚਕੋਰ ਮ੍ਰਿਗ ਮੀਨ ਭ੍ਰਿੰਗ ਅਉ ਪਤੰਗ
ਪ੍ਰੀਤਿ ਇਕਅੰਗੀ[14] ਬਹੁਰੰਗੀ ਦ੍ਰਿਖਦਾਈ ਹੈ।
ਏਕ ਏਕ ਟੇਕ ਯੈ[15] ਟਰਤ ਨ ਮਰਤ ਸਬੈ
ਆਦਿ ਅੰਤਿ ਕੀ[16] ਚਾਲ ਚਲੀ[17] ਆਈ ਹੈ।
ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ[18] ਐਸੋ
ਲੰਗ ਪਰਲੋਗ ਸੁਖਦਾਇਕ ਸਹਾਈ ਹੈ।
ਗੁਰਮਤਿ ਸੁਨਿ† ਦੁਰਮਤਿ ਨ† ਮਿਟਤ ਜਾਕੀ[19]
ਅਹਿ ਮਿਲਿ ਚੰਦਨ ਜਿਉ ਬਿਖੁ ਨ ਮਿਟਾਈ ਹੈ ॥੩੧੬॥

---

[1]ਪਰ (ਪ) [2]ਫਾਂਧਤ (ਲ) [3]ਉਡ੍ਹਾਵਹੀ (ਅ) [4]ਗਜਾਨ (ਲ) [5]ਟੇਕ (ਪ) [6]ਸੁਰਤਿ (ਯ) [7]'ਅ' ਤੇ ਆਧਾਰ ਪੋਥੀ ਵਿਚ ਪਾਠ 'ਟੇਕ' ਹੈ। [8]'ਅ' ਤੇ ਆਧਾਰ ਪੋਥੀ ਵਿਚ ਪਾਠ 'ਸ੍ਰ_ਤਿ' ਹੈ। [9]ਕੇਵਲ ਆਧਾਰ ਪੋਥੀ ਵਿਚ ਪਾਠ 'ਗੂਰ' ਹੈ। [10]ਕੇਵਲ ਆਧਾਰ ਪੋਥੀ ਵਿਚ ਪਾਠ 'ਮਮ' ਦੀ ਥਾਂ ਕੇਵਲ 'ਮ' ਹੈ। [11]ਕੇਵਲ ਆਧਾਰ ਪੋਥੀ ਵਿਚ ਪਾਠ 'ਆਂਧ' ਹੈ। [12]ਲ੍ਹੂਜ (ਲ) [13]ਨ੍ਹਿਬਾਹ (ਲ) [14]ਕੇਵਲ ਆਧਾਰ ਪੋਥੀ ਵਿਚ ਪਾਠ 'ਅੰਗਹੀ' ਹੈ। [14]ਮੈ (ਪ) [16]ਕੀ ਸ੍ਰ (ਲ) [17]ਚਲੀ ਜਗ (ਲ) [18]ਪ੍ਰਤਾ (ਛ) [19]ਜਾਕੀ ਜੈਸੀ (ਲ)

ਮੀਨ ਕਉ ਨ ਸੁਰਤਿ ਜਲ ਕਉ[1] ਸਬਦ ਗਿਆਨੁ[2]
ਦੁਬਿਧਾ ਮਿਟਾਇ ਨ ਸਕਤ ਜਲੁ ਮੀਨ ਕੀ
ਸਰ ਸਰਿਤਾ ਅਥਾਹ ਪ੍ਰਬਲ ਪ੍ਰਵਾਹ ਬਸੈ
ਗੁਸੈ ਲੋਹ ਰਾਖਿ ਨ ਸਕਤ ਮਤਿ ਹੀਨ[3] ਕੀ।
ਜਲੁ ਬਿਨੁ ਤਰਫਿ ਤਜਤ[4] ਪ੍ਰਿਅ ਪ੍ਰਾਨ ਮੀਨ
ਜਾਨਤ ਨ ਪੀਰ ਨੀਰ ਦੀਨਤਾਈ ਦੀਨ ਕੀ।
ਦੁਖਦਾਈ ਪ੍ਰੀਤਿ ਕੀ ਪ੍ਰਤੀਤਿ ਮੀਨ ਕੁਲ ਦ੍ਰਿੜ
ਗੁਰਸਿਖ ਬੰਸ ਧ੍ਰਿਗੁ ਪ੍ਰੀਤਿ ਪਰਧੀਨ ਕੀ ॥੩੧੭॥

ਦੀਪਕ ਪੈ ਆਵਤ ਪਤੰਗ ਪ੍ਰੀਤਿ ਲੀਤਿ ਲਗਿ
ਦੀ ਕਹਿ ਮਹਾ ਬਿਪਰੀਤਿ ਮਿਲੇ ਜਾਰਿ ਹੈ।
ਅਲਿ ਚਲਿ ਆਵਤ ਕਮਲ ਪੈ ਸਨੇਹ ਕਰਿ
ਕਮਲ ਸੰਪਟ[5] ਬਾਂਧਿ ਪ੍ਰਾਨ† ਪਰਹਾਰਿ ਹੈ।
ਮਨ ਬਚ ਕ੍ਰਮ ਜਲ ਮੀਨ ਲਿਵਲੀਨ ਗਤਿ
ਬਿਛ੍ਰਤ ਰਾਖਿ ਨ ਸਕਤ ਗਹਿ ਡਾਰਿ ਹੈ।
ਦੁਖਦਾਈ ਪ੍ਰੀਤਿ ਕੀ* ਪ੍ਰਤੀਤਿ ਕੈ* ਮਰੈ ਨ ਟਰੈ
ਗੁਰਸਿਖ ਸੁਖਦਾਈ ਪ੍ਰੀਤਿ ਕ੍ਰਿਉ ਬਿਸਾਰਿ[6] ਹੈ ॥੩੧੮॥

ਦੀਪਕ ਪਤੰਗ ਦਿਬਿ ਦ੍ਰਿਸਟਿ ਦਰਸ ਹੀਨ
ਸ੍ਰੀਗੁਰ ਦਰਸ ਧਿਆਨ[7] ਤ੍ਰਿਭਵਨ ਗੰਮਿਤਾ
ਬਾਂਸਨਾ ਕਮਲ ਅਲਿ ਭ੍ਰਮਤ ਨ ਰਾਖਿ ਸਕੈ
ਚਰਨ ਸਰਨਿ ਗੁਰ ਅਨਤ ਨ ਰੰਮਿਤਾ।
ਮੀਨ ਜਲ ਪ੍ਰੇਮ ਨੇਮ ਅੰਤਿ ਨ ਸਹਾਈ ਚੰਤ
ਗੁਰ ਸੁਖ[8] ਸਾਗਰ ਹੈ ਦਿਤ ਉਤ ਸੰਮਿਤਾ।
ਏਕ ਏਕ ਟੇਕ ਸੈ ਟਰਤ ਨ ਮਰਤ ਸਬੈ
ਸ੍ਰੀਗੁਰ ਸ੍ਰਬੈਗੀ {ਸੰਗੀ}[9] ਮਹਾਤਮ ਅੰਮ੍ਰਿਤਾ ॥੩੧੯॥

ਦੀਪਕ ਪਤੰਗ ਮਿਲਿ ਜਰਤ ਨ ਰਾਖਿ ਸਕੈ
ਜਰੈ ਮਰੈ[10] ਆਗੈ[11] ਨ ਪਰਮਪਦ ਪਾਏ ਹੈ।
ਮਧੁਪ ਕਮਲ ਮਿਲਿ ਭ੍ਰਮਤ ਨ ਰਾਖਿ ਸਕੈ
ਸੰਪਟ ਮੈ ਮੂਏ ਸੈ ਨ ਸਹਜ ਸਮਾਏ ਹੈ।
ਜਲ ਮਿਲਿ ਮੀਨ ਕੀ ਨ ਦੁਬਿਧਾ ਮਿਟਾਇ ਸਕੀ
ਬਿਛੁਰਿ ਮਰਤ ਹਰਿ ਲੋਕ ਨ ਪਠਾਏ ਹੈ।
ਦਿਤ ਉਤ ਸੰਗਮ ਸਹਾਈ[12] ਸੁਖਦਾਈ[13] ਗੁਰ
ਗਿਆਨ[2] ਧਿਆਨ[7] ਪ੍ਰੇਮਰਸ ਅੰਮ੍ਰਿਤ ਪੀਆਏ ਹੈ ॥੩੨੦॥

---

[1]ਕਉ ਨ (ਲ) [2]ਗਯਾਨ (ਲ) [3]ਕੇਵਲ ਆਧਾਰ ਪੋਥੀ ਵਿਚ ਪਾਠ 'ਹੀਰ' ਹੈ। [4]ਤਜਾਤ (ਲ) [5]ਸੰਪਟ ਮੈ (ਲ)
[6]ਬਿਸਰਾਤਿ (ਘ) [7]ਧਿਯਾਨ (ਲ) [8]ਮੁਖ (ਦ) [9]ਕੇਵਲ ਆਧਾਰ ਪੋਥੀ ਵਿਚੋਂ' ਇਹ ਪਾਠ ਲੁਪਤ ਹੈ।
[10]ਮਰੈ (ਪ) [11]ਅਗੈ (ਪ) [12]ਸਹਾਈ (ਪ) [13]ਦੁਖਦਾਈ (ਅ)

ਦੀਪਕ ਪਤੰਗ ਅਲਿ ਕਮਲ ਸਲਿਲ ਮੀਨ
ਚਕਈ ਚਕੋਰ ਮ੍ਰਿਗ ਰਵਿ ਸਸਿ ਨਾਦ ਹੈ ।
ਪ੍ਰੀਤਿ ਇਕਅੰਗੀ ਬਹੁਰੰਗੀ ਨਹੀ ਸੰਗੀ ਕੋਊ
ਸਬੈ ਦੁਖਦਾਈ ਨ ਸਹਾਈ ਅੰਤਿ ਆਦਿ ਹੈ ।
ਜੀਵਤ ਨ ਸਾਧਸੰਗ ਮੂਏ ਨ ਪਰਮਗਤਿ
[1]ਗਿਆਨ [2]ਧਿਆਨ ਪ੍ਰੇਮਰਸ ਪ੍ਰੀਤਮ ਪ੍ਰਸਾਦਿ ਹੈ ।
ਮਾਨਸ ਜਨਮੁ ਪਾਇ ਸ੍ਰੀਗੁਰ ਦਇਆ ਨਿਧਾਨ
ਚਰਨ ਸਰਨਿ ਸੁਖਫਲ ਬਿਸਮਾਦ[3] ਹੈ ।।੩੨੧।।

ਗੁਰਮੁਖਿ ਪੰਥ ਕੁਰ ਧਿਆਨ ਸਾਵਧਾਨ ਰਹੈ
ਲਹੈ* ਨਿਜੁਘਰੁ ਅਰੁ ਸਹਜ ਨਿਵਾਸ ਜੀ ।
ਸਬਦ[4] ਬਿਬੇਕ ਏਕ ਟੇਕ ਨਿਹਚਲ ਮਤਿ
ਮਧੁਰ ਬਚਨ ਗੁਰ ਗਿਆਨ ਕੋ ਪ੍ਰਗਾਸ ਜੀ ।
ਚਰਨਕਮਲ ਚਰਨਾਮ੍ਰਿਤ[5] ਨਿਧਾਨ ਪਾਨ
ਪ੍ਰੇਮਰਸ ਬਸਿ ਭਏ ਬਿਸਮ* ਬਿਸ੍ਵਾਸ ਜੀ ।
ਗਿਆਨ[1] ਧਿਆਨ[2] ਪ੍ਰੇਮ ਨੇਮ ਪੂਰਨ ਪ੍ਰਭੀਤ[6] ਚੀਤਿ
ਬਨ ਗ੍ਰਿਹ ਸਮਸਰਿ ਮਾਇਆ ਮੈ ਉਦਾਸ ਜੀ ।।੩੨੨।।

ਮਾਰਬੋ[7] ਕੋ[8] ਕ੍ਰਾਸੁ ਦੇਖਿ ਚੋਰ ਨ ਤਜਤ ਚੌਰੀ
ਬਟਵਾਰਾ ਬਟਵਾਗੀ ਸੰਗਿ ਹੁਇ ਤਕਤ ਹੈ ।
ਬੇਸ੍ਵਾਰਤੁ ਬ੍ਰਿਥਾ ਭਏ ਮਨ ਮੈ ਨ ਸੰਕਾ ਮਾਨੈ
ਜੁਆਰੀ ਨ ਸਰਬਸੁ ਹਾਰੇ ਸੌ[9] ਥਕਤ ਹੈ ।
ਅਮਲੀ ਨ ਅਮਲ ਤਜਤ[10] ਜਿਉ ਧਿਕਾਰ ਕੀਏ
ਦੋਖ ਦੁਖ ਲੋਗ ਬੇਦ ਸੁਨਤ ਛਕਤ ਹੈ ।
ਅਧਮ ਅਸਾਧ ਸੰਗ ਛਾਡਤ ਨ ਅੰਗੀਕਾਰ[11]
ਗੁਰਸਿਖ ਸਾਧਸੰਗ ਛਾਡਿ ਕਿਉ ਸਕਤ ਹੈ ।।੩੨੩।।

ਦਸਕ ਦੈ ਦੋਖ ਦੁਖੁ ਅਪਜਸ ਲੈ ਅਸਾਧ
ਲੋਕ ਪਰਲੋਕ ਮੁਖ ਸਿਆਮਤਾ ਲਗਾਵਹੀ ।
ਚੋਰ ਜਾਰ ਅਉ ਜੁਆਰ ਮਦਪਾਨੀ ਦੁਰਿਤ ਸੌ
ਕਲਹ ਕਲੇਸ ਭੇਸ ਦੁਬਿਧਾ ਕਉ ਧਾਵਹੀ[12] ।
ਮਤਿ ਪਤਿ ਮਾਨ ਹਾਨਿ ਕਾਨਿ ਮੈ ਕਨੌਡੀ ਸਭਾ
ਨਾਕ ਕਾਨ ਖੰਡ ਛੰਡ ਹੋਤ ਨ ਲਜਾਵਹੀ ।
ਸਰਬ ਨਿਧਾਨ ਦਾਨ ਦਾਇਕ ਸੈਗਤਿ ਸਾਧ
ਗੁਰਸਿਖ ਸਾਧੂਜਨੰ ਕਿਉ ਨ ਚਲਿ ਆਵਹੀ ।।੩੨੪।।

---

[1]ਗਯਾਨ (ਲ) [2]ਧ੍ਯਾਨ (ਲ) [3]ਬਿਸਮਾਵੈ (ਅ) [4]ਸਬਦ ਸੁ [5]ਚਰਨਾਮ (ਪ) [6]ਕੇਵਲ ਆਧਾਰ ਪੋਥੀ ਵਿਚ ਪਾਠ 'ਪ੍ਰੀਤਿ' ਹੈ । [7]ਮਾਰੇਬੇ (ਪ) [8]ਕਉ (ਪ,ਲ) [9]ਸੰਨ (ਯ) [10]ਕੇਵਲ ਆਧਾਰ ਪੋਥੀ ਵਿਚ ਪਾਠ 'ਤਜਤਜਿ' ਹੈ । [11]ਅੰਗੀਕ ਕੀ (ਪ,ਯ,ਲ) [12]ਭਾਵਹੀ (ਲ)

ਜੈਸੇ ਤਉ ਅਕਾਸਮਾਤ[1] ਬਾਦਰ ਉਦੰਤ ਹੋਤ
ਗਗਨ ਘਟਾ ਘਮੰਡ ਕਰੜ ਬਿਥਾਰ ਜੀ ।
ਤਾਹੀ ਤੇ ਸਬਦ ਧੁਨਿ ਘਨ ਗਰਜਤ ਅਤਿ
ਚੰਚਲ ਚਰਿਤ੍ਰ ਦਾਮਨੀ ਚਮਤਕਾਰ ਜੀ ।
ਬਰਖਾ ਅੰਮ੍ਰਿਤ ਜਲ ਮੁਕਤਾ ਕਪੂਰ ਤਾਤੇ
ਅਉਖਧੀ ਉਪਾਰਜਨਾ[2] ਅਨਿਕ ਪ੍ਰਕਾਰ ਜੀ ।
ਦਿਬਿ ਦੇਹ ਸਾਧ ਜਨਮ ਮਰਨ ਰਹਿਤ ਜਗ
ਪ੍ਰਗਟਤ ਕਰਥੇ ਕਉ ਪਰਉਪਕਾਰ ਜੀ ॥੩੨੫॥

ਸਫਲ ਬਿਰਖ ਫਲ ਦੇਤ ਜਿਉ ਪਾਖਾਨ ਮਾਰੇ
ਸਿਰਿ ਕਰਫਤ ਸਹਿ[3] ਗਹਿ ਪਾਰਿ ਪਾਰਿ ਹੈ ।
ਸਾਗਰ ਮੈ ਕਾਢਿ ਮੁਖੁ ਫੇਰੀਅਤ ਸੀਪ ਕੋ ਜਿਉ
ਦੇਤ ਮੁਕਤਾਹਲ ਅਵਗਿਆ ਨ ਬੀਚਾਰਿ[4] ਹੈ ।
ਜੈਸੇ ਖਨਵਾਰਾ ਖਾਨਿ ਖਨਤ ਹਨਤ ਘਨ
ਮਾਨਕ ਹੀਰਾ ਅਮੋਲ ਪਰਉਪਕਾਰ ਹੈ ।
ਊਖ ਮੈ ਪਿਊਖ[5] ਜਿਉ ਪ੍ਰਗਾਸ ਹੋਤ ਕੌਲੂ ਪਚੈ
ਅਵਗੁਨ ਕੀਏ [ਗੁਨ][6] ਸਾਧਨ ਕੈ ਦੁਆਰ ਹੈ ॥੩੨੬॥

ਸਾਧੁਸੰਗਿ ਦਰਸਨ ਕੋ ਹੈ ਨਿਤਨੇਮੁ ਜਾਕੈ
ਸੋਈ ਦਰਸਨੀ ਸਮਦਰਸ ਧਿਆਨੀ ਹੈ ।
ਸਬਦ ਬਿਬੇਕ ਏਕ ਟੇਕ ਜਾਕੈ ਮਨਿ ਬਸੈ
ਮਾਨਿ ਗੁਰਗਿਆਨ ਸੋਈ ਬ੍ਰਹਮਗਿਆਨੀ ਹੈ ।
ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ
ਪ੍ਰੇਮੀ ਪ੍ਰਿਅ ਪ੍ਰੇਮ ਉਨਮਨ ਉਨਮਾਨੀ ਹੈ ।
ਸਹਜ ਸਮਾਧਿ ਸਾਧਸੰਗ ਇਕਰੰਗ ਜੋਈ
ਸੋਈ ਗੁਰਮੁਖਿ ਨਿਰਮਲ ਨਿਰਬਾਨੀ ਹੈ ॥੩੨੭॥

ਦਰਸ ਧਿਆਨ ਧਿਆਨੀ ਸਬਦ ਗਿਆਨ ਗਿਆਨੀ[7]
ਚਰਨ ਸਰਨਿ ਦ੍ਰਿੜ ਮਾਇਆ ਮੈ ਉਦਸੀ ਹੈ ।
ਹਉਮੈ ਤਿਆਗਿ ਤਿਆਗੀ ਬਿਸਮਾਦ ਹੈ ਬੈਰਾਗੀ ਭਏ
ਤ੍ਰਿਗੁਨ ਅਤੀਤਿ ਚੀਤ ਅਨਭੈ ਅਭਿਆਸੀ ਹੈ ।
ਦੁਬਿਧਾ ਅਪਰਸ ਅਉ ਸਾਧ ਇੰਦ੍ਰੀ ਨਿਗ੍ਰਹ ਕੈ
ਆਤਮ ਪੂਜਾ ਬਿਬੇਕੀ ਸੁੰਨ ਮੈ ਸੰਨਿਆਸੀ[8] ਹੈ ।
ਸਹਜਸੁਭਾਇ ਕਰਿ ਜੀਵਨਮੁਕਤਿ ਭਏ
ਸੇਵਾ ਸਰਬਾਤਮ ਕੈ ਬ੍ਰਹਮ ਬਿਸ੍ਵਾਸੀ ਹੈ ॥੩੨੮ ॥

---

[1]'ਅ' ਤੇ ਆਧਾਰ ਪੋਥੀ ਵਿਚ ਪਾਠ 'ਅਕਾਸਮਾਤ' ਹੈ। [2]ਕੇਵਲ ਆਧਾਰ ਪੋਥੀ ਵਿਚ ਪਾਠ 'ਉਪਾਰਜਾ' ਹੈ। [3]ਸਹੈ (ਯ) [4]ਬੀਚਾਰ (ਯ) [5]ਕੇਵਲ 'ਲ' ਪੋਥੀ ਵਿਚ ਪਾਠ 'ਪਿਊਖ' ਹੈ, ਬਾਕੀ ਸੁਰ ਵਿਚ 'ਪਯੂਖ' ਹੈ। [6]ਕੇਵਲ ਆਧਾਰ ਪੋਥੀ ਵਿਚ ਇਹ ਪਾਠ ਲੁਪਤ ਹੈ। [7]ਗਯਾਨੀ (ਲ) [8]ਸੁੰਨਿਆਸੀ (ਪ)

ਜੈਸੇ ਜਲ ਅੰਤਰਿ ਜੁਗੰਤਰ ਬਸੈ ਪਾਖਾਨ[1]
ਭਿਦੈ ਨ ਰਿਦੈ ਕਠੋਰ ਬੂਡੈ ਬਜ੍ਰ ਭਾਰ ਕੈ ।
ਅਠਸਠਿਤੀਰਥ ਮਜਨ ਕਰੈ ਤੁੰਬਰੀ ਤਉ
ਮਿਟਤ ਨ ਕਰਵਾਈ ਭੰਦੇ ਵਾਰ ਪਾਰ ਕੈ ।
ਅਹਿਨਿਸਿ ਅਹਿ ਲਪਟਾਨੰ ਰਹੈ ਚੰਦਨਹਿ
ਤਜਤ[2] ਨ ਬਿਖੁ ਤਉ ਹਉਮੈ ਅਹੰਕਾਰ ਕੈ
ਕਪਟ ਸਨੇਹ ਦੇਹ ਨਿਹਫਲ ਜਗਤ ਮੈ
ਸੰਤਨ ਕੋ ਹੈ[3] ਦੇਖੀ ਦੁਬਿਧਾ ਬਿਕਾਰ ਕੈ ॥੩੨੯॥

ਜੈਸੇ ਨਿਰਮਲ ਦਰਪਨ ਮੈ ਨ ਚਿਤ੍ਰ ਕਛੁ
ਸਕਲ ਚਰਿਤ੍ਰ ਚਿਤ੍ਰ ਦੇਖਤ ਦਿਖਾਵਈ ।
ਜੈਸੇ ਨਿਰਮਲ ਜਲ ਬਰਨ ਅਭੀਤ ਰੀਤ
ਸਕਲ ਬਰਨ ਮਿਲਿ ਬਰਨ ਬਨਾਵਈ ।
ਜੈਸੇ ਤਉ ਬਸੁੰਧਰਾ ਸੁਆਦ ਬਾਸਨਾ ਰਹਿਤ
ਅਉਖਦੀ ਅਨੇਕ ਰਸ ਗੰਧ ਉਪਜਾਵਈ ।
ਤੈਸੇ ਗੁਰਦੇਵ ਸੇਵ ਅਲਖ ਅਭੇਵ ਗਤਿ
ਜੈਸੋ ਜੈਸੋ ਭਾਉ ਤੈਸੀ ਕਾਮਨਾ ਪੁਜਾਵਈ ॥੩੩੦॥

ਸੁਖ ਦੁਖ ਹਾਨਿ ਮ੍ਰਿਤ[4] ਪੂਰਬ[5] ਲਿਖਤ ਲੇਖ
ਜੋਤੁ ਕੈ ਨ ਬਸਿ ਕਛੁ ਜੈਤ੍ਰੀ ਜਗਦੀਸ ਹੈ ।
ਭੁੰਗਤ ਬਿਵਸਿ ਮੋਢ ਕਰਮ ਕਿਰਤ ਗਤਿ
ਜਸਿ ਕਰਤੋ ਸਿਲੇਪ ਕਾਰਨ ਕੋ ਈਸ ਹੈ ।
ਕਰਤਾ ਪ੍ਰਧਾਨ ਕਿਧੋ ਕਰਮ ਕਿਧੋ ਹੈ ਜੀਉ
ਘਾਟਿ[6] ਬਾਢਿ ਕਉਨ ਕਉਨ ਮਤੁ ਬਿਸ੍ਵਾਬੀਸ ਹੈ ।
ਅਸਤੁਤਿ ਨਿੰਦਾ ਕਹਾ ਬਿਆਪਤ ਹਰਖ ਸੋਗ
ਹੋਨਹਾਰ ਕਹੋ ਕਹਾ ਗਾਰਿ ਅਉ ਅਸੀਸ ਹੈ ॥੩੩੯॥

ਮਾਨਸਰ ਪਰ ਜਉ ਬੈਠਾਈਐ ਲੇ ਜਾਇ ਬਗ
ਮੁਕਤਾ ਅਮੋਲ ਤਜਿ ਮੀਠ ਬੀਨਿ ਖਾਤ ਹੈ ।
ਅਸਥਨ ਪਾਨ ਕਰਬੇ ਕਉ ਜਉ ਲਗਾਈਐ ਜੋਕ
ਪੀਅਤਨ ਪੈ ਲੈ ਲੋਹੂ ਅਚਏ ਅਘਾਤ ਹੈ ।
ਪਰਮਸੁਗੰਧ ਪਰਿ ਮਾਖੀ ਨ ਰਹਤ ਰਾਧੀ
ਮਹਾਦੁਰਗੰਧ ਪਰਿ ਬੈਰਿ ਚਲਿ ਜਾਤ ਹੈ ।
ਜੈਸੇ ਗਜ ਮਜਨ ਕੋ ਡਾਰਤ ਹੈ ਛਾਰੁ ਸਿਰਿ
ਸੰਤਨ ਕੈ ਦੇਖੀ ਸੰਤ ਸੰਗੁ ਨ ਸੁਹਾਤ ਹੈ ॥੩੩੨॥

---

[1]ਪਖਾਨ (ਲ) [2]ਤਜਨ (ਲ) [3]ਅਹੈ (ਲ) [4]ਕੇਵਲ 'ਲ' ਪੋਥੀ ਵਿਚ ਪਾਠ 'ਮ੍ਰਿਤ' ਹੈ, ਬਾਕੀ ਸਭ ਵਿਚ 'ਮਿਤ੍ਰ' ਹੈ। [5]ਪੂਰਬ (ਅ, ਪ, ਯ) [6]ਘਟਿ (ਪ)

ਗੁਰਮਤਿ ਸਤਿ ਏਕ ਟੇਕ ਦੁਤੀਆ ਨਾ ਸ਼ਤਿ
ਸਿਵ ਨ ਸਕਤ ਗਤਿ ਅਨਭੈ ਅਭਿਆਸੀ ਹੈ ।
ਤ੍ਰਿਗੁਨ ਅਤੀਤ ਜੀਤ ਹਾਰ ਨ ਹਰਖ ਸੋਗ
ਸੰਜੋਗ[1] ਬਿਓਗ ਮੋਟਿ ਸਹਜ ਨਿਵਾਸੀ ਹੈ ।
ਚਤੁਰਬਰਨ ਇਕ ਬਰਨ ਹੁਇ ਸਾਧਸੰਗ
ਪੰਚ ਪਰਪੰਚ ਤਿਆਗਿ ਬਿਸਮ ਬਿਸ੍ਵਾਸੀ ਹੈ ।
ਖਟਦਰਸਨ ਪਰੈ ਪਾਰ ਹੁਇ ਸਪਤਸਰ
ਨਵਦੁਆਰ ਉਲੰਘਿ ਦਸਮਸ੍ਥੀ ਉਦਾਸੀ ਹੈ ॥੩੩॥

ਨਦੀ ਨਾਵ ਕੋ ਸੰਜੋਗ[2] ਸੁਜਨ ਕੁਟੰਬ ਲੰਜ
[3]ਮੇਲਿਓ ਹੋਇਗੋ[3] ਸੋਈ ਮਿਲੈ ਆਗੈ ਮਾਇ ਨ ।
ਅਸਨ ਬਸਨ ਧਨ ਸੰਗਿ ਨ ਚਲਤ ਚਲੈ
ਅਰਪੈ [ਦੀਜੈ][4] ਧਰਮਸਾਲਾ ਪਹੁਚਾਇਕੈ ।
ਆਠੰਜਾਮ ਸਾਠੰਘਰੀ[5] ਨਿਹਫਲ ਮਾਇਆ ਮੋਹ
ਸਫਲ ਪਲਕ ਸਾਧਸੰਗਤਿ ਸਮਾਇਕੈ ।
ਮਲ ਮੂਤ੍ ਧਾਰੀ ਅਉ ਬਿਕਾਰੀ ਨਿਰੰਕਾਰੀ ਹੋਤ
ਸਬਦ ਸੁਰਤਿ ਸਾਧਸੰਗ ਲਿਵ ਲਾਇਕੈ ॥੩੪॥

ਹਉਮੈ ਅਭਿਮਾਨ ਅਸਥਾਨ ਭਜਿ ਬੰਝ ਬਨ
ਚਰਨਕਮਲ ਗੁਰ ਸੰਪਟ ਸਮਾਏ ਹੈ ।
ਅਤਿ ਹੀ ਅਨੂਪ ਰੂਪ ਹੋਰਤ ਹਿਰਾਨੇ ਦ੍ਰਿਗ
ਅਨਹਦ ਗੁੰਜਤ ਸ੍ਰਵਨ ਹੂ ਸਿਰਾਏ ਹੈ ।
ਰਸਨਾ ਬਿਸਮ ਅਤਿ ਮਧੁ ਮਕਰੰਦ ਰਸ
ਨਾਸਿਕਾ ਚਕਤ[6] ਹੀ ਸੁਬਾਸੁ ਮਹਕਾਏ ਹੈ ।
ਕੋਮਲਤਾ ਸੀਤਲਤਾ ਪੰਗ ਸਰਬੰਗ ਭਏ
ਮਨਮਧੁਕਰ[7] ਪੁਨਿ ਅਨਤ ਨਾ ਧਾਏ ਹੈ ॥੩੫॥

ਬਾਂਸਨਾ ਕੋ ਬਾਸੁ[8] ਦੂਤ ਸੰਗਤਿ ਬਿਨਾਸ ਕਾਲ
ਚਰਨਕਮਲ ਗੁਰ ਏਕ ਟੇਕ ਪਾਈ ਹੈ ।
ਭੈਜਲ ਭਇਆਨਕ[9] ਲਹਰਿ ਨ ਬਿਆਪਿ[10] ਸਕੈ
ਨਿਜਘਰ ਸੰਪਟ ਕੈ ਦੁਬਿਧਾ ਮਿਟਾਈ ਹੈ ।
ਆਨ ਗਿਆਨ[11] ਧਿਆਨ[12] ਸਿਮਰਨ ਬਿਸਮਰਨ ਕੋ
ਪ੍ਰੇਮਰਸਿ ਬਸਿ ਆਸਾ ਮਨਸਾ ਨ ਪਾਈ ਹੈ ।
ਦੁਤੀਆ ਨਾਸ੍ਤਿ[13] ਏਕ ਟੇਕ ਨਿਹਚਲ ਮਤਿ
ਸਹਜ ਸਮਾਧਿ ਉਨਮਨ[11] ਲਿਵ ਲਾਈ ਹੈ ॥੩੬॥

---

[1]ਸੋਸੋ (ਲ) [2]ਕੇਵਲ ਆਧਾਰ ਪੋਥੀ ਵਿਚ ਪਾਠ 'ਸਜੋਗ' ਹੈ । [3]ਇਹ ਪਾਠ ਕੇਵਲ 'ਯ' ਪੋਥੀ ਵਿਚ ਹੈ । ਬਾਕੀ ਸਭ ਵਿਚ 'ਹੋਇਗੋ ਜੋਦੀਓ' ਹੈ । [4]'ਯ' ਤੋਂ ਬਿਨਾ ਬਾਕੀ ਸਭ ਪੋਥੀਆਂ ਵਿਚੋਂ ਇਹ ਪਾਠ ਲੁਪਤ ਹੈ । [5]ਕੇਵਲ ਆਧਾਰ ਪੋਥੀ ਵਿਚ ਪਾਠ 'ਸਾਠੀਘਰੀ' ਹੈ । [6]ਕੇਵਲ ਆਧਾਰ ਪੋਥੀ ਵਿਚ ਪਾਠ 'ਚਤ' ਹੈ । [7]ਅਧੁਕ (ਪ) [8]ਬਾਸ (ਪ) ਪਾਸਨ (ਅ, ਲ) [9]ਭੈਆਨਕ (ਅ, ਯ) [10]ਬਿਆਪੈ (ਤ) [11]ਗਜਾਨ (ਤ) [12]ਧਿਜਾਨ (ਲ) [13]ਨਸਤਿ (ਲ) [14]ਕੇਵਲ ਆਧਾਰ ਪੋਥੀ ਵਿਚ ਪਾਠ 'ਉਨ' ਹੈ ।

ਚਰਨਕਮਲ ਰਜ ਮਸਤਕਿ ਲੇਪਨ[1] ਕੈ
ਭਰਮ† ਕਰਮ ਲੇਖ ਸਿਆਮਤਾ ਮਿਟਾਈ ਹੈ ।
ਚਰਨਕਮਲ ਚਰਨਾਮ੍ਰਿਤ ਮਲੀਨ ਮੰਨ
ਕਰਿ ਨਿਰਮਲ ਦੂਤ ਦੁਬਿਧਾ ਮਿਟਾਈ ਹੈ ।
ਚਰਨਕਮਲ ਸੁਖ ਸੰਪਟ ਸਹਜ ਘਰਿ
ਨਿਹਚਲ ਮਤਿ ਏਕ ਟੇਕ ਠਹਰਾਈ ਹੈ ।
ਚਰਨਕਮਲ ਗੁਰ ਮਹਿਮਾ ਅਗਾਧਿ ਬੋਧਿ
ਸਰਬ ਨਿਧਾਨ ਅਉ ਸਕਲ[2] ਫਲਦਾਈ ਹੈ ॥੩੩੭॥

ਚਰਨਕਮਲ ਰਜ ਮਜਨ[3] ਕੋ ਦਿਬਿ[4] ਦੇਹ
ਮਹਾ ਮਲਮੂਤ੍ਰਧਾਰੀ ਨਿਰੰਕਾਰੀ ਕੀਨੇ ਹੈ ।
ਚਰਨਕਮਲ ਚਰਨਾਮ੍ਰਿਤ ਨਿਧਾਨ ਪਾਨ
ਤ੍ਰਿਗੁਨ ਅਭੀਤ ਚੀਤ ਆਪਾ ਆਪ ਚੀਨੇ ਹੈ ।
ਚਰਨਕਮਲ ਨਿਜ ਆਸਨ ਸਿੰਘਾਸਨ ਕੋ
ਤ੍ਰਿਭੁਵਨ ਅਉ ਤ੍ਰਿਕਾਲ ਗੰਮਿਤਾ ਪ੍ਰਬੀਨੇ[5] ਹੈ ।
ਚਰਨਕਮਲ ਰਸ ਗੰਧ ਰੂਪ ਸੀਤਲਤਾ
ਦੁਤੀਆ ਨਾਸਤਿ ਏਕ ਟੇਕ ਲਿਵ ਲੀਨੇ ਹੈ ॥੩੩੮॥

ਚਰਨਕਮਲ ਰਜ ਮਜਨ ਪ੍ਰਤਾਪ ਅਤਿ
ਪੂਰਬ[6] ਤੀਰਥ ਕੋਟਿ ਚਰਨ ਸਰਨਿ ਹੈ ।
ਚਰਨਕਮਲ ਰਜ ਮਜਨ ਪ੍ਰਤਾਪ ਅਤਿ
ਦੇਵੀ ਦੇਵ ਸੇਵਕ ਹੁਇ ਪੂਜਤ ਚਰਨ ਹੈ ।
ਚਰਨਕਮਲ ਰਜ ਮਜਨ ਪ੍ਰਤਾਪ ਅਤਿ
ਕਾਰਨ ਅਧੀਨ ਹੁਤੇ† ਕੀਨ ਕਾਰਨ ਕਰਨ ਹੈ ।
ਚਰਨਕਮਲ ਰਜ ਮਜਨ ਪ੍ਰਤਾਪ ਅਤਿ
ਪਤਿਤ ਪੁਨੀਤ ਭਏ ਤਾਰਨ ਤਰਨ ਹੈ ।੩੩੯॥

ਮਾਨਸਰ ਹੰਸ ਸਾਧਸੰਗਤਿ ਪਰਮਹੰਸ
ਧਰਮਧੁਜਾ ਧਰਮਸਾਲਾ[7] ਚਲਿ ਆਵਹੀ ।
ਉਤ ਮੁਕਤਾਹਲ[8] ਅਹਾਰ ਦੁਤੀਆ ਨਾਸਤਿ[9]
ਇਤ ਗੁਰਸਬਦ ਸੁਰਤਿ ਲਿਵ ਲਾਵਹੀ ।
ਉਤ ਖੀਰ ਨੀਰ ਨਿਰਵਾਰੋ ਕੈ ਬਖਾਨੀਅਤ
ਇਤ ਗੁਰਮਤਿ ਚੁਰਮਤਿ ਸਮਝਾਵਹੀ ।
ਉਤ ਬਗ ਹੰਸ ਬੰਸ ਦੁਬਿਧਾ [ਨ][10] ਮੇਂਟਿ ਸਕੈ
ਇਤ ਕਾਗ ਪਾਗਿ ਸਮਰੂਪ ਕੈ ਮਿਲਾਵਹੀ ॥੩੪੦॥

---

[1]ਲੇਪਨਾ (ਪ) [2]ਸਫਲ (ਲ) [3]ਕੇਵਲ ਆਧਾਰ ਪੋਥੀ ਵਿਚ ਪਾਠ 'ਮਨਜ' ਹੈ। [4]ਵਿ (ਲ) [5]'ਆ' ਅਤੇ ਆਧਾਰ ਪੋਥੀ ਵਿਚ ਪਾਠ 'ਪ੍ਰਬੀਨ' ਹੈ। [6]ਪਰਥ (ਪ) [7]ਕੇਵਲ ਆਧਾਰ ਪੋਥੀ ਵਿਚ ਪਾਠ 'ਸਾਲਾ' ਹੈ। [8]ਮੁਕਤਾਹਲ (ਅ) [9]ਨਸਤਿ (ਤ) [10]ਕੇਵਲ ਆਧਾਰ ਪੋਥੀ ਵਿਚ ਇਹ ਪਾਠ ਲੁਪਤ ਹੈ।

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਾਤਪੁ ਛਿਨ
ਸਿਵ ਸਨਕਾਦਿ ਬ੍ਰਹਮਾਦਿਕ ਨ ਪਾਵਹੀ ।
ਸਿੰਮ੍ਰਿਤਿ[1] ਪੁਰਾਨ ਬੇਦ ਸਾਸਤ੍ਰ ਅਉ ਨਾਦ ਬਾਦ
ਰਾਗ ਰਾਗਨੀ ਹੂ ਨੇਤ ਨੇਤ ਕਰਿ ਗਾਵਹੀ ।
ਦੇਵੀ ਦੇਵ ਸਰਬ ਨਿਧਾਨ ਅਉ ਸਕਲ ਫਲ
ਸੁਰਗ ਸਮੂਹ ਸੁਖ ਧਿਆਨ[2] ਧਰਿ ਧਿਆਵਹੀ ।
ਪੂਰਨ ਬ੍ਰਹਮ ਸਤਿਗੁਰ ਸਾਵਧਾਨ ਜਾਨਿ[3]
ਗੁਰਸਿਖ ਸਬਦ ਸੁਰਤਿ ਲਿਵ ਲਾਵਹੀ ॥੩੪੧॥

ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰਪਨ
ਕਾਹੂ ਸੋ ਨ ਕੱਉ ਕੀਨੋ ਏਕ ਹੀ ਅਨੇਕ ਹੈ ।
ਨਿਪਟ ਕਪਟ ਘਟ ਘਟ ਨਟ ਵਟ ਨਟ
ਗੁਪਤ ਪ੍ਰਗਟ ਅਟਪਟ ਜਾਵਦੇਕ ਹੈ ।
ਦ੍ਰਿਸਟਿ ਸੀ ਦ੍ਰਿਸਟਿ ਨ ਦਰਸਨ ਸੋ ਦਰਸੁ
ਬਚਨ ਸੋ ਬਚਨ ਨ ਸੁਰਤਿ ਸਮੇਕ ਹੈ ।
ਰੂਪ ਰੇਖ ਲੇਖ ਭੇਖ ਨਾਦ ਬਾਦ ਨਾਨਾ[4] ਬਿਧਿ
ਅਗਮ ਅਗਾਧਿ ਬੰਧ ਬ੍ਰਹਮ ਬਿਬੇਕ ਹੈ ॥੩੪੨॥

ਸਤਿਰੂਪ ਸਤਿਗੁਰ ਪੂਰਨ ਬ੍ਰਹਮਧਿਆਨ
ਸਤਿਨਾਮੁ ਸਤਿਗੁਰ ਤੇ ਪਾਰਬ੍ਰਹਮ ਹੈ ।
ਸਤਿਗੁਰ ਸਬਦ ਅਨਾਹਦ[5] ਬ੍ਰਹਮਗਿਆਨ
ਗੁਰਮੁਖਿ ਪੰਥ ਸਤਿ ਗੰਮਿਤਾ ਅਗੰਮ[6] ਹੈ ।
ਗੁਰਸਿਖ ਸਾਧਸੰਗ ਬ੍ਰਹਮਸਥਾਨ ਸਤਿ
ਕੀਰਤਨ ਸਮੈ ਹੁਦਿ ਸਾਵਧਾਨ ਸਮ ਹੈ ।
ਗੁਰਮੁਖਿ ਭਾਵਨੀ ਭਗਤਿ ਭਾਉ ਚਾਉ ਸਤਿ
ਸਹਜ ਸੁਭਾਉ ਗੁਰਮੁਖਿ ਨਮੋ ਨਮ ਹੈ । ੩੪੩।

ਨਿਰੰਕਾਰ ਨਿਰਾਧਾਰ ਨਿਰਾਹਾਰ ਨਿਰਬਿਕਾਰ
ਅਜੋਨੀ ਅਕਾਲ ਅਪਰੰਪਰ ਅਭੇਵ ਹੈ ।
ਨਿਰਮੋਹ ਨਿਰਬੈਰ ਨਿਰਲੇਪ ਨਿਰਦੋਖ
ਨਿਰਭੈ ਨਿਰੰਜਨ ਅਰਹ ਪਰ ਅਤੇਵ ਹੈ ।
ਅਬਿਗਤਿ ਅਗਮ ਅਗੋਚਰ ਅਗਾਧਿ ਬੰਧਿ
ਅਚੁਤ ਅਲਖ ਅਤਿ ਅਛਲ ਅਛੇਵ[7] ਹੈ ।
ਬਿਸਮੈ ਬਿਸਮ ਅਸਚਰਜੈ[8] ਅਸਚਰਜਮੈ
ਅਦਭੁਤ ਪਰਮਦਭੁਤ ਗੁਰਦੇਵ ਹੈ ॥੩੪੪॥

---

[1]ਸਿਮ੍ਰਿਤ (ਲ) [2]ਯਕਾਨ (ਲ) [3]ਜਨਿ (ਪ) [4]ਨਾਨ (ਪ) [5]ਅਨਹਦ (ਲ) [6]ਅਗਮ (ਉ,ਨ) [7]ਅਛੇਦ (ਸ)
[8]'ਪ' 'ਅ' ਤੇ ਆਧਾਰ ਪੋਥੀ ਵਿਚ ਪਾਠ 'ਅਸਚਰਜ' ਹੈ ।

ਕਾਰਤਕ[1] ਮਾਸ ਰੁਤਿ ਸਰਦ ਪੂਰਨਮਾਸੀ
ਆਠਜਾਮ ਸਾਠਿਘਰੀ ਆਜੁ ਤੇਰੀ ਬਾਰੀ ਹੈ ।
ਅਉਸਰ ਅਛੀਚ ਬਹੁਨਾਇਕ ਕੀ ਨਾਇਕਾ ਹੁਇ
ਰੂਪ ਗੁਨ ਜੋਬਨ ਸਿੰਗਾਰ[2] ਅਧਿਕਾਰੀ ਹੈ ।
ਚਾਤਿਰ ਚਤੁਰ ਪਾਠ ਸੇਵਕ ਸਹੇਲੀ ਸਾਠਿ
ਸੰਪਦਾ ਸਮਗ੍ਰੀ ਸੁਖ ਸਹਜ ਸਚਾਰੀ ਹੈ ।
ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ
ਜੀਵਨ ਜਨਮ ਧੰਨਿ ਪ੍ਰੀਤਮ ਪਿਆਰੀ ਹੈ ॥੩੪੫॥

ਦਿਨਕਰ ਕਿਰਨਿ ਸੁਹਾਤ ਸੁਖਦਾਈ ਅੰਗ
ਰਚਤ ਸਿੰਗਾਰ ਅਭਰਨ ਸਖੀ ਆਇਕੈ[3] ।
ਪ੍ਰਥਮ ਉਬਟਨਾ ਕੈ ਸੀਸ ਮੈ ਮਲਉਨੀ ਮੇਲਿ
ਮਜਨ ਉਸਨ ਜਲ ਨਿਰਮਲ ਭਾਇਕੈ ।
ਕੁਸਮ ਅਵੇਸ ਕੇਸ ਬਾਸਤ ਫੁਲੇਲ ਮੇਲ
ਅੰਗ ਅਰਗਜਾ ਲੇਪ ਹੋਤ[4] ਉਪਜਾਇਕੈ ।
ਚੀਰ ਚਾਰ ਦਰਪਨ ਮਧਿ ਆਪਾ ਆਪੁ ਚੀਨਿ
ਬੈਠੀ ਪਰਜੰਕ[5] ਪਰਿ ਧਾਵਰੀ ਨ ਧਾਇਕੈ ॥੩੪੬॥

ਕਕਹੀ ਦੇ[6] ਮਾਗ ਉਰਝਾਏ ਸੁਰਝਾਏ ਕੇਸ,
ਕੁੰਕਮ[7] ਚੰਦਨ ਕੋ[††] ਤਿਲਕ ਦੇ ਲਲਾਰ ਮੈ ।
ਅੰਜਨ ਖੰਜਨ ਦ੍ਰਿਗ ਬੇਸਰਿ ਕਰਨਫੂਲ,
ਬਾਹੀ ਸੀਸ ਫੂਲ ਦੇ ਤਮੋਲਰਸ ਮੁਖ ਦੁਆਰ ਮੈ ।
ਕੰਠਸਰੀ ਕਪੋਤ ਮਰਕਤ ਅਉ ਮੁਕਤਾਹਲ
ਬਰਨ ਬਰਨ ਫੂਲ ਸੋਭਾ ਉਰ ਹਾਰ ਮੈ ।
ਚਚਰਚਰੀ ਕੰਕਨ ਮੁੰਦ੍ਰਿਕਾ ਮਿਹਦੀ ਬਨੀ
ਅੰਗੀਆ ਅਨੂਪ ਫੁਦ੍ਹੀਠਿ ਕਟ ਧਾਰ ਮੈ ॥੩੪੭॥

ਸੋਭਿਤ ਸਰਦ ਨਿਸਿ ਦਾਮਨਗ ਜੋਤਿ ਸਸਿ
ਪ੍ਰਥਮ ਸਹੇਲੀ ਕਹੈ ਪ੍ਰੇਮਰਸੁ ਚਾਖੀਐ ।
ਪੂਰਨ ਕ੍ਰਿਪਾ ਕੈ ਤੇਰੈ ਆਏ ਹੈ ਕ੍ਰਿਪਾਨਿਧਾਨ
ਮਿਲੀਐ ਨਿਰੰਤਰ ਕੈ ਹੁਇ ਅੰਤਰੁ ਨ‡ ਰਾਖੀਐ[8] ।
ਚਰਨਕਮਲ ਮਕਰੰਦ ਰਸ ਲੁਭਿਤ ਹੁਇ
ਮਨ ਮਧੁਕਰ ਸੁਖ ਸੰਪਟ ਭਿਲਾਖੀਐ ।
ਜੋਈ ਲਜਾਇ[9] ਪਾਈਐ ਨ ਪੁਨਿ ਪਦਮ ਦੈ
ਪਲਕ ਅਮੋਲ ਪ੍ਰਿਅ [10]ਸੰਗ ਮੁਖ[10] ਸਾਖੀਐ[11] ॥੩੪੮॥

---

[1]ਕੇਵਲ ਆਧਾਰ ਪੋਥੀ ਵਿਚ ਪਾਠ 'ਕਰਤਕ' ਹੈ । [2]ਸ਼ਿੰਘਾਰ (ਲ) [3]ਕੇਵਲ ਆਧਾਰ ਪੋਥੀ ਦੇ ਪਾਠ 'ਆਇਐ' ਹੈ । [4]ਹੋਤ ਹੋਤ (ਯ) [5]ਕੇਵਲ ਆਧਾਰ ਪੋਥੀ ਵਿਚ ਪਾਠ ਪਰਜੰ ਹੈ । [6]ਕੈ (ਯ) [7]'ਅ' ਤੇ ਆਧਾਰ ਪੋਥੀ ਵਿਚ ਪਾਠ 'ਕੁਮ ਕੁਮ' ਹੈ । [8]ਕੀਐ (ਪ) [9]ਪਤ ਜਾਇ (ਲ) [10]ਕੇਵਲ ਆਧਾਰ ਪੋਥੀ ਵਿਚ ਪਾਠ 'ਸੰਗਮ ਸੁਖ' ਹੈ । [11]ਸਾਖੀਐ (ਅ,ਪ) ।

ਕੰਚਨ ਅਸੁਧ ਜੈਸੇ ਭ੍ਰਮਤ ਕੁਠਾਰੀ ਬਿਖੈ
ਸੁਧ ਭਏ ਭ੍ਰਮੜ ਨ ਪਾਵਕ ਪ੍ਰਗਾਸ ਹੈ ।
ਜੈਸੇ ਕਰ ਕੰਕਨ ਅਨੇਕ ਸੋ ਪ੍ਰਗਟ ਧੁਨਿ
ਏਕੈ ਏਕ ਟੇਕ ਪੁਨਿ ਧੁਨਿ ਕੋ ਬਿਨਾਸ ਹੈ ।
ਖੁਧਿਆ ਕੈ ਬਾਲਕ ਬਿਲਲਾਤ ਅਕੁਲਾਤ ਅਤ
ਅਸਥਨ ਪਾਨ ਕਰਿ ਸਹਜਿ ਨਿਵਾਸ ਹੈ ।
ਤੈਸੇ ਮਾਇਆ ਭ੍ਰਮਤ ਭ੍ਰਮਤ† ਚਤੁਰ ਕੁੰਟ ਧਾਵੈ
ਗੁਰ ਉਪਦੇਸ ਨਿਹਚਲ ਗ੍ਰਿਹਿ ਪਦ* ਬਾਸ ਹੈ ॥੩੪੯॥

ਜੈਸੇ ਦੀਪ ਦਿਪਤ ਭਵਨ ਉਜੀਆਰੋ ਹੋਤ
ਸਗਲ ਸਮਗ੍ਰੀ ਗ੍ਰਿਹਿ ਪ੍ਰਗਟਿ ਦਿਖਾਤ ਹੈ ।
ਓੜਿਧੋਤ ਜੋਤਿ ਹੋਤ ਕਾਰਜ ਬਾਛਤ ਸਿਧਿ
ਆਨਦ[1] ਬਿਨੋਦ ਸੁਖ ਸਹਜਿ ਬਿਹਾਤ ਹੈ ।
ਲਾਲਚ ਲੁਭਾਇ ਰਸੁ ਲੁਭਤ ਨਾਨਾ ਪਤੰਗ
ਬੁਝਤ ਹੀ ਅੰਧਕਾਰ ਭਏ ਅਕੁਲਾਤ ਹੈ ।
ਤੈਸੇ ਬਿਦਿਆਨਿ ਜਾਨੀਐ ਨ ਮਹਿਮਾ ਮਹਾਂਤ[2]
ਅੰਤਰੀਛ ਭਏ ਪਾਛੇ ਲੰਗ ਪਛੁਤਾਤ ਹੈ ॥੩੫੦॥

ਜੈਸੇ ਦੀਪ ਦਿਪਤ ਮਹਾਤਮੈ ਨ ਜਾਨੈ[3] ਕੋਊ
ਬੁਝਤ ਹੀ ਅੰਧਕਾਰ ਭਟਕਤ ਰਾਂਡ ਹੈ ।
ਜੈਸੇ ਦ੍ਰੁਮ ਆਗਨਿ ਅਛਿਤ ਮਹਿਮਾ ਨ ਜਾਨੈ
ਕਾਟਤ[4] ਹੀ ਛਾਂਹਿ ਬੈਠੇਬੋ[5] ਕਉ[6] ਬਿਲਲਾਤ ਹੈ।
ਜੈਸੇ ਰਾਜਨੀਤਿ ਬਿਖੈ ਚੈਨ ਹੁਇ ਚਤੁਰਕੁੰਟ
ਛਤ੍ਰ ਢਾਲਾ ਚਾਲ ਭਏ ਜੰਤ੍ਰ ਕੰਤ੍ਰ ਜਾਤ ਹੈ ।
ਤੈਸੇ ਗੁਰਸਿਖ ਸਾਧ ਸੰਗਮ ਜੁਗਤਿ ਜਗ
ਅੰਤਰੀਛ ਭਏ ਪਾਛੇ ਲੰਗ ਪਛੁਤਾਤ ਹੈ । ੩੫੧॥

ਜਉ[7] ਜਾਨੈ ਅਨੂਪ ਰੂਪ ਦ੍ਰਿਗਨ ਕੋ ਦੇਖੀਅਤ
ਲੋਚਨ ਅਛਤ ਅੰਧ ਕਾਹੇ ਤੇ[8] ਨ ਪੰਖਹੀ ।
ਜਉ ਜਾਨੈ ਸਬਦੁਰਸ ਰਸਨਾ ਬਖਾਨੀਅਤ
ਜਿਹਬਾ ਅਛਤ ਕਤ ਗੂੰਗ ਨ ਸਰੇਖ ਹੀ ।
ਜਉਪੈ ਜਾਨੈ ਰਾਗ ਨਾਦ ਸੁਨੀਅਤ ਸ੍ਰਵਨ ਕੋ
ਸ੍ਰਵਨ ਸਹਤ ਕਿਉ[9] ਬਹਰੋ ਬਿਸੇਖ ਹੀ ।
ਨੈਨ ਜਿਹਬਾ[10] ਸ੍ਰਵਨ ਕੋ ਨ ਕਛੂਐ ਬਸਾਇ
ਸਬਦਿ ਸੁਰਤਿ ਸੋ ਅਲਖ ਅਲੇਖ[11] ਹੀ ॥੩੫੨॥

---

[1]ਅਨਦ (ਲ) [2]ਮਹਤ (ਲ) [3]ਜਾਨੈਐ (ਅ) [4]ਕਟਤ (ਲ) [5]ਬੈਠਬੇ (ਪ, ਅ) [6]ਕੋ (ਯ) [7]ਜਉਪੈ (ਪ)
[8]ਕੇਵਲ ਆਧਾਰ ਪੋਥੀ ਵਿਚ ਪਾਠ 'ਤ' ਹੈ । [9]ਕਿਹੁ ਨ (ਪ) [10]ਜਿਹਵਾ (ਲ) [11]ਅਲੇਖ ਲੇਖ ਲੇਖ ।

ਜਨਨੀ ਜਤਨ ਕਰਿ ਜੁਗਵੈ ਜਠਰ ਰਾਖੈ
ਤਾਤੇ ਪਿੰਡ ਪੂਰਨ ਹੁਇ[1] ਸੁਤ ਜਨਮਤ ਹੈ ।
ਬਹੁਰਿਓ ਅਖਾਦਿ ਖਾਦਿ ਸੰਜਮ ਸਹਿਤਿ ਰਹੈ
ਤਾਹੀ ਤੇ ਪੈ ਪੀਅਤ ਅਰੰਗਪਨ[2] ਪਤ ਹੈ ।
ਮਲਮੂਤ੍ਰ ਧਾਰ ਕੋ ਬਿਚਾਰ[3] ਨ ਬਿਚਾਰੈ ਚਿਤ
ਕਰੈ ਪ੍ਰਤਿਪਾਲ ਬਾਲੁ ਤਉ ਤਨ ਗਤ ਹੈ ।
ਤੈਸੇ ਅਰਭਕੁ ਰੂਪ ਸਿਖ ਹੈ ਸੰਸਾਰ ਮਧਿ
ਸ੍ਰੀਗੁਰ ਦਇਆਲ ਕੀ ਦਇਆ ਕੈ ਸਨ ਗਤ ਹੈ ॥੩੫੩॥

ਜੈਸੇ ਤਉ[4] ਜਨਨੀ ਖਾਨ ਪਾਨ ਕਉ[5] ਸੰਜਮੁ ਕਰੈ
ਤਾਤੇ ਸੁਤ ਰਹੈ ਨਿਰਬਿਘਨ ਅਰੋਗ ਜੀ ।
ਜੈਸੇ ਰਾਜਨੀਤਿ ਰੀਤ ਚਕ੍ਰਵੈ ਚੇਤੰਨ ਰੂਪ
ਤਾਤੇ ਨਿਹਚਿੰਤ ਨਿਰਭੈ ਬਸਤ ਲੋਗ ਜੀ ।
ਜੈਸੇ ਕਰੀਆ ਸਮੁੰਦ੍ ਬੋਹਥ ਮੈ ਸਾਵਧਾਨ
ਤਾਤੇ ਪਾਰਿ ਪਹੁਚਤ ਪਥਿਕ ਅਸੋਗ ਜੀ ।
ਤੈਸੇ ਗੁਰ ਪੂਰਨ ਬ੍ਰਹਮ ਗਿਆਨ[6] ਧਿਆਨ[7] ਲਿਵ
ਤਾਤੇ ਨਿਰਦੋਖ ਸਿਖ ਨਿਜਪਦ ਜੋਗ ਜੀ ॥੩੫੪॥

ਜਨਨੀ ਸੁਤਹਿ ਜਉ ਧਿਕਾਰ ਮਾਰਿ ਪਿਆਰੁ ਕਰੈ
ਪਿਆਰ ਝਿਰਕਾਰੁ[8] ਦੇਖਿ ਸਕਤ ਨ ਆਨ ਕੋ ।
ਜਨਨੀ ਕੋ ਪਿਆਰੁ ਅਉ ਧਿਕਾਰ ਉਪਕਾਰ ਹੋਤ
ਆਨ ਕੋ ਧਿਕਾਰ ਪਿਆਰ ਹੈ ਬਿਕਾਰ ਪ੍ਰਾਨ[9] ਕੋ ।
ਜੈਸੇ ਜਲ ਅਗਨਿ ਮੈ ਪਰੈ ਬੂਡ ਮਰੈ ਜਰੈ
ਤੈਸੇ ਕ੍ਰਿਪਾ[10] ਕੂੰਪ ਆਨਿ ਬਨਿਤਾ ਅਗਿਆਨ ਕੋ ।
ਤੈਸੇ ਗੁਰਸਿਖਨ ਕਉ[11] ਜੁਗਵਤ ਜਤਨ ਕੈ
ਦੁਬਿਧਾ ਨ ਬਿਆਪੈ[12] ਪ੍ਰੇਮ ਪਰਮਨਿਧਾਨ ਕੋ ॥੩੫੫॥

ਜੈਸੇ ਕਰ ਗਹਤ ਸਰਪ ਸੁਤ ਪੋਖਿ ਮਾਤਾ
ਕਹੈ ਨ[13] ਪੁਕਾਰ ਫੁਸਲਾਇ ਉਰ ਮੰਡ ਹੈ ।
ਜੈਸੇ ਬੋਦ ਰੰਗੀ ਪ੍ਰਤਿ ਕਹੈ ਨ‡ [ਬਿਚਾਰ][14] ਬ੍ਰਿਥਾ
ਸੰਜਮ ਕੈ ਅਉਖਦ ਖਵਾਇ ਰੋਗ ਭੰਡ ਹੈ ।
ਜੈਸੇ ਕੂਲਿ ਚੂਕਿ ਚਟੀਆ ਕੀ ਨ ਖੀਚਾਰੈ ਧਾਧਾ
ਕਹਿ ਕਹਿ ਸੀਖਿਆ ਮੂਰਖਤ ਮਤਿ ਖੰਡ ਹੈ ।
ਤੈਸੇ ਪੋਖਿ ਅਉਗੁਨ ਕਹੈ ਨ ਸਤਿਗੁਰ ਕਾਹੂ
ਪੂਰਨ ਬਿਬੇਕ ਸਮਝਾਵਤ ਪ੍ਰਚੰਡ ਹੈ ॥੩੫੬॥

---

[1]ਹੋਇ (ਅ) [2]ਅਰੰਗਪਾਨ (ਲ) [3]ਵੀਚਾਰ (ਪ, ਅ) [4]ਤੋ (ਯ) [5]ਕੋ (ਅ, ਪ, ਯ) [6]ਗਜ਼ਾਨ (ਲ) [7]ਧਜ਼ਾਨ (ਲ) [8]ਝਿਕਾਰ (ਪ) [9]ਪਰਆਨ (ਲ) [10]ਕ੍ਰੂਪ (ਯ) [11]ਕੁਉ (ਲ) [12]ਬਧਾਪੈ (ਲ) [13]ਨ ਬ੍ਰਿਥਾਰ (ਪ) [14]'ਆ' ਤੇ ਆਧਾਰ ਪੋਥੀ ਵਿਚ ਇਹ ਪਾਠ ਲੁਪਤ ਹੈ ।

ਜੈਸੇ ਮਿਸਟਾਨ ਪਾਨ ਪੰਖਿ ਤੋਖਿ ਭਾਲਕਹਿ
ਅਸਥਨ ਪਾਨ ਬਾਨਿ ਜਨਨੀ ਮਿਟਾਵਈ ।
ਮਿਸਰੀ ਮਿਲਾਇ ਜੈਸੇ ਅਉਖਦ[1] ਖਵਾਵੈ ਬੈਦੁ
ਮੀਠੋ ਕਰਿ ਖਾਤ ਰੋਗੀ ਰੋਗਹਿ ਘਟਾਵਈ ।
ਜੈਸੇ ਜਲੁ ਸੀਚਿ[2] ਸੀਚਿ[3] ਧਾਨਹਿ ਕ੍ਰਿਸਾਨ ਪਾਲੈ
ਪਰਪਕ ਭਏ ਕਾਟਿ[4] ਘਰ ਮੈ ਲੈ ਆਵਈ ।
ਤੈਸੇ ਗੁਰ ਕਾਮਨਾ ਪੁਜਾਇ ਨਿਹਕਾਮ ਕਰਿ
ਨਿਜਪਦ ਨਾਮੁ ਧਾਮੁ ਸਿਖੈ* ਪਹੁਚਾਵਈ ।੨੫੨।

ਗਿਆਨ[4] ਧਿਆਨ ਪ੍ਰਾਨ ਸੁਤ ਰਾਖਤ ਜਨਨੀ ਪ੍ਰਿਤ
ਅਵਗੁਨ ਗੁਨੰ[5] ਮਾਤਾ[6] ਚਿਤ ਮੈ ਨ ਚੇਤ ਹੈ ।
ਜੈਸੇ ਭਰਤਾਰਿ ਭਾਰਿ ਨਾਰਿ ਉਰਹਾਰਿ ਮਾਨੈ
ਤਾਤੇ ਲਾਲੁ ਲਲਨਾ ਕੈ ਮਾਨੁ ਮਨਿ ਲੇਤ ਹੈ ।
ਜੈਸੇ ਚਟੀਆ ਸਭੀਤ ਸਕੁਚਤ ਪਾਹਾ ਪੰਖਿ
ਤਾਤੇ ਕੂਲਿ ਚੁਕਿ ਪਾਹਾ ਛਾਡਤ ਨ ਹੇਤ ਹੈ ।
ਮਨ ਬਚ ਕ੍ਰਮ ਗੁਰ ਚਰਨ ਸਰਨਿ ਸਿਖਿ
ਤਾਤੇ ਸਤਿਗੁਰ ਜਮਦੂਤਹਿ ਨ ਦੇਤ ਹੈ ।।੨੫੮।।

ਕੋਟਨਿ ਕੋਟਾਨਿ ਕਾਮ ਕਟਕ ਹੁਇ ਕਾਮਾਰਥੀ
ਕੋਟਨਿ ਕੋਟਾਨਿ ਕ੍ਰੋਧ ਕ੍ਰੋਧੀਵੰਤ ਆਹਿ ਜੀ ।
ਕੋਟਨਿ ਕੋਟਾਨਿ ਲੋਭ ਲੰਡੀ ਹੁਇ ਲਾਲਚੁ ਕਰੈ
ਕੋਟਨਿ ਕੋਟਾਨਿ ਮੋਹ ਮੋਹੈ ਅਵਗਾਹਿ ਜੀ ।
ਕੋਟਨਿ ਕੋਟਾਨਿ ਅਹੰਕਾਰ ਅਹੰਕਾਰੀ ਹੁਇ
ਰੂਪ ਰਿਪ ਸੰਪੈ ਸੁਖ ਬਲ ਛਲ ਚਾਹਿ ਜੀ ।
ਸਤਿਗੁਰ ਸਿਖਨ ਕੋ ਰੋਮਹਿ ਨ ਚਾਂਪ ਸਕੈ
ਜਾਂਪੈ[7] ਗੁਰ ਗਿਆਨ ਧਿਆਨ ਸਸਤ੍ਰਨ ਸਨਾਹਿ ਜੀ ।।੨੫੯।।

ਜੈਸੇ ਤਉ ਸੁਮੇਰ ਊਚ ਅਚਲ ਅਗਮ ਅਤਿ
ਪਾਵਕ ਪਵਨ ਜਲ ਬਿਆਪ ਨ ਸਕਤਿ ਹੈ ।
ਪਾਵਕ ਪ੍ਰਗਾਸ ਤਾਸ ਬਾਨੀ ਚਉਗੁਨੀ ਚਤ੍ਰ
ਪਉਨ ਗੌਨ[8] ਧੂਰਿ ਦੂਰਿ ਹੋਇ ਚਮਕਤਿ ਹੈ ।
ਸੰਗਮ ਸਲਲ ਮਲੁ ਧੰਇ ਨਿਰਮਲ ਕਰੈ
ਹਰੈ ਦੁਖ ਦੇਖ ਸੁਨਿ ਸੁਜਸ ਬਕਤਿ ਹੈ ।
ਤੈਸੇ ਗੁਰਸਿਖ ਜੋਗੀ ਤ੍ਰਿਗੁਨ ਅਤੀਤ ਚੀਤ
ਸ੍ਰੀਗੁਰ ਸਬਦ ਰਸ ਅੰਮ੍ਰਿਤ ਛਕਤਿ ਹੈ ।।੨੬੦।।

---

[1]ਅਉਖਧਿ (ਲ) [2]ਸੰਚਿ ਸੰਚਿ (ਯ) [3]ਕਟਿ (ਯ,ਲ) [4]ਗਯਾਨ (ਲ) [5]ਗਨ ਪੋਖ [6]ਕੇਵਲ ਆਧਾਰ ਪੋਥੀ ਵਿਚ ਪਾਠ 'ਮਾਤਾਮਾ' ਹੈ । [7]ਜਾਮੈ (ਲ) [8]ਗਉਨ (ਲ)

ਜੈਸੇ ਸੁਕਦੇਵ ਕੋ ਜਨਮ ਸਮੈ ਜਾਕੋ ਜਾਕੋ
ਜਨਮੁ ਭਇਓ[1] ਤੇ ਸਕਲ ਸਿਧਿ ਜਾਨੀਐ ।
ਸ੍ਵਾਂਤਬੂੰਦ ਜੋਈ ਜੋਈ ਪਰਤ ਸਮੁੰਦ੍ਰ ਬਿਖੈ
ਸੀਪ ਕੈ ਸੰਜੋਗ ਮੁਕਤਾਹਲ ਬਖਾਨੀਐ ।
ਬਾਵਨ ਸੁਗੰਧ ਸਨਬੰਧ ਪਉਨ ਗਉਨ ਕਰੈ
ਲਾਗੈ ਜਾਹੀ ਜਾਹੀ ਦ੍ਰੁਮ ਚੰਦਨ ਸਮਾਨੀਐ ।
ਤੈਸੇ† ਗੁਰਸਿਖ ਸੰਗ ਜੋ ਜੋ ਜਾਗਤ ਅੰਮ੍ਰਿਤ ਜੋਗ
ਸਬਦੁ ਪ੍ਰਸਾਦਿ ਮੋਖ ਪਦ ਪਰਵਾਨੀਐ ॥੩੬੧॥

ਤੀਰਥ ਜਾਕ੍ਰਾ ਸਮੈ ਨ ਏਕ ਸੌ[2] ਆਵਤ ਸਬੈ
ਕਾਹੂ ਸਾਧ ਪਾਛੈ ਪਾਪ ਸਬਨ ਕੋ[3] ਜਾਤ ਹੈ ।
ਜੈਸੇ ਨ੍ਰਿਪ ਸੈਨਾ ਸਮਸਰਿ ਨ ਸਕਲ ਹੋਤ
ਏਕ ਏਕ ਪਾਛੈ ਕਈ ਕੋਟਿ ਪਰੇ ਖਾਤ ਹੈ ।
ਜੈਸੇ ਤਉ ਸਮੁੰਦ੍ਰ ਜਲ ਬਿਮਲ ਬੋਹਿਥ ਬਸੈ
ਏਕ ਏਕ ਮੈਂ[4] ਅਨੇਕ ਪਾਰਿ[5] ਪਹੁਚਾਤ ਹੈ ।
ਤੈਸੇ ਗੁਰਸਿਖ ਸਾਖਾ ਅਨਿਕ ਸੰਸਾਰ ਦੁਆਰ[6]
ਸਨਮੁਖ ਓਟ ਗਹੇ ਕੰਟ[7] ਬਿਆਸਾਤ ਹੈ ॥੩੬੨॥

ਭਾਂਜਨ ਕੈ ਜੈਸੇ ਕੋਊ ਦੀਪਕੈ[8] ਦੁਰਾਇ ਰਾਖੈ
ਮੰਦਰ ਮੈ ਅਛਤ ਹੀ ਦੂਸਰੋ ਨਾ ਜਾਨਈ ।
ਜਉਪੈ[9] ਰਖਵਈਆ ਪੁਨਿ ਪ੍ਰਗਟ ਪ੍ਰਗਾਸ ਕਰੈ
ਹਰੈ ਤਮ ਤਿਮਰ ਉਦੋਤ ਜੋਤ ਠਾਨਈ ।
ਸਕਲ ਸਮਗ੍ਰੀ ਗ੍ਰਿਹਿ[10] ਪੇਖਿਐ[11] ਪ੍ਰਤਛਿ ਰੂਪ
ਦੀਪਕ ਦਿਪਈਆ ਤਤਖਨ[12] ਪਹਿਚਾਨਈ ।
ਤੈਸੇ ਅਢਘਟ ਘਟ ਗੁਪਤ ਜੋਤੀ ਸਰੂਪ
ਗੁਰ ਉਪਦੇਸ ਉਨਮਾਨੀ ਉਨਮਾਨਈ ॥੩੬੩॥

ਜੈਸੇ ਬ੍ਰਿਥਾਵੰਤ[13] ਜੰਤ ਅਉਖਦ[14] ਹਿਤਾਇ ਰਿਦੈ
ਬ੍ਰਿਥਾ ਬਲੁ ਬਿਮੁਖ ਹੋਇ ਸਹਜਿ ਨਿਵਾਸ ਹੈ ।
ਜੈਸੇ ਆਨ ਧਾਤ ਮੈ ਤਨਕ ਹੀ ਕਲੰਕ ਡਾਰੇ
ਅਨਕ ਬਰਨ ਮੇਟਿ ਕਨਕਿ ਪ੍ਰਗਾਸ ਹੈ ।
ਜੈਸੇ ਕੋਟਿ ਭਾਰਿ ਕਰ ਕਾਸਟਿ ਇਕਤ੍ਰਤਾ ਸੋ
ਰੈਚਕ ਹੀ ਆਂਚ ਦੇਤ ਭੁਸਮ ਉਦਾਸ ਹੈ ।
[ਤੈਸੇ][15] ਗੁਰ ਉਪਦੇਸ ਉਰ ਅੰਤਰ ਪ੍ਰਵੇਸ ਭਏ
ਜਨਮ ਮਰਨ ਦੁਖ ਦੂਖਨ ਬਿਨਾਸ ਹੈ ॥੩੬੪॥

---

[1]ਭਯੋ (ਲ) [2]ਜੈਸੇ (ਲ) [3]ਕੈਸੇ (ਪ) [4]ਪੈ (ਯ) [5]ਪਾਰ ਪਾਰ (ਅ) [6]ਦ੍ਰ_ਆਰ (ਪ) [7]ਖਟ (ਲ)
[8]ਦੀਕੈ (ਲ) [9]ਕੇਵਲ ਆਧਾਰ ਪੋਥੀ ਵਿਚ ਪਾਠ 'ਜਉਪੈ' ਹੈ । [10]ਗ੍ਰਿਮ [11]ਪੇਖੀਐ (ਅ,ਪ,ਯ,ਲ) [12]ਤਤਖਿਹ (ਲ)
[13]ਬ੍ਰਿਥਾਰਵੰਤ (ਲ) [14]ਅਉਖਧੀ [15]'ਸ' ਤੇ ਆਧਾਰ ਪੋਥੀ ਵਿਚੋਂ ਇਹ ਪਾਠ ਲੁਪਤ ਹੈ ।

ਜੋਗੋ ਅਨੀ ਬਾਨ ਕੀ ਰਹਤ ਟੂਟਿ ਦੇਹੀ ਬਿਖੈ
ਚੁੰਬਕ[1] ਦਿਖਾਏ ਤਤਕਾਲ ਨਿਕਸਤ ਹੈ ।
ਜੈਸੇ ਜੋਕ ਤੋਂਬਰੀ ਲਗਾਈਅਤ ਰੋਗੀ[2] ਤਨ
ਔਚ ਲੇਤ ਰੁਧਰ ਬ੍ਰਿਥਾ[3] ਸ੍ਰਮੁ ਖਸਤ ਹੈ ।
ਜੈਸੇ ਜੁਵਤਿਨ[4] ਪ੍ਰਤਿ ਮਰਦਨ ਕਰੈ ਦਾਈ
ਗਰਭ ਸਥੈਰਨ ਹੁਇ ਪੀੜਾ ਨ ਗੁਸਤ ਹੈ ।
ਤੈਸੇ ਪਾਰੋ ਦੂਤ ਕੂਤ ਬਿਭਰਮ ਹੁਇ ਭਾਗਿ ਜਾਤਿ
ਸਤਿਗੁਰ ਮੰਤ ਜੋਤ ਰਸਨਾ ਰਸਤ ਹੈ ॥੩੬ਪ।

ਜੈਸੇ ਤਰੁ ਸਫਲ ਬਨ ਬਿਖੈ ਬਿਰਖਾ[5] ਬਿਬਿਧਿ
ਜਾਕੋ ਫਲੁ ਮੀਠੋ ਖਗ ਤਾਪੈਂ[6] ਚਲਿ ਜਾਤਿ ਹੈ ।
ਜੈਸੇ ਪਰਬਤ ਬਿਖੈ ਦੇਖੀਐ ਪਾਖਾਨ ਬਹੁ
ਜਾਮੈ ਤੈ ਹੀਰਾ ਪੰਜੀ ਖੋਜ ਖਨਵਾਰਾ ਲਲਚਾਤ ਹੈ ।
ਜੈਸੇ ਤਉ ਜਲਧਿ ਮਧਿ ਬਸਤ ਅਨੰਤ ਜੰਤ
ਮੁਕਤਾ ਅਮੋਲ ਜਾਮੈ ਹੰਸ ਖੋਜ ਖਾਤ ਹੈ ।
ਤੈਸੇ†ਗੁਰ ਚਰਨ[7] ਸਰਨਿ ਹੈ ਅਸੰਖ ਸਿਖ
ਜਾਮੈ ਗੁਰ ਗਿਆਨ[8] ਤਾਹਿ ਲੌਕ ਲਪਟਾਤ ਹੈ । ੩੬੬।

ਜੈਸੇ ਸਸਿ ਜੋਤਿ ਹੋਤ ਪੂਰਨ ਪ੍ਰਗਾਸ ਤਾਸ
ਚਿਤਵਤ ਚਕ੍ਰਤ ਚਕੋਰ ਧਿਆਨ[9] ਧਾਰ ਹੀ ।
ਜੈਸੇ ਅਧਿਕਾਰ[10] ਬਿਖੈ ਦੀਪਹੀ ਦਿਪਤ ਦੇਖਿ
ਅਨਿਕ ਪਤੰਗ ਓਤਿਪੋਤਿ* ਹੁਇ ਕੁੰਜਾਰ ਹੀ ।
ਜੈਸੇ ਮਿਸਟਾਨ ਪਾਨ ਜਾਨ ਕਾਜ[11] ਭਾਂਜਨ ਮੈ
ਰਾਖਤ ਹੀ ਚੀਟੀ ਕੋਟਿ[12] ਲੁੰਭ* ਲੁਭਤ ਅਪਾਰ ਹੀ ।
ਤੈਸੇ ਪਰਮਨਿਧਾਨ ਗੁਰ ਗਿਆਨ[9] ਪਰਵਾਨ ਜਾਮੈ
ਸਕਲ ਸੰਸਾਰ ਤਾਸ ਚਰਨ ਨਮਸਕਾਰ ਹੀ ।੩੬੭।

ਜੋਤੇ ਫੂਲ ਫੂਲੇ[13] ਤੇਤੇ ਫਲ ਨ ਲਾਗੈ ਦ੍ਰੁਮ
ਲਾਗਤ ਜਿਤੋਕਿ ਪਰਪਕ ਨ ਸਕਲ ਹੈ ।
ਜੋਤੇ ਸੁਤ ਜਨਮਤ ਜੀਅਤ ਰਹੈ ਨ ਤੇਤੇ
ਜੀਅਤ ਹੈ ਜੇਤੇ ਤੈਤੇ ਕੁਲ ਨ ਕਮਲ ਹੈ ।
ਦਲ ਮਿਲ ਜਾਤਿ ਜੋਤੇ ਸੁਭਟ ਨ ਹੰਹਿ ਤੇਤੇ
ਜੋਤਕ ਸੁਭਟ ਜੁਝਿ ਮਰਤ ਨ ਬਲ ਹੈ ।
[14]ਆਤਸੀ ਜੁਗਤਿ[14] ਗੁਰਸਿਖ ਸਖ ਹੀ ਕਹਾਵੈ
ਪਾਵਕ ਪ੍ਰਗਾਸ ਕਏ ਬਿਰਲੇ ਅਚਲ ਹੈ ॥੩੬੮॥

---

[1]'ਅ' 'ਪ' ਤੇ ਆਧਾਰ ਪੋਥੀ ਵਿਚ ਪਾਠ 'ਚੁਬਿਕ' ਹੈ । [2]ਗੋਂਗੀ (ਪ) [3]ਵਿਥ੍ਰਥਾ (ਲ) [4]ਕੇਵਲ 'ਲ' ਪੋਥੀ ਵਿਚ ਪਾਠ 'ਜੁਵਤਿਨ' ਹੈ ਬਾਕੀ ਸਭ ਥਿਚ 'ਜੁਅਤਨ' ਹੈ । [5]ਬਿਰਖ (ਪ) [6]ਤਾਮੈ (ਅ) [7]ਸਰਨ (ਲ) [8]ਗ੍ਰਜਾਨ (ਲ) [9]ਧਿਯਾਨ (ਲ) [10]'ਪ' 'ਅ' ਤੇ ਆਧਾਰ ਪੋਥੀ ਵਿਚ ਪਾਠ 'ਅੰਧ' ਹੈ । [11]'ਅ' 'ਪ' ਤੇ ਆਧਾਰ ਪੋਥੀ ਵਿਚ ਪਾਠ 'ਢਾਨ' ਹੈ । [12]ਕੇਵਲ 'ਅ' ਤੇ ਆਧਾਰ ਪੋਥੀ ਵਿਚ ਪਾਠ 'ਕੋ' ਹੈ । [13]ਫਲੇ (ਲ) [14]ਆਰ ਸੰਜੁਗਤ (ਲ)

ਜੈਸੇ ਅਹਿ ਅਗਨਿ ਕਉ ਬਾਲਕ ਬਿਲੋਕ ਧਾਵੈ
ਗਹਿ ਗਹਿ ਰਾਖੈ ਮਾਤਾ ਸੁਤ ਬਿਲਲਾਤ ਹੈ ।
ਬ੍ਰਿਥਾਵੰਤ ਜੰਤ ਜੈਸੇ ਚਾਹਤ ਅਖਾਦਿ ਖਾਦਿ
ਜਤਨ ਕੈ ਬੈਦ[1] ਜੁਗਵਤ ਨ ਸੁਹਾਤ ਹੈ ।
ਜੈਸੇ ਪੰਥ ਅਪੰਥ ਬਿਬੇਕਹਿ ਨ ਬੂਝੈ ਅੰਧ
ਕਟਿ ਗਹੇ ਅਟਪਟੀ ਚਾਲ ਚਲਿਓ ਜਾਤ ਹੈ ।
ਤੈਸੇ ਕਾਮਨਾ ਕਰਤ ਕਨਿਕ ਅਉ ਕਾਮਨੀ ਕੀ
ਰਾਖੈ ਨਿਰਲੇਪ ਗੁਰਸਿਖ ਅਕੁਲਾਤ ਹੈ ॥੩੬੯॥

ਜੈਸੇ ਮਾਤਾ[2] ਪਿਤਾ ਅਨੇਕ ਉਪਜਾਤ ਸੁਤ
ਪੂੰਜੀ ਦੈ ਦੈ ਬਨਜ ਬਿਉਹਾਰਹਿ ਲਗਾਵਹੀ ।
ਕਿਰਤ ਬਿਰਤ ਕਰਿ ਕਉ ਮੂਲਿ ਖੰਵੈ ਰੰਵੈ
ਕਉ ਲਾਭ ਲਭਤਿ ਕੈ ਚਉਗੁਨੋ ਬਢਾਵਹੀ ।
ਜੇਤੋ ਜੈਸੋ ਜੋਈ ਕੁਲਾ ਧਰਮ ਹੈ ਕਰਮ ਕਹੈ[3]
ਤੈਸੋ ਤੈਸੋ ਜਸੁ ਅਪਜਸੁ ਪ੍ਰਗਟਾਵਹੀ ।
ਤੈਸੇ ਸਤਿਗੁਰ ਸਮਦਰਸੀ ਪੁਰੁਖ ਗਤ,
ਸਿਖ ਸਾਖਾ ਬਿਬਿਧਿ ਬਿਰਖ ਫਲ ਪਾਵਹੀ ॥੩੭੦॥

ਜੈਸੇ ਨਰਪਤਿ[4] ਬਹੁ ਬਨਤਾ[5] ਬਿਵਾਹ ਕਰੈ
ਜਾਕੈ[6] ਜਨਮਤ ਸੁਤ ਵਾਹੀ ਗ੍ਰਿਹਿ ਰਾਜ ਹੈ ।
ਜੈਸੇ ਦਧਿ ਮਧਿ ਚਹੂੰ[7] ਓਰ ਮੈ ਬੋਹਥ ਚਲੈ
ਜੇਈ ਧਾਰ ਪਹੁਚੈ ਪੂਰਨ ਸਭ[8] ਕਾਜ ਹੈ ।
ਜੈਸੇ+ ਖਾਨਿ ਖਨਤ ਅਨੰਤ ਖਨਵਾਰਾ ਖੋਜੀ
ਹੀਰਾ ਹਾਥਿ ਚੜੈ ਜਾਕੈ ਤਾਕੈ ਬਾਜੁ ਬਾਜ ਹੈ ।
ਤੈਸੇ ਗੁਰਸਿਖ ਨਵਤਨ ਅਉ ਪੁਰਾਤਨਾਦਿ[9]
ਜਾ ਪਰਿ ਕਟਾਛਿ ਕ੍ਰਿਪਾ ਤਾਕੈ ਛਬਿ ਛਾਜ ਹੈ ॥੩੭੧॥

ਬੂੰਦ ਬੂੰਦ ਬਰਖ ਪਨਾਰੇ[10] ਬਹਿ ਚਲੈ ਜਲੁ
ਬਹੁਰਿਓ ਉਮਗਿ ਬਹੈ ਬੀਥੀ ਬੀਥੀ ਆਇਕੈ ।
ਤਾਤੇ ਨੇਰਾ ਨੇਰਾ ਭਰਿ ਚਲਤ ਚਤੁਰਕੁੰਟ
ਸਰਿਤਾ [ਸਰਿਤਾ][11] ਪ੍ਰਤਿ ਮਿਲਤ ਹੈ ਜਾਇਕੈ ।
ਸਰਿਤਾ ਸਕਲ ਜਲ ਪ੍ਰਬਲ ਪ੍ਰਵਾਹ ਚਲਿ
ਸੈਗਮ ਸਮੁੰਦ੍ਰ ਹੋਤ ਸਮਤ ਸਮਾਇਕੈ ।
ਜਾਮੇ ਜੋਜੀਐ ਸਮਾਈ ਤੈਸੀਐ ਮਹਿਮਾ ਬਡਾਈ
ਓਛੇ ਅਉ ਗੰਭੀਰ ਧੀਰ ਬੂਝੀਐ ਬੁਲਾਇਕੈ ॥੩੭੨॥

---

[1]ਬਦ (ਲ) [2]ਮਾਤ (ਪ) [3]ਕਰੈ (ਪ) [4]ਨ੍ਰਪਤਿ (ਅ) [5]ਬਨਿਤ (ਅ) [6]ਗਾਕੈ (ਲ) [7]ਕੇਵਲ ਆਧਾਰ ਪੋਥੀ ਵਿਚ ਪਾਠ 'ਚਹ' ਹੈ। [8]ਸੂਧ (ਯ, ਲ) [9]ਪੁਰਾਤਨ (ਖ, ਯ, ਲ) [10]ਪਰ੍ਹਨਾਲੇ (ਲ) [11]ਕੇਵਲ ਆਧਾਰ ਪੋਥੀ ਵਿਚ ਇਹ ਪਾਠ ਲੁਪਤ ਹੈ।

ਜੈਸੇ ਹੀਰਾ ਹਾਥ ਮੈਂ ਤਨਕ ਸੇ ਦਿਖਾਈ ਦੇਤ
ਮੋਲ ਕੀਏ ਦਮਕਨ ਭਰਤ ਭੰਡਾਰ ਜੀ ।
ਜੈਸੇ ਬਰ ਬਾਧੇ ਹੁੰਡੀ ਲਾਗਤ ਨ ਭਾਰ ਕਛੂ[1]
ਆਗੈ ਜਾਇ ਪਾਈਅਤ[2] ਲਛਮੀ ਅਪਾਰ ਜੀ ।
ਜੈਸੇ ਬਟਿ ਬੀਜ ਅਤਿ ਸੂਖਮ ਸਰੂਪ ਹੋਤ
ਬੋਏ ਸੈ ਬਿਬਿਧਿ ਕਰੈ ਬਿਰਖਾ ਬਿਸਥਾਰ[3] ਜੀ ।
ਤੈਸੇ ਗੁਰ ਬਚਨ ਸਚਨ ਗੁਰਸਿਖਨ ਮੈਂ
ਜਾਨੀਐ ਮਹਾਤਮ ਗਏ ਹੀ ਹਰਿਦੁਆਰ ਜੀ ॥੩੭॥

ਜੈਸੇ ਮਦ ਪੀਅਤ ਨ ਜਾਨੀਐ ਮਰੰਮ ਤਾਕੋ
ਪਾਛੈ ਮਤਵਾਰੋ ਹੋਇ ਛਕੈ ਛਕ ਜਾਤ ਹੈ ।
ਜੈਸੇ ਨਾਰਿ ਭੇਟਤ ਭਤਾਰਹਿ ਨ ਭੇਦੁ ਜਾਨੈ
ਉਦਿਤ ਅਧਾਨ ਆਨ ਚਿਹਨਿ ਦਿਖਾਤ ਹੈ ।
ਕਰਿ ਪਰਿ ਮਾਨਕੁ ਨ ਲਾਗਤ ਹੈ ਭਾਰੀ ਭੋਲ
ਮੋਲ ਸੈਖਿਆ[4] ਦਮਕਨ[5] ਹੋਰਤ ਹਿਰਾਤਿ ਹੈ ।
ਤੈਸੇ ਗੁਰ ਅੰਮ੍ਰਿਤ ਬਚਨ ਸੁਨਿ ਮਾਨੈ ਸਿਖ
ਜਾਨੈ ਮਹਿਮਾ ਜਉ ਸੁਖ ਸਾਗਰ ਸਮਾਤ ਹੈ ॥੩੮॥

ਜੈਸੇ ਮਛ ਕਛ ਬਗ ਹੰਸ ਮੁਕਤਾ ਪਖਾਨ
ਅੰਮ੍ਰਿਤ ਬਿਖੈ ਪ੍ਰਗਾਸ ਉਦਧਿ ਸੈ ਜਾਨੀਐ ।
ਜੈਸੇ ਤਾਰੋ ਤਾਰੀ ਭਉ ਆਰਸੀ ਸਨਾਹ ਸਸਤ੍ਰ
ਲੋਹ ਏਕ ਸੋ ਅਨੇਕ ਰਚਨਾ ਬਖਾਨੀਐ ।
ਭਾਂਜਨ ਬਿਬਿਧਿ ਜੈਸੇ ਹੋਤ ਏਕ ਮਿਰਤਕਾ[6] ਸੋ
ਖੀਰ ਨੀਰ ਬਿੰਜਨਾਦਿ ਅਉਖਦ[7] ਸਮਾਨੀਐ ।
ਤੈਸੇ ਦਰਸਨ ਬਹੁ ਬਰਨ ਆਸ੍ਰਮ ਧ੍ਰਮ
ਸਕਲ ਗ੍ਰਿਹਸਤੁ ਕੀ ਸਾਖਾ ਉਨਮਾਨੀਐ ॥੩੯॥

ਜੈਸੇ ਸਰਿ ਸਰਿਤਾ ਸਕਲ ਮੈਂ ਸਮੁੰਦ੍[8] ਬਡੋ
ਮੇਰ ਮੈਂ ਸੁਮੇਰ ਬਡੋ ਜਗਤੁ ਬਖਾਨ ਹੈ ।
ਤਰਵਰ ਬਿਖੈ[9] ਜੈਸੇ ਚੰਦਨ ਬਿਰਖੁ ਬਡੋ
ਧਾਤ ਮੈਂ ਕਨਕ ਅਤਿ ਉਤਮ ਕੋ ਮਾਨਿ ਹੈ ।
ਪੰਛੀਅਨ ਮੈਂ ਹੰਸੁ ਮ੍ਰਿਗ ਰਾਜਨ ਮੈਂ ਸਾਰਦੂਲ
ਰਾਗਨ ਮੈਂ ਸ੍ਰੀਰਾਗੁ ਪਾਰਸ ਪਖਾਨ ਹੈ ।
ਗਿਆਨਨ ਮੈਂ ਗਿਆਨੁ ਅਰੁ ਧਿਆਨਨ[10] ਮੈਂ ਧਿਆਨ[11] ਗੁਰ
ਸਕਲ ਧਰਮ ਮੈਂ ਗ੍ਰਿਹਸਤੁ ਪ੍ਰਧਾਨੁ[12] ਹੈ ॥੪੭॥

---

[1]ਕਛੂ (ਯ,ਲ) [2]ਪਾਈਯਤ (ਲ) [3]ਬਿਥਾਰ (ਲ) [4]ਸੈਖ (ਲ) [5]ਆਦਕਨ [6]ਮ੍ਰਿਤਕਾ (ਲ) [7]ਅਉਖਧਿ [8]ਸਮੁੰਦਰ (ਲ) [9]ਇਹ ਪਾਠ ਕੇਵਲ 'ਲ' ਪੋਥੀ ਵਿਚ ਹੈ। ਬਾਕੀ ਸਭ ਵਿਚ 'ਬਿਰਖ' ਹੈ। [10]ਧਯਾਨਨ (ਲ) [11]ਧਯਾਨ (ਲ) [12]ਪਰਵਾਨ (ਯ)

ਤੀਰਥ ਮਜਨ ਕਰਬੇ ਕੋ[1] ਹੈ‡ ਇਹੈ ਗੁਨਾਉ
ਨਿਰਮਲ ਤਨ ਤ੍ਰਿਖਾ ਤਪਤਿ ਨਿਵਾਰੀਐ ।
ਦਰਪਨ ਦੀਪ ਕਰ ਗਹੇ ਕੋ ਇਹੈ ਗੁਨਾਉ
ਪੋਖਤ ਚਿਹਨ ਮਗ ਸੁਰਤਿ ਸੰਮਾਰੀਐ[2] ।
ਭੋਟਤ ਭਤਾਰ ਨਾਰਿ ਕੋ ਇਹੈ ਗੁਨਾਉ
ਸ੍ਵਾਂਤਬੂੰਦ ਸੀਪ ਗਤਿ ਲੈ ਗੁਰਭ ਪ੍ਰਤਿਪਾਰੀਐ ।
ਤੈਸੇ ਗੁਰ ਚਰਨਿ ਸਰਨਿ ਕੋ ਇਹੈ ਗੁਨਾਉ
ਗੁਰ ਉਪਦੇਸ ਕਰਿ ਹਾਰੁ ਉਰਿਧਾਰੀਐ ॥੩੭॥

ਜੈਸੇ ਮਾਤਾ ਪਿਤਾ ਨ ਬੀਚਾਰਤ [ਬਿਕਾਰ][3] ਸੁਤ
ਪੋਖਤ ਸਪ੍ਰੇਮ ਬਿਹਸਤ ਬਿਹਸਾਇਕੈ ।
ਜੈਸੇ ਬ੍ਰਿਥਾਵੰਤ ਮੰਤ ਬੈਦਹਿ ਬ੍ਰਿਤਾਂਤ[4] ਕਹੈ
ਪਰਖ ਪਰੀਖਾ ਉਪਚਾਰਤ ਰਸਾਇਕੈ ।
ਚਟੀਆ ਅਨੇਕ ਜੈਸੇ ਏਕ ਚਟਿਸਾਰ ਬਿਖੈ
ਬਿਦਿਆਵੰਤ ਕਰੈ ਪਾਧਾ ਪ੍ਰੀਤਿ ਸੈ ਪੜਾਇਕੈ ।
ਤੈਸੇ ਗੁਰਸਿਖਨ ਕੋ ਅਉਗੁਨੁ ਅਵਗਿਆ ਮੇਟੈ
ਬ੍ਰਹਮ ਬਿਬੇਕ ਸੈ ਸਹਜ ਸਮਝਾਇਕੈ[5] ॥੩੮॥

ਜੈਸੇ ਤਉ ਕਰਤ ਸੁਤ ਅਨਿਕ ਇਆਨਪਨ
ਤਉ ਨ ਜਨਨੀ ਅਉਗਨ ਉਰਿ ਧਾਰਿਓ ਹੈ ।
ਜੈਸੇ ਤਉ ਸਰਨਿ ਸੂਰਿ ਪੂਰਨ ਪਰਤਗਿਆ[6] ਰਾਧੈ
ਅਨਿਕ ਅਵਗਿਆ ਕੀਏ ਮਾਰਿ ਨ ਬਿਡਾਰਿਓ ਹੈ ।
ਜੈਸੇ ਤਉ ਸਰਿਤਾ ਜਲੁ ਕਾਸਟਹਿ[7] ਨ ਬੋਰਤ
ਕਰਤ ਚਿਤ ਲਾਜ ਅਪਨੰਦੀ ਪ੍ਰਤਿਪਾਰਿਓ ਹੈ ।
ਤੈਸੇ ਹੀ ਪਰਮ ਗੁਰ ਪਾਰਸ ਪਰਸ ਗਤਿ
ਸਿਖਨ ਕੋ [8]ਕਿਰਤੁ ਕਰਮੁ[8] ਕਛੂ[9] ਨਾ ਬਿਚਾਰਿਓ ਹੈ ॥੩੯॥

ਜੋਈ ਕੁਲਾ ਧਰਮ ਕਰਮ ਕੋ ਸੁਚਾਰ ਚਾਰ
ਸੋਈ ਪਰਵਾਰਿ ਬਿਖੈ ਸ੍ਰੇਸਟ ਬਖਾਨੀਐ ।
ਬਨਜੁ ਬਿਉਹਾਰ ਸਾਚੋ ਸਾਹ ਸਨਮੁਖ ਸਦਾ
ਸੋਈ ਤਉ ਬਨਉਟਾ ਨਿਹਕਪਟ ਕੋ ਮਾਨੀਐ ।
ਸੁਆਮ ਕਾਮ ਸਾਵਧਾਨ ਮਾਨਤ ਨਰੇਸ ਆਨ
ਸੋਈ ਸ੍ਵਾਮ ਕਾਰਜੀ[9] ਪ੍ਰਮਿਹਿ ਪਹਿਚਾਨੀਐ ।
ਗੁਰ ਉਪਦੇਸ ਪਰਵੇਸ ਰਿਦਿ ਅੰਤਰਿ ਹੈ
ਸਬਦ ਸੁਰਤਿ ਸੋਈ ਸਿਖ ਜਗ ਜਾਨੀਐ ॥੪੦॥

---

[1]ਕਉ (ਯ) [2]ਸਮਾਰੀਐ (ਪ,ਅ,ਯ) [3]ਕੇਵਲ ਆਧਾਰ ਪੋਥੀ ਵਿਚੋਂ ਇਹ ਪਾਠ ਟੁਪਤ ਹੈ । [4]ਬ੍ਰਿਥਾਂਤ (ਪ) [5]ਕੇਵਲ ਆਧਾਰ ਪੋਥੀ ਵਿਚ ਪਾਠ 'ਸਮਾਇਕੈ' ਹੈ । [6]'ਅ' ਤੇ ਆਧਾਰ ਪੋਥੀ ਵਿਚ ਪਾਠ 'ਪ੍ਰਤਿਗਿਆਨ' ਹੈ । [7]ਕਾਸ੍ਰਹਿ (ਲ) [8]ਕਰਮੁ ਕਿਰਤੁ (ਯ) [9]ਕਰ (ਪ)

ਜਲ ਕੌ ਧਰਨ[1] ਅਰੁ ਧਰਨ ਕੌ ਜੈਸੇ ਜਲੁ
ਪ੍ਰੀਤਿ ਕੈ ਪਰਸਪਰ ਸੰਗਮੁ ਸਮਾਰਿ ਹੈ ।
ਜੈਸੇ ਜਲ ਸੋਚ ਕੈ ਤਮਾਲਿ ਪ੍ਰਤਿਪਾਲੀਅਤ
ਬੋਰਤ ਨ ਕਾਸਟਹਿ ਜ੍ਵਾਲਾ ਮੈ ਨ ਜਾਰਿ ਹੈ ।
ਲੌਸਟ ਕੈ ਜੜਿ ਗੜਿ ਬੰਹਥਿ ਬਨਾਈਅਤ
ਲੋਸਟਹਿ ਸਾਜਤ ਅਪਾਰ ਪਾਰ ਪਾਰ ਹੈ ।
ਪ੍ਰਭ ਕੈ ਜਾਨੀਜੈ ਜਨੁ ਜਨ ਕੈ ਜਾਨੀਜੈ ਪ੍ਰਭ
ਤਾਤੇ ਜਨ ਕੌ ਨ ਗੁਨ ਅਉਗੁਨ[2] ਬੀਚਾਰਿ ਹੈ ॥੩੮੧॥

ਬਿਆਹ ਸਮੈ ਜੈਸੇ ਦੁਹੂੰ[3] ਓਰ ਗਾਈਅਤਿ[4] ਗੀਤ
ਏਕੈ ਹੁਇ ਲਭਤਿ ਏਕੈ ਹਾਨਿ ਕਾਨਿ ਜਾਨੀਐ ।
ਦੁਹੂੰ ਦਲ ਬਿਖੈ ਜੈਸੇ ਬਾਜਤ ਨੀਸਾਨ ਤਾਨ
ਕਾਹੂ ਕਉ ਜੋ ਕਾਹੂ ਕਉ [ਪਰਾਜੈ][5] ਪਹਿਚਾਨੀਐ ।
ਜੈਸੇ ਦੁਹੂੰ ਕੂਲਿ ਸਰਿਤਾ[6] ਮੈ ਭਰਿ ਨਾਉ ਚਲੈ
ਕੋਉ ਮਾਝਿਧਾਰਿ ਕੋਉ ਪਾਰਿ ਪਰਢਾਨੀਐ ।
ਧਰਮ ਅਧਰਮ ਕਰਮ ਕੈ ਅਸਾਧ ਸਾਧ
ਊਚ ਨੀਚ ਪਦਵੀ ਪ੍ਰਸਿਧ ਊਨਮਾਨੀਐ ॥੩੮੨॥

ਪਾਹਨ ਕੀ ਰੇਖ ਆਦਿ ਅੰਤਿ ਨਿਰਬਾਹੁ ਕਰੈ
ਟਰੈ ਨ ਸਨੇਹੁ ਸਾਧ ਬਿਗੂਹੁ ਅਸਾਧ ਕੋ ।
ਜੈਸੇ ਜਲ ਮੈ ਲਕੀਰ ਧੀਰ ਨ ਧਰਤਿ ਭਤ
ਅਧਮ ਕੀ ਪ੍ਰੀਤਿ ਅਉ ਬਿਰੂਧ ਜੁਧ ਸਾਧ ਕੋ ।
ਥੋਹਰਿ[7] ਉਖਾਰੀ ਉਪਕਾਰੀ ਅਉ ਇਕਾਰੀ[8]
ਸਹਜਿ ਸੁਭਾਵ ਸਾਧ ਅਧਮ ਉਪਾਧ ਕੋ
ਗੁੰਜਾਫਲ ਮਾਨਕ ਸੰਸਾਰਿ ਭੁਲਾਧਾਰਿ ਬਿਖੈ
ਭੋਲਿ ਕੈ ਸਮਾਨਿ ਮੋਲ ਅਲਪ ਅਗਾਧਿ ਕੋ ॥੩੮੩॥

ਜੈਸੇ ਕੁਲਾਬਧੂ[9] ਅੰਗ ਰਚਤਿ ਸੀਗਾਰ ਥੋੜਿ[10]
ਭੇਦੀ ਗਨਿਕਾ ਰਚਤ ਸਕਲ ਸਿੰਗਾਰ[11] ਜੀ ।
ਕੁਲਾਬਧੂ ਸਿਹਜਾ ਸਮੈ ਰਮੈ ਭਤਾਰ ਏਕ
ਬੇਸ੍ਵਾ ਤਉ ਅਨੇਕ ਸੌ ਕਰਤ ਬਿਬਚਾਰ[12] ਜੀ ।
ਕੁਲਾਬਧੂ ਸੰਗਮੁ ਸੁਜਸ ਨਿਰਦੋਖ ਮੋਖ
ਬੇਸ੍ਵਾ ਪਰਸਤ ਅਪਜਸ ਹੁਇ ਬਿਕਾਰ ਜੀ ।
ਤੈਸੇ ਗੁਰਸਿਖਨ ਕਉ ਧਰਮ ਪਵਿਤ੍ਰ ਮਾਇਆ
ਸੋਈ ਦੁਖਦਾਇਕ ਹੁਇ ਦਹਤਿ ਸੰਸਾਰ ਜੀ ॥੩੮੪॥

---

[1]'ਆ' ਤੇ ਆਧਾਰ ਪੋਥੀ ਵਿਚ ਪਾਠ 'ਧਾਰਨ' ਹੈ । [2]ਕੇਵਲ ਆਧਾਰ ਪੋਥੀ ਵਿਚ ਪਾਠ 'ਅਉਗੁਨਨ' ਹੈ । [3]ਦਹੂ (ਯ) [4]ਗਾਈਤ (ਪ) [5]ਕੇਵਲ ਆਧਾਰ ਪੋਥੀ ਵਿਚੋਂ' ਇਹ ਪਾਠ ਲੁਪਤ ਹੈ । [6]ਸਰਿਤਾ (ਲ) [7]ਕੇਵਲ ਆਧਾਰ ਪੋਥੀ ਵਿਚ ਪਾਠ 'ਥੋਰਹਿ' ਹੈ । [8]ਬਿਕਾਰੀ ਜਨ (ਲ) [9]ਕਲਬਧੂ (ਲ) [10]ਥੋੜਿਸ (ਯ) [11]ਸੀਗਾਰੂ (ਯ) [12]ਬਿਭਚਾਰ (ਲ)

ਸੋਈ ਲੋਹਾ ਬਿਸੂ[1] ਬਿਖੈ ਬਿਖਿਧਿ ਬੰਧਨ ਰੂਪ
ਸੋਈ ਤਉ ਕੰਚਨ ਜੋਤਿ ਪਾਰਸ ਪ੍ਰਸੰਗ ਹੈ ।
ਸੋਈ ਤਉ ਸ਼ਿੰਗਾਰ ਅਤਿ ਸੰਜਤ ਪਤਿਬ੍ਰਿਤਾ[2] ਕਉ
ਸੋਈ ਅਭਰਨੁ ਗਨਿਕਾ ਰਚਤ ਅੰਗ ਹੈ ।
ਸੋਈ ਸ੍ਵਾਂਤਬੂੰਦ ਮਿਲ ਸਾਗਰ ਮੁਕਤਾਫਲ
ਸੋਈ ਸ੍ਵਾਂਤਬੂੰਦ ਬਿਖ ਭੋਟਤ ਭੁਅੰਗ[3] ਹੈ ।
ਤੈਸੇ ਮਾਇਆ ਕਿਰਤ ਬਿਰਤ ਹੈ ਬਿਕਾਰ ਜਗ
ਪਰਉਪਕਾਰ ਗੁਰਸਿਖਨ ਸੁਬੰਗ ਹੈ ॥੩੮੫॥

ਕਉਆ ਜਉ ਮਰਾਲ ਸਭਾ ਜਾਇ ਬੈਠੇ ਮਾਨਸਰ
ਦੁਚਿਤ ਉਦਾਸ ਬਾਸ ਆਸ ਦੁਰਗੰਧ ਕੀ ।
ਸ੍ਵਾਨ[4] ਜਿਉ ਬੈਠਾਈਐ ਸੁਭਗ ਪ੍ਰਜੰਗ[5] ਪਾਰ[6]
ਤਿਆਗਿ ਜਾਇ ਚਾਕੀ ਚਾਟੈ ਹੀਨ ਮਤ ਅੰਧ ਕੀ ।
ਗਰਧਬ ਅੰਗ ਅਰਗਜਾ ਜਉ[7] ਲੇਪਨ ਕੀਜੈ
ਲੋਟਤ ਭਸਮ[8] ਸੰਗਿ ਹੈ ਕੁਟੇਵ ਕੰਧ ਕੀ ।
ਤੈਸੇ ਹੀ ਅਸਾਧ ਸਾਧਸੰਗਤਿ ਨ ਪ੍ਰੀਤਿ ਚੀਤਿ
ਮਨਸਾ ਉਪਾਧ ਅਪਰਾਧ ਸਨਬੰਧ ਕੀ ॥੩੮੬॥

ਨਿਰਾਧਾਰ ਕੋ ਅਧਾਰੁ ਆਸਰੋ ਨਿਰਾਸਨ ਕੋ
ਨਾਥੁ ਹੈ ਅਨਾਥਨ ਕੋ ਦੀਨ ਕੋ ਦਇਆਲੁ ਹੈ ।
ਅਸਰਨਿ ਸਰਨਿ ਅਉ ਨਿਰਧਨ ਕੋ ਹੈ ਧਨ
ਟੇਕ ਅੰਧਰਨ ਕੀ ਅਉ ਕ੍ਰਿਪਨ ਕ੍ਰਿਪਾਲੁ ਹੈ ।
ਅਕ੍ਰਿਤਘਨ ਕੋ ਦਾਤਾਰ ਪਤਿਤ ਪਾਵਨ ਪ੍ਰਭ
ਨਰਕ ਨਿਵਾਰਨ ਪ੍ਰਤਗਿਆ[9] ਪ੍ਰਤਿਪਾਲੁ ਹੈ ।
ਅਵਗੁਨ ਹਰਨ ਕਰਨ ਕਰਤਗਿਆ[10] ਸ੍ਵਾਮੀ
ਸੰਗੀ ਸਰਬੰਗਿ ਰਸ ਰਸਕਿ ਰਸਾਲੁ ਹੈ ॥੩੮੭॥

ਕੰਦਿਲਾ ਸੀਤਲ ਕਰ ਕਰਤ ਸਿਆਮ ਗਹੇ[11]
ਪਰਸ ਤਪਤ ਪਰਦਗਧ ਕਰਤ ਹੈ ।
ਕੂਕਰ ਕੋ ਚਾਟਤ[12] ਕਲੇਵਰਹਿ ਲਾਗੈ ਫੀਕ
ਕਾਟਤ ਸਰੀਰ ਪੀਰ ਧੀਰ ਨ ਧਰਤ ਹੈ ।
ਫੂਟਤ ਜਿਉ ਗਾਗਰਿ ਪਰਤ ਹੀ ਪਖਾਨ ਪਰਿ
ਪਾਹਨ[13] ਪਰਤਿ[14] ਪੁਨਿ ਗਾਗਰਿ ਹਰਤ ਹੈ ।
ਤੈਸੇ ਹੀ ਅਸਾਧ ਸੰਗਿ ਪ੍ਰੀਤ ਹੂ ਬਿਰੋਧ ਬੁਰੋ
ਲੋਕ ਪਰਲੋਕ[15] ਦੁਖ ਦੋਖ ਨ ਟਰਤ[16] ਹੈ ॥੩੮੮॥

---

[1]ਬਿਸੂ (ਲ) [2]ਪ੍ਰਤਿਬ੍ਰਿਤਾ (ਪ) [3]ਭੁਜੰਗ (ਲ) [4]ਸੁਵਾਨ (ਅ, ਪ) [5]ਪ੍ਰਜੇਤ (ਲ) [6]ਪ੍ਰ (ਅ) [7]ਜੋ (ਧ) [8]ਭਸੰਮ (ਅ, ਪ) [9]ਪ੍ਰਤਗਯ (ਲ) [10]ਕਰਤਗਯ (ਲ) [11]ਗਹੈ (ਪ) [12]ਕੇਵਲ ਆਧਾਰ ਪੰਥੀ ਵਿਚ ਪਾਠ 'ਪਾਟਤ' ਹੈ । [13]ਭਾਹਨ (ਲ) [14]ਪਰਤ (ਲ) [15]ਪ੍ਰਲੋਕ (ਪ) [16]ਛੁਟਤ (ਅ)

ਛੜੂ ਕੇ ਬਦਲੇ ਜੈਸੇ ਬੈਠੇ ਛਤਰਾ ਕੀ ਛਾਂਹ
ਹੀਰਾ ਅਮੋਲਕ ਬਦਲੇ ਫਟਕੂ ਕਉ ਪਾਈਐ ।
ਜੈਸੇ ਮਨ ਕੰਚਨ ਕੇ ਬਦਲੇ ਕਾਚੁ ਗੁੰਜਾਫਲੁ
ਕਾਬਰੀ ਪਟੰਬਰ ਕੇ ਬਦਲੇ ਓਢਾਈਐ ।
ਅੰਮ੍ਰਿਤ ਮਿਸਟਾਨ ਪਾਨ ਕੇ ਬਦਲੇ ਕਰੀਫਲ
ਕੇਸਰ ਕਪੂਰ ਜਿਉ ਕਚੂਰ ਲੈ ਲਗਾਈਐ ।
ਛੋਟਤ ਅਸਾਧ ਸੁਖ ਸੁਕ੍ਰਿਤ ਸੁਖਮ ਹੋਤ
ਸਾਗਰ ਅਥਾਹ ਜੈਸੇ ਬੇਲੀ ਮੈ ਸਮਾਈਐ ॥੩੮੯॥

ਕੰਚਨ[1] ਕਲਸ ਜੈਸੇ ਬਾਕੇ ਭਏ ਸੂਧੇ ਹੋਇ
ਮਾਟੀ ਕੇ ਕਲਸੁ ਫੂਟੈ ਜੁਰੈ ਨ ਜਤਨ ਸੈ ।
ਬਸਨ ਮਲੀਨ ਧੋਏ ਨਿਰਮਲ ਹੋਤ ਜੈਸੇ
ਊਜਰੀ ਨ ਹੋਤ ਕਾਰੀ ਕਾਂਬਰੀ ਪੜਨ ਸੈ ।
ਜੈਸੇ ਲਕੁਟੀ ਅਗਨਿ ਸੇਕਤ ਹੀ ਸੂਧੀ ਹੋਇ
ਸ੍ਵਾਨ ਪੂਛਿ ਪਟੰਤਰੋ ਪੂਗਟ ਮਨ ਤਨ ਸੈ ।
ਤੈਸੇ ਗੁਰਸਿਖਨ ਸੁਭਾਉ ਜਲ ਮੈ ਨ ਗਤਿ
ਸਾਕਤ ਸੁਭਾਵ ਲਾਖ ਪਾਹੁਨ ਗਤਨ ਸੈ ॥੩੯੦॥

ਕੋਊ ਬੇਚੈ ਗੜਿ ਗੜਿ ਸਸਤ੍ਰ ਧਨਖ ਬਾਨ
ਕੋਊ ਬੇਚੈ ਗੜਿ ਗੜਿ ਬਿਬਿਧਿ ਸਨਾਹ ਜੀ ।
ਕੋਊ ਬੇਚੈ ਗੋਰਸ ਦੁਗਧ ਦਧ ਘ੍ਰਿਤ ਨਿਤ
ਕੋਊ ਬੇਚੈ ਬਾਰੁਨੀ ਬਿਖਮ ਸਮ ਚਾਹ ਜੀ ।
ਤੈਸੇ ਹੀ ਬਿਕਾਰੀ ਉਪਕਾਰੀ ਹੈ ਅਸਾਧ ਸਾਧ
ਬਿਖਿਆ[2] ਅੰਮ੍ਰਿਤ ਬਨ ਦੇਖੇ ਅਵਗਾਹ ਜੀ ।
ਆਤਮਾ[3] ਅਚੇਤ ਪੰਛੀ ਧਾਵਤ ਚਤੁਰਕੁੰਟ
ਜੈਸੇ ਦੀ ਬਿਰਖ ਬੈਠੇ[4] ਚਾਖੇ ਫਲ ਰਾਹ ਜੀ ॥੩੯੧॥

ਜੈਸੇ ਏਕ ਜਨਨੀ ਕੈ ਹੋਤ ਹੈ ਅਨੇਕ ਸੁਤ
ਸਬਹੀ ਮੈ ਅਧਿਕ ਪਿਆਰੋ ਸੁਤ ਗੌਦ[5] ਕੋ ।
ਸਿਆਨੋ ਸੁਤ ਬਨਜ ਬਿਉਹਾਰ ਕੋ ਬੀਚਾਰ ਬਿਖੈ
ਗੌਦ ਮੈ ਅਚੇਤੁ ਹੋਤੁ ਸੈਪੈ ਨ ਸਹੋਦ ਕੋ ।
ਪਲਨਾ ਸੁਵਾਇ ਮਾਇ ਗ੍ਰਿਹਿ ਕਾਜਿ ਲਾਗੋ ਜਾਇ
ਸੁਨਿ ਸੁਤ ਰੁਦਨ ਪੈ ਪੀਆਵੈ ਮਨ ਮੋਦ ਕੋ ।
ਆਪਾ ਖੋਇ ਜੋਈ ਗੁਰ ਚਰਨਿ ਸਰਨਿ ਗਹੈ
ਰਹੈ ਨਿਰਦੋਖ[6] ਮੋਖ ਅਨੰਦ ਬਿਨੰਦ ਕੋ ॥੩੯੨॥

---

[1]ਕੰਚਨ ਕੇ (ਲ) [2]ਫੋਟਲ ਆਧਾਰ ਪੋਥੀ ਵਿਚ ਪਾਠ 'ਬਿਖਆ' ਹੈ । [3]ਆਤਮ (ਪ, ਲ) [4]ਬੈਠੇ ਤੈਸੇ [5]ਫੋਟਲ ਆਧਾਰ ਪੋਥੀ ਵਿਚ ਪਾਠ 'ਗੋ' ਹੈ । [6]ਨਿ੍ਦੋਖ (ਅ) ।

ਕਰਤ ਨ ਦਿਛਾ ਕਛੁ ਮਿਤ੍ਰ ਸਤ੍ਰੁਤਾ[1] ਨ ਜਾਨੈ
ਬਾਲ ਬੁਧਿ ਸੁਧਿ ਨਾਹਿ ਬਾਲਕ ਅਚੇਤ ਕਉ ।
ਅਸਨ ਬਸਨ ਲੀਏ ਮਾਤਾ ਪਾਛੈ ਲਾਗੀ ਡੋਲੈ
ਬੋਲੈ ਮੁਖਿ ਅੰਮ੍ਰਿਤ ਬਚਨ ਸੁਤ ਹੇਤ ਕਉ ।
ਬਾਲਕੈ ਅਸੀਸ ਦੇਨਹਾਰੀ [2]ਅਤਿ ਪਿਆਰੀ ਲਾਗੈ
ਗਾਰਿ ਦੇਨਹਾਰੀ ਬਲਿਹਾਰੀ ਡਾਰੀ[3] ਸੇਤ ਕਉ ।
ਤੈਸੇ ਗੁਰਸਿਖ ਸਮਦਰਸੀ ਅਨੰਦਮਈ[3]
ਜੈਸੇ ਜਗੁ ਮਾਨੈ ਤੈਸੇ ਲਾਗੈ ਫਲੁ ਖੇਤ ਕਉ ॥੩੯੭॥

ਜੈਸੇ ਦਰਪਨਿ ਦਿਬਿ ਸੂਰ ਸਨਮੁਖ ਰਾਖੈ
ਪਾਵਕ ਪ੍ਰਗਾਸ ਹੋਤ ਕਿਰਨ ਚਾਰਿਤ੍ਰ ਕੈ ।
ਜੈਸੇ ਮੇਘ ਬਰਖਤ ਹੀ ਬਸੁੰਧਰਾ[4] ਬਿਰਾਜੈ
ਬਿਬਿਧਿ ਬਨਾਸਪਤੀ ਸਫਲ ਸੁਮਿਤ੍ਰ ਕੈ ।
ਭੇਟਤ ਭੁਤਾਰਿ ਨਾਰਿ ਸੋਭਤ ਸਿੰਗਾਰਿ ਚਾਰਿ
ਪੂਰਨ ਅਨੰਦ ਸੁਤ ਉਦਿਤਿ ਬਚਿਤ੍ਰ ਕੈ ।
ਸਤਿਗੁਰ ਦਰਸਿ ਪਰਸਿ ਬਿਗਸਤ ਸਿਖ
ਪ੍ਰਾਪਤ ਨਿਧਾਨ ਗਿਆਨ[5] ਪਾਵਨ ਪਵਿਤ੍ਰ ਕੈ ॥੩੯੪॥

ਜੈਸੇ ਕੁਲਾਬਧੂ ਬੁਧਿਵੰਤ ਸਸੁਰਾਰ[6] ਬਿਖੈ
ਸਾਵਧਾਨ ਚੇਤਨ ਰਹੈ ਅਚਾਰ ਚਾਰ ਕੈ ।
ਸਸੁਰ[7] ਦੇਵਰ ਜੇਠ ਸਕਲ ਕੀ ਸੇਵਾ ਕਰੈ
ਖਾਨ ਪਾਨ ਗਿਆਨ[5] ਜਾਨਿ ਪ੍ਰਭਿ ਪਰਵਾਰਿ ਕੈ ।
ਮਾਧੁਰ ਬਚਨ ਗੁਰਜਨ ਸੋ ਲਜਾਵਾਨ[8]
ਸਿਹਜਾ ਸਮੈ ਰਸ ਪ੍ਰੇਮ[9] ਪੂਰਨ ਭਤਾਰ ਕੈ ।
ਤੈਸੇ ਗੁਰਸਿਖ ਸਰਬਾਤਮ ਪੂਜਾ[10] ਪ੍ਰਬੀਨ
ਬ੍ਰਹਮ ਧਿਆਨ ਗੁਰਮੂਰਤਿ ਅਪਾਰ ਕੈ ॥੩੯੫॥

ਤੀਰਥ ਪੂਰਬ ਦੇਵ ਜਾਤ੍ਰਾ ਜਾਤ ਹੈ ਜਗਤੁ
ਪੂਰਬ ਤੀਰਥ ਸੁਰ ਕੋਟਨਿ ਕੋਟਾਨਿ ਕੈ ।
ਮੁਕਤਿ ਬੈਕੁੰਠ ਜੋਗ ਜੁਗਤਿ ਬਿਬਿਧ ਫਲ
ਬਾਂਛਤ ਹੈ ਸਾਧ ਰਜ ਕੋਟਿ ਗਿਆਨ[5] ਧਿਆਨ[11] ਕੈ ॥
ਅਗਮ ਅਗਾਧਿ ਸਾਧਸੰਗਤਿ ਅਸੰਖ ਸਿਖ
ਸ੍ਰੀਗੁਰ ਬਚਨ ਮਿਲੇ ਰਾਮਰਸ ਆਨਿ ਕੈ ।
ਸਹਜ ਸਮਾਧਿ ਅਪਰੰਪਰ ਪੁਰਖ ਲਿਵ
ਪੂਰਨ ਬ੍ਰਹਮ ਸਤਿਗੁਰ ਸਾਵਧਾਨ ਕੈ ॥੩੯੬॥

---

[1]ਸਤਰਾ (ਲ) [2]ਬਲਿਹਾਰੀ ਜਾਤ ਬਾਰੀ ਬਾਹੀ ਵਾਰੀ ਛੋਰ ਡਾ ਤੇ ਮਾਤਾ (ਲ) [3]ਆਨੰਦਮਈ (ਪ,ਅ) [4]ਬਸੁਧਰ (ਪ) [5]ਗਯਾਨ (ਲ) [6]ਕੇਵਲ ਆਧਾਰ ਪੋਥੀ ਵਿਚ ਪਾਠ 'ਸਸੁਰ' ਹੈ । [7]ਸਸੁਰਾ (ਪ) [8]ਆਧਾਰ ਪੋਥੀ ਵਿਚ ਪਾਠ 'ਲਜਾਵਨ ਲਵੰਡਨ' ਹੈ । ਲਜਾ ਲਵਾਨਿ (ਯ) ਲਜਾ ਲਵੰਨਿ (ਅ) 'ਪ' ਪੋਥੀ ਵਿਚ ਪਾਠ 'ਲਜਾਵਾਨਿ' ਹੈ ਜੋ ਅਰਥ ਪ੍ਰਸੰਗ ਵਿਚ ਸਭ ਨਾਲੋਂ ਸਹੀ ਪ੍ਰਤੀਤ ਹੁੰਦਾ ਹੈ। [9]ਸਪ੍ਰੇਮ (ਅ ਪ) [10]ਪੂਰਨ (ਲ) [5]ਗਯਾਨ (ਲ) [11]ਧਯਾਨ (ਲ)

ਦ੍ਰਿਗਨ ਕਉ ਜਿਹਬਾ ਸ੍ਰਵਨ ਜਉ ਮਿਲਹਿ[1]
ਜੈਸੇ ਦੇਖੈ ਤੈਸੋ ਕਹਿ ਸੁਨਿ ਗੁਨ ਗਾਵਹੀ ।
ਸ੍ਰਵਨ ਜਿਹਬਾ ਅਉ ਲੋਚਨ ਮਿਲੰ ਦਿਆਲ
ਜੈਸੇ ਸੁਨੈ ਤੈਸੇ ਦੇਖਿ ਕਹਿ ਸਮਝਾਵਹੀ ।
ਜਿਹਬਾ ਕਉ ਲੋਚਨ ਸ੍ਰਵਨ ਜਉ ਮਿਲਹਿ ਚੋਵ
ਜੈਸੋ ਕਹੈ ਤੈਸੇ[2] ਸੁਨਿ ਦੇਖਿ ਅਉ ਦਿਖਾਵਹੀ ।
ਨੈਨ ਜੀਹ ਸ੍ਰਵਨ ਸ੍ਰਵਨ ਲੋਚਨ ਜੀਹ
ਜਿਹਬਾ ਨ ਸ੍ਰਵਨ ਲੋਚਨ ਲਲਚਾਵਹੀ ॥੩੯੭॥

ਆਪਨੈ[3] ਸੁਅੰਨਿ ਜੈਸੇ ਲਾਗਤ ਪਿਆਰੋ ਜੀਅ
ਜਾਨੀਐ ਵੈਸੋ ਈ ਪਿਆਰੋ ਸਕਲ ਸੰਸਾਰ ਕਉ ।
ਆਪਨੋ ਦਰਬੁ ਜੈਸੇ[4] ਰਾਖੀਐ ਜਤਨ ਕਰਿ
ਵੈਸੋ ਈ ਸਮਝਿ ਸਭ ਕਾਹੂ ਕੋ ਬਿਉਹਾਰ ਕਉ ।
ਅਸਭੂਤਿ ਨਿੰਦਾ ਸੁਨਿ ਬਿਆਪਤ ਹਰਖ ਸੋਗ
ਵੈਸੀਐ ਲਗੰਤ ਜਗ ਅਨਿਕ ਪ੍ਰਕਾਰ ਕਉ ।
ਤੈਸੇ ਕੁਲ ਧਰਮੁ ਕਰਮ ਜੈਸੋ ਜੈਸੋ ਕਾਕੋ
ਉਰਮ ਕੋ ਮਾਨਿ ਜਾਨਿ ਬ੍ਰਹਮ ਬਿਥਾਰ[5] ਕਉ ॥੩੯੮॥

ਜੈਸੇ ਨੈਨ ਬੈਨ ਪੰਖ ਸੁੰਦਰ ਸੁਬੰਗ ਮੋਰ
ਤਾਕੇ ਪਗ ਉਰ ਦੇਖਿ ਚੋਖ ਨ ਬੀਚਾਰੀਐ ।
ਸੰਦਲ ਸੁਗੰਧ ਅਤਿ ਕੋਮਲ ਕਮਲ ਜੈਸੇ
ਕੰਟਕਿ[6] ਬਿਲੋਕ ਨ ਅਉਗਨ ਉਰਧਾਰੀਐ ।
ਜੈਸੇ ਅੰਮ੍ਰਿਤ ਫਲ ਮਿਸਟਿ ਗੁਨਾਦਿ ਸ੍ਵਾਦ
ਬੀਜ ਕਰਵਾਈ ਕੋ ਬੁਰਾਈ ਨ ਸਮਾਰੀਐ ।
ਤੈਸੇ ਗੁਰ ਗਿਆਨ ਦਾਨ ਸਬਹੂ[7] ਸੋ ਮਾਗਿ ਲੀਜੈ
ਬੰਦਨਾ ਸਕਲ ਭੂਤ ਨਿੰਦਾ ਨ ਤਕਾਰੀਐ ॥੩੯੯॥

ਸ੍ਰਵੈਯਾ ਪਾਰਸ ਪਰਸ ਦਰਸ ਕਤ ਸਜਨੀ
ਕਤ ਵੈ ਨੈਨ ਬੈਨ ਮਨ ਮੋਹਨ[8] ।
ਕਤ ਵੈ ਦਸਨ ਹਸਨ ਸੋਭਾ ਨਿਧਿ
ਕਤ ਵੈ ਗਵਨ ਭਵਨ ਬਨ ਸੋਹਨ[9] ।
ਕਤ ਵੈ ਰਾਗ ਰੰਗ ਸੁਖ ਸਾਗਰ
ਕਤ ਵੈ ਦਇਆ ਮਇਆ ਦੁਖ ਜੋਹਨ[10] ।
ਕਤ ਵੈ ਜੋਗ ਭੋਗ ਰਸ ਲੀਲਾ
ਕਤ ਵੈ ਸੰਤ ਸਭਾ ਛਬਿ ਗੋਹਨ[11] ॥੪੦੦॥

---

[1]ਮਿਲੈਹਿ (ਪ) [2]ਤੈਸੇ (ਲ) [3]ਅਪਨੈ (ਪ) [4]ਜੈਸੇ (ਲ) [5]ਵਿਥਾਰ (ਪ) ਬਿਸਥਾਰ (ਲ) [6]ਖੰਟਕ (ਲ)
[7]ਸਬਹੂ (ਪ,ਯ) ਸਬਹੂੰ (ਲ) [8]ਮੋਹਨ (ਲ) [9]ਸੋਹਾਨ (ਲ) [10]ਵੋਹਨ (ਪ) [11]ਗੋਹਨ (ਯ)

ਕਬ ਲਾਗੌ ਮਸਤੁਕਿ ਚਰਨਨ ਰਜ
ਦਰਸੁ ਦਇਆ[1] ਦ੍ਰਿਗਨ ਕਬ ਦੇਖਉ ।
ਅੰਮ੍ਰਿਤ ਬਚਨ ਸੁਨਉ ਕਬ ਸ੍ਰਵਨਨ
ਕਬ ਰਸਨਾ ਬੰਨਤੀ ਬਿਸੇਖਉ ।
ਕਬ ਕਰ ਕਰਉ ਡੰਡਉਤ ਬੰਦਨਾ
ਪਗਨ ਪਰਿਕ੍ਰਮਾਦਿ ਪੁਨ ਰੇਖਉ ।
ਪ੍ਰੇਮ ਭਗਤ ਪ੍ਰਤਛਿ ਪ੍ਰਾਨਪਤਿ
ਗਿਆਨ[2] ਧਿਆਨ[3] ਜੀਵਨਪਦ ਲੇਖਉ ॥੪੦੧॥

ਕਬਿਤ ਬਿਰਖੈ[4] ਬਇਆਰ ਲਾਗੌ ਜੈਸੇ ਹਹਰਾਤਿ ਧਾਤਿ
ਪੰਛੀ ਨ ਧੀਰਜ ਕਰਿ ਠਉਰ ਠਹਰਾਤ ਹੈ ।
ਸਰਦਹ ਘਾਮ ਲਾਗੌ ਬਾਰਜ ਬਿਲਖ ਮੁਖ
ਪ੍ਰਾਨ ਅੰਤ ਹੈਤ ਜਲ ਜੰਤ ਅਕੁਲਾਤ ਹੈ ।
ਸਾਰਦੂਲ ਦੇਖੈ ਮ੍ਰਿਗਮਾਲ ਸੁਕਚਿਤ[5] ਬਨ
ਵਾਸ ਮੈ ਨ ਤ੍ਰਾਸ ਕਰਿ ਆਸ੍ਰਮ ਸੁਹਾਤ ਹੈ ।
ਤੈਸੇ ਗੁਰ ਆਗੇ ਸ੍ਵਾਂਗਿ ਭਏ ਭੈ[6] ਚਕਤਿ[7] ਸਿਖ
ਦੂਖਤਿ ਉਦਾਸ ਬਾਸ ਅਤਿ ਬਿਲਲਾਤ ਹੈ ॥੪੦੨॥

ਓਲਾ[8] ਬਰਖਨ[9] ਕਰਖਨ[10] ਦਾਮਨੀ ਬਜਾਗਿ[11]
ਸਾਗਰ ਲਹਰਿ ਬਨ ਜਰਤ ਅਗਨਿ ਹੈ ।
ਰਾਜੀ ਬਿਰਾਜੀ ਕੂਕੈਪਕਾ ਅੰਤਰ ਬ੍ਰਿਥਾ ਬਲ
ਬੰਦ ਸਾਲ[12] ਸਾਸਨਾ ਸੰਕਟ ਮੈ ਮਗਨੁ ਹੈ ।
ਆਪਦਾ ਅਧੀਨ ਦੀਨ ਦੂਖਨਾ ਦਰਿਦ੍ਰ ਛਿਦ੍ਰ
ਕ੍ਰਮਤਿ ਉਦਾਸ ਰਿਨ ਦਾਸਨਿ ਨਗਨ ਹੈ ।
ਤੈਸੇ ਹੀ ਸ੍ਰਿਸਟਿ[13] ਕੌ ਅਦ੍ਰਿਸਟ੍ਰ ਜਉ ਆਇ ਲਾਗੌ
ਜਗ ਮੈ ਭਗਤਨ ਕੈ ਰੋਸ ਨ[14] ਭਗਨ ਹੈ ॥੪੦੩॥

ਜੈਸੇ ਚੀਟੀ ਕ੍ਰਮ ਕ੍ਰਮ ਕੈ ਬਿਰਖ ਚੜੈ
ਪੰਛੀ ਉਡਿ ਜਾਇ ਬੈਸੇ ਨਿਕਟਿ ਹੀ ਫਲ ਕੈ ।
ਜੈਸੇ ਗਾਡੀ ਚਲੀ ਜਾਤਿ ਲੀਕਨ ਮਹਿ[15] ਧੀਰਜ ਸੋ
ਘੋਰੈ ਦਉਰਿ[16] ਜਾਇ ਬਾਏ ਦਾਹਨੇ ਸਥਲ ਕੈ ।
ਜੈਸੇ ਕੋਸ ਭੁਰਿ ਚਲਿ ਸਕੀਐ ਨ ਪਾਇਨ ਕੈ
ਆਤਮਾ ਚਤੁਰਕੁੰਟ ਧਾਇ ਆਵੈ ਪਲ ਕੈ ।
ਤੈਸੇ ਲੋਗ ਬੇਦ ਭੇਦ ਗਿਆਨ[2] ਉਨਮਾਨ ਪਛ
ਗੰਮ ਗੁਰ ਚਰਨ ਸਰਨ ਅਸਥਲ ਕੈ ॥੪੦੪॥

---

[1]ਦਇਆਲ (ਲ) [2]ਗਯਾਨ (ਲ) [3]ਧ੍ਯਾਨ (ਲ) [4]ਖ੍ਰਿਖੈ (ਲ) [5]ਕੇਵਲ 'ਜ' ਪੋਥੀ ਵਿਚ ਪਾਠ 'ਸੁਕਚਿਤ' ਹੈ ਬਾਕੀ ਸਭ ਵਿਚ 'ਦਲਚਿਤ' ਹੈ । [6]ਹੈ (ਯ) [7]ਚਕ੍ਰਿਤ (ਅ) [8]ਓਰਾ (ਅ) [9]ਬਰਖਤ (ਅ) [10]ਕ੍ਰਖਤ (ਅ) [11]'ਅ' ਤੇ ਆਧਾਰ ਪੋਥੀ ਵਿਚ ਪਾਠ 'ਬਜਾਜ' ਹੈ । [12]ਤ੍ਰੰਦਸਾਲਾ (ਪ, ਲ) [13]ਸ੍ਰਿਸਟਿ (ਪ) [14]'ਅ' 'ਪ' ਤੇ ਆਧਾਰ ਪੋਥੀ ਵਿਚ ਪਾਠ 'ਕੋ' ਹੈ । [15]ਮੈ (ਅ, ਪ, ਲ) [16]ਢੌਰ (ਲ)

ਜੈਸੇ ਬਨਰਾਇ ਪਰਫੂਲਤ ਫਲ ਨਮਿਤਿ
ਲਾਗਤ ਹੀ ਫਲ ਪਤ੍ਰ ਪੁਹੁਪ ਬਿਲਾਤ ਹੈ ।
ਜੈਸੇ ਤ੍ਰੀਆ[1] ਰਚਤ ਸਿੰਗਾਰ ਭਰਤਾਰ ਹੇਤਿ
ਭੇਟਤ ਭਰਤਾਰ[2] ਉਰ ਹਾਰ ਨ ਸਮਾਤ ਹੈ ।
ਬਾਲਕ ਅਚੇਤ ਜੈਸੇ ਕਰਤ ਲੀਲਾ ਅਨੇਕ
ਸੁਚਿਤ[3] ਚਿਤੰਨ[4] ਭਏ ਸਭੈ ਬਿਸਰਾਤ ਹੈ ।
ਤੈਸੇ ਖਟ ਕਰਮ ਧਰਮ ਸ੍ਰਮ ਗਿਆਨ[5] ਕਾਜ
ਗਿਆਨ[5] ਭਾਨ ਊਚੇ ਉਡ ਕਰਮ ਉਡਾਤਿ ਹੈ ॥੪੦੫॥

ਜੈਸੇ ਹਸ[6] ਬੋਲਤ ਹੀ ਡਾਕਨ ਹਰੈ ਕਰੇਜੋ
ਬਾਲਕ ਤਾਹੀ ਲੈ ਧਾਵੈ ਜਾਨੈ ਗੋਦਿ ਲੇਤ ਹੈ ।
ਰੋਵਤ ਸੁਤਹਿ ਜੈਸੇ ਅਉਖਦ ਪੀਆਵੈ ਮਾਤਾ
ਬਾਲਕੁ ਜਾਨਤ ਮੋਹਿ ਕਾਲਕੂਟਿ ਦੇਤ ਹੈ ।
ਹਰਨ ਭਰਨ ਗਤਿ ਸਤਿਗੁਰ ਜਾਨੀਐ ਨ
ਬਾਲਕ ਜੁਗਤਿ ਮਤਿ ਜਗਤ[7] ਅਚੇਤ ਹੈ ।
ਅਕਲ ਕਲਾ ਅਲਖ ਅਤਿ ਹੀ ਅਗਾਧ ਬੋਧ
ਆਪ ਹੀ ਜਾਨਤ ਆਪ ਨੇਤ ਨੇਤ [ਨੇਤ][8] ਹੈ ॥੪੦੬॥

ਦੈਤ ਸੁਤ ਭਗਤ ਪ੍ਰਗਟਿ ਪ੍ਰਹਿਲਾਦਿ ਭਏ
ਦੇਵ ਸੁਤ ਜਗ ਮੈ ਸਨੀਚਰ ਬਖਾਨੀਐ ।
ਮਧੁਪੁਰ ਬਾਸੀ ਕੰਸ ਅਧਮ ਅਸੁਰ ਭਏ
ਲੰਕਾ ਬਾਸੀ ਸੇਵਕ ਭਭੀਖਨ[9] ਪਛਾਨੀਐ ।
ਸਾਗਰ ਗੰਭੀਰ ਬਿਖੈ ਬਿਖਿਆ ਪ੍ਰਗਾਸ ਭਈ
ਅਹਿ ਮਸਤਕਿ ਮਨ ਉਦੈ ਊਨਮਾਨੀਐ ।
ਬਰਨ ਸਥਾਨ ਲਘੁ ਦੀਰਘ ਜਤਨ ਪਰੈ
ਅਕਥ ਕਥਾ ਬਿਨੋਦ ਬਿਸਮ ਨ ਜਾਨੀਐ ॥੪੦੭॥

ਚਿੰਤਾਮਨਿ ਚਿਤਵਤ ਚਿੰਤਾ ਚਿਤ ਭੇ ਚੁਰਾਈ
ਅਜੋਨੀ ਅਰਾਧੇ ਜੋਨਿ ਸੈਕਟਿ ਕਟਾਏ ਹੈ ।
ਜਪਤ ਅਕਾਲ ਕਾਲ ਕੰਟਕ ਕਲੇਸ ਨਾਸੇ
ਨਿਰਭੈ ਭਜਨ ਭ੍ਰਮ ਭੈ ਦਲ ਭਜਾਏ ਹੈ ।
ਸਿਮਰਤ ਨਾਥ ਨਿਰਵੈਰ ਬੈਰ ਭਾਉ[10] ਤ੍ਰਿਆਗਿਓ
ਭਾਗਿਓ ਭੇਦੁ[11] ਖੇਦੁ ਨਿਰਭੇਦ ਗੁਨ ਗਾਏ ਹੈ ।
ਅਕੁਲ ਅਚਲ ਗਹੇ ਕੁਲ ਨ ਬਿਚਾਰੇ ਕੋਊ
ਅਟਲ ਸਰਨਿ ਆਵਾਗਵਨ ਮਿਟਾਏ ਹੈ ॥੪੦੮॥

---

[1]ਤ੍ਰਿਯਾ (ਲ) [2]ਭਤਾਰ (ਯ) [3]ਸੁ (ਪ) [4]ਚਿਤਨ (ਪ, ਅ) [5]ਗਜਾਨ (ਲ) [6]ਹੰਸ (ਯ) [7]ਜਗਤ (ਲ)
[8]ਕੋਸ਼ਲ ਆਧਾਰ ਪੋਥੀ ਵਿਚੋਂ ਇਹ ਪਾਠ ਲੁਪਤ ਹੈ । [9]ਬਿਭੀਖਨ (ਲ) [10]ਭਉ (ਅ) [11]ਭੇਡੁ (ਪ)

ਬਾਛੈ ਨ ਸੁਵਰਗ ਬਾਸ ਮਾਨੈ ਨ ਨਰਕ ਤ੍ਰਾਸ
ਆਸਾ ਨ ਕਰਤ ਚਿਤ ਹੋਨਹਾਰ ਹੋਇ ਹੈ।
ਸੰਪਤ ਨ ਹਰਖ ਬਿਪਤ ਮੈ ਨ ਸੋਗ ਤਾਹਿ
ਸੁਖ ਦੁਖ ਸਮਸਰਿ ਬਿਹਸ ਨ ਰੋਇ ਹੈ।
ਜਨਮ[1] ਜੀਵਨ ਮ੍ਰਿਤ ਮੁਕਤਿ ਨ ਭੇਦ ਖੇਦ
ਗੰਮਿਤਾ ਤ੍ਰਿਕਾਲ ਬਾਲ ਬੁਧਿ ਅਵਲੋਇ ਹੈ।
ਗਿਆਨ[2] ਗੁਰ ਅੰਜਨ ਕੈ ਚੀਨਤ ਨਿਰੰਜਨਹਿ
ਬਿਰਲੋ ਸੰਸਾਰ ਪ੍ਰੇਮ ਭਗਤ ਮੈ ਕੋਇ ਹੈ ॥੪੦੯॥

ਜੈਸੇ ਤਉ[3] ਮਿਠਾਈ ਰਾਖੀਐ ਛਿਪਾਇ ਜਤਨ ਕੈ
ਚੀਟੀ ਚਲਿ ਜਾਇ ਚੀਨਿ ਤਾਹਿ ਲਪਟਾਤ ਹੈ।
ਦੀਪਕ ਜਗਾਇ ਜੈਸੇ ਰਾਖੀਐ ਦੁਰਾਇ ਗ੍ਰਿਹਿ[4]
ਪ੍ਰਗਟ ਪਤੰਗ ਤਾਮੈ ਸਹਜਿ ਸਮਾਤਿ ਹੈ।
ਜੈਸੇ ਤਉ ਬਿਮਲ ਜਲ ਕਮਲ ਇਕਾਂਤ ਬਸੈ
ਮਧੁਕਰ ਮਧੁ ਅਚਵਨ ਤਹ ਜਾਤ ਹੈ।
ਤੈਸੇ ਗੁਰਮੁਖਿ ਜਿਹ ਘਟ ਪ੍ਰਗਟਤ[5] ਪ੍ਰੇਮ
ਸਕਲ ਸੰਸਾਰੁ ਤਿਹਿ ਦੁਆਰ ਬਿਲਲਾਂਤ ਹੈ ।੪੧੦॥

ਬਾਜਤ ਨੀਸਾਨ ਸੁਨੀਅਤ ਚਹੁੰਓਰ ਜੈਸੇ
ਗਾਇਬੋ—(ਸੰ. ਗਾਨਮ੍) ਗਾਉਣਾ, ਸੁਰ ਵਿਚ ਅਲਾਪਣਾ । ੬੩੧.੪

ਗਾਈਅਤ)— ਗਾਇਆ ਜਾਂਦਾ/ਗਾਏ ਜਾਂਦੇ । ੪੩੬.੬/੩੮੨.੧

ਗਾਈਅਤਿ)

ਗਾਈਐ—1. ਗਾਉਣਾ ਕਰੀਏ । ੩੦੪.੪

2, ਗਾਵਾਂਗੇ, ਗਾਉਣਾ ਕਰਾਂਗੇ । ੫੦੦.੩

ਗਾਏ—ਗਾਉਣ ਦੁਆਰਾ, ਗਾਉਣ ਰਾਹੀਂ, ਦੇਖੋ 'ਗਾਇ' (2) ੪੦੮.੩, ੪੩੯.੪

ਗਾਹਕ—(ਪ੍ਰਾ. ਗਾਹ੍ਹਕ<ਸੰ. ਗ੍ਰਾਹ੍ਹਕ) 1. ਖਰੀਦਦਾਰ, ਖਰੀਦਣ ਵਾਲਾ। ੬੭.੨, ੪੫੪.੧

2. ਪ੍ਰਾਪਤ ਕਰਨ ਵਾਲਾ, ਲੈਣ ਵਾਲਾ। ੭੬.੩

ਗਾਹਕੇ—1. ਗਾਹਕ ਨੂੰ, ਦੇਖੋ 'ਗਾਹਕ'(1) ੧੧੪.੧, ੫੬੨.੩

2. ਦਾ ਗਾਹਕ, ਦਾ ਇਛੁੱਕ। ੫੦੮.੪

ਗਾਗਰਿ—(ਸੰ. ਗਰ੍ਗਰ:) ਘੜਾ, ਮਟਕਾ। ੩੮੮.੩[2]

ਗਾਜਿ—(ਸੰ. ਗਰ੍ਜ:) ਗਜਕੇ, ਚਿੰਘਾੜ ਕੇ। ੫੨੬.੧

ਗਾਜੇ—(ਸੰ. ਗਰ੍ਜੰਨਮ੍) ਗਰਜਦਾ ਹੈ, ਦਹਾੜਦਾ ਹੈ। ੫੩੧.੩

ਗਾਂਠ—(ਪ੍ਰਾ. ਗਾਂਠਿ<ਗ੍ਰਨ੍ਥਿ) ਗੰਢ (ਲਾੜੀ ਲਾੜੇ ਦੇ ਪਲਿਆਂ ਨੂੰ ਬਨ੍ਹਣ ਲਈ)। ੬੨੭.੪

ਗਾਂਠਨੁ—ਗੰਢਾਂ, ਗਠਾਂ (ਬਾਂਸ ਦੀਆਂ) ਦੇਖੋ 'ਗਾਂਠ'। ੩੦੭.੨

ਗਾਂਡਾ (ਸੰ. ਕਾਣ੍ਡ:) ਗੰਨਾ, ਕਮਾਦ, ਇਖ। ੧੦੬.੧

ਗਾਡੀ—(ਸੰ. ਗਰ੍ਤ੍ਤੀ) ਗੱਡੀ, ਜਿਸਨੂੰ ਘੋੜੇ ਜਾਂ ਬਲਦ ਆਦਿ ਖਿਚਦੇ ਹਨ। ੪੦੪.੨

ਗਾਤ)— 1. (ਸੰ. ਗਾਤ੍ਰਮ੍) ਸਰੀਰ, ਦੇਹ। ੧੭੪.੩, ੪੪੧.੨, ੪੩੩.੨,

ਗਾਤਿ) ੪੬੯.੧, ੫੨੦.੩, ੫੬੪.੪, ੫੭੨.੩, ੬੦੫.੩, ੬੨੩.੩, ੬੪੧.੨, ੬੪੪.੩, ੬੬੦.੩/੪੬੯.੧, ੫੦੬.੧, ੫੧੭.੧

2. ਹੈ ਜਾਂਦਾ। ੫੫੭.੨/—

3. ਹਾਲਤ, ਦਸ਼ਾ, ਅਵਸਥਾ। ੬੧੭.੩/—

ਗਾਥ—(ਸੰ. ਗਾਥਾ) ਕਥਨ, ਗਲਬਾਤ। ੬੩੦.੪

ਗਾਥਾ—ਬਚਨ, ਗਲਾਂ, ਦੇਖੋ 'ਗਾਥ'। ੬੩੪.੨

ਗਾਂਧੀ—(ਸੰ. ਗਾਨ੍ਧਿਕ:) ਅਤਾਰ, ਇਤਰ/ਫੁਲੇਲ ਤੇ ਸੁਗੰਧੀਆਂ ਆਦਿ ਵੇਚਣ ਵਾਲਾ। ੬੭੫.੩

ਗਾਨੇ—ਗਾਉਣਾ, ਹੋਰ ਦੇਖੋ 'ਗਾਇਬੋ'। ੨੭੧.੩

ਗਾਯਨ—ਗਾਉਣ ਵਾਲਾ, ਕੀਰਤਨੀਆਂ, ਰਾਗੀ, ਦੇਖੋ 'ਗਾਇਨ' (2)। ੫੬੬.੪

ਗਾਯਬੋ—ਗਾਉਣ ਵਾਲਾ, ਦੇਖੋ 'ਗਾਇਬੋ' ੫੬੦.੪

ਗਾਰ—(ਸੰ. ਗਲ੍) ਗਾਲਕੇ, ਪਿਘਲਾ ਕੇ। ੬੧੪.੨[2]

ਗਾਰਿ)— (ਸੰ. ਗਾਲਿ:) ਗਾਲ੍ਹ, ਅਪਸ਼ਬਦ, ਦੁਰਬਚਨ। ੩੩੧.੪, ੩੬੩.੩, ੪੬੪.੧/

ਗਾਲ) ੪੪.੩

ਗਾਵਈ—ਗਾ ਸਕਦੀ ਹੈ। ੨੭੦.੩

ਗਾਵਹਿ)— 1. ਗਾਉਂਦੇ ਹਨ, ਗਾਇਨ ਕਰਦੇ ਹਨ। ੨.੬/੩੪੧.੨

ਗਾਵਹੀ) 2. ਗਾਉਣਗੇ। —/੩੬੭.੧

ਗਾਵਹੁ—ਗਾਵੋ, ਗਾਇਨ ਕਰੋ। ੬੨੭.੩

ਗਾਵਤ)—1. ਗਾਉਂਦਿਆਂ, ਗਾਇਨ ਕਰਦਿਆਂ ੨੮੩.੨, ੪੨੩.੪, ੫੮੮.੨[2]/—

ਗਾਵੈ)

2. ਗਾਉਂਦਾ ਹਾਂ, ਗਾਇਨ ਕਰਦਾ ਹਾਂ/ਗਾਉਂਦੇ ਹਨ/ਗਾਉਂਦਾ ਹੈ। ੫੦੧.੪, ੫੩੦.੪, ੬੪੭.੩/੧.੬, ੫੬੬.੪, ੫੬੭.੪

3. ਗਾਈਏ, ਗਾਇਨ ਕਰੀਏ। ੬੦੭.੨/—

ਗਿਆਨ—(ਸੰ. ਜ੍ਞਾਨਮ੍) 1. ਬੋਧ, ਸਮਝ, ਇਲਮ, ਜਾਣਕਾਰੀ। ੯.੨[1], ੧੨.੨[2], ੪,

੧੩.੨, ੧੮.੩, ੧੯.੪, ੨੧.੨, ੨੨.੨, ੨੬.੩, ੫੫.੩, ੫੮.੩, ੬੦.੩, ੬੩.੩, ੭੩.੨, ੮੧.੨, ੮੪.੧, ੮੬.੨, ੯੦.੩, ੧੧੫.੩, ੧੩੧.੩, ੧੩੫.੧, ੧੩੭.੪, ੧੩੮.੧, ੨, ੧੩੯.੧, ੧੪੦.੨, ੧੪੨.੨, ੧੪੩.੩, ੧੪੬.੧, ੧੪੮ ੨, ੧੫੧.੪, ੧੫੭.੨, ੧੭੦.੪, ੧੮੮.3, ੧੯੨.੨, ੧੯੩.੩, ੧੯੬.੪, ੧੯੭.੨, ੨੧੧.੩, ੪, ੨੧੪.੨, ੨੨੦.੧, ੨੨੬.੪, ੨੩੧.੪, ੨੪੨.੪, ੨੪੭.੪, ੨੪੮.੩, ੨੪੯.੪, ੨੫੪.੩, ੨੫੭.੧, ੨੬੩.੩, ੨੬੫.੩, ੨੬੮.੨, ੨੬੯.੨, ੨੭੧.੪, ੩੦੧ ੪, ੩੨੮.੧, ੩੩੩.੬, ੩੫੮.੧, ੩੬੫.੨, ੩੬੬.੨, ੪੦੪.੪, ੪੧੨.੨, ੪੨੦.੪, ੪੨੬.੨, ੪੩੧.੪, ੪੩੨.੨, ੪੩੬.੪, ੪੬੬.੨, ੪੮੨.੧, ੪, ੪੮੬.੨, ੪੬੦.੧, ੫੧੦.੪, ੫੧੧.੪, ੫੨੬.੪, ੫੨੬.੩, ੫੩੧.੪, ੫੩੪.੪, ੫੪੦.੩, ੫੫੧.੪

2. ਸ਼ਾਸ਼ਤਰਾਂ ਆਦਿਕ ਦਾ ਬੋਧ । ੪੨.੨[3]

3. ਗੁਰ ਸ਼ਬਦ, ਗੁਰ ਉਪਦੇਸ਼, ਗੁਰੂ ਦੁਆਰਾ ਦਰਸਾਈ ਸੂਝ । ੪੩.੩, ੪੫.੩, ੫੦.੪, ੫੧.੨, ੫੫.੪, ੬੦.੩, ੭੬.੪, ੮੨.੧, ੮੮.੪, ੯੭.੧, ੯੮.੪, ੧੦੬.੪, ੧੪੫.੪, ੧੭੮.੨, ੨੧੪.੪, ੨੭੭.੪, ੨੮੩.੩, ੩੦੫.੪, ੩੧੨.੪, ੩੨੨.੨, ੪੦੬.੪, ੪੧੨.੪, ੪੮੫.੪

4. ਪਰਮਾਤਮ ਗਿਆਨ, ਅਧਿਆਤਮਕ ਸੋਝੀ । ੧੦੨.੪, ੧੧੪.੩, ੧੬੦.੨, ੨੧੫ ੨, ੨੪੩.੩, ੨੭੬.੧, ੨੮੨.੩, ੨੮੭.੪, ੨੬੫.੨, ੩੨੦ ੪, ੩੨੧.੩, ੩੨੨.੪, ੩੬੪.੪, ੪੦੧.੪, ੪੦੫.੪[2], ੫੪੧.੪, ੫੪੨.੩

5. ਗਿਆਨੀ, ਵਿਚਾਰਵਾਨ ' ੧੪੬.੧

6. ਪਰਮਾਤਮਾ, ਪਾਰਬ੍ਰਹਮ । ੫੪੨.੩[2]

ਗਿਆਨ-ਗੋਸਟਿ—(ਸੰ. ਜ੍ਞਾਨਸ੍ + ਗੋਸ਼੍ਠਿ) ਗਿਆਨ ਚਰਚਾ । ੪੮੭.੪

ਗਿਆਨਨ—ਗਿਆਨਾਂ, 'ਗਿਆਨ' ਦਾ ਬਹੁਵਚਨ ਦੇਖੋ 'ਗਿਆਨ' । ੩੭੬.੪

ਗਿਆਨੀ—(ਸੰ. ਜ੍ਞਾਨਿਨ੍) ਗਿਆਨਵਾਨ, ਬੁਧੀਮਾਨ, ਆਲਮ, ਜਾਣਨ ਵਾਲਾ । ੪੮.੩, ੩੨੮.੧

ਗਿਆਨੀਐ—ਗਿਆਨ ਵਾਲੇ ਨੂੰ, ਬੁਧੀਮਾਨ ਨੂੰ, ਦੇਖੋ 'ਗਿਆਨੀ' । ੧੦੪.੪, ੨੪੫.੪

ਗਿਆਨੁ —1 ਬੋਧ, ਸਮਝ, ਦੇਖੋ 'ਗਿਆਨ' (1) । ੩੧੭.੧

2. ਗੁਰਉਪਦੇਸ਼, ਗੁਰਸ਼ਬਦ, ਦੇਖੋ 'ਗਿਆਨ' (3) । ੩੭੬.੪

ਗਿਆਨੇ—ਬੋਧ, ਸਮਝ, ਤੁਕਾਂਤ ਵਿਕਾਰ, ਦੇਖੋ 'ਗਿਆਨ' (1) । ੧੮੧.੩

ਗਿਰ—(ਸੰ. ਗਿਰਿ:) 1. ਪਹਾੜ, ਪਰਬਤ, ਧਰਤਾਂ ਚਟਾਨਾਂ ਆਦਿਕ ਦਾ ਬਹੁਤ ਉੱਚਾ ਟਿੱਲਾ । ੨੩੦.੪, ੨੫੫.੨, ੫੪੩.੩

2. ਗਿਰਨਾ, ਡਿਗਣਾ, ਭਾਵ ਝੜਨਾ । ੪੯੭.੧

ਗਿਰਗਟ—ਕੋਜ਼ੂ ਕਿਰਲਾ, ਗਲਗਚਿ, ਛਿਪਕਲੀ ਦੀ ਨਸਲ ਦਾ ਇਕ ਜਾਨਵਰ ਜੋ ਕਦੀ ਰੰਗ ਬਦਲਦਾ ਰਹਿੰਦਾ ਹੈ । ੪੬੦.੧

ਗਿਰਤ—(ਸੰ. ਗਲਨਮ੍) 1. ਗਿਰਨਾ, ਚੋਣਾ । ੪੧੯.੩

2. ਡਿਗਣਾ, ਥੱਲੇ ਆਉਣਾ । ੪੭੩.੧

ਗਿਰਧਰ —(ਸੰ. ਗਿਰਿ + ਧਰ) ਕ੍ਰਿਸ਼ਨ ਜੀ ਜਿਨ੍ਹਾਂ ਨੇ ਬਿੰਦ੍ਰਾਬਨ ਦੇ ਗੋਵਰਧਨ ਪਰਬਤ ਨੂੰ ਚੁਕਿਆ ਸੀ । ੬੭੧.੧

ਗਿਰਵਰ—(ਸੰ. ਗਿਰਿ + ਵਰ) ਉਤਮ ਪਹਾੜ, ਸੁੰਦਰ ਪਰਬਤ । ੪੧੬.੩

ਗਿਰਵਰਧਰ—ਕ੍ਰਿਸ਼ਨ ਜੀ, ਹੋਰ ਦੇਖੋ 'ਗਿਰਧਰ' । ੫੫੬.੧

ਗਿਰਿ—ਡਿਗਣਾ, ਗਿਰਨਾ, ਹੋਰ ਦੇਖੋ 'ਗਿਰਤ' (2) । ੬੫.੨

ਗਿਰੇ—ਡਿਗੇ ਹੋਏ, ਝੜੇ ਹੋਏ, ਦੇਖੋ 'ਗਿਰਤ' (2) । ੫੬੨.੧

ਗਿਰੇ—ਗਿਰਦਾ, ਡਿਗਦਾ, ਥਲੇ ਆਉਂਦਾ, ਹੋਰ ਦੇਖੋ 'ਗਿਰਤ' (2) । ੬੧੬.੩

ਗੀਤ—(ਸੰ. ਗੀਤਿ:) ਗਾਣਾ, ਗਾਉਣ, ਗਾਏ ਜਾਣ ਵਾਲੇ ਛੰਦ ਆਦਿ । ੩੮੨.੧

ਗੀਤਾ—(ਸੰ. ਗੀਤਾ) ਗੀਤਾਂ ਦੀ ਪੁਸਤਕ, ਗੁਰੂ ਤੇ ਵਿਦਿਆਰਥੀ ਦੇ ਸੰਵਾਦ ਰੂਪ ਵਿਚ ਅਧਿਆਤਮਕ ਤੱਤਵਾਂ ਤੇ ਸਿਧਾਂਤਾਂ ਦਾ ਪ੍ਰਤਿਪਾਦਨ ਕਰਨ ਵਾਲਾ ਗ੍ਰੰਥ ਜਿਵੇਂ ਸ਼ਿਵ ਗੀਤਾ, ਰਾਮ ਗੀਤਾ, ਭਗਵਤ ਗੀਤਾ ਆਦਿ । ੪੪੭.੧, ੫੪੦.੧

ਗੁਆਰ—(ਪ੍ਰਾ. ਗੋਵਾਲ < ਸੰ. ਗੋਪਾਲ:) ਗੁਆਲਾ, ਗਊਆਂ ਪਾਲਣ ਵਾਲਾ । ੪੧੮.੧

ਗੁਹਜ)— (ਸੰ. ਗੁਹ੍ਯ) 1. ਗੁਪਤ, ਅਪ੍ਰਗਟ, ਜਿਸ ਨੂੰ ਵੇਖਿਆ ਨਾ ਜਾ ਸਕੇ । ੧੪੭.੨/

ਗੁਹਜੁ) ੨੯੧.੨

2. ਗੁਝ, ਜਿਸਦਾ ਸਮਝਣਾ ਔਖਾ ਹੋਵੇ । ੩੦੫.੪/—

ਗੁਹਾਰ—(ਸੰ. ਗੋ+ਹਾਰ) ਗਊ ਹਰਣ ਵਾਲਿਆਂ ਪਿਛੇ ਖੋਜ ਲੈਣ ਵਾਲੀ ਲੱਕਾਂ ਦੀ ਭੀੜ । ੧੬੭.੨

ਗੁੰਗ)— (ਫ਼ਾ. ਗੁੰਗ) ਗੂੰਗਾ, ਜੋ ਬੋਲ ਨ ਸਕੇ । ੨੬੪.੩, ੩੧੪.੪, ੩੧੫.੧, ੨[3], **ਗੁੰਗਾ**) ੩, ੩੫੨.੨, ੪੩੨.੩, ੪੭੪.੩[2]/੪੭੫.੩

ਗੁੰਜਤ—(ਸੰ. ਗੁञ्जनम्) ਗੁੰਜਾਰ, ਝਨਕਾਰ, ਭਿੰਨੀ ਭਿੰਨੀ ਆਵਾਜ਼ । ੩੩੫.੨

ਗੁੰਜਾਫਲ)— (ਸੰ. ਗुञ्जा) ਰੱਤੀ, ਗੁੰਜਾ ਨਾਂ ਦੀ ਇਕ ਛੋਟੀ ਜਿਹੀ ਝਾੜੀ ਦਾ ਲਾਲ **ਗੁੰਜਾਫਲੁ**) ਸਿਰੇ ਵਾਲਾ ਛੋਟਾ ਜਿਹਾ ਫਲ ਜਿਸ ਨੂੰ ਸੁਨਾਰ ਆਦਿ ਤੋਲ ਵਜੋਂ ਵਰਤਦੇ ਹਨ । ੩੮੩.੪/੩੮੬.੨

ਗੁੰਜਾਰ—ਗੁੰਜਣਾ, ਭਿੰਨ ਭਿੰਨਾਉਣਾ, ਘੁੰ ਘੁੰ ਦੀ ਆਵਾਜ਼ ਪੈਦਾ ਕਰਨਾ, ਹੋਰ ਦੇਖੋ 'ਗੁੰਜਤ' । ੩੬੭.੨, ੬੦੬.੧

ਗੁੰਜਾਰਤ—ਗੁੰਜਦੇ ਹੋਏ, ਦੇਖੋ 'ਗੁੰਜਤ' । ੫੬੭.੩

ਗੁਟਕਾ—(ਸੰ. ਗੁटिका) ਗੋਲੀ, ਵੱਟੀ, ਛੋਟੇ ਆਕਾਰ ਦੀ ਵੱਟ ਕੇ ਬਣਾਈ ਗੋਲੀ। ੪੬੯.੩

ਗੁਠਲੀ—(ਪ੍ਰਾ. ਗੁਡਿਆ < ਸੰ. ਗुटिका) ਗਿਟਕ, ਫਲ ਦੇ ਅੰਦਰ ਦਾ ਸਖ਼ਤ ਬੀਜ । ੧੦੬.੨

ਗੁਡੀ)— ਪਤੰਗ, ਪਤਲੇ ਕਾਗਜ਼ ਦਾ ਬਣਿਆ ਖਿਡੌਣਾ ਜਿਸ ਨੂੰ ਡੋਰ ਬਨ੍ਹ ਕੇ ਬੱਚੇ **ਗੁਡੀਆ**) ਉਡਾਉਂਦੇ ਹਨ । ੬੫.੧, ੪੭੮.੩/੬੫.੧

ਗੁਨ—(ਸੰ. ਗੁण.) 1. ਸਿਫ਼ਤ, ਸ਼ਲਾਘਾ, ਉਸਤਤੀ । ੨.੬, ੪੦੮.੩, ੪੨੦.੨, ੪੬੬.੨, ੪੬੬.੨, ੬੦੨.੧. ੬੨੦.੨

2. ਸਗੁਣ, ਉੱਤਮ ਵਿਸ਼ੇਸ਼ਤਾਵਾਂ, ਸਦਗੁਣ । ੬.੭, ੭੬.੩, ੨੦੬.੨, ੨੨੦.੧, ੩੪੫.੨, ੩੫੮.੧, ੩੮੧.੪, ੪੨੫.੪, ੪੩੧.੪, ੪੬੧.੪, ੫੮੩.੧, ੬੧੧.੧, ੬੧੨.੨, ੬੨੧.੩. ੬੩੦.੪, ੬੪੯.੨

3. ਗੁਣ, ਸੁਭਾ, ਆਦਤ । ੨੩.੩, ੪੨੬.੧

4. ਗੁਣ, ਵਿਸ਼ੇਸ਼ਤਾ/ਵਿਸ਼ੇਸ਼ਤਾਵਾਂ । ੧੨੩.੪, ੧੫੭.੩, ੨੬੫.੩, ੩੯੭.੧, ੫੧੧.੪, ੫੧੬.੧, ੬੦੦.੨, ੬੫੦.੨[2], ੬੫੫.੨

5. ਗੁਣਾਂ, ਸੰਖਿਆਵਾਚੀ ਸ਼ਬਦਾਂ ਦੇ ਅੰਤ ਤੇ ਲਗਕੇ ਉਨ੍ਹਾਂ ਦੀ ਗਿਣਤੀ ਦੀ ਸੂਚਨਾ ਦਾ ਸੰਕੇਤ । ੧੩੧.੪, ੬੫੪.੩

6. ਭਲਾ, ਨੇਕੀ । ੩੨੬.੪, ੫੦੪.੪[3]

SIKHBOOKCLUB.COM

7. ਲਾਭ, ਫ਼ਾਇਦਾ । ५१६.२

ਗੁਨ ਸਾਗਰ—(ਸੰ. ਗੁਣ:+ਸਮੁਦ्र:) ਗੁਣਾਂ ਦੇ ਸਮੁੰਦਰ । ५२८.४

ਗੁਨ ਨਿਧਾਨ—(ਸੰ. ਗੁਣ:+ਨਿਧਾਨਮ्) ਗੁਣਾਂ ਦੇ ਖਜ਼ਾਨੇ, ਗੁਣਾਂ ਦੇ ਭੰਡਾਰ । ४२०.२, ६०२.१

ਗੁਨਨਿਧਿ—(ਸੰ. ਗੁਣ:+ਨਿਧਿ:) ਗੁਣਾਂ ਦੇ ਭੰਡਾਰ, ਗੁਣਾਂ ਦੇ ਖਜ਼ਾਨੇ । २०६.२, ४६६.२, ५११.४

ਗੁਨਨੁ—ਸਦ ਗੁਣ, ਸਗੁਣ, ਗੁਣ ਦਾ ਬਹੁਵਚਨ, ਦੇਖੋ 'ਗਣ' (2) । ११८.१, ११६.१, ३०२.३

ਗੁਨਾਉ—ਲਾਭ, ਫਲ, ਮਹੱਤਵ ਦੇਖੋ 'ਗਨ' (7) । ३७७.१, २, ३, ४

ਗੁਨਾਦਿ—ਗੁਣ ਆਦਿਕ, ਭਾਵ ਉਤਮ ਵਿਸ਼ੇਸ਼ਤਾਵਾਂ, ਹੋਰ ਦੇਖੋ ਗੁਨ (2) । ३६६.३

ਗੁਨੀ—ਗੁਣਾਂ, ਹੋਰ ਦੇਖੋ 'ਗੁਨ' (6) । ६५३.४

ਗੁਨੀਨ—(ਸੰ. ਗੁਣਿਨ्) ਗੁਣਾਂ ਵਾਲਾ, ਗੁਣੀ, ਗੁਣਯੁਕਤ । ५६६.२

ਗੁਨੁ—(ਸੰ. ਗੁਣ:) 1. ਰੱਸੀ, ਲੱਜ, ਖੂਹ ਵਿਚੋਂ ਪਾਣੀ ਕੱਢਣ ਵਾਲੀ ਲੰਬੀ ਰੱਸੀ । ४५१.२

2. ਸਗੁਣ, ਦੇਖੋ ਗੁਨ (2) । ५४७.३

ਗੁਨੋ—ਗੁਣਾਂ, ਹੋਰ ਦੇਖੋ 'ਗੁਣ' (6) । १२१.१, ६६४.३

ਗੁਪਤ—(ਸੰ. ਗੁप्त) ਅਪ੍ਰਗਟ, ਗੁੱਝਾ, ਛਿਪਿਆ ਹੋਇਆ । ६१.२, ६६.४, १३२.४, ३४२.२, ३६३.४, ४११.४

ਗੁਫਾ—(ਸੰ. ਗੁहा) ਕੰਦਰਾ, ਪਹਾੜ ਦੀ ਖੋਹ, ਪਹਾੜਾਂ ਆਦਿ ਵਿਚ ਜਾਨਵਰਾਂ ਆਦਿ ਦੇ ਛਿਪਣ ਜਾਂ ਓਟ ਲੈਣ ਲਈ ਬਣੇ ਕੁਦਰਤੀ ਸਥਾਨ । २२४.३

ਗੁਰ—(ਸੰ. ਗੁरू) 1. ਵਡਾ, ਮਹਾਨ । २१.३

2. ਸਿਖ ਧਰਮ ਦੇ ਸੰਚਾਲਕ ਗੁਰੂ । ३.६, ५.१, ३, ८, ६.१, ८², ७.६, ७

3. ਧਰਮ ਉਪਦੇਸ਼ਕ, ਅਗਿਆਨ ਦਾ ਨਾਸ਼ ਕਰਨ ਵਾਲਾ ਰੱਬ-ਗਿਆਨ ਦਾਤਾ । ६.१, ३, ७.२, ४, ११.१, १५.३, १७.२², २१.४, २२.१, २६.१, २८.१, २९.१, ३२.२, ४, ३६.१, २², ३, ३७.१, ३८.१, ४५.१, ४७.३, ५०.१, २, ३, ४, ५१.३, ५४.२, ४², ५५.१, २, ३², ५६.४², ५७.२, ३, ५८.१, ३, ६१.३, ६१.४, ६३.१, २, ६६.४, ७८.१, ७९.४, ८२.२, ८५.१, ८६.४, ९१.१, २, ९७.१, २, ९९.१, १०१ ४², १०२.४, १०३.१, ४, १०६.१, १०८.४, १०९.४, ११०.४, १११.१, २, ३, ११४.३, ११८.४, १२०.४, १२१.४, १३५.१², २², ३², १३७.४, १३८.२, १३९.४, १४१.४, १४५.४, १४८.४, १४९.४, १५०.२, १५२.४, १६५.१, १६६ ४, १७१.१, १७८.२, १८२.४, १८६.४, १८९.१, १९१.१, १९५.३, ४, १९९.३, २१४.१, २, २१५.२, २१६.२, ३, ४, २१७.४, २१८.१, २२१.४, २२५.१, २२६.४, २३३.४, २४१.४, २४३.३, २४४.४, २४९.१, २५५.४, २६०.२, ३. २६१.१, ३, २६२.१, २६८.१, २७०.४, २७६.१, २७७.१, ४, २८१.१, ४, २८३.१, २९२.४, २९५.२, ३००.४, ३०५.४, ३०७.४, ३१९.२, ३, ३२०.४, ३२२.१, २, ३३५.१, ३३६.१, ३३७.४, ३४९.४, ३५४.४, ३५५.४, ३५७.४, ३६३ ४, ३६४.४, ३६९.४, ३७३.४, ३७४.४, ३७६.४, ३७७.४, ३७९.४, ३८०.४, ४०२.४, ४०९.४, ४१२.४,

੪੧੩,੪, ੪੧੮.੪, ੪੨੭.੧, ੪੨੮.੪, ੪੩੦.੪, ੪੩੯.੪, ੪੫੧ ੪, ੪੬੪.੪, ੪੭੩.੪, ੪੮੫.੪, ੪੯੪.੪, ੪੯੯.੧, ੫੦੫.੪, ੫੦੭.੪, ੫੦੮.੧, ੫੧੧.੪, ੫੧੫.੪, ੫੧੬.੪[2], ੫੧੮.੪, ੫੨੧.੨, ੫੩੫.੪, ੫੩੬.੪, ੫੩੮.੪, ੫੪੧ ੨, ੪, ੫੪੨.੪[2], ੫੪੩.੪, ੫੪੭.੪, ੫੫੧.੩, ੫੫੩.੪[2], ੫੫੭.੪, ੫੫੮.੪, ੫੬੬.੪, ੫੮੪.੪, ੫੮੬.੪, ੬੦੦.੪, ੬੦੩.੪, ੬੦੭.੪, ੬੦੬.੪, ੬੧੩.੧, ੬੧੪.੪, ੬੨੮.੨, ੪, ੬੩੧.੪, ੪੩੫.੪, ੬੩੮ ੪, ੬੩੬.੪, ੬੭੨.੩, ੬੭੪.੪

4. (ਸੰ. गुड:) ਗੁੜ, ਗੰਨੇ ਦੇ ਰਸ ਨੂੰ ਕਾੜ੍ਹ ਕੇ ਬਣਾਈਆਂ ਹੋਈਆਂ ਭੇਲੀਆਂ। ੪੮.੩, ੨੭੩.੨

ਗੁਰਉਪਦੇਸ—(ਸੰ. गुरु+उपदेश:) ਗੁਰੂ ਦਾ ਉਪਦੇਸ਼, ਗੁਰ ਸਿੱਖਿਆ। ੨੩੪.੪

ਗੁਰਈ—ਗੁਰੂ ਨੂੰ, ਗੁਰੂ ਤਾਈਂ, ਦੇਖੋ 'ਗੁਰ'(3) ੧੪੪.੧

ਗੁਰਸਬਦ ਗੁਰਸਬਦੁ)— (ਸੰ. गुरु+शब्द:) ਗੁਰਵਾਕ, ਗੁਰਬਾਣੀ, ਗੁਰਉਪਦੇਸ਼। ੩੬.੩, ੬੧.੩, ੧੪੬.੪, ੨੬੮.੨, ੨੮੩.੩, ੩੪੦.੨, ੪੪੦.੪, ੪੪੬.੨, ੪੬੬.੨, ੫੩੩.੪, ੫੪੦.੪, ੫੬੫.੪, ੫੬੬.੫, ੫੭੦.੪, ੫੮੫.੪, ੬੧੧.੪/੫੦੮.੨, ੫੩੦.੪, ੫੮੮.੪.

ਗੁਰ ਸਾਗਰ—(ਸੰ. गुरु+सागर:) ਸਾਗਰ ਸਮਾਨ ਗੁਰੂ। ੫੨੫.੪

ਗੁਰਸਿਖ—(ਸੰ. गुरु+शिष्य:) 1. ਸ਼ਤਿਗੁਰੂ ਦਾ ਸਿੱਖ, ਭਾਵ ਸਿਖ ਧਰਮ ਦਾ ਅਨੁਯਾਈ। ੨੧.੪, ੩੬.੪, ੩੭.੨, ੩੮.੨, ੫੭.੧, ੬੬.੪, ੭੩.੧, ੨, ੩, ੪, ੭੮.੧, ੮੪.੪[3] ੮੫.੩, ੮੮.੧, ੯੧.੧, ੯੪.੧, ੧੦੦.੪, ੧੦੧.੪, ੧੦੯.੪, ੧੧੯.੪, ੧੨੦.੪, ੧੨੧.੪, ੧੩੫.੪, ੧੪੪.੩, ੧੪੯.੧, ੨[2], ੩[3], ੪, ੧੫੧.੨, ੧੬੭.੪, ੧੮੭.੪, ੧੮੮.੪, ੧੯੨.੧, ੧੯੩.੧[3], ੧੯੪.੧, ੧੯੫.੧[2], ੪, ੧੯੭.੪, ੨੬੦.੧, ੨੬੩.੧, ੨੮੪.੧, ੩੦੮.੪, ੩੦੯.੧, ੩੧੬.੩, ੩੧੭.੪, ੩੧੮.੪, ੩੨੩.੪, ੩੨੪.੪, ੩੪੧.੧, ੪, ੩੪੩.੩, ੩੫੧.੪, ੩੬੦.੪, ੩੬੧.੪, ੩੬੨.੪, ੩੭੧.੪, ੩੯੩.੪, ੩੯੫.੪, ੪੪੧.੪, ੪੪੨.੪, ੪੪੮.੧, ੪੪੯.੧, ੪੬੩.੪, ੪੬੪.੪[3], ੪੬੭.੪, ੪੭੭.੪, ੪੯੭.੪, ੫੧੪.੪, ੫੧੮.੪, ੫੫੧.੧, ੫੫੯.੪, ੫੬੨.੪, ੫੬੩.੪, ੫੬੮.੪, ੬੧੩.੩, ੬੭੩.੧

2. ਗੁਰਸਿੱਖਿਆ, ਸ਼ਤਿਗੁਰੂ ਦਾ ਉਪਦੇਸ਼। ੧੪੪.੩, ੧੪੯.੧[2], ੨[2], ੩, ੪

ਗੁਰਸਿਖਨ—1. ਗੁਰਸਿੱਖਾਂ ਨੂੰ, ਗੁਰਸਿੱਖਾਂ ਤਾਈਂ' ਦੇਖੋ 'ਗੁਰਸਿੱਖ'। ੩੫.੨, ੩, ੪, ੪੫੫.੪

2. ਗੁਰਸਿੱਖ ਦਾ ਬਹੁਵਚਨ, ਗੁਰਸਿੱਖਾਂ। ੩੭੩.੪, ੩੭੮.੪, ੩੮੪.੪, ੩੮੫.੪, ੪੮੨.੪, ੪੮੩.੪, ੫੪੩.੪

3. ਗੁਰਸਿੱਖਾਂ ਦਾ। ੩੯੦.੪

ਗੁਰਗਯਾਨ ਗੁਰਗਿਆਨ ਗੁਰਗਿਆਨੁ ਗੁਰਗਿਆਨੇ)— (ਸੰ. गुरु+ज्ञानम्) ਗੁਰੂ ਦਾ ਗਿਆਨ, ਗੁਰੂ ਦਾ ਉਪਦੇਸ਼। ੫੮੬.੩, ੫੯੯.੪, ੬੦੬.੪, ੬੨੮.੨/੫.੬, ੪੫.੨, ੫੭.੪, ੫੯.੨, ੬੦.੧, ੬੧.੩, ੬੨.੧, ੬੪.੩, ੧੫੯.੩, ੨੭੨.੧, ੩੧੩.੪, ੩੨੭.੨, ੩੫੯.੪, ੩੬੬.੪, ੩੬੭.੪, ੩੬੯.੪, ੪੧੫.੪, ੫੩੭.੪, ੫੪੨.੩/੨੦੮.੨/੨੬.੨

ਗੁਰ ਗੁਰੂ—ਗੁਰੂਆਂ ਦੇ ਗੁਰੂ, ਮਹਾਨ ਗੁਰੂ, ਦੇਖੋ 'ਗੁਰ'(1) ੫.੬

ਗੁਰਚਰਨ)— (ਸੰ. ਗੁਰੂ+ਚਰਣ:) ਗੁਰੂ ਦੇ ਚਰਨ, ਗੁਰੂ ਦੇ ਪਦ, ਗੁਰੂ ਦੇ ਪੈਰ, ਭਾਵ
ਗੁਰਚਰਨਿ) ਗੁਰੂ ਦੀ ਸ਼ਰਣ। ੧੭.੧, ੪੪.੪, ੫੮.੨, ੬੯.੪, ੭੨.੧², ੨, ੩, ੪, ੧੨੦.੪, ੧੭੯.੩, ੧੯੨.੪, ੨੧੭.੧, ੨੪੯.੪, ੨੮੭.੩, ੩੧੧ ੪, ੩੫੮.੪, ੩੬੬.੪, ੪੦੪.੪, ੪੧੬.੪, ੪੧੭.੪, ੪੨੧.੪, ੪੩੩.੪, ੪੩੮.੪, ੪੬੯.੧, ੩, ੫੦੨.੪, ੫੧੫.੪, ੫੧੯.੪, ੫੨੦.੪, ੫੮੩.੪, ੬੨੮.੧/੩੭੭.੪, ੩੬੨.੪, ੪੧੯.੪, ੫੩੮.੪

2. ਗੁਰੂ ਦੇ ਚਰਨ (ਸਰੀਰ ਸੰਗਤ ਰਪੀ)। ੫੧੫.੪, ੫੨੦.੪

ਗੁਰਜਨ—(ਸੰ. ਗੁਰੂਜਨ:) 1. ਸਿਖ ਧਰਮ ਦੇ ਸੰਚਾਲਕ ਗੁਰੂ, ਗੁਰੂ ਵਿਅਕਤੀ। ੬.੭

2. ਬਜ਼ੁਰਗ, ਪਰਿਵਾਰ ਦੇ ਵਧੇਰੇ ਸਤਿਕਾਰ ਯੋਗ ਵਿਅਕਤੀ। ੪੧.੧, ੧੧੬.੨, ੧੬੪.੧, ੩੬੫.੩, ੪੧੪.੩, ੪੩੩.੧, ੪੮੩.੨, ੫੬੯.੨, ੬੦੫.੨

ਗੁਰਦਰਸ—(ਸੰ. ਗੁਰੂ+ਦਰ੍ਸ:) ਗੁਰੂ ਦੇ ਦਰਸ਼ਨ, ਗੁਰੂ ਦੇ ਸਰੂਪ ਦੇ ਦੀਦਾਰ। ੫੪੨.੪

ਗੁਰਦਾਸ—(ਸੰ. ਗੁਰੂ+ਦਾਸ:) ਗੁਰੂ ਦਾ ਦਾਸ, ਗੁਰੂ ਦਾ ਸੇਵਕ। ੧੮੬.੪, ੧੬੦.੪, ੧੬੧.੧, ੫੫੧.੩

ਗੁਰਦਾਸਨ—ਗੁਰੂ ਦੇ ਦਾਸ, ਗੁਰੂ ਦੇ ਸੇਵਕ, ਗੁਰਦਾਸ ਦਾ ਬਹੁਵਚਨ, ਦੇਖੋ 'ਗੁਰਦਾਸ'। ੧੬੧.੧

ਗੁਰਦਾਸੁ— ਗੁਰੂ ਦਾ ਸੇਵਕ, ਦੇਖੋ 'ਗੁਰਦਾਸ'। ੧੦੬.੧, ੧੦੭.੧, ੧੦੮.੧

ਗੁਰਦੁਆਰ)— (ਸੰ. ਗੁਰੂ+ਦ੍ਵਾਰ੍) ਗੁਰੂ ਦਾ ਦਰ, ਗੁਰੂ ਦਾ ਘਰ, ਸਿੱਖ ਧਰਮ ਦਾ
ਗੁਰਦੁਆਰਿ) ਧਾਰਮਿਕ ਅਸਥਾਨ। ੬੭.੩/੧੧੮.੪

ਗੁਰਦੁਆਰੈ—ਗੁਰਦੁਆਰੇ, ਭਾਵ ਗੁਰਦੁਆਰੇ ਵਿਚ, ਦੇਖੋ 'ਗੁਰਦੁਆਰ'। ੫੪੪.੪

ਗੁਰਦੇਵ—(ਸੰ ਗੁਰੂ+ਦੇਵ:) ਸਤਿਗੁਰੂ, ਦੇਵ ਰੂਪ ਸਤਿਗੁਰੂ। ੧੭.੪, ੧੨੬.੩, ੧੪੩.੪, ੩੩੦.੪, ੩੪੪.੪, ੪੪੩.੪, ੪੪੫.੪, ੪੫੫.੪, ੪੫੭.੪, ੪੬੦.੪, ੪੬੫.੪, ੪੬੮.੪, ੪੭੦.੪, ੪੭੬ ੪, ੪੭੯.੩, ੪, ੪੮੬.੧, ੪੮੭.੧, ੪੯੨ ੪, ੫੪੫.੪, ੫੫੪.੪, ੬੧੨.੪

ਗੁਰਦੇਵਾ—ਗੁਰਦੇਵ ਨੂੰ, ਦੇਖੋ 'ਗੁਰਦੇਵ'। ੮.੮

ਗੁਰਧਿਆਨ—(ਸੰ. ਗੁਰੂ+ਧ੍ਯਾਨਮ੍) ਗੁਰ ਚਿੰਤਨ, ਗੁਰਸਿਮਰਨ। ੫੪੨.੪

ਗੁਰਪੁਰਬ—(ਸੰ. ਗੁਰੂ+ਪਰ੍ਵਨ੍) ਗੁਰੂ ਦਾ ਉਤਸਵ, ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਦਿਨ-ਦਿਹਾੜੇ। ੩੦੬.੩

ਗੁਰਬਾਨੀ—(ਸੰ. ਗੁਰੂ+ਵਾਣੀ) ਸਿੱਖ ਗੁਰੂ ਸਾਹਿਬਾਨ ਦੁਆਰਾ ਰਚੀ ਬਾਣੀ। ੫੪੬.੪, ੫੬੨.੪, ੫੬੦.੪

ਗੁਰਬਾਨੀਐ—ਗੁਰਬਾਣੀ ਨੂੰ, ਦੇਖੋ 'ਗੁਰਬਾਨੀ'। ੫੦੧.੪

ਗੁਰਭਾਈ—(ਸੰ. ਗੁਰੂ+ਭ੍ਰਾਤ੍ਰ) ਇਕ ਹੀ ਗੁਰੂ ਦੇ ਵਿਦਿਆਰਥੀ ਸਿੱਖ ਹੋਣ ਕਰਕੇ ਭਰਾ। ੧੦੩.੨, ੩੦੭ ੪

ਗੁਰਮਤਿ—(ਸੰ. ਗੁਰੂ+ਸਤਿ:) ਗੁਰੂ ਦੀ ਮਤਿ, ਗੁਰੂ ਦਾ ਗਿਆਨ, ਸਤਿਗੁਰੂ ਦਾ ਸਿਧਾਂਤ, ਸਤਿਗੁਰੂ ਦੀ ਸਿੱਖਿਆ। ੧੩.੪, ੨੪.੧, ੨, ੩, ੪, ੨੫.੧², ੨², ੩², ੪², ੨੬.੧, ੨, ੩, ੪, ੨੭.੧², ੨², ੩, ੪, ੩੪.੧, ੪੨.੨, ੪੩.੨, ੪੫.੩, ੪੬.੨, ੬੮.੨, ੭੦.੪, ੭੭.੨, ੯੫.੪, ੧੨੯.੪, ੧੩੬.੪, ੧੩੮.੩, ੧੩੯.੨, ੧੫੭.੩, ੧੬੦.੪, ੧੬੨ ੪, ੧੬੩.੪, ੧੬੪.੪, ੧੬੫.੧, ੪, ੧੭੫.੪, ੧੭੬.੧, ੨, ੩, ੪, ੧੭੭.੧, ੧੮੧.੨, ੧੮੯.੪, ੧੯੦.੪, ੨੦੬.੩², ੨੨੬.੯, ੨੨੭.੧, ੨੩੮.੪, ੨੭੭.੪, ੨੭੮.੨, ੨੮੧.੨, ੨੮੬.੪, ੨੮੭.੨, ੨੯੫.੧, ੨੯੬.੪, ੨੯੭.੪, ੨੯੮.੧, ੨੯੯.੪,

੩੧੬.੪, ੩੩੩.੧, ੩੪੦.੩, ੪੮੮.੧, ੪੯੦.੪, ੪੯੩.੧, ੪੯੬.੪, ੬੧੩.੩, ੬੩੦.੪

ਗੁਰਮੰਤ੍ਰ—ਗੁਰੂ ਦੀ ਬੀਜ ਰੂਪ ਆਤਮਿਕ ਸਿੱਖਿਆ, ਗੁਰੂ ਦਾ ਉਹ ਸੂਤਰ ਰੂਪ ਵਾਕ ਜੋ ਗੁਰ-ਦੀਖਿਆ ਵੇਲੇ ਦ੍ਰਿੜ੍ਹ ਕਰਾਇਆ ਜਾਂਦਾ ਹੈ । ੧੭.੩, ੫੪੧.੩, ੬੧੩.੧

ਗੁਰਮਾਰਗ—(ਸੰ. ਗੁਰੂ+ਮਾਰ੍ਗ:) ਗੁਰੂ ਦਾ ਦਸਿਆ ਮਾਰਗ ਭਾਵ ਸਤਿਗੁਰੂ ਦੇ ਗਿਆਨ ਦਾ ਰਸਤਾ । ੪੩੪.੪

ਗੁਰਮੁਖ)— (ਸੰ. ਗੁਰੂ+ਮੁਖਸ੍) ਜੋ ਹਮੇਸ਼ਾਂ ਸਤਿਗੁਰੂ ਦੇ ਸਨਮੁਖ ਰਹੇ, ਭਾਵ ਜੋ
ਗੁਰਮੁਖਿ) ਗੁਰਬਾਣੀ ਅਤੇ ਗੁਰਸਿਧਾਂਤਾਂ ਅਨੁਸਾਰ ਜੀਵਨ ਬਸਰ ਕਰੇ । ੪੫.੪, ੫੦.੪, ੫੪.੨, ੬੦.੪, ੭੯.੪, ੮੯.੪, ੧੧੯.੪, ੧੮੫.੪, ੧੯੩.੪, ੨੪੩.੪, ੩੨੨.੧, ੪੧੨.੪, ੪੫੮.੪, ੪੭੧.੪, ੪੭੮.੪, ੪੯੦.੪, ੬੦੫.੪/੪.੭, ੫.੧, ੨[2], ੩, ੪[2], ੫[2], ੮[2], ੬.੭, ੭.੫, ੧੦.੧, ੧੫.੧, ੨, ੩, ੪, ੧੯.੧, ੨, ੩, ੪, ੨੦.੧, ੨, ੩, ੪, ੨੨.੨, ੩੩.੪, ੩੭.੪, ੩੮.੪, ੩੯.੪, ੪੦.੪, ੪੧.੪, ੪੨.੧, ੩, ੪੩.੩, ੪੪.੪, ੪੮.੪, ੫੦.੧, ੨, ੩, ੫੧.੧, ੨, ੪, ੫੨.੧, ੫੩.੧, ੫੪.੩[3], ੫੭.੧, ੫੮.੧, ੪, ੬੩.੩, ੬੪.੧, ੬੭.੧, ੭੫.੪,੮੪.੨, ੮੯.੧, ੯੦.੧, ੯੧.੧, ੧੧੭.੪, ੧੨੭.੧, ੨, ੩, ੪[2], ੧੩੭.੧, ੧੪੭.੪, ੧੪੮.੧, ੨, ੧੫੧.੧, ੧੫੨.੧[2], ੨, ੩, ੪[2], ੧੫੪.੪, ੧੬੧.੪, ੧੬੫.੪, ੧੬੯.੧, ੧੭੮.੨, ੧੮੧.੧, ੧੮੨.੧, ੧੯੦.੧, ੧੯੮.੪, ੧੯੯.੩, ੪, ੨੪੫.੪, ੨੫੦.੪, ੨੫੧.੧, ੨੫੩.੪, ੨੫੪.੧, ੨੫੭.੧, ੨੫੯.੧, ੨੬੧.੧, ੨੬੪.੪, ੨੬੭.੪, ੨੭੨.੪, ੨੭੫.੪, ੨੭੮.੪, ੨੮੦.੧, ੨੮੨.੧[3], ੨, ੨੮੫.੧, ੨੮੭.੪, ੩੨੭.੪, ੩੪੩.੨, ੪[2], ੪੧੦.੪, ੪੧੧.੪, ੪੧੪.੪, ੪੮੮.੩, ੪, ੪੮੯.੪, ੪੯੩.੪

ਗੁਰਮੂਰਤਿ – (ਸੰ. ਗੁਰੂ+ਮੂਰ੍ਤਿ:) ਸਤਿਗੁਰੂ ਦਾ ਸਰੂਪ ਭਾਵ ਗੁਰੂ ਦਾ ਸ਼ਬਦ ਸਰੂਪ । ੨੨.੧, ੩੯੫.੪

ਗੁਰੁ—ਸਤਿਗੁਰੂ, ਹੋਰ ਦੇਖੋ 'ਗੁਰ' (3) । ੩੧.੪, ੫੮.੩, ੨੬੭.੨

ਗੁਰੁਗਿਆਨ - ਗੁਰੂ ਦਾ ਗਿਆਨ, ਹੋਰ ਦੇਖੋ 'ਗੁਰਗਯਾਨ' । ੫.੬, ੫੮.੩

ਗੁਰੁਚਰਨਿ—ਗੁਰੂ ਦੇ ਚਰਨ, ਹੋਰ ਦੇਖੋ 'ਗੁਰਚਰਨ'(1) । ੧੨੦.੪

ਗੁਰੂ—ਸਤਿਗੁਰੂ, ਹੋਰ ਦੇਖੋ 'ਗੁਰ'(3) । ੬੨੧.੩

ਗੁਰੂਮੁਖ—(ਸੰ. ਗੁਰੂ+ਮੁਖਸ੍) ਗੁਰੂ ਦਾ ਮੁਖ, ਸਤਿਗੁਰੂ ਦਾ ਮੂੰਹ । ੪੨੨.੪

ਗੁੜ—(ਸੰ. ਗੁਡ:) ਗੰਨੇ ਦੇ ਰਸ ਨੂੰ ਕਾੜ੍ਹ ਕੇ ਬਣਾਈਆਂ ਹੋਈਆਂ ਭੇਲੀਆਂ । ੧੨੩.੨

ਗੂੰਗਾ—(ਫ਼ਾ. ਗੁੰਗ) ਗੂੰਗੇ ਦਾ, ਬੋ.ਚਬਾਨ ਦਾ । ੪੭੦.੪

ਗੂੰਗੇ—ਗੂੰਗੇ ਨੂੰ, 'ਦੇਖੋ 'ਗੂੰਗੇ' । ੩੧੪.੨

ਗੂਲਰ—(ਸੰ. ਊਦੁम्बर:) ਬੋਹੜ ਦੀ ਕਿਸਮ ਦਾ ਇਕ ਦਰਖਤ, ਜਿਸਦੇ ਅੰਜੀਰ ਵਰਗੇ ਫਲ ਵਿਚ ਕਈ ਵਾਰੀ ਨਿੱਕੇ ਨਿੱਕੇ ਕੀੜੇ ਹੁੰਦੇ ਹਨ । ੫੨੭.੩

ਗੂੜ—(ਸੰ. ਗੂਢ) 1. ਰਹੱਸਮਈ, ਜਟਿਲ, ਕਠਿਨਤਾ ਨਾਲ ਸਮਝ ਵਿਚ ਆਉਣ ਵਾਲਾ । ੫੬.੨

2. ਗਹਿਰੇ ਅਰਥਾਂ ਵਾਲੇ, ਗੰਭੀਰ ਅਰਥਾਂ ਵਾਲੇ । ੬੨੧.੩

ਗੇਹ)— (ਸੰ. ਗੇਹਮ੍) 1. ਗ੍ਰਿਹਸਤ ਜੀਵਨ, ਪਰਿਵਾਰਿਕ ਜ਼ਿੰਦਗੀ । ੬੦.੧
ਗੇਹੁ) ੨੭੨.੩/—

2. ਘਰ । ੪੨੬.੩, ੬੧੬.੨/੬੨੫.੩

ਗੋਹੂ—(ਪ੍ਰਾ. ਗੋਹੂੰਅੋ<ਸੰ. ਗੋਧੂਮ:) ਗੰਹੂੰ, ਕਣਕ, ਇਕ ਪ੍ਰਸਿੱਧ ਅਨਾਜ । ੧੨੩.੩

ਗੋ—(ਸੰ. ਗੋ) ਗਊ, ਗਾਂ, ਦੁੱਧ ਦੇਣ ਵਾਲਾ ਇਕ ਪਸ਼ੂ । ੫੭੨.੩

ਗੋਟੀਅੈ—(ਸੰ. ਗੋ) ਗਾਇਆਂ, ਗਾਇਨ ਕੀਤਿਆਂ । ੪੯੬.੨

ਗੋਸਟਿ—(ਸੰ. ਗੋਸ਼ਿ:) ਵਿਚਾਰ ਚਰਚਾ । ੧੩੫.੪, ੨੫੪.੩

ਗੋਹਨ—ਸੰਗਤ, ਸਾਥ । ੪੦੦.੪

ਗੋਤ—(ਸੰ. ਗੋਤ੍ਰ) ਜਾਤ, ਕੁਲ, ਵੰਸ਼ । ੧੭੨.੪, ੨੮੦.੪, ੪੯੪.੩

ਗੋਤਚਾਰ)—(ਸੰ. ਗੋਤ੍ਰ+ਉਚ੍ਚਾਰ:: ਜਾਤੀ, ਵੰਸ਼, ਖਾਨਦਾਨ, ਆਦਿ ਦੇ ਨਾਂ ਦਾ

ਗੋਤਾਚਾਰ) ਉਲੱਖ । ੪੪੩.੨/੯੩.੩/੧੬੪.੪

ਗੋਤ੍ਰਾਚਾਰ)

ਗੋਦ—(ਸੰ. ਕ੍ਰੋਡ) ਗੋਦੀ, ਕੁੱਛੜ, ਆਂਚਲ । ੩੯੨ ੧, ੨

ਗਦਾਵਰੀ—(ਸੰ. ਗੋਦਾਵਰੀ) ਦੱਖਣ ਭਾਰਤ ਦੀ ਇਕ ਪ੍ਰਸਿੱਧ ਨਦੀ ਜੋ ਬੰਬਈ ਰਾਜ ਦੇ ਨਾਸਿਕ ਜ਼ਿਲ੍ਹੇ ਦੇ ਕੋਲੋਂ ਨਿਕਲ ਕੇ ਬੰਗਾਲ ਦੀ ਖਾੜੀ ਵਿੱਚ ਜਾ ਡਿਗਦੀ ਹੈ । ਇਸ ਨੂੰ ਪਵਿੱਤਰ ਮੰਨਿਆ ਜਾਂਦਾ । ਸਮੁੰਦਰ ਵਿਚ ਡਿਗਣ ਤੋਂ ਪਹਿਲਾਂ ਇਹ ਸੱਤ ਮੁੱਖ ਧਾਰਾਵਾਂ ਗੋਦਾਵਰੀ, ਕੌਸ਼ਿਕਾ, ਗੌਤਮੀ, ਵ੍ਰਿਧ ਗੌਤਮੀ, ਭਾਰਦਵਾਜ, ਆਤ੍ਰੇਯ ਅਤੇ ਤੁਰਯਾ ਵਿਚ ਵੰਡੀ ਜਾਂਦੀ ਹੈ । ਬ੍ਰਹਮਵੈਦ ਪੁਰਾਣ ਅਨੁਸਾਰ ਗੋਦਾਵਰੀ ਇਕ ਬ੍ਰਾਹਮਣੀ ਸੀ ਜੋ ਕਠਿਨ ਤਪੱਸਿਆ ਤੋਂ ਬਾਅਦ ਇਕ ਨਦੀ ਦੇ ਰੂਪ ਵਿਚ ਵਹਿਣ ਲਗ ਪਈ । ਬ੍ਰਹਮੰਡ ਉਪ ਪੁਰਾਣ ਦੀ ਇਕ ਹੋਰ ਕਥਾ ਅਨੁਸਾਰ ਗੌਤਮ ਰਿੱਖੀ ਨੇ ਮੁਹਦਾ ਗਾਂ ਨੂੰ ਜ਼ਿੰਦਾ ਕਰਨ ਲਈ ਸ਼ਿਵ ਦੀ ਜਟਾਂ ਵਿਚੋਂ ਗੰਗਾ ਦੀ ਧਾਰਾ ਲਿਆਂਦੀ । ਇਸੇ ਤੋਂ ਗੋਦਾਵਰੀ ਨਦੀ ਬਣੀ । ਇਸੇ ਲਈ ਇਸ ਨੂੰ ਗੌਤਮੀ ਵੀ ਕਹਿੰਦੇ ਹਨ । ੪੧੬.੧

ਗੋਦਿ—ਗੋਦੀ, ਦੇਖੋ 'ਗੋਦ' । ੪੦੬.੧

ਗੋਧਨ—(ਸ. ਗੋਧਨਮ੍) ਗਊਆ ਦਾ ਵੱਗ, ਗਊਆਂ ਦਾ ਝੁੰਡ । ੧੬੭.੨

ਗੋਪ)—(ਸੰ. ਗੋਪ:) 1. ਗਾਈਆਂ ਦੀ ਰਖਿਆ ਕਰਨ ਵਾਲਾ, ਗਵਾਲਾ, ਚਰਵਾਹਾ ।

ਗੋਪਿ) ੧੬੭.੨/—

2. ਛਿਪਾਉਣਾ, ਲੁਕਾਉਣਾ । —/੩੦੭.੪

3. ਗੁਪਤ, ਅਪ੍ਰਗਟ । —/੫੧੬.੨

ਗੋਪੀਨਾਥ—(ਸੰ. ਗੋਪੀਨਾਥ) ਗੋਪੀਆਂ ਦਾ ਸਵਾਮੀ ਭਾਵ ਸ੍ਰੀ ਕ੍ਰਿਸ਼ਨ । ੪੮੫.੩

ਗੋਬੈਸ—(ਸੰ. ਗੋ+ਵੰਸ:) 1. ਗਊਆਂ ਦੀ ਨਸਲ, ਗਊਆਂ ਦੀ ਜਾਤ । ੩੯.੧, ੧੦੮.੨, ੨੨੭.੩

2. ਗਊਆਂ । ੧੨੬.੧

ਗੋਬਧ—(ਸੰ. ਗੋ+ਵਧ:) ਗਊ ਹੱਤਿਆ, ਗਊ ਨੂੰ ਮਾਰਨਾ । ੫੨੧.੨

ਗੋਬਰ—(ਪ੍ਰਾ. ਗੋਵਰ, ਸੰ. ਗੋਮਯ:) ਗੋਹਾ, ਗਊ ਦਾ ਮਲ । ੨੦੧.੨

ਗੋਬਿੰਦ—(ਸੰ. ਗੋਵਿੰਦ:) 1. ਪ੍ਰਿਥਵੀ ਪਾਲਕ, ਪਰਮਾਤਮਾ, ਈਸ਼ਵਰ, ਪਾਰਬ੍ਰਹਮ । ੭.੨,੪, ੫੪.੨, ੪[2], ੫੬.੪[2]

2. ਗੁਰੂ ਹਰਿਗੋਬਿੰਦ ਸਾਹਿਬ, ਹੋਰ ਦੇਖੋ 'ਹਰਗੋਬਿੰਦ' । ੭.੬

ਗੋਮਤੀ—(ਸੰ. ਗੋਮਤੀ) ਹਿੰਦੂ ਮੱਤ ਅਨੁਸਾਰ ਪਵਿੱਤਰ ਮੰਨੀ ਜਾਂਦੀ ਇਕ ਨਦੀ ਜੋ ਉਤਰ ਪ੍ਰਦੇਸ਼ ਦੇ ਜ਼ਿਲ੍ਹੇ ਸ਼ਾਹਜਹਾਨਪੁਰ ਦੀ ਗੋਮਤੀ ਝੀਲ ਵਿਚੋਂ ਨਿਕਲਕੇ ਬਨਾਰਸ ਦੇ ਉੱਤਰ ਵਲ ਜ਼ਿਲ੍ਹਾ ਗਾਜ਼ੀਪੁਰ ਵਿਚ ਗੰਗਾ ਨਾਲ ਜਾ ਮਿਲਦੀ ਹੈ । ਸ੍ਰੀ ਰਾਮ ਚੰਦਰ ਦੀ ਜਨਮ ਭੂਮੀ ਅਯੁੱਧਿਆ ਇਸੇ ਦੇ ਤੱਟ ਤੇ ਹੈ । ਹਿੰਦੂਮਤ ਵਾਲੇ ਇਸ ਦਾ ਇਸ਼ਨਾਨ ਪਵਿੱਤਰ ਸਮਝਦੇ ਹਨ । ੪੧੬.੨

ਗੋਮੂਤ੍ਰ—(ਸੰ. ਗੋਮੂਤ੍ਰਮ੍) ਗਊ ਦਾ ਮੂਤਰ, ਗਾਂ ਦਾ ਪਿਸ਼ਾਬ । ੨੦੧.੨
ਗੋਰਸ —(ਸੰ. ਗੋਰਸ:) ਗਾਂ ਦਾ ਦੁੱਧ । ੧੦੮.੨, ੧੨੩.੧, ੧੨੬.੧², ੨੨੭.੩, ੩੬੧.੨
ਗੌਨ—(ਸੰ. ਗਮਨਮ੍) ਚਲਣਾ, ਵਗਣਾ (ਹਵਾ ਦਾ) । ੩੬੦.੨
ਗ੍ਰਸਹਿ—(ਸੰ. ਗ੍ਰਸ੍) ਗ੍ਰਸਣ ਨਾਲ, ਡੰਗਣ ਨਾਲ । ੫੭੨.੧
ਗ੍ਰਸਤ —(ਸੰ. ਗ੍ਰਸਨਮ੍) ਪਕੜਨਾ, ਫੜਨਾ । ੩੬੫.੩, ੫੮੨.੩
ਗ੍ਰਸਿ —(ਸੰ. ਗ੍ਰਸ੍) ਗ੍ਰਹਿਣ ਲਗਣਾ । ੨੬੬.੧
ਗ੍ਰਸੇ—1. ਗ੍ਰਸ ਲਵੇ, ਡੰਗ ਲਵੇ, ਦੇਖੋ 'ਗ੍ਰਸਹਿ' । ੧੬੭.੪
2. ਗ੍ਰਸੇ ਹੋਏ, ਪਕੜੇ ਹੋਏ, ਫੜੇ ਹੋਏ । ੪੩੫.੩, ੫੦੪.੩
3. ਗ੍ਰਸਣ ਨਾਲ, ਡੰਗਣ ਨਾਲ, ਦੇਖੋ 'ਗ੍ਰਸਹਿ' । ੫੫੭.੩
ਗ੍ਰਸ—ਪਕੜਦੀ, ਫੜਦੀ, ਹੋਰ ਦੇਖੋ 'ਗ੍ਰਸਤ' । ੩੧੭.੨
ਗ੍ਰਹ—(ਸੰ. ਗ੍ਰਹਮ੍) 1. ਘਰ, ਨਿਵਾਸ ਸਥਾਨ । ੯੦.੩
2. (ਸੰ. ग्रह:) ਨੌ ਗ੍ਰਹਿਆਂ ਦੀ ਚਾਲ ਅਨੁਸਾਰ ਚੰਗੇ ਮੰਦੇ ਦਿਨ ਦਾ ਵਿਚਾਰ । ੬੨੭.੨
ਗ੍ਰਭਧਾਰ—(ਸੰ. ਗਰ्भ:+ਧਾਰਣ) ਗਰਭ ਧਾਰਕੇ । ੬੩੭.੩
ਗ੍ਰਾਸ—1. (ਸੰ. ग्रास:) ਭੋਜਨ, ਆਹਾਰ । ੪੭੧.੧
2. (ਸੰ. ग्रस्) ਨਸ਼ਟ ਕਰਨਾ, ਸਮਾਪਤ ਕਰਨਾ । ੫੧੬.੨
ਗ੍ਰਾਸੇ—1. ਡੰਗ ਮਾਰੇ, ਡੰਗੇ, ਦੇਖੋ 'ਗ੍ਰਸੇ' । ੫੪੫.੧
2. ਗ੍ਰਸਦਾ ਹੈ, ਡੰਗ ਮਾਰਦਾ ਹੈ, ਦੇਖੋ 'ਗ੍ਰਸੇ' । ੫੬੧.੪
ਗ੍ਰਾਹ—(ਸੰ. ग्राह) ਮਗਰਮੱਛ, ਘੜਿਆਲ, ਪਾਣੀ ਦਾ ਇਕ ਜਾਨਵਰ । ੪੩੫.੩
ਗ੍ਰਿਸਤ—(ਸੰ. ਗ੍ਰਹਸ੍ਥ:) ਪਰਿਵਾਰਿਕ ਜੀਵਨ, ਕਬੀਲਦਾਰੀ, ਪਤੀ/ਪਤਨੀ ਬਚਿਆਂ ਆਦਿ ਸਹਿਤ ਪਰਿਵਾਰਿਕ ਜ਼ਿੰਦਗੀ । ੪੮੦ ੪
ਗ੍ਰਿਹ—1. ਘਰ, ਨਿਵਾਸ ਸਥਾਨ, ਦੇਖੋ 'ਗ੍ਰਹ' (1) । ੩੦.੧, ੧੧੯.੨, ੧੨੦.੩, ੧੮੪.੨, ੩੨੨.੪, ੪੧੫.੨, ੫੪੯.੩², ੫੯੩.੨, ੫੯੫.੨, ੬੪੩.੨, ੬੬੫.੧
2. ਗ੍ਰਿਹਸਤ ਜੀਵਨ । ੧੨੧.੪², ੧੮੨.੪, ੧੯੭.੧, ੪੫੭.੨, ੫੪੮.੪
3. ਕੁਟੰਬ, ਪਰਿਵਾਰ । ੨੨੮.੨, ੫੬੩.੧, ੫੮੩.੧
4. ਨੌਂ ਗ੍ਰਹਿਆਂ ਆਦਿ ਦਾ ਵਿਚਾਰ, ਹੋਰ ਦੇਖੋ 'ਗ੍ਰਹ' (2) । ੪੪੮.੨
ਗ੍ਰਿਹਸਤ—1. ਪਰਿਵਾਰਿਕ ਜੀਵਨ, ਹੋਰ ਦੇਖੋ 'ਗ੍ਰਿਹ' । ੪੮੧.੩, ੪੮੩.੪
2. ਗ੍ਰਿਹਸਤ ਜੀਵਨ ਬਸਰ ਕਰਨ ਵਾਲੇ । ੫੪੮.੪
ਗ੍ਰਿਹਸਤੀ—(ਸੰ. ਗ੍ਰਹਿਨ੍) ਕਬੀਲਦਾਰ, ਘਰਬਾਰੀ, ਗ੍ਰਿਹਸਤ ਜੀਵਨ ਬਸਰ ਕਰਨ ਵਾਲੇ । ੩੦.੧
ਗ੍ਰਿਹਸਤੁ—ਗ੍ਰਿਹਸਤ ਧਰਮ, ਪਰਿਵਾਰਿਕ ਜੀਵਨ ਦੇ ਫਰਜ਼ । ੩੭੫.੪, ੩੭੬.੪
ਗ੍ਰਿਹਨ—ਘਰਾਂ, ਘਰ ਦਾ ਬਹੁ ਵਚਨ, ਹੋਰ ਦੇਖੋ 'ਗ੍ਰਿਹ' (1) । ੪੭੭.੨
ਗ੍ਰਿਹਿ—1. ਘਰ, ਨਿਵਾਸ ਸਥਾਨ, ਦੇਖੋ 'ਗ੍ਰਹ' (1) । ੩੪੯.੪, ੩੫੦.੧, ੩੬੩.੩, ੩੯੨.੩, ੪੧੦.੨, ੫੩੧.੨, ੬੭੪.੧
2. ਕੁਟੰਬ, ਪਰਿਵਾਰ । ੩੭੧.੧, ੪੪੬.੪
ਗ੍ਰਿਹੇਸੁਰ)— (ਸੰ. ਗ੍ਰਹਸ੍+ਈਸ਼ਵਰ:) ਘਰ ਦੀ ਮਾਲਕ । ੪੮੧.੧/੧੧੬.੨
ਗ੍ਰਿਹੇਸੁਰਿ)
ਗ੍ਰੀਖਮ—(ਸੰ. ਗ੍ਰੀਸ਼ਮ:) ਗਰਮੀ ਦਾ ਮੌਸਮ, ਗਰਮੀ ਦੀ ਰੁੱਤ । ੩੧੧.੩, ੫੭੨.੨

ਗ੍ਰੀਖਮਾਦਿ—ਗ੍ਰੀਖਮ ਆਦਿਕ, ਗਰਮੀ ਦੀ ਰੁੱਤ ਆਦਿ, ਦੇਖੋ 'ਗ੍ਰੀਖਮ'। ੧੫੬.੩
ਗ੍ਰੀਖਮ—ਗਰਮੀ ਦੀ ਰੁੱਤ, ਦੇਖੋ 'ਗ੍ਰੀਖਮ'। ੪੭੧.੩

ਘ

ਘਟ—(ਸੰ. ਘਟ:) 1. ਘੜਾ, ਮਟਕਾ, ਕਲਸ, ਪਾਣੀ ਰਖਣ ਵਾਲਾ ਬਰਤਨ। ੧.੨[2], ੩[2], ੧੧੦.੨[3]
2. ਸਰੀਰ, ਦੇਹ। ੧.੪[2], ੬੩.੧, ੬੪.੨, ੨੩੩ ੧[3], ੨੬੮.੨[2], ੨੭੫.੧[3], ੩੪੨.੨[3], ੩੬੩.੪, ੫੮੬.੪[2], ੬੦੬.੪[3]
3. ਹਿਰਦਾ, ਅੰਤਹਕਰਣ। ੪੧੦.੪
4. (ਸੰ. ਘਟਾ) ਇਕੱਠ ਸਮੂਹ। ੬੧੭.੨
ਘਟਕਾ—(ਸੰ. ਘਟਿਕਾ) ਛੋਟਾ ਘੜਾ। ੪੧੧.੨
ਘਟਤ—(ਸੰ. ਘਟ੍ਟ) ਘੱਟ ਹੋਣਾ, ਥੋੜ੍ਹੀ ਹੋਣਾ। ੪੨੪.੪
ਘਟੰਤਰ (ਘਟ + ਅੰਤਰ) ਗਲੇ ਵਿਚ, ਸੰਘ ਵਿਚ। ੬੧੬.੨
ਘਟਾ—(ਸੰ. ਘਟਾ) ਬੱਦਲ, ਮੇਘ। ੫੯.੨, ੭੪.੧, ੭੬.੪, ੧੨੮.੧, ੩੨੫.੧, ੪੨੪.੩, ੪੪੬.੧, ੫੬੭.੧, ੫੯੯.੩, ੬੬੮.੨
ਘਟਾਇ—ਘਟਾਕੇ, ਘੱਟ ਕਰਕੇ। ੪੬੧.੧
ਘਟਾਵਈ—ਘਟਾਉਂਦਾ, ਥੋੜ੍ਹਾ ਕਰਦਾ। ੨੫੮.੨, ੩੫੭.੨, ੪੭੯.੨
ਘਟਿ—1. ਘੜਾ, ਕਲਸ, ਦੇਖੋ ਘੱਟ (1)। ੬੩.੧
2. ਸਰੀਰ, ਦੇਹ, ਦੇਖੋ ਘੱਟ(2)। ੬੮.੨[2], ੧੩੩.੪[3], ੪੬੨.੨[2], ੫੩੫.੪[2], ੫੪੭.੩[2], ੫੭੬.੪
3. ਘੱਟਣਾ, ਖੀਣ ਹੋਣਾ। ੨੮੦.੨
ਘਟਿਕਾ—(ਸੰ. ਘਟਿਕਾ) 1. ਇਕ ਘੜੀ, 24 ਮਿੰਟ ਦੇ ਬਰਾਬਰ ਦਾ ਸਮਾਂ। ੭੬.੩, ੨੩੩.੨, ੬੫੪.੨
2, ਛੋਟਾ ਘੜਾ, ਪਾਣੀ ਰਖਣ ਲਈ ਮਿੱਟੀ ਦਾ ਛੋਟਾ ਬਰਤਨ। ੧੧੦.੨[3], ੩, ੨੩੩.੧, ੨੬੮.੩
ਘਟੈ—1. ਘੱਟਦੀ, ਥੋੜ੍ਹੀ ਹੁੰਦੀ/ਘੱਟਦਾ, ਥੋੜ੍ਹਾ ਹੁੰਦਾ। ੪੨੪.੧[2], ੨, ੩, ੪੮੬.੨[3]
2. ਮੁੱਕੇ, ਖਤਮ ਹੋਵੇ, ਸਮਾਪਤ ਹੋਵੇ। ੬੫੩.੧, ੨
ਘਨ—(ਸੰ. ਘਨ) 1. ਬਦਲ, ਮੇਘ। ੧੮੭.੧, ੨੬੨.੨, ੩੨੫.੨, ੪੬੩.੩, ੪੬੬.੨, ੬੬੮.੨
2. ਹਥੌੜਾ, ਢਦਾਨ। ੩੨੬.੩
ਘਨਹਰ—ਬਦਲ, ਮੇਘ। ੫੬੬.੩, ੬੬੨.੨
ਘਨਘੋਰ—(ਸੰ. ਘਨ + ਘੋਰ) ਬੱਦਲਾਂ ਦੀ ਗਰਜ, ਮੇਘ ਦੀ ਗੜਗੜਾਹਟ। ੪੨੪.੩, ੪੪੨.੧

ਘਨੇ—(ਸੰ. ਬਜ) ਅਨੇਕ, ਬਹੁਤ ਸਾਰੇ (ਸੰਖਿਆ ਵਾਚਕ) । ੫੮੩.੧

ਘਨੋ—(ਸੰ. ਬਜ) ਬਹੁਤ ਸਾਰਾ, ਬਹੁਤ ਜ਼ਿਆਦਾ । ੫੮੪.੧

ਘਮੰਡਿ—1. ਉਮੜਣਾ, ਉਮਲਣਾ (ਬੱਦਲਾਂ ਦਾ) । ੫੬.੨, ੭੪.੧, ੭੬.੪, ੫੬੭.੧

2. ਇਕੱਠ (ਬਦਲਾਂ ਦਾ) । ੧੨੮.੧, ੩੨੫.੧, ੪੪੬.੧

ਘਰ—(ਪ੍ਰਾ. ਬਰ, ਸੰ. ਗ੍ਰਹ੍ਮ੍) 1. ਟਿਕਾਣਾ, ਸਥਾਨ ਭਾਵ ਅਵਸਥਾ । ੩੦.੧, ੪੬੬.੪

2. ਨਿਵਾਸ ਸਥਾਨ, ਰਹਿਣ ਦੀ ਥਾਂ, ਮਕਾਨ । ੬੬.੨, ੩, ੧੬੭.੧, ੩੫੭.੩, ੪੬੦.੨[a], ੫੬੨.੧, ੫੮੨.੧

3. (ਸੰ. ਬਣ੍ਣ<ਬਟਨਮ੍) ਘੜਕੇ, ਬਣਾਕੇ । ੪੬੨.੩[a]

ਘਰਨਿ—ਘੜਣ ਵਾਲਾ, ਮੂਰਤੀਕਾਰ । ੪੬੨.੩

ਘਰਿ—1. ਟਿਕਾਣਾ, ਸਥਾਨ, ਦੇਖੋ ਘਰ (1) । ੨੮.੧, ੨੧੭.੩, ੩੩੭.੩, ੫੮੨.੪

2. ਨਿਵਾਸ ਸਥਾਨ, ਹੋਰ ਦੇਖੋ ਘਰ(2) । ੪੪੭.੩, ੪੬੫.੧, ੫੨੪.੧, ੫੮੭.੨[a]

3. ਪਰਿਵਾਰ, ਟੱਬਰ । ੪੮੩.੧

ਘਰੀ—(ਪ੍ਰਾ. ਬੜੀ<ਸੰ. ਬਟੀ) 1. 60 ਪਲ ਜਾਂ 24 ਮਿੰਟ ਦਾ ਸਮਾਂ, ਭਾਵ ਕੁੱਝ ਕੁ ਸਮਾਂ । ੭੦.੧, ੨, ੩, ੩੧੦.੨, ੩. ੪[a], ੬੫੨.੧

ਘਰੀਆਰ—(ਪ੍ਰਾ. ਬਂਟ, ਸੰ. ਬ�ण्टा) ਲੰਹੇ, ਪਿੱਤਲ ਜਾਂ ਕਾਂਸੀ ਆਦਿ ਧਾਤ ਦਾ ਬਣਿਆ ਭਵੇਂ ਵਰਗਾ ਟੱਲ ਜੋ ਸਮਾਂ ਦੱਸਣ ਲਈ ਵਜਾਇਆ ਜਾਂਦਾ ਹੈ । ੬੫੭.੧

ਘਰੀਘਰੀ—ਘੜੀ-ਮੁੜੀ, ਬਾਰ ਬਾਰ, ਥੋੜ੍ਹੀ ਥੋੜ੍ਹੀ ਦੇਰ ਪਿਛੋਂ । ੬੫੭.੧

ਘਰੁ—ਨਿਵਾਸ ਸਥਾਨ, ਦੇਖੋ ਘਰ (2) । ੨੨੧.੧

ਘਾਉ—(ਪ੍ਰਾ. ਬਾਅ<ਸੰ. ਬਾਤ:) ਜ਼ਖ਼ਮ, ਫੱਟ । ੪੧੬.੧

ਘਾਇਲ—ਜ਼ਖ਼ਮੀ, ਫਟੜ, ਜਿਸਦੇ ਸੱਟ ਲਗੀ ਹੋਵੇ, ਦੇਖੋ 'ਘਾਉ' । ੧੭੩.੨, ੪੧੬.੧

ਘਾਸ—(ਸੰ. ਬਾਸ:) ਘਾਹ, ਤ੍ਰਿਣ, ਪਸ਼ੂਆਂ ਦਾ ਆਹਾਰ । ੫੬੬.੧

ਘਾਟ—1. (ਸੰ. ਬਟ੍) ਘੜਣ, ਬਣਾਉਣ । ੧੬੬.੨

2. (ਸੰ. ਬਟ੍ਟ:) ਨਦੀ ਜਾਂ ਤਲਾ ਆਦਿ ਦੇ ਕੰਢੇ ਤੇ ਲੋਕਾਂ ਦੇ ਨ੍ਹਾਉਣ ਧੋਣ ਦੀ ਜਗ੍ਹਾ ਜਾਂ ਨਦੀ ਝੀਲ ਆਦਿ ਦੇ ਕਿਨਾਰੇ ਤੋਂ ਪਾਣੀ ਤਕ ਜਾਣ ਲਈ ਬਣੀਆਂ ਪੌੜੀਆਂ । ੪੮੬.੨

ਘਾਟਿ—ਘਟੀਆ ਭਾਵ ਨੀਵਾਂ । ੩੩੧.੩

ਘਾਤ—(ਸੰ. ਬਾਤ:) 1. ਹੱਤਿਆ, ਕੱਤਲ, ਜਾਨੋਂ ਮਾਰਨ ਦਾ ਭਾਵ । ੧੫੪.੧, ੪੩੬.੨, ੪੬੦.੩, ੫੨੧.੨, ੫੨੨.੨, ੬੪੧.੨

2. ਵਿਨਾਸ਼, ਸਮਾਪਤ । ੧੭੪.੪

3. ਘਾਉ, ਜ਼ਖ਼ਮ । ੫੭੨.੧

4. ਮੌਕਾ, ਵੇਲਾ, ਅਉਸਰ । ੬੬੧.੪

ਘਾਮ—(ਸੰ. ਬर्म, ਪ੍ਰਾ. ਬम्म) ਧੁੱਪ, ਸੂਰਜ ਦੀ ਗਰਮੀ । ੪੦੨.੨, ੪੭੧.੧

ਘੁਨੁ—(ਸੰ. ਬुण:) ਅਨਾਜ ਨੂੰ ਖਾ ਕੇ ਖਰਾਬ ਕਰਨ ਵਾਲਾ ਇਕ ਕੀੜਾ । ੧੨੧.੨

ਘੁਘਟਿ—(ਸੰ. √ ਗੁण्ठ) ਘੁੰਡ, ਝੁੰਡ, ਪਰਦਾ । ੪੧.੧

ਘੁਮਤ—(ਪ੍ਰਾ. ਬुम्मण < ਸੰ. ਬूर्णनम्) ਘੁੰਮਦਾ ਹੈ, ਫਿਰਦਾ ਹੈ । ੧੭੩.੨

ਘੁਰਮ—(ਸੰ. ਬूर्णनम्) ਗੁੱਸੇ ਨਾਲ ਤਕਦਾ ਹੋਇਆ । ੧੭੩.੨

ਘੋਰੀ—ਘੋਰ ਲਈ, ਹੰਕ ਲਈ । ੨੧੬.੧

ਘੋਸਲਾ—ਆਲ੍ਹਣਾ, ਪੰਛੀਆਂ ਦਾ ਘਾਹ ਫੂਸ ਦਾ ਬਣਾਇਆ ਘਰ । ੧੮੪.੧

ਘੋਘਾ—ਇਕ ਜਲਜੀਵ ਜਿਸ ਦੀ ਹੱਡੀ ਛੋਟੇ ਸੰਖ ਵਰਗੀ ਹੁੰਦੀ ਹੈ। ੪੮੬.੪

ਘੋਰ—(ਸੰ. ਘੋਰ) 1. ਸੰਘਣੇ, ਗਾੜ੍ਹੇ। ੫੬੭.੧

2. (ਸੰ. ਚੁਰ) ਗਰਜ, ਉੱਚੀ ਆਵਾਜ਼। ੬੧੭.੨

ਘੋਰੇ—(ਪ੍ਰਾ. ਘੋਡੋ, ਸੰ. ਘੋਟਕ:) ਘੋੜਾ, ਸਵਾਰੀ ਦਾ ਇਕ ਪਸ਼ੂ। ੪੦੪.੨

ਘ੍ਰਿਤ)— (ਸੰ. ਘ੍ਰਿਤਸ੍) ਘਿਉ, ਚੰਦਾ, ਪਿਘਾਰਿਆ ਹੋਇਆ ਮੱਖਣ। ੬੪.੨, ੧੨੨.੨,
ਘ੍ਰਿਤਿ) ੧੨੪.੧, ੧੫੮.੩, ੧੬੧.੨, ੨੭੬.੨, ੩੬੧.੨, ੫੬੧.੧, ੫੬੨.੧,
੬੦੬.੨, ੬੬੮.੧/੪੭੬.੨, ੫੩੫.੨, ੫੩੭.੩

ਚ

ਚਉਗਨੇ)— (ਸੰ. ਚਤੁਰਗੁਣ) ਚਾਰ ਗੁਣਾਂ, ਚੌਗੁਣਾ। ੩੭੦.੨, ੪੪੪.੩, ੬੫੩.੪/
ਚਉਗੁਨੀ) ੩੬੦.੨

ਚਉਚ—(ਸੰ. ਚਞ੍ਚੁ) ਮੂੰਹ, ਬੂਥੀ (ਵਿਅੰਗ ਨਾਲ)। ੨੩੫.੪

ਚਉਪਰ—(ਪ੍ਰਾ. ਚਤੁਪ੍ਪਰ <ਸੰ. ਚਤੁਸ਼੍ਪਦ:) ਚੌਪੜ, ਇਕ ਪ੍ਰਕਾਰ ਦੀ ਖੇਡ ਜੋ ਕਪੜੇ ਦੇ ਚਾਰ ਪੱਲਿਆ ਤੇ ਬਣੇ ਖਾਨਿਆ ਉਪਰ ਸ਼ਤਰੰਜ ਵਾਂਗ ਖੇਡੀ ਜਾਂਦੀ ਹੈ। ੧੫੭.੪

ਚਉਬਟਾ—(ਪ੍ਰਾ. ਚਤੁਰਵਟ੍ਟ <ਸੰ. ਚਤ੍ਵਰਸ੍) ਚੌਰਾਹਾ, ਉਹ ਥਾਂ ਜਿਥੇ ਚਾਰ ਸੜਕਾਂ ਮਿਲਦੀਆਂ ਹੋਣ। ੫੨੩ ੧

ਚਈਲੀ)— (ਪ੍ਰਾ. ਚਾਹ) ਚਾਉ ਦੀ ਭਰੀ ਹੋਈ/ਭਰੇ ਹੋਏ, ਖੁਸ਼ੀ ਨਾਲ ਭਰਪੂਰ, ਉਤਸ਼ਾਹ
ਚਈਲੇ) ਭਰਪੂਰ। ੨੧੬.੨/੧੬੪.੧, ੪੨੭.੧/੨੧੨.੪
ਚਈਲੋ)

ਚਹੁੰਓਰ—ਚਾਰੇ ਪਾਸੇ, ਚਾਰੋਂ ਤਰਫ, ਚਾਰੇ ਦਿਸ਼ਾਵਾਂ। ੩੭੧.੨, ੪੧੧.੧, ੫੬੩.੨, ੬੨੬.੩, ੬੫੭.੩

ਚਕਈ—(ਸੰ. ਚਕ੍ਰਵਾਕੀ) ਚਕਵੀ, ਚਕਵੇ ਪੰਛੀ ਦੀ ਮਦੀਨ, (ਆਮ ਤੌਰ ਤੇ ਮੰਨਿਆ ਜਾਂਦਾ ਕਿ ਚਕਵਾ ਰਾਤ ਨੂੰ ਚਕਵੀ ਤੋਂ ਵਿਛੜ ਜਾਂਦਾ)। ੨੮.੪, ੧੫੪.੨, ੧੬੦.੧, ੧੮੭.੨, ੨੪੨.੧, ੨੬੨.੧, ੩੧੬.੧, ੩੨੧.੧, ੪੬੨ ੧, ੪੬੩ ੧, ੫੦੬.੧, ੬੪੪.੪

ਚਕਤ)— (ਸੰ. ਚਕਿਤ) 1. ਚਕ੍ਰਿਤ, ਹੈਰਾਨ, ਵਿਸਮਾਦਿਤ। ੫੨.੩, ੩੩੫.੩,
ਚਕਤਿ) ੫੫੦.੩/—

2. ਪਰਕੰਪਿਤ, ਭੈਭੀਤ। ੨੦੨.੪/੪੦੨.੪

ਚਕਵਾ—(ਸੰ. ਚਕ੍ਰਵਾਕ:) ਇਕ ਪੰਛੀ ਜਿਸ ਦੀ ਸੂਰਜ ਨਾਲ ਅੰਤਾਂ ਦੀ ਪ੍ਰੀਤ ਹੈ ਤੇ ਮੰਨਿਆ ਜਾਂਦਾ ਕਿ ਰਾਤ ਨੂੰ ਇਹ ਚਕਵੀ ਤੋਂ ਵਿਛੱੜ ਜਾਂਦਾ। ੨੪੨.੧

ਚਕਿਤ—ਚਕ੍ਰਿਤ, ਹੈਰਾਨ, ਦੇਖੋ ਚਕਤ (1)। ੬੬ ੩

ਚਕੋਰ—(ਸੰ. ਚਕੋਰ) ਤਿੱਤਰ ਦੀ ਜਾਤੀ ਦਾ ਇਕ ਪੰਛੀ। ਇਸ ਦੇ ਕਾਲੇ ਰੰਗ ਉਤੇ ਸਫੇਦ ਚਿਤੀਆਂ ਹੁੰਦੀਆਂ ਹਨ, ਚੁੰਝ ਤੇ ਅੱਖਾਂ ਲਾਲ ਹੁੰਦੀਆਂ ਹਨ। ਇਸ ਦਾ ਚੰਦਰਮਾਂ ਨਾਲ ਅਤਿਅੰਤ ਸਨੇਹ ਮੰਨਿਆ ਜਾਂਦਾ ਹੈ। ੨੮.੪, ੬੭.੨, ੧੮੭.੧, ੨੬੨.੨, ੩੧੬.੧,

੩੨੧.੧, ੩੬੭.੧, ੪੨੩.੧, ੪੩੩.੨, ੪੬੬.੩, ੪੯੨.੧, ੫੬੦ ੩, ੫੯੯.੩, ੬੪੪.੪, ੬੭੦.੧

ਚਕ੍ਰਖਟ—(ਸੰ. ਖਟ੍ਚਕ੍ਰਨ੍) ਯੋਗ ਮੱਤ ਅਨੁਸਾਰ ਮੰਨੇ ਗਏ ਸਰੀਰ ਦੇ ਛੇ ਰਹੱਸਮਈ ਚੱਕਰ (ਮੂਲਾਧਾਰ, ਸਵਾਧਿਸ਼ਠਾਨ, ਮਣਿਪੁਰ, ਅਨਾਹਤ, ਵਿਸ਼ੁਧ, ਆਗਿਆ) ਜਿਥੇ ਉਹ ਯੋਗ ਕ੍ਰਿਆ ਦੁਆਰਾ ਸੁਆਸਾਂ ਨੂੰ ਕੇਂਦਰਿਤ ਕਰਦੇ ਹਨ । ੨੪੭.੧

ਚਕ੍ਰਤ—ਵਿਸਮਾਦਿਤ, ਦੇਖੋ 'ਚਕਤ' (1) । ੩੬੭.੧

ਚਕ੍ਰਪਾਨਿ—(ਸੰ. ਚਕ੍ਰਧਾਣਿ) ਵਿਸ਼ਨੂ ਦਾ ਇਕ ਵਿਸ਼ੇਸ਼ਣ, ਭਾਵ ਜਿਸ ਦੇ ਹੱਥ ਵਿੱਚ ਚੱਕਰ ਹੈ । ੪੩੫.੩

ਚਕ੍ਰਵੈ—(ਸੰ. ਚਕ੍ਰਵਿੰਤਨ੍) ਚੱਕਰਵਰਤੀ ਸਮਰਾਟ, ਜਿਸ ਦਾ ਰਾਜ ਦੂਰ ਦੂਰ ਤਕ ਫੈਲਿਆ ਹੋਵੇ, ਜਿਸ ਦੀ ਫ਼ੌਜ ਬਿਨਾਂ ਰੋਕ ਟੋਕ ਪ੍ਰਿਥਵੀ ਤੇ ਫਿਰ ਸਕੇ । ੨੨੧.੩, ੨੪੭.੧, ੩੫੪.੨, ੪੧੧.੩, ੫੩੨.੩, ੫੮੫.੩

ਚਕ੍ਰਿਤ—ਹੈਰਾਨ, ਵਿਸਮਾਦਿਤ, ਦੇਖੋ ਚਕਿਤ (1) । ੫੫੪.੧

ਚਖਾਈਐ—(ਸੰ. ਚਖ੍) ਚਖਾਉ, ਪਿਆਉ । ੬੨੨.੩

ਚਖਾਵਣੀ)— ਚਖਾਉਂਦਾ ਹੈ, ਖੁਆਉਂਦਾ ਹੈ, ਦੇਖੋ ਚਖਾਈਐ । ੧੬੧.੨/੨੦.੨

ਚਖਾਵੈ)

ਚਖਿ—(ਸੰ. ਚਕ੍ਸ਼ੁਸ੍) ਨੇਤਰ, ਅੱਖਾਂ । ੪੨੩.੧

ਚਚਰਚਰੀ—ਆਰਸੀ, ਇਕ ਗਹਿਣਾ, (ਮਹਾਨ ਕੋਸ਼ ਅਤੇ ਪੰਜਾਬੀ ਕੋਸ਼, ਭਾਸ਼ਾ ਵਿਭਾਗ ਨੇ ਇਸ ਦੇ ਅਰਥ 'ਮਾਂਗ' ਜਾਂ ਕੇਸਾਂ ਦੇ ਸ਼ਿੰਗਾਰਨ ਦਾ ਢੰਗ ਕੀਤੇ ਹਨ ।) ੩੪੭ ੪

ਚੰਚਲ—(ਸੰ. ਚਞ੍ਚਲ) 1. ਟਿਕਾਉ ਵਿਚ ਨਾ ਰਹਿਣ ਵਾਲਾ, ਚਲਾਇਮਾਨ, ਜੋ ਇਕਾਗਰ ਨਾ ਰਹੇ । ੨੪.੧, ੧੫੫.੩, ੧੫੬.੪, ੧੬੧.੪, ੧੮੪.੪, ੨੩੧.੪, ੨੫੮.੪

2. ਅਸਥਿਰ, ਉਤਰ ਜਾਣ ਵਾਲਾ, ਲਹਿ ਜਾਣ ਵਾਲਾ (ਕਸੁੰਭੇ ਦੇ ਰੰਗ ਲਈ) । ੧੩੨.੩

3. ਕੰਪਣਸ਼ੀਲ, ਥਰਥਰਾਹਟਸ਼ੀਲ (ਬਿਜਲੀ ਲਈ) । ੩੨੫ ੨

ਚੰਚਲਾ—(ਸੰ. ਚਞ੍ਚਲਾ) ਬਿਜਲੀ । ੨੩੦.੧

ਚਟਸਾਰ)— ਸਕੂਲ, ਮਦਰੱਸਾ, ਪਾਠਸ਼ਾਲਾ, ਵਿਦਿਆਲਾ । ੪੧੫.੩/੫੮੩.੨

ਚਟਸਾਲ)

ਚਟਤ—ਚਟਦਾ ਹੈ (ਜੀਭ ਨਾਲ) । ੪੫੨.੩

ਚਟਿਸਾਰ—ਸਕੂਲ, ਹੋਰ ਦੇਖੋ 'ਚਟਸਾਰ' । ੩੭੮.੩

ਚਟੀਆ—(ਸੰ. ਚੇਟ:) ਵਿਦਿਆਰਥੀ, ਵਿਦਿਆ ਗ੍ਰਹਿਣ ਕਰਨ ਵਾਲੇ । ੩੫੬.੩, ੩੫੮.੩, ੩੭੮.੩, ੫੮੩.੨

ਚਢਾਏ—ਚੜ੍ਹਾ ਕੇ । ੭੦.੩

ਚਤਰ—(ਸੰ. ਚਤੁਰ੍) ਚਾਰ (ਸੰਖਿਆਵਾਚਕ) । ੨੩.੩

ਚਤਰਕੁੰਟ—ਚਾਰੇ ਪਾਸੇ, ਚਾਰੇ ਤਰਫ਼ ਭਾਵ ਸਭ ਤਰਫ਼ । ੩੭੨.੨

ਚਤਰ ਪਦਾਰਥ—ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ) । ੪੩੫.੨

ਚਤਰ ਬਰਨ—(ਚਤੁਰ੍ਵਰ੍ਣ:) ਹਿੰਦੂ ਮਤ ਅਨੁਸਾਰ ਚਾਰ ਸ਼੍ਰੇਣੀਆਂ ਜਾਂ ਜਾਤਾਂ (ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ) । ੧੪੭.੧, ੧੯੭.੩, ੨੨੫.੪

ਚਤੁਰ—(ਸੰ. ਚਤੁਰ) ਸਿਆਣੇ, ਬੁੱਧੀਮਾਨ, ਹੁਸ਼ਿਆਰ । ੩੪੫.੩

ਚਤੁਰ ਕੁੰਟ—(ਚਤੁਰ + ਕੁੰਟ) ਚਾਰੇ ਪਾਸੇ, ਚਾਰੇਂ ਤਰਫ਼, ਚੁਫ਼ੇਰੇ ਭਾਵ ਹਰ ਦਿਸ਼ਾ ਵਿੱਚ। ੯੫.੪, ੧੮੪.੪, ੧੮੬.੩, ੨੨੨.੧, ੨੩੩.੩, ੨੫੮.੪, ੩੪੯.੪, ੩੫੧.੩, ੩੯੧.੪, ੪੦੪.੩

ਚਤੁਰਜੁਗ—(ਸੰ. ਚਤੁਰ + ਯੁਗਸ੍) ਚਾਰ ਜੁਗ (ਸਤਿਜੁਗ, ਤਰੇਤਾ, ਦੁਆਪਰ ਅਤੇ ਕਲਜੁਗ) ੧੫੭.੧

ਚਤੁਰਥਗੁਨ—(ਸੰ. ਚਤੁਰ੍ਥ + ਗੁਣ:) ਚੌਥੇ ਗੁਣ, ਚੌਥੀ ਅਵਸਥਾ, ਭਾਵ ਗਿਆਨ ਅਵਸਥਾ ੩੧.੧

ਚਤੁਰਥਪਦ—(ਸੰ. ਚਤੁਰ੍ਥ + ਪਦ) ਚੌਥੀ ਅਵਸਥਾ, ਤੁਰੀਆਪਦ, ਗਿਆਨ ਅਵਸਥਾ ਜਾਗਰਿਤ, ਸੁਪਨ, ਸੁਸ਼ੁਪਤਿ ਇਨ੍ਹਾਂ ਤਿੰਨਾਂ ਤੋਂ ਉਪਰਲੀ ਅਵਸਥਾ। ੨੮.੩

ਚਤੁਰਦਸ-ਵਿਦਿਆ—(ਚਤੁਰ + ਦਸ + ਵਿਦਿਆ) ਚੌਦਾਂ ਵਿਦਿਆ (ਚਾਰ ਵੇਦ + ਚਾਰ ਉਪਵੇਦ + ਛੇ ਦਰਸ਼ਨ = 14)। ੨੦੭.੩

ਚਤੁਰਦਸੀ – (ਸੰ. ਚਤੁਰ੍ਦਸ਼ੀ) ਚੌਦੇਂ ਥਿਤ, ਚੰਦਰ ਪੱਖ ਦਾ ਚੌਦ੍ਹਵਾਂ ਦਿਨ। ੪੮੪.੩

ਚਤੁਰਪਹਰ—(ਸੰ. ਚਤੁਰ + ਪ੍ਰਹ੍ਰ:) ਚਾਰ ਪਹਰ, 12 ਘੰਟੇ ਦਾ ਸਮਾਂ, ਦਿਨ ਜਾਂ ਰਾਤ। ੧੫੭ ੧

ਚਤੁਰਪਦਾਰਥ—(ਸੰ. ਚਤੁਰ੍ + ਪਦਾਰ੍ਥ) ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ) ੧੮੦.੩, ੪੩੦.੩, ੬੧੨.੨

ਚਤੁਰਬਰਨ—(ਸੰ. ਚਤੁਰ + ਵਰ੍ਣ:) 1. ਚਾਰ ਰੰਗ। ੩੯.੩, ੯੩.੨, ੯੪.੧, ੧੨੨.੧, ੧੨੪.੩

2, ਚਾਰ ਪ੍ਰਕਾਰ ਦੇ ਜੀਵ (ਅੰਡਜ, ਜੇਰਜ, ਸੇਤਜ, ਉਤਭੁਜ)। ੧੫੭.੪

3. ਚਾਰ ਵਰਣ, ਚਾਰ ਸ਼੍ਰੇਣੀਆਂ (ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ)। ੧੪੪.੨, ੧੮੫.੧, ੩੩੩.੩

ਚਤੁਰਮਾਸ)—
ਚਤੁਰਮਾਸਾ) (ਸੰ. ਚਤੁਰ੍ਮਾਸ੍ਯ) 1. ਚਾਰ ਮਹੀਨੇ, ਚੌਮਾਸਾ (ਹਾੜ੍ਹ, ਸਉਣ, ਭਾਦਰੋਂ, ਅਸੂ)। ੨੩੭.੧/—

2. ਚਾਰ ਮਹੀਨੇ, ਚੌਮਾਸਾ, ਸਾਲ ਦੇ ਤਿੰਨ ਤਰ੍ਹਾਂ ਦੇ ਚੌਮਾਸੇ (ਬਰਸਾਤ, ਸਰਦੀ ਤੇ ਗਰਮੀ) —/੧੫੯.੨

ਚਤੁਰਮੁਖ – (ਸੰ. ਚਤੁਰ੍ਮੁਖ) ਬ੍ਰਹਮਾ ਦਾ ਇਕ ਵਿਸ਼ੇਸ਼ਣ। ੨੩੦.੧

ਚਤੁਰਾਈ—(ਸੰ. ਚਤੁਰ੍ਮ੍) ਹੁਸ਼ਿਆਰੀ, ਸਿਆਣਪ। ੬੩੧.੪, ੬੫੦.੧[3]

ਚੰਦ—(ਪ੍ਰਾ. ਚੰਦਅ < ਸੰ. ਚਨ੍ਦ੍ਰ:) ਚੰਦਰਮਾ, ਚੰਨ, ਰਾਤ ਨੂੰ ਚਮਕਣ ਵਾਲਾ ਇਕ ਗ੍ਰਹਿ। ੧੩੦.੨, ੫੬੦.੩

ਚੰਦਹਿ—ਚੰਦਰਮਾ ਨੂੰ, ਦੇਖੋ 'ਚੰਦ'। ੫੬੬.੩

ਚੰਦਨ—(ਸੰ. ਚਨ੍ਦਨ:) 1. ਚੰਦਨ/ਸੰਦਲ ਦਾ ਦਰਖਤ ਜੋ ਸੁਗੰਧੀ ਅਤੇ ਸੀਤਲਤਾ ਦੇ ਪਖੋਂ ਉੱਚਤਮ ਮੰਨਿਆ ਜਾਂਦਾ ਹੈ। ੪੦.੧[2], ੭੬.੨, ੮੪.੨, ੮੫.੪, ੯੩.੪, ੧੨੬.੩[2], ੧੩੦.੨, ੧੩੩.੩, ੧੩੪.੨, ੧੫੨.੩, ੧੫੮.੨, ੧੭੨.੪, ੧੬੧.੪, ੧੬੮.੧, ੨੨੫.੪, ੨੩੬.੩, ੨੪੦.੪, ੨੭੭.੩, ੩੦੬.੩, ੩੦੭.੨, ੩੦੮.੪, ੩੧੬.੪, ੩੬੧.੩, ੩੭੬.੨, ੪੧੭.੩, ੪੫੬.੧, ੪੬੫.੨, ੪੭੨.੩, ੪੮੬.੧[3], ੪੬੩.੪, ੫੦੩.੩, ੫੦੭.੧, ੫੧੬.੧, ੫੧੬.੪, ੬੦੩.੧[2], ੬੧੪.੩, ੬੩੮.੩, ੬੩੬.੧, ੬੬੨.੩

2. ਚੰਦਨ ਦੀ ਲਕੜੀ/ਬੂਰਾ। ੧੨੪.੨, ੩੪੭.੧, ੫੩੨.੧

3. ਚੰਦਨ, ਸੰਦਲ। ੪੩੭.੩[3], ੪੬੦.੪

ਚੰਦਨਹਿ—ਚੰਦਨ ਦੇ ਦਰਖਤ ਨੂੰ ਦੇਖੋ 'ਚੰਦਨ'(1)। ੩੨੬.੩

ਚੰਦਨੁ—1. ਚੰਦਨ ਦਾ ਦਰਖਤ, ਦੇਖੋ 'ਚੰਦਨ'(1)। ੪੫੬.੧

2. ਚੰਦਨ, ਸੰਦਲ, ਦੇਖੋ 'ਚੰਦਨ'(3)। ੫੧੧.੧

ਚੰਦੁ ਚੰਦੂ ਚੰਦੂਮਾ)— ਚੰਨ, ਚੰਦਰਮਾ, ਹੋਰ ਦੇਖੋ 'ਚੰਦ'। ੪੩੭.੩[2]/੨੬੬.੪, ੪੨੩.੧/੬੭.੨, ੧੮੭.੧, ੨੬੬.੧

ਚੰਦ੍ਰਮੇ ਚਦ੍ਰਮੇ)— ਚੰਦਰਮਾ ਨੂੰ, ਦੇਖੋ 'ਚੰਦ'। ੬੭੦.੧/੨੬੬.੨

ਚੇਪਕਬੇਲ—(ਸੰ. ਚਮ੍ਪਕ:) ਚੰਪੇ ਦਾ ਬੂਟਾ ਜਿਸਨੂੰ ਹਲਕੇ ਪੀਲੇ ਰੰਗ ਦੇ ਖੁਸ਼ਬੂਦਾਰ ਫੁੱਲ ਲਗਦੇ ਹਨ। ੫੮੬.੧

ਚਪਲ—(ਸੰ. ਚਾਪਲ) ਚੰਚਲ, ਜੋ ਟਿਕਾਉ ਵਿਚ ਨਾ ਰਹਿ ਸਕੇ, ਛੋਹਲਾ, ਨਿਚੱਲਾ ਨਾ ਰਹਿਣ ਵਾਲਾ। ੧੬ ੧, ੫੯.੧, ੧੧੭.੨, ੧੫੫.੩, ੧੫੬.੪, ੧੬੧.੪, ੨੩੦.੧, ੨੫੧.੧, ੨੬੫.੨, ੩੧੧.੪, ੪੪੬.੪, ੪੬੬.੧, ੫੨੬.੧

ਚ:ਾਇ—(ਸੰ. ਚਰ੍) ਚਬਾਉਂਦਾ ਹੈ, ਚਿੱਥ ਕੇ ਖਾਂਦਾ ਹੈ। ੨੭੩.੨

ਚੰਬੇਲੀ—(ਸੰ. ਚਮ੍ਪਕਵੇਲ੍ਲਿ) ਚਮੇਲੀ, ਇਕ ਝਾੜੀਨੁਮਾ ਵੇਲ ਜਿਸਨੂੰ ਬਹੁਤ ਖੁਸ਼ਬੂਦਾਰ ਚਿੱਟੇ ਫੁੱਲ ਲਗਦੇ ਹਨ। ੩੭.੧

ਚਮਕਤਿ ਚਮਕਾਰ)— (ਪ੍ਰਾ. ਚਮ੍ਮਕ < ਸੰ. ਚਮਤ੍ਕ੍ਰਿਤਿ:) ਚਮਕਦਾ, ਲਿਸ਼ਕਦਾ। ੩੬੦.੨/੬੬੮.੨

ਚਮਤਕਾਰ ਚਮਿਤਕਾਰ)— (ਸੰ. ਚਮਤ੍ਕਾਰ:) 1. ਚਮਕਦੇ ਹਨ, ਲਿਸ਼ਕਦੇ ਹਨ/ਚਮਕਦੀ ਹੈ, ਲਿਸ਼ਕਦੀ ਹੈ। ੪੦.੩, ੩੨੫.੨/੪੨੧.੧

2. ਲਿਸ਼ਕ, ਚਮਕ। ੫੬.੩, ੧੨੮.੩, ੨੦੭.੪, ੩੧੨.੩, ੪੨੧.੧/—

ਚਰ—1. (ਸੰ. ਚਰਣ:) ਚਰਨ, ਪੈਰ, ਪਾਦ, ਸਰੀਰ ਦਾ ਤੁਰਨ ਵਾਲਾ ਅੰਗ। ੧੦੭.੪, ੩੧੪.੧, ੨, ੩੧੫.੧[2], ੨

2. (ਸੰ. ਚਰ੍) ਚਲਕੇ, ਚਲਣ ਦੁਆਰਾ, ਚਲਣ ਤਾਹੀਂ। ੨੭੮.੪

3. (ਸੰ. ਚਰ੍) ਖਾਣ ਲਈ, ਖਾਣ ਵਾਸਤੇ। ੪੬੧.੧

ਚਰਤ—1. (ਸੰ. ਚਰਿਤ੍ਰ੍) ਆਚਰਣ, ਚਾਲਚਲਣ, ਵਿਵਹਾਰ। ੧੬੦.੪

2. (ਸੰ. ਚਰ੍) ਚਰ ਲੈਣ, ਚੁਗ ਲੈਣ। ੪੧੮.੧

ਚਰਨ—(ਸੰ. ਚਰਣ:) 1. ਪੈਰ, ਪਾਦ, ਸਰੀਰ ਦਾ ਤੁਰਨ ਵਾਲਾ ਅੰਗ। ੧੭.੪, ੬੧.੧, ੧੩੫.੩, ੧੬੮.੩, ੨੦੩.੩, ੨੧੭.੨, ੨੭੬.੪[2], ੨੮੮.੩[2], ੨੬੦.੩, ੩੧੪.੧, ੩੬੭.੪, ੪੬੬.੩, ੫੦੮.੩, ੫੩੩.੪, ੬੦੬.੪, ੬੨੮.੪, ੬੭੨.੧, ੪

2. ਪੈਰ (ਅਕਾਲਪੁਰਖ/ਗੁਰੂ ਦੇ) ਭਾਵ ਅਕਾਲਪੁਰਖ/ਗੁਰੂ ਦੀ ਸ਼ਰਣ। ੧.੧, ੩, ੮, ੧੪.੨, ੪੭.੧, ੪੮.੧, ੫੭.੨, ੭੨.੧, ੨, ੩, ੪, ੮੨.੩, ੮੫.੧, ੮੭.੧[3], ੮੬.੧, ੧੦੫.੧, ੧੧੧.੧, ੧੮੩.੨, ੧੬੦.੪, ੨੦੭.੪, ੨੧੭.੧, ੨੨੦.੪, ੨੩੩.੪, ੨੪੩.੩, ੨੫੫.੪, ੨੫੬.੨, ੨੬੦.੩, ੨੬੧.੧, ੨੮੧.੧, ੨੮੨.੨, ੨੬੫.੧, ੩੧੬.੨, ੩੨੧.੪, ੩੨੮.੧, ੩੩੬.੧, ੨, ੪੨੬.੪

ਚਰਨ ਕਮਲ—(ਸੰ ਚਰਣਕਮਲਮ੍) ਕਮਲ ਵਰਗੇ ਚਰਨ, ਕਮਲ ਦੇ ਕੋਮਲ ਤੇ ਪਵਿੱਤਰ ਫੁੱਲ ਵਰਗੇ ਪੈਰ ਭਾਵ ਗੁਰੂ ਦੇ ਪਵਿੱਤਰ ਚਰਨ। ੧੮.੩, ੨੩.੨, ੩੩.੧, ੩੬.੪, ੩੮.੩, ੪੩.੪, ੬੬.੪, ੬੮.੧, ੨, ੩, ੪, ੭੪.੪, ੭੮.੩, ੮੦.੧, ੮੮.੩, ੬੨.੧, ੬੭.੨, ੧੭੧.੧, ੧੮੦.੧, ੧੬੩.੧, ੨੧੬[2], ੨੧੭.੨, ੩, ੪, ੨੧੮.੧, ੨, ੩, ੪,

੨੨੨.੧, ੨੪੯.੧, ੨, ੨੫੮.੪, ੨੬੬.੨, ੨੬੭.੨, ੨੭੧.੧, ੨੭੮.੩, ੨੮੫.੨, ੨੮੭.੩, ੨੯੩.੧, ੩੦੦.੩, ੩੨੨.੩, ੩੩੫.੧, ੩੩੬.੧, ੩੩੭.੧, ੨, ੩, ੪, ੩੩੮.੧, ੨, ੩, ੪, ੩੩੯.੧, ੨, ੩, ੪, ੩੪੮.੩, ੪੨੯.੧, ੪੩੧.੩, ੪੬੩.੪

ਚਰਨਨ—ਚਰਨਾਂ ਦੀ, ਦੇਖੋ ਚਰਨ (1)। ੪੦੧.੧

ਚਰਨਾਮ੍ਰਤ)— (ਚਰਣਾਮ੍ਰਤਮ੍) 1. ਚਰਨਾਂ ਦਾ ਅੰਮ੍ਰਿਤ ਜਲ। ੪.੫, ੩੮.੩,
ਚਰਨਾਮ੍ਰਿਤ) ੧੨੭.੧, ੨, ੩, ੪, ੨੨੬.੩, ੨੪੯.੨, ੨੫੪.੪/੧੨੫.੨, ੨੧੭.੨, ੨੧੮ ੨, ੩੨੨.੩, ੩੩੭.੨, ੩੩੮.੨, ੫੫੧.੩

2. ਚਰਨਾਂ ਦਾ ਅੰਮ੍ਰਿਤ ਜਲ। ੨੮੮.੩, ੨੯੦.੩

ਚਰਨਾਰਬਿੰਦ—(ਸੰ. ਚਰਣਾਰਵਿਨ੍ਦਸ੍) ਕਮਲ ਵਰਗੇ ਪੈਰ, ਗੁਰੂ ਦੇ ਪਵਿੱਤਰ ਚਰਣ। ੧੭.੩

ਚਰਨਿ—ਪੈਰ, ਭਾਵ ਗੁਰੂ ਦੀ ਸਰਨ, ਦੇਖੋ 'ਚਰਨ' (2)। ੭੨.੧, ੧੧੮.੪

ਚਰਮ—(ਸੰ. ਚੰਸਨ੍) ਚੰਮ, ਚਮੜੀ, ਭਾਵ ਬਾਹਰੀ। ੪੮੮.੩

ਚਰਮ ਦ੍ਰਿਸ੍ਟਿ—(ਸੰ. ਚੰਸਨ੍ + ਦ੍ਰਿਸ੍ਟਿ:) ਚੰਮ ਦ੍ਰਿਸ਼ਟੀ, ਭਾਵ ਬਾਹਰੀ ਜਗਤ ਨੂੰ ਦੇਖਣ ਵਾਲੀ ਨਜ਼ਰ। ੧੧.੨, ੧੭੬.੧

ਚਰਾਚਰ—(ਸੰ. ਚਰਾਚਰ) ਚਰ ਅਤੇ ਅਚਰ, ਸਥਾਵਰ ਅਤੇ ਜੰਗਮ, ਜੜ੍ਹ ਅਤੇ ਚੇਤਨ। ੪੨੨.੧

ਚਰਾਵਤ—(ਸੰ. ਚਰ੍) ਚਰਾਉਂਦਾ ਹੈ। ੪੧੮.੧

ਚਰਿਤ੍ਰ- (ਸੰ. ਚਰਿਤ੍ਰਸ੍) ਕੁਦਰਤ, ਪ੍ਰਕ੍ਰਿਤੀ। ੪੯.੧, ੨੩੨.੧, ੨੪੪.੧, ੨੭੪.੧, ੨੭੫.੧ ੨੮੨.੪, ੩੪੨.੧

2. ਕੌਤਕਮਈ। ੧੧੭ ੧, ੧੭੨.੧, ੨੦੫.੧, ੨੩੨.੪, ੩੦੫.੧, ੩੩੦.੧

3. ਕੌਤਕ, ਲੀਲ੍ਹਾ। ੧੩੨.੩, ੨੧੯.੪, ੨੭੪.੧, ੩੧੧.੩, ੩੨੫.੨, ੩੯੪.੧, ੫੩੪.੨, ੬੦੮.੨

ਚਲ—(ਸੰ. ਚਲ) 1. ਚਲਕੇ, ਤੁਰਕੇ (ਪੈਰਾਂ ਨਾਲ)। ੧੧੧.੧, ੬੨੯.੨

2. ਚਲਾਕੇ, ਵਗਕੇ (ਪਾਣੀ)। ੩੭੨.੩

ਚਲ ਆਵਤ—ਚਲੇ ਆਉਂਦੇ ਹਨ। ੬੨੯.੪

ਚਲਤ—(ਸੰ. ਚਲ) 1. ਚਲਦੀਆਂ, ਤੁਰਦੀਆਂ/ਚਲਦਾ, ਜਾਂਦਾ/ਤੁਰਦੀ, ਚਲਦੀ/ਚਲਦੇ। ੨੭੪.੩, ੩੩੪.੨, ੪੧੩.੩, ੪, ੪੩੪.੩, ੫੮੩.੩

2. ਵਗਦੇ ਹਨ, ਵਹਿੰਦੇ ਹਨ। ੩੭੨.੨

ਚਲਨੀ—ਛਾਨਣੀ, ਛਲਣੀ, ਛੇਕਾਂ ਵਾਲਾ ਪਾਤਰ ਜਿਸ ਵਿੱਚ ਕੋਈ ਵਸਤੂ ਛਾਣੀਦੀ ਹੈ। ੫੧੨.।

ਚਲਯੋ—(ਸੰ. ਚਲ) ਚਲਿਆ ਹਾਂ, ਤੁਰਿਆ ਹਾਂ। ੫੭੮ ੧

ਚਲਯੋ ਜਾਇ—ਚਲਿਆ ਜਾਂਦਾ, ਤੁਰਿਆ ਜਾਂਦਾ। ੬੧੦.੧

ਚਲਾਚਲ—(ਸੰ. ਚਲਾਚਲ) ਚੰਚਲ, ਅਸਥਿਰ। ੨੩੦.੨

ਚਲਾਈਅਤ—ਚਲਾਈਦਾ ਹੈ। ੬੧੦.੧

ਚਲਾਈਐ—ਚਲਾਈਏ। ੬੧੦.੧

ਚਲਿ—(ਸੰ. ਚਲ) 1. ਚਲਕੇ। ੮੭.੧², ੩੧੮.੨, ੩੨੪.੪, ੩੩੨.੩, ੩੪੦ ੧, ੩੬੬.੧, ੪੦੪.੩, ੪੧੦.੧, ੪੩੩.੪, ੫੦੦.੧

2. ਚਲਦਿਆਂ, ਚਲਦੇ ਹੋਏ। ੬੧੬.੨

ਚਲਿ ਜਾਤ—ਚਲੋ ਜਾਵੋ, ਤੁਰ ਜਾਵੋ । ੪੯੫.੩

ਚਲਿਓ ਜਾਇ)— ਚਲਿਆ ਜਾਂਦਾ, ਤੁਰਿਆ ਜਾਂਦਾ । ੪੪੦.੧/੩੬੯.੩

ਚਲਿਓ ਜਾਤ)

ਚਲੀ—ਤੁਰੀ/ਤੁਰੀਆਂ, ਲਗਾਤਾਰ ਤੁਰੀ/ਤੁਰੀਆਂ ਆਉਣ ਤੋਂ ਭਾਵ । ੩੧੬ ੨, ੪੦੪.੨, ੪੧੩.੧

ਚਲੇ—1. ਚਲਦਾ ਹੈ, ਜਾਂਦਾ ਹੈ । ੩੩੪.੨

2. ਚਲਕੇ, ਤੁਰਕੇ । ੪੯੫.੩, ੫੬੫.੧

ਚਲੇ—1. ਚਲਦੇ ਹਨ/ਚਲਦੀਆਂ ਹਨ । ੩੭੧.੨, ੩੭੨.੧, ੩੮੨.੩

2. ਚਲੋ ਜਾਂਦਾ, ਤੁਰ ਜਾਂਦਾ । ੫੫੬.੪

3. ਚਲਕੇ, ਤੁਰਕੇ । ੫੮੨.੧

ਚਤਤ—ਚੜ੍ਹਦਾ ਹੈ । ੩੬੦.੨; ੬੬੨.੨

ਚੜਾਇ—ਚੜ੍ਹਾ ਕੇ, ਵਧਾ ਕੇ । ੪੬੧.੧

ਚੜਾਇਓ—ਚੜ੍ਹਾਉਣਾ । ੫੨੩.੧

ਚੜਿ—ਚੜ੍ਹ ਕੇ । ੬੧੮ ੧

ਚੜੈ—1. ਲੱਭੇ, ਪ੍ਰਾਪਤ ਹੋਵੇ । ੩੭੧.੩

2. ਚੜ੍ਹਦੀ ਹੈ, ਭਾਵ ਹੇਠਾਂ ਤੋਂ ਉਪਰ ਵਲ ਜਾਂਦੀ ਹੈ । ੪੦੪.੧

ਚਾਉ)— ਚਾਅ, ਉਤਸ਼ਾਹ, ਖੁਸ਼ੀ, ਰੀਝ । ੬੦.੨, ੧੪੬.੨, ੩੪੩.੪, ੬੨੩.੨,

ਚਾਇ) ੬੫੩.੪/੧੦੬.੩, ੧੧੪.੨, ੧੮੬.੪, ੨੫੪.੪

ਚਾਇਕੇ—ਚਾਉ ਭਰਕੇ । ੧੬੪.੧, ੨੧੨.੪, ੪੨੩.੧, ੪੨੭.੧

ਚਾਹ—(ਪ੍ਰਾ. ਚਾਹ) 1. ਪ੍ਰੀਤ, ਪਿਆਰ, ਸਨੇਹ । ੧੦੧.੨

2. ਇੱਛਾ ਅਭਿਲਾਸ਼ਾ । ੨੫੪.੪, ੩੬੧.੨

3. ਚਾਅ, ਉਤਸ਼ਾਹ, ਉਮਾਹ । ੫੦੮.੧

ਚਾਹਕ—ਚਾਹੁਣ ਵਾਲਾ, ਇੱਛਾ ਰਖਣ ਵਾਲਾ । ੬੭.੨, ੭੬.੩

ਚਾਹਤ—(ਪ੍ਰਾ. ਚਾਹ) 1. ਚਾਹੁੰਦੇ ਹਨ, ਲੋਚਦੇ ਹਨ, ਚਾਹੁੰਦੀਆਂ ਹਨ/ਚਾਹੁੰਦਾ ਹੈ । ੫੮.੧, ੧੭੧.੩, ੨੧੭.੨, ੩੬੬.੨, ੪੪੩.੪, ੪੫੪.੩, ੪੬੬.੩, ੪੮੦.੧, ੫੫੨.੩, ੫੬੦.੩

2. ਚਾਹੁੰਦੇ ਹਨ ਭਾਵ ਪਿਆਰ ਕਰਦੇ ਹਨ । ੧੦੧ ੨

ਚਾਹਿ—(ਪ੍ਰਾ. ਚਾਹ) 1. ਇੱਛਾ, ਖਾਹਸ਼ । ੨੦੨.੪

2. ਚਾਹੁਣ, ਚਾਹੁੰਦੇ ਹੋਣ । ੩੫੯.੩

3. ਉਮਾਹ, ਉਮੰਗ । ੪੨੩,੧[2]

ਚਾਹਿਤ—(ਪ੍ਰਾ. ਚਾਹ) ਚਾਹੁੰਦੇ, ਇੱਛਾ ਰਖਦੇ । ੪੧੭.੪

ਚਾਹੀਐ—1. ਚਾਹੀਦਾ ਭਾਵ ਉੱਚਿਤ । ੫੨੩.੧, ੨, ੩

2. ਚਾਹੀਦਾ ਹੈ । ੫੫੩.੪

ਚਾਹੇ)— 1. ਚਾਹੀਏ, ਮਰਜ਼ੀ ਹੋਵੇ । ੧੮੪.੩/—

ਚਾਹੈ) 2. ਚਾਹਵੇ, ਇੱਛਾ ਕਰੇ । ੪੭੪.੩/੧੭੨.੧, ੩, ੪੭੫.੨, ੪੯੫.੧, ੨, ੫੧੦.੪, ੫੯੧.੧

3. ਚਾਹੁੰਦੀ ਹੈ/ਚਾਹੁੰਦੇ ਹਨ/ਚਾਹੁੰਦਾ ਹੈ/ਚਾਹੁੰਦਾ ਹੈ । ੫੨੦.੩/੫੮.੨, ੧੮੦.੩, ੨੯੦.੩, ੪੬੬.੧, ੨, ੪੭੫.੪, ੪੯੨.੧, ੫੦੮.੧, ੫੨੦.੨, ੪. ੫੩੯.੪, ੫੭੭.੪, ੫੯੯.੩, ੬੨੨.੧, ੨, ੩

ਚਾਕੀ—(ਸੰ. ਚਕ੍ਸ੍ > ਪ੍ਰਾ. ਚਕ੍ਕਿਆ) ਚੱਕੀ, ਪੀਸਣ ਦੀ ਮਸ਼ੀਨ ਜਿਸ ਵਿਚ ਆਟਾ ਪੀਸਿਆ ਜਾਂਦਾ ਹੈ। ੨੩੫.੪, ੩੮੬.੨, ੫੫੮.੧

ਚਾਖ—(ਸੰ. ਚਖ੍ > ਪ੍ਰਾ. ਚਕ੍ਖਯ) ਚੱਖਕੇ, ਸੁਆਦ ਲੈ ਕੇ। ੨੪੩.੪, ੫੬੮.੪

ਚਾਖਈ)— ਚੱਖਦਾ ਹੈ, ਖਾਂਦਾ ਹੈ, ਦੇਖੋ 'ਚਖ'। ੧੫੫.੧/੬੦੭.੩

ਚਾਖਹੀ)

ਚਾਖਣ—1. ਚੱਖਕੇ, ਚੱਖਣ ਦੁਆਰਾ, ਦੇਖੋ 'ਚਖ'। ੧੮੧.੧, ੧੮੨.੧

2. ਚਖਦਿਆਂ, ਸੁਆਦ ਵੇਖਦਿਆਂ। ੫੮੮.੩[3]

ਚਾਖਿਓ—ਚੱਖਿਆਂ, ਸੁਆਦ ਵੇਖਦਿਆਂ ਦੇਖੋ 'ਚਖ'। ੫੨੫.੪

ਚਾਖੀ—ਚੱਖੀ, ਭਾਵ ਅਨੁਭਵ ਕੀਤੀ, ਦੇਖੋ 'ਚਖ'। ੧੪੪.੪

ਚਾਖੀਐ—1. ਚੱਖੀਏ, ਭਾਵ ਮਾਣੀਏ, ਦੇਖੋ 'ਚਖ'। ੩੪੮.੧

2. ਚੱਖੀਏ, ਪੀਵੀਏ। ੫੮੫.੨

3. ਚੱਖੀਏ, ਖਾਈਏ। ੫੬੬ ੧

ਚਾਖੈ—ਚੱਖਦਾ ਹੈ। ੩੮.੩, ੩੬੧.੪

ਚਾਖੈ—ਚੱਖਿਆ ਹੈ। ੬੬.੩

ਚਾਟਣ—(ਸੰ. ਚਖ੍ > ਪ੍ਰਾ. ਚਡ੍ਡ) ਚੱਟਣ ਕਰਕੇ, ਚੱਟਣ ਦੁਆਰਾ। ੩੮੮.੨

ਚਾਟਿਬੇ—ਚੱਟਣ ਤੋਂ ਭਾਵ, ਦੇਖੋ 'ਚਾਟਣ'। ੨੩੫ ੪

ਚਾਟੈ—ਚੱਟਦਾ ਹੈ, ਦੇਖੋ 'ਚਾਟਣ'। ੩੮੬.੨

ਚਾਤਿਰ)— (ਸੰ. ਚਾਤੁਰ) ਚਤੁਰ, ਸਿਆਣਾ, ਬੁਧੀਮਾਨ। ੩੪੫.੩/੨੩.੩, ੨੩੦.੧

ਚਾਤੁਰ)

ਚਾਤ੍ਰਕ)— (ਸੰ. ਚਾਤਕ:) ਪਪੀਹਾ, ਬਥੀਹਾ, ਸਾਰੰਗ, ਇਕ ਪੰਛੀ ਜੋ ਕੇਵਲ ਸ੍ਵਾਂਤਿ

ਚਾਤ੍ਰਿ) ਬੂੰਦ ਨਾਲ ਹੀ ਤ੍ਰਿਪਤ ਹੁੰਦਾ ਹੈ। ੪੨੩.੩, ੪੨੪.੩, ੪੪੦.੩, ੪੪੨.੧, ੫੦੯.੩/੫੨੫.੪

ਚਾਤ੍ਰੁਕੈ—ਚਾਤ੍ਰਿਕ ਵਾਂਗ, ਪਪੀਹੇ ਵਾਂਗ, ਦੇਖੋ 'ਚਾਤ੍ਰਕ'। ੮੩.੪

ਚਾਤ੍ਰਿਕ—ਪਪੀਹਾ, ਦੇਖੋ 'ਚਾਤ੍ਰਕ'। ੨੮.੪, ੧੮੭.੧, ੨੦੫ ੪, ੨੬੨.੨, ੪੬੩.੩, ੪੬੬.੨, ੫੫੧.੩, ੫੬੬.੩, ੬੨੧.੩

ਚਾਂਪ)— (ਸੰ. ਚਯ > ਪ੍ਰਾ. ਚਂਪਯ) 1. ਦਬਾਉਣਾ, ਮਸਲਨਾ, ਨੁਕਸਾਨ ਕਰਨ ਦੇ

ਚਾਪ) ਅਰਥਾਂ ਵਿੱਚ। ੩੫੬.੪/—

2. ਦਬਾਉਣਾ, ਘੁੱਟਣਾ, ਮੁੱਠੀ ਚਾਪੀ ਕਰਨਾ। —/੬੭੩.੪

ਚਾਂਪੈ—ਦਬਿਆ ਹੋਇਆ, ਮਸਲਿਆ ਹੋਇਆ, ਕੁਚਲਿਆ ਹੋਇਆ, ਦੇਖੋ 'ਚਾਂਪ'। ੫੪੫.੩

ਚਾਬੁਕ—(ਫ਼ਾ. ਚਾਬੁਕ) ਛਾਂਟਾ, ਕੋਰੜਾ, ਘੋੜੇ ਨੂੰ ਤਾੜਨ ਲਈ ਰੱਸੀ ਸਹਿਤ ਵਰਤੀ ਜਾਂਦੀ ਪਤਲੀ ਸੋਟੀ। ੬੧੦ ੨

ਚਾਰ—(ਸੰ. ਚਾਰ) 1. ਉੱਤਮ, ਸ੍ਰੇਸ਼ਠ। ੧੨੫.੩, ੩੮੦ ੧, ੩੯੫.੧

2. ਸੁੰਦਰ, ਸੋਹਣੇ। ੩੪੬.੪, ੪੮੦.੨, ੬੫੮.੧

ਚਾਰਕੂੰਟ—(ਸੰ. ਚਤੁਰ+ਕੂਟ) ਚਾਰੇ ਦਿਸ਼ਾਵਾਂ, ਭਾਵ ਚੁਫ਼ੇਰਾ, ਸਾਰਾ ਜਗਤ। ੧੬੭.੧

ਚਾਰਿ—1. (ਸੰ. ਚਤੁਰ) ਚਾਰ, ਦੋ ਤੇ ਦੋ ਚਾਰ, ਤਿੰਨ ਤੇ ਪੰਜ ਦੇ ਵਿਚਕਾਰ ਦੀ ਗਿਣਤੀ। ੨੨੮.੨[2], ੭[3], ੨੨੬.੧, ੨

2. (ਸੰ. ਚਾਰ) ਸੁੰਦਰ, ਸੋਹਣੇ, ਦੇਖੋ 'ਚਰ' (2)। ੩੬੪.੩, ੪੮੧.੨

ਚਾਰੀਚਾਰੁ—ਸੁੰਦਰ, ਸੋਹਣਾ, ਦੇਖੋ ਚਾਰ(2)। ੫੮੬.੧, ੬੩੫.੧, ੬੫੨.੨, ੬੫੫.੨

SIKHBOOKCLUB.COM

ਚਾਰੋ—ਚਾਰ, ਚਾਰੇ ਹੀ, ਭਾਵ ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ) ਦੇਖੋ ਚਾਰਿ(1)। ੬੧੬.੧

ਚਾਰੇਕੂੰਟ—ਚਾਰੋਂ ਤਰਫ਼, ਚੁਫੇਰੇ, ਸਭ ਪਾਸੇ, ਦੇਖੋ 'ਚਾਰ ਕੂੰਟ'। ੬੧੬.੧

ਚਾਰੇਖੂਟ—(ਸੰ. ਚਤੁਰ+ਕੂਟ) ਚਾਰੇ ਪਾਸੇ, ਭਾਵ ਸਭ ਤਰਫ਼। ੬੧੮.੧

ਚਾਰੇਜਾਮ—(ਸੰ. ਚਤੁਰ+ਯਾਮ:) ਚਾਰੇ ਪਹਿਰ, ਅੱਠ ਘੰਟੇ, ਭਾਵ ਸਾਰੀ ਰਾਤ। ੬੫੭.੩

ਚਾਰੇਜੁਗ—(ਸੰ. ਚਤੁਰ+ਯੁਗਸ੍) ਚਾਰ ਜੁਗ (ਸਤਿ, ਤ੍ਰੇਤਾ, ਦੁਆਪਰ, ਕਲਿ)। ੧੬੭.੩

ਚਾਲ—(ਸੰ. ਚਾਰ:) 1. ਤੌਰ, ਚਲਣ ਦੀ ਕ੍ਰਿਆ। ੨੩੦.੨, ੩੬੬.੩, ੪੧੩.੩

2. ਮਰਿਯਾਦਾ, ਪਰੰਪਰਾ। ੩੧੬.੨, ੫੩੨.੪

ਚਾਲ ਭਏ—ਚਲਾਇਮਾਨ ਹੋ ਜਾਣ ਤੇ, ਭਾਵ ਵਿਚਲਿਤ ਹੋ ਜਾਣ ਤੇ, ਹਟ ਜਾਣ ਤੇ। ੩੫੧.੩

ਚਾਲਤ—ਚਲਦਿਆਂ, ਤੁਰਦਿਆਂ ਹੋਇਆਂ। ੪੩੮.੨[3]

ਚਾਲੀਸ—(ਸੰ. ਚਤ੍ਵਾਰਿੰਸ਼ਤ੍>ਪ੍ਰਾ. ਚਤ੍ਤਾਲੀਸ) ਚਾਲੀ, ਵੀਹ ਦਾ ਦੁਗਣਾ, ਉਨਤਾਲੀ ਅਤੇ ਇਕਤਾਲੀ ਦੇ ਵਿਚਕਾਰਲੀ ਸੰਖਿਆ। ੨੩੦.੨

ਚਾਵਰ—ਚਾਵਲ, ਚੌਲ, ਖਾਣ ਵਾਲਾ ਇਕ ਅਨਾਜ। ੨੨੯.੩

ਚਾੜਹੁ—ਚੜ੍ਹਾਓ, ਭਾਵ ਰੋਲ ਚੱਵੇ। ੬੨੭.੩

ਚਾੜਿ—ਚਾੜ੍ਹਕੇ, ਚੜ੍ਹਾਕੇ। ੫੨੪.੧

ਚਿਹਨ)— (ਸੰ. ਚਿਹ੍ਨ) 1. ਚਿਨ੍ਹ ਭਾਵ ਸਰੀਰ ਦੇ ਅੰਗ। ੨੪੫.੧/—

ਚਿਹਨਿ)

2. ਨਿਸ਼ਾਨ, ਚਿਨ੍ਹ। ੩੭੭.੨/੩੭੪.੨

3. ਸ਼ਕਲ, ਰੂਪ। ੫੬੬.੪, ੬੧੧.੩/—

ਚਿੰਤ—(ਸੰ. ਚਿਨ੍ਤਾ) ਚਿੰਤਾ, ਫ਼ਿਕਰ, ਸੋਚ, ਪਰਵਾਹ। ੫੭੮.੨

ਚਿਤ—(ਸੰ. ਚਿਤ) 1. ਹਿਰਦਾ, ਅੰਤਹਕਰਣ, ਮਨ। ੮੮.੩, ੧੦੧.੨[3], ੧੧੩.੨, ੧੨੬.੧, ੧੫੫.੩, ੧੫੬.੪, ੧੫੭.੩, ੧੬੧.੪, ੧੭੭.੪, ੧੮੪.੪, ੨੩੧.੪, ੨੫੮.੪, ੨੮੧.੧, ੩੫੩.੩, ੩੫੮.੧, ੩੭੬.੩, ੪੦੮.੧, ੪੦੬.੧, ੪੫੪.੩, ੫੩੬.੧, ੫੬੦.੧, ੫੭੩.੪, ੫੬੦.੪

2. ਹਿਰਦਾ (ਸਿਮਰਨ ਵਾਲਾ, ਯਾਦ ਵਾਲਾ)। ੨੨੦.੩

ਚਿਤੇਤਰ—(ਚਿਤ+ਅੰਤਰ) ਚਿੱਤ ਵਿੱਚ, ਹਿਰਦੇ ਵਿੱਚ। ੫੨੭.੧

ਚਿੰਤਨ—(ਸੰ. ਚੈਤਨਯਸ੍) ਚੇਤਨਾਯੁਕਤ, ਬੁੱਧੀਮਾਨ, ਸਿਆਣਾ। ੪੦੫.੩

ਚਿਤਵਤ—(ਸੰ. ਚਿਤਸ੍) 1. ਚਿੰਤਨ ਕਰਦੇ ਹੋਏ, ਵਿਚਾਰ ਕਰਦੇ ਹੋਏ, ਸੋਚਦੇ ਹੋਏ। ੧੨੬.੧, ੪੦੮.੧, ੫੨੦.੨

2. ਦੇਖਦੇ ਹੋਏ, ਤਕਦੇ ਹੋਏ। ੩੬੭.੧, ੬੪੯.੩

ਚਿਤਵੇ—ਦੇਖੇ, ਤੱਕੇ, ਦੇਖੋ 'ਚਿਤਵਤ' (2)। ੬੪੦.੧

ਚਿੰਤਾ—ਗ਼ਮ, ਫ਼ਿਕਰ, ਦੇਖੋ 'ਚਿੰਤ'। ੯੦.੨, ੧੮੯.੪, ੨੮੧.੨, ੪੦੮.੧, ੬੨੩.੨, ੬੩੬.੩

ਚਿੰਤਾਮਣਿ—(ਸੰ. ਚਿਨ੍ਤਾਮਣਿ:) 1. ਪੁਰਾਣਾਂ ਅਨੁਸਾਰ ਇਕ ਰਤਨ ਜੋ ਮਨਚਿਤਵੇ

ਚਿੰਤਾਮਨ)— ਪਦਾਰਥ ਦਿੰਦਾ ਹੈ, ਪ੍ਰਮਾਤਮਾ ਅਥਵਾ ਸਤਿਗੁਰੂ ਲਈ ਵਰਤਿਆ

ਚਿੰਤਾਮਨਿ) ਵਿਸ਼ੇਸ਼ਣ। ੬੦੨.੨, ੬੪੦.੧/—/—

2. ਮਨਇੱਛਤ ਫਲ ਦੇਣਹਾਰੀ ਮਣੀ। ੧੬੩.੨/੬੧੨.੨, ੬੪੬.੩/੪੦੮.੧, (ਸਿਮਰਨ ਰੂਪੀ)।

ਚਿਤ੍ਰ)— ਹਿਰਦਾ, ਮਨ, ਅੰਤਹਕਰਣ, ਦੇਖੋ ਚਿਤ (1) । ੨੧੮.੧, ੪੩੭.੨, ੫੧੫.੨/
ਚਿਤ੍ਰ) ੨੦੨.੪, ੬੫੩.੪

ਚਿਤੇਰਾ—(ਸੰ. ਚਿਕ੍ਰਕ:) ਚਿਤ੍ਰਕਾਰ, ਮੁਸੱਵਰ, ਚਿੱਤਰ ਰਚਣਹਾਰਾ । ੨੪੪.੧, ੨੮੨.੪

ਚਿਤੇਰੈ—ਚਿਤ੍ਰਕਾਰ ਦੇ, ਦੇਖੋ 'ਚਿਤੇਰਾ' । ੨੭੪.੪

ਚਿਤੇਰੋ—ਚਿਤ੍ਰਕਾਰ, ਦੇਖੋ 'ਚਿਤੇਰਾ' । ੨੨੭.੪, ੨੩੨.੪

ਚਿਤੇ—(ਸੰ. ਚਿਤ੍ਤਸ੍) ਵੇਖਦਿਆਂ, ਤਕਦਿਆਂ । ੨੪੪.੧[2]

ਚਿਤ੍ਰ—(ਸੰ. ਚਿਕ੍ਰਸ੍) ਤਸਵੀਰ, ਮੂਰਤ, ਚਿਤ੍ਰਕਾਰ ਦੁਆਰਾ ਚਿੱਤਰੀ ਹੋਈ ਸ਼ਕਲ । ੪੯.੧, ੧੧੭.੧, ੧੭੨.੧, ੨੦੫.੧, ੨੩੨.੧, ੪, ੨੪੪.੧, ੨੭੪.੧, ੪, ੨੭੫.੧, ੨੮੨.੪[3], ੩੦੫.੧, ੩੩੦.੧[3], ੩੪੨.੧

ਚਿਤ੍ਰਹ—ਚਿਤ੍ਰ ਨੂੰ, ਤਸਵੀਰ ਨੂੰ । ੨੪੪.੧

ਚਿਤ੍ਰਗੁਪਤ (ਸੰ. ਚਿਤ੍ਰਗੁਪ੍ਤ:) 14 ਯਮਰਾਜਾਂ ਵਿਚੋਂ ਇਕ ਜੋ ਪ੍ਰਾਣੀਆਂ ਦੇ ਪਾਪ ਤੇ ਪੁੰਨ ਦਾ ਹਿਸਾਬ ਕਿਤਾਬ ਲਿਖਦਾ ਹੈ । ਇਹ ਕੋਤ੍ਰ ਨਕੱਸ਼ਤ੍ਰ ਦਾ ਅਧਿਪਤੀ ਅਤੇ ਅਧਿਦੇਵਤਾ ਹੈ । ਬ੍ਰਹਮਾ ਦੇ ਸ਼ਰੀਰ ਤੋਂ ਉਤਪੰਨ ਹੋਣ ਕਰਕੇ ਇਹ ਕਾਇਸਥ ਲੋਕਾ ਦਾ ਵਡੇਰਾ ਵੀ ਮੰਨਿਆ ਜਾਂਦਾ ਹੈ । ਯਮ ਦੁਤੀਆ ਦੇ ਦਿਨ ਕਾਇਸਥ ਲੋਕ ਚਿੱਤ੍ਰਗੁਪਤ ਅਤੇ ਕਲਮ ਦਵਾਤ ਦੀ ਪੂਜਾ ਕਰਦੇ ਹਨ । 'ਸਕੰਦਪੁਰਾਣ' ਮੁਤਾਬਿਕ ਚਿਤ੍ਰ ਨਾਂ ਦਾ ਰਾਜਾ ਹਿਸਾਬ ਕਿਤਾਬ ਵਿਚ ਬੜਾ ਮਾਹਿਰ ਸੀ ਇਸ ਲਈ ਧਰਮਰਾਜ ਨੇ ਉਸ ਨੂੰ ਆਪਣੇ ਪਾਸ ਹੀ ਰਖ ਲਿਆ । ਗਰੁੜ ਪੁਰਾਣ ਅਨੁਸਾਰ ਚਿਤ੍ਰਗੁਪਤ ਦੀ ਪਰੀ ਧਰਮਰਾਜ ਦੇ ਲਾਗੇ ਹੀ ਹੈ । ੪੫੫.੨

ਚਿਤ੍ਰੁ—ਤਸਵੀਰ, ਮੂਰਤ, ਦੇਖੋ ਚਿਤ੍ਰ । ੨੨੭.੪

ਚਿਨਗ)— ਚੰਗਿਆੜੀ, ਚੰਗਾਰੀ, ਮੱਘਦੇ ਅੱਗ ਦੇ ਉੱਡਣ ਵਾਲੇ ਕਣ । ੧੭੪.੨,
ਚਿਨਗਾਠੀ) ੫੦੬ ਤ. ੫੬੧.੨/੫੭੩.੨, ੬੬੮.੩

ਚਿਨੈ—(ਸੰ. ਚਯਨਸ੍) ਚਿਣਦਾ ਹੈ, ਉਸਾਰਦਾ ਹੈ । ੫੯੩.੨

ਚਿਰਕਾਰ)—(ਸੰ. ਚਿਰਕਾਲ:) 1. ਚਿਰਾਂ ਪਿਛੋਂ ਬਹੁਤ ਸਮੇਂ ਬਾਅਦ, ਬੜੀ ਦੇਰ
ਚਿਰੇਕਾਲ) ਪਿਛੋਂ । ੬੫੮.੩/੧੭.੧, ੬੬੦.੨

2. ਬਹਤ ਸਮੇਂ ਤਕ—/੧੨੧.੨, ੨੯੬.੩, ੩੦੬.੨ ੪੪੬.੩, ੫੧੫.੧

ਚਿਰੇਜੀਵ—(ਸੰ. ਚਿਰਞ੍ਜੀਵ) ਚਿਰ ਤਕ ਜਿਉਣ ਵਾਲਾ, ਜੋ ਲੰਬੇ ਸਮੇਂ ਤਕ ਜੀਵਿਤ ਰਹੇ । ੨੨੪.੩

ਚੀਕਨੇ—(ਸੰ. ਚਿਕ੍ਕਣ) ਚੀਕਣੇ, ਚਿੰਦੇ, ਫਿਸਲਣ ਵਾਲੇ । ੬੩੮.੧

ਚੀਟਾ—ਚਿਉਂਟਾ, ਕੀੜਾ । ੫੪੮.੨

ਚੀਟੀ—ਚਿਉਂਟੀ, ਕੀੜੀ/ਕੀੜੀਆਂ । ੭੫.੧, ੨੭੪ ੧. ੨, ੪[3], ੩੬੭.੩, ੪੦੪.੧, ੪੧੩.੧[2] ੫੪੮.੨, ੬੦੬.੨

ਚੀਤ—(ਸੰ. ਚਿਤ੍ਤ) ਚਿਤ, ਮਨ, ਹਿਰਦਾ, ਦੇਖੋ 'ਚਿਤ' (1) । ੧੪੫.੨, ੧੫੦.੩, ੧੮੩.੪, ੧੮੬.੪, ੨੨੪.੪, ੩੩੮.੨, ੩੬੦.੪, ੬੨੭.੧

ਚੀਤਿ—ਚਿਤ ਵਿੱਚ, ਹਿਰਦੇ ਵਿੱਚ । ੩੨੨.੪, ੩੮੬.੪

ਚੀਤੇ—(ਸੰ.ਚਿਕ੍ਕ:) ਚੀਤੇ ਨੂੰ, ਸ਼ੇਰ ਵਰਗੇ ਇਕ ਮਾਸਾਹਾਰੀ ਜਾਨਵਰ ਨੂੰ । ੭੫.੨

ਚੀਨ—1. ਖੱਜਦੇ, ਜਾਣਦੇ, ਸਮਝਦੇ । ੬੧.੪, ੧੧੫.੧, ੨੨੫.੩

2. ਪਹਿਚਾਨਦੇ, ਦੇਖਦੇ, ਤਕਦੇ । ੬੫.੨

3. ਚੀਨਕੇ, ਜਾਣ ਕੇ, ਖਜ.ਕ । ੪੯੩.੧

4. ਚੀਨਣਾ, ਜਾਨਣਾ । ੬੧੪.੪

ਚੀਨਤ—1. ਖੋਜਦਾ, ਸਮਝਦਾ । ੧੬੦.੪[2]
2. ਪਹਿਚਾਨਦਾ, ਵੇਖਦਾ, ਤਕਦਾ । ੪੦੬.੪

ਚੀਨਿ—1. ਖੋਜਕੇ, ਚੀਨਕੇ, ਦੇਖੋ 'ਚੀਨ' (3) । ੪੪.੪, ੪੧੦.੧
2. ਵੇਖਕੇ, ਤਕਕੇ, ਪਹਿਚਾਨਕੇ. ਵੇਖੋ 'ਚੀਨ' (2) । ੩੪੬.੪

ਚੀਨੀਅਤ—ਖੋਜਦਾ ਹੈ, ਜਾਣਦਾ ਹੈ, ਸਮਝਦਾ ਹੈ । ੨੫੧.੨

ਚੀਨੇ—ਚੀਨ ਲਿਆ, ਪਹਿਚਾਨ ਲਿਆ, ਸਮਝ ਲਿਆ । ੨੪.੩, ੩੮੮.੨, ੪੮੪.੪

ਚੀਰ—(ਸੰ. ਚੀਰਮ੍) ਕਪੜੇ, ਵਸਤਰ । ੩੪੬.੪, ੫੦੧.੨, ੫੬੨.੨, ੬੨੬.੪, ੬੩੨.੩, ੬੫੮.੧

ਚੀਲ—(ਸੰ. ਚਿਲ੍ਲ:) ਇਲ੍, ਬਾਜ ਵਰਗਾ ਇਕ ਪੰਛੀ । ੨੨੪.੨, ੬੩੧.੩

ਚੁਆਇਕੈ—(ਸੰ. ਚਯੁ) ਚੁਆ ਕੇ, ਬੂੰਦ ਬੂੰਦ ਟਪਕਾਕੈ । ੬੨੨.੩

ਚੁਆਈ—ਬੂੰਦ ਬੂੰਦ ਕਰਕੇ ਟਪਕਾਇਆ ਹੈ, ਦੇਖੋ 'ਚੁਆਇਕੈ' । ੪੮.੩, ੨੮੩.੨

ਚੁਆਏ—ਚੁਆਇਆ, ਬੂੰਦ ਬੂੰਦ ਕਰਕੇ ਟਪਕਾਇਆ ਹੈ, ਦੇਖੋ 'ਚੁਆਇਕੈ' । ੨੮.੩

ਚੁਇ—ਚੋਕੇ, ਟੱਪਕ ਕੇ, ਦੇਖੋ 'ਚੁਆਇਕੈ' । ੪੨੫.੪

ਚੁਹਚੁਹਾਤ—ਚਹਿਚਹਾਉਣਾ, ਪੰਛੀਆਂ ਦੀ ਚੀਂ ਚੀਂ ਕਰਨਾ, ਪੰਛੀਆਂ ਦਾ ਖੁਸ਼ੀ ਨਾਲ ਆਵਾਜ਼ਾਂ ਕੱਢਣਾ । ੬੬੧.੨

ਚੁਹਟੀ—(ਪ੍ਰਾ. ਚੁਡਕਇ) ਚੁੰਢੀ, ਹੱਥ ਦੇ ਅੰਗੂਠੇ ਅਤੇ ਵੱਡੀ ਉਂਗਲ ਨਾਲ ਸੰਨ੍ਹੀ ਵਾਂਗ ਮਾਸ ਨੂੰ ਖਿੱਚਣ ਦੀ ਕਿਰਿਆ । ੫੨੩.੧

ਚੁਗਿ—ਚਗ ਕੇ, ਦਾਣੇ ਅਥਵਾ ਭੋਜਨ ਆਦਿ ਖਾ ਕੇ । ੫੬੦.੨

ਚੁਨਤ—ਚੁਗਦਾ ਹੈ, ਚੁੰਝ ਨਾਲ ਚੁਣਦਾ ਹੈ । ਭਾਵ ਖਾਂਦਾ ਹੈ । ੫੬੫.੨

ਚੁਨੈ—ਚੁਣਦਾ ਹੈ, ਚੁਗਦਾ ਹੈ । ੫੬੩.੩

ਚੁਪ—(ਸੰ. ਚੁਪ੍) ਖਾਮੋਸ਼, ਮੌਨ. ਜੋ ਨ ਬੋਲੈ । ੬੦੫.੩

ਚੁੰਬਕ—(ਸੰ. ਚੁम्बਕ) ਮਕਨਾਤੀਸ, ਚਮਕ ਪੱਥਰ, ਇਕ ਖਾਸ ਕਿਸਮ ਦਾ ਲੋਹਾ ਜੋ ਲੋਹੇ ਨੂੰ ਆਪਣੀ ਵਲ ਖਿੱਚ ਲੈਂਦਾ ਹੈ । ੩੬੫.੧

ਚੁਰਾਈ—(ਸੰ. ਚੁਰ੍) ਲੁੱਪ ਹੋ ਜਾਂਦੀ, ਦੂਰ ਹੋ ਜਾਂਦੀ । ੪੦੮.੧

ਚੂਕ)— ਉਕਾਈ, ਭੁਲ, ਖਤਾ । ੫੭੩.੪, ੬੬੭.੪/੩੫੬.੩, ੩੫੮.੩
ਚੂਕਿ)

ਚੂਨ—(ਸੰ. ਚੂर्ण) ਆਟਾ, ਪੀਸਿਆ ਹੋਇਆ ਅਨਾਜ । ੬੪.੨, ੧੨੨.੨, ੧੨੪.੧, ੫੬੨.੧

ਚੂਨਾ—(ਸੰ. ਚੂर्ण > ਪ੍. ਚੂण्ण) ਇਕ ਖਾਸ ਕਿਸਮ ਦੇ ਚਟਾਨੀ ਪੱਥਰ ਜਾਂ ਕੈਲਸ਼ੀਅਮ ਕਾਰਬੋਨੇਟ ਵਾਲੇ ਹੋਰ ਪਦਾਰਥਾਂ ਨੂੰ ਭਸਮ ਕਰਕੇ ਤਿਆਰ ਕੀਤਾ ਚੂਰਣ ਜੋ ਕਲੀ ਕਰਨ, ਪਾਨ ਵਿਚ ਖਾਣ ਲਈ ਅਤੇ ਕਈ ਦਵਾਈਆਂ ਆਦਿ ਵਿਚ ਕੰਮ ਆਉਂਦਾ ਹੈ । ੩੬.੩, ੬੩.੨, ੧੨੨.੧, ੧੨੪.੩, ੨੫੮.੩

ਚੂਨੈ—ਆਟਾ, ਦੇਖੋ 'ਚੂਨ' । ੫੬੬.੧

ਚੇਸ਼ਟਾ—(ਸੰ. ਚेष्टा) ਇੱਛਾ, ਵਾਸ਼ਨਾ, ਚਾਹ (ਕਾਮ ਦੀ) । ੧੭੭.੧

ਚੇਤ—(ਸੰ. ਚेतस्) ਯਾਦ, ਸਮਝਣ । ੩੫੮.੧

ਚੇਤੰਨ)— (ਸੰ. ਚेतन) ਚੇਤਨਾ ਯੁਕਤ, ਸੁਚੇਤ, ਸਾਵਧਾਨ । ੩੫੪.੨/੩੬੫.੧, ੬੬੬.੪/੪੧੮.੩
ਚੇਤਨ)
ਚੇਤੰਨਿ)

ਚੇਤਿ—ਚੇਤੇ ਕਰਕੇ, ਯਾਦ ਕਰਕੇ, ਦੇਖੋ 'ਚੇਤ' । ੧੮੪.੧

ਚੇਤੰਨ—ਚੇਤਨਾ ਯੁਕਤ, ਹੋਰ ਦੇਖੋ 'ਚੇਤੰਨ' । ੬੧੬.੨

ਚੈਨ—ਸੁਖ, ਆਰਾਮ, ਸ਼ਾਂਤੀ । ੩੫੧.੩, ੪੫੪.੩, ੫੮੭.੨, ੬੬੫.੨

ਚੋਆ—ਅਗਰ ਦੀ ਲਕੜੀ ਤੋਂ ਬਣਿਆ ਹੋਇਆ ਤੇਲ, ਅਤਰ, ਸੁਗੰਧਿਤ ਪਦਾਰਥ । ੧੨੪.੨, ੪੨੫.੪, ੫੧੧.੧, ੫੯੭.੨

ਚੋਖ—(ਸੰ. ਚੋਸ਼:) ਚੂਸਣਾ, ਜੀਭ ਤੇ ਬੁਲ੍ਹਾਂ ਨਾਲ ਕਿਸੇ ਪਦਾਰਥ ਦਾ ਰਸ ਚੁੰਘਣਾਂ । ੨੮੭.੩

ਚੋਗ—ਚੋਗਾ, ਪੰਛੀਆਂ ਦੀ ਖੁਰਾਕ । ੫੯੦.੨

ਚੋਚਲਾ—ਲਾਡ-ਪਿਆਰ, ਨਾਜ਼-ਨਖਰਾ । ੫੬੬.੨

ਚੋਰ—(ਸੰ. ਚੋਰ:) ਤਸਕਰ, ਚੋਰੀ ਕਰਨ ਵਾਲਾ, ਪਰਾਈ ਵਸਤੂ ਨੂੰ ਬਿਨਾ ਪੁੱਛੇ ਲਿਜਾਣ ਵਾਲਾ । ੬੯.੩, ੧੬੫.੩, ੩੨੩ ੧, ੩੨੪.੨, ੪੮੬.੩, ੪੮੭.੪, ੫੨੩.੧, ੫੩੨.੩, ੫੯੧.੩, ੬੪੩.੧[2]

ਚੋਰਨ—ਚੋਰਾਂ, ਚੋਰ ਦਾ ਬਹੁਵਚਨ, ਦੇਖੋ 'ਚੋਰ' । ੫੪੪.੩

ਚੋਰੀ—(ਸੰ. ਚੌਰ੍ਯਮ੍) ਚੋਰੀ ਦਾ ਕਰਮ, ਕਿਸੇ ਦੀ ਚੀਜ਼ ਬਿਨਾਂ ਪੁੱਛੇ ਲਿਜਾਣ ਦੀ ਕ੍ਰਿਆ । ੩੨੩.੧, ੫੨੪.੧, ੪. ੫੯੧.੩[3]

ਚੋਰੁ—ਤਸਕਰ, ਹੰਹ ਦੇਖੋ 'ਚੋਰ' । ੭੦.੩, ੫੨੪.੧

SIKHBOOKCLUB.COM

ਛ

ਛਕ—(ਸੰ. ਚਕ੍) ਨਸ਼ੇ ਵਿਚ, ਅਮਲ ਵਿਚ । ੩੭੪.੧

ਛਕਤ—(ਸੰ. ਚਕਾਸ੍) 1. ਚਮਕਣਾ, ਦਮਕਣਾ । ੬੫.੩

2. ਪ੍ਰਸੰਨ ਹੋਣਾ, ਖੁਸ਼ ਹੋਣਾ, ਭਾਵ ਸੰਤੁਸ਼ਟ ਹੋਣਾ, ਤ੍ਰਿਪਤ ਹੋਣਾ । ੩੨੩.੩

ਛਕਤਿ—ਛਕਦੇ ਹਨ । ੩੬੦.੪

ਛਕਿ—ਚਮਕ, ਦਮਕ, ਦੇਖੋ 'ਛਕਤ' (1) । ੧੪੦.੧

ਛਕੈ—ਛੱਕਕੇ, ਪੀਕੇ । ੩੭੪.੧

ਛਡਾਏ—ਛੁਡਾਉਣ ਤੇ, ਵੱਖ ਕਰਨ ਤੇ । ੪੬.੧

ਛਡਾਵਈ—ਛੁਡਾ ਲੈਂਦੇ ਹਨ, ਨਜਾਤ ਦਿਵਾਉਂਦੇ ਹਨ । ੧੬੭.੨

ਛਡਾਵਹੁ—ਛੁਡਾਉਂਦੇ, ਮੁਕਤ ਕਰਾਉਂਦੇ । ੨੦੭.੩

ਛਤਨਾ—(ਸੰ. ਛਤ੍ਰ, ਛਤ੍ਰਾਕ:) ਛੱਤਰ ਦੇ ਆਕਾਰ ਦੀ ਖੁੰਭ, ਪਦ ਬਹੇੜਾ । ੩੮੬.੧

ਛਤ੍ਰ—(ਸੰ. ਛਤ੍ਰਸ੍) 1. ਰਾਜੇ ਆਦਿਕ ਦਾ ਸਹਗਲਿਤ, ਭਾਵ ਰਾਜੇ ਉਪਰ ਸ਼ਾਹੀ ਠਾਠ ਦੇ ਚਿਨ੍ਹ ਵਜੋਂ ਤਾਣਿਆ ਛੱਤਰ । ੨੪੬.੩

2. ਵੱਡੀ ਛੱਤਰੀ । ੩੮੬.੧

ਛਤ੍ਰਢਾਲਾ—ਛਤ੍ਰ ਨੂੰ ਸਿਰ ਤੇ ਝੁਲਵਾਉਣ (ਫਿਰਾਉਣ) ਵਾਲਾ ਬਾਦਸ਼ਾਹ । ੩੫੧.੩

ਛਤ੍ਰਧਾਰੀ—(ਸੰ. ਛਤ੍ਰਧਾਰਿਣ੍) ਰਾਜਾ, ਬਾਦਸ਼ਾਹ, ਜਿਸ ਦੇ ਸਿਰ ਤੇ ਛੱਤਰ ਝੁੱਲੇ । ੬੫੬.੨

ਛਤ੍ਰਪਤਿ—(ਸੰ. ਛਤ੍ਰਪਤਿ:) ਛੱਤਰ ਦਾ ਸੁਆਮੀ, ਭਾਵ ਬਾਦਸ਼ਾਹ, ਜਿਸ ਦੇ ਸਿਰ ਤੇ ਰਾਜ ਮਰਿਯਾਦਾ ਅਨੁਸਾਰ ਛੱਤਰ ਤਾਣਿਆ ਜਾਏ । ੪੬.੧, ੨੪੬.੩

ਛਬਿ—(ਸੰ. ਚ੍ਛਵਿ:) ਸੁੰਦਰਤਾ, ਆਭਾ, ਸੁਹੱਪਣ, ਚਮਕ-ਦਮਕ । ੪੬.੩, ੬੫.੩, ੧੧੨.੨, ੧੩੧.੧, ੧੪੦.੧, ੧੪੧.੧[2], ੧੭੧.੨[2], ੧੬੪.੪[3], ੨੦੪.੩, ੨੦੬.੧, ੨੧੩.੩, ੨੪੬.੩, ੨੬੦.੧, ੨੬੫.੧, ੨੮੪.੨, ੨੮੬.੨, ੨੬੪.੧, ੩੭੧.੪, ੪੦੦.੪, ੪੨੧.੨, ੪੨੭.੩, ੪੪੩.੩, ੪੮੦.੩, ੫੬੩.੪, ੬੧੨.੩, ੬੧੬.੪, ੬੨੦.੧, ੬੪੬.੨, ੬੫੧.੩[3], ੬੫੨.੩

ਛਬੀਲੀ—ਆਭਾਯੁਕਤ, ਸੋਭਾ ਸੰਪੰਨ, ਛਬੀ ਵਾਲੀ, ਦੇਖੋ 'ਛਬਿ' । ੨੦੬.੧

ਛਬੀਲੇ - ਛਬਿ ਵਾਲੇ, ਬਾਂਕੇ, ਸੁੰਦਰ । ੧੬੪.੪, ੪੨੭.੩, ੬੫੫.੩

ਛਰਤ—ਛੱਲੀ ਜਾਣਾ, ਠੱਗੀ ਜਾਣਾ । ੧੪੫.੪

ਛਲ—(ਸੰ. ਛਲ:) ਧੋਖਾ, ਫਰੇਬ । ੩੫੧.੪, ੩੫੬.੩

ਛਲਿਓ—ਛਲ ਲਿਆ ਹੈ, ਦੇਖੋ 'ਛਲ' । ੬੪੮.੧

ਛਲੈ—ਛਲ ਲੈਂਦਾ ਹੈ, ਭਾਵ ਅਧੀਨ ਕਰ ਲੈਂਦਾ ਹੈ । ੩੧੧.੪

ਛਾਇਆ – (ਸੰ. ਛਾਯਾ) ਛਾਂ, ਸਾਇਆ, ਅਕਸ । ੧੧੭.੨, ੨੩੩.੧, ੨੪੬.੩, ੩੦੭.੩, ੩੦੮.੧, ੩੧੧.੪, ੪੫੮.੪

ਛਾਇਓ—ਛਾ ਜਾਂਦਾ, ਭਾਵ ਸੋਭਾ ਪਾਉਂਦਾ, ਝਲ੍ਹਕਦਾ । ੨੫੭.੨

ਛਾਇਕੈ—ਛਾ ਕੇ, ਭਾਵ ਪ੍ਰਭਾਵ ਪਾਕੇ । ੨੧੬.੧

ਛਾਈ –ਛਾਈ ਹੋਈ, ਭਾਵ ਪ੍ਰਭਾਵਤ ਕੀਤਾ ਹੋਇਆ । ੪੮.੨, ੬੫੮.੨

ਛਾਈਅਤ—ਛਾਇਆ ਜਾਂਦਾ, ਭਾਵ ਬਣਾਇਆ ਜਾਂਦਾ, ਛੱਤਿਆ ਜਾਂਦਾ । ੫੩੧.੧

ਛਾਏ –ਛਾ ਜਾਂਦਾ, ਭਾਵ ਪ੍ਰਭਾਵ ਪਾ ਲੈਂਦਾ । ੨੮.੪, ੩੩.੨, ੮੬.੩, ੧੧੦.੧

ਛਾਂਹ)— ਛਾਂ ਥਲੇ, ਛਾਂ ਹੇਠਾਂ ਦੇਖੋ 'ਛਾਇਆ' । ੩੮੬.੧/੧੬੪.੪, ੨੦੪.੩/੩੫੧.੨

ਛਾਹ)

ਛਾਂਹਿ)

ਛਾਜ)— ਸਜਦੀ, ਸੁੰਦਰ ਲਗਦੀ, ਫਬਦੀ । ੪੬.੩, ੨੪੬.੩, ੩੭੧.੪, ੫੬੩.੪/

ਛਾਜਿ) ੪੧੫.੨

ਛਾਡ –(ਸੰ. ਛੋਰਣਮ੍ > ਪ੍ਰਾ. ਛਡ੍ਡ) ਛੱਡ ਕੇ, ਤਿਆਗ ਕੇ । ੪੧੩.੪

ਛਾਡ ੬—ਛੱਡਦਾ ਹੈ, ਤਿਆਗਦਾ ਹੈ, ਦੇਖੋ 'ਛਾਡ' । ੩੨੪.੪, ੩੫੮.੩

ਛਾਡਯੋ—ਛੱਡਣਾ, ਤਿਆਗਣਾ, ਦੇਖੋ 'ਛਾਡ' । ੫੬੧.੧

ਛਾਡਿ 1. ਛੱਡ ਕੇ, ਤਿਆਗ ਕੇ, ਦੇਖੋ 'ਛਾਡ' । ੧੬.੩, ੧੩੬.੩, ੨੫੨.੨, ੪੩੪.੪, ੪੭੬.੪, ੪੬੦.੨, ੫੧੨.੩, ੫੩੬.੨, ੫੫੫.੪, ੬੧੬.੧, ੬੬੦.੨

2. ਛੱਡਣਾ, ਤਿਆਗਣਾ, ਦੇਖੋ 'ਛਾਡ' । ੩੨੩.੪

ਛਾਡਿਓ—ਛੱਡਣਾ, ਤਿਆਗਣਾ, ਦੇਖੋ 'ਛਾਡ' । ੫੩੬.੪

ਛਾਡੀਅਤ—ਛੱਡ ਦੇਈਦਾ ਹੈ । ੧੮੪.੩

ਛਾਡੀਐ --ਛੱਡ ਦੇਈਏ । ੫੨੩.੧

ਛਾਡੇ—1. ਛੱਡਦਾ ਹੈ, ਦੇਖੋ 'ਛਾਡ' । ੪੪.੧

2. ਛੱਡਕੇ, ਦੇਖੋ 'ਛਾਡ' । ੪੬੦.੩

3. ਛੱਡ ਰਹੀ ਹੈ, ਦੇਖੋ 'ਛਾਡ' । ੫੭੩.੨

ਛਾਤੀ—ਸੀਨਾ, ਹਿੱਕ । ੨੧੦.੩, ੫੭੩.੩

ਛਾਦਨ—(ਸੰ. ਛਾਦਨਮ੍) ਕਪੜੇ, ਬਸਤ੍ਰ, ਕੱਜਣ । ੫੬੮.੩

ਛਾਨਿ—(ਸੰ. ਛਾਦਨਸ) ਛੰਨ, ਛੱਪਰੀ, ਕਾਨਿਆਂ ਤੇ ਹੋਰ ਤੀਲ੍ਹਿਆਂ ਆਦਿ ਨਾਲ ਬਣਾਇਆ ਹੋਇਆ ਛੱਪਰ । ੫੩੧.੧

ਛਾਨੋ—(ਸੰ. ਛਨ੍ਨ) ਛਿਪਿਆ ਹੋਇਆ, ਗੁਪਤ । ੪੧੧.੩

ਛਾਯਾ (ਸੰ. ਛਾਯਾ) ਛਾਂ, ਛਾਂਉਂ, ਸਾਇਆ (ਦਰਖਤ ਆਦਿ ਦਾ) । ੫੫੯.੩, ੫੬੨.੩

ਛਾਰ)— (ਸੰ. ਖ਼ਾਰ ਪ੍ਰਾ. ਛਾਰ) ਖ਼ਾਕ, ਭਸਮ, ਮਿੱਟੀ । ੪੩੪.੪, ੫੨੩.੩,

ਛਾਰੁ) ੫੨੬.੧/੩੩੨.੪, ੫੫੫.੧

ਛਿਦ੍)— (ਸੰ. ਛਿਦ੍ਰਸ੍) 1. ਛੇਦ, ਛੇਕ, ਸੁਰਾਖ਼, ਮੋਰੀ । ੫੧੨.੧/—

ਛਿਦ੍ਰਿ) 2. ਦੋਸ਼, ਐਬ, ਔਗੁਣ । ੫੨੧.੩/੪੦੩.੩

ਛਿਨ—(ਸੰ. ਕ੍ਸ਼ਣ:) ਖਿਨ, ਅੱਖ ਦੀ ਝਮਕ ਜਿਨਾਂ ਸਮਾਂ, ਸਮੇਂ ਦੀ ਸਭ ਤੋਂ ਛੋਟੀ ਇਕਾਈ । ੩੪੧.੧, ੫੦੬.੩, ੬੩੩.੧[2]

ਛਿਨਕ—(ਛਿਨ+ਇਕ) ਇਕ ਛਿਨ, ਇਕ ਖਿਨ, ਦੇਖੋ 'ਛਿਨ' । ੨੩੩.੩, ੬੩੭.੧

ਛਿਪਤ)— ਛਿਪਦੀਆਂ ਹਨ, ਲੁਕਦੀਆਂ ਹਨ, ਉਹਲੇ ਹੁੰਦੀਆਂ ਹਨ । ੨੦੪.੩/੧੪੦.੩

ਛਿਪਤਿ)

ਛਿਪਾਇ—ਛਿਪਾ ਕੇ, ਲੁਕਾ ਕੇ । ੪੧੦.੧

ਛਿਪਾਏ— ਛਿਪਾਉਣਾ, ਲੁਕਾਉਣਾ । ੪੧੧.੨

ਛਿਪੈ— ਛਿਪਦੀਆਂ ਹਨ, ਲੁਕਦੀਆਂ ਹਨ/ਛਿਪਦਾ ਹੈ, ਲੁਕਦਾ ਹੈ । ੧੬੪.੪, ੪੧੧.੨

ਛਿਮਾ—(ਸੰ. ਕ੍ਸ਼ਮਾ) ਖਿਮਾਂ, ਮੁਆਫ਼ੀ । ੨੪੬.੩

ਛਿਲਕਾ— (ਸੰ. ਛਲ੍ਲਿ) ਛਿੱਲ, ਛਿਲੜ, ਗੰਨੇ ਦੇ ਗੁੱਦੇ ਦੀ ਉਪਰਲੀ ਤਹਿ । ੧੦੬.੧

ਛਿਰਕਾਰੀ—ਛਿੜਕਣ ਵਾਲੀ, ਛਿੜਕਾਉ ਕਰਨ ਵਾਲੀ । ੬੫੬.੪

ਛੀਕ—(ਸੰ. ਛਿਕ੍ਕਾ) ਛਿੱਕ, ਨਿੱਛ, ਨੱਕ ਮੂੰਹ ਤੋਂ ਤੇਜ਼ੀ ਨਾਲ ਨਿਕਲਣ ਵਾਲਾ ਹਵਾ ਦਾ ਸਫ਼ੇਟ । ੬੨੩.੩

ਛੀਨ—(ਸੰ. ਕ੍ਸ਼ੀਣ) 1. ਨਸ਼ਟ । ੨੮੬.੨

2. ਘੱਟ, ਥੋੜ੍ਹੀ । ੩੦੬.੨

3. ਕਮਜ਼ੋਰ, ਨਿਰਬਲ, ਦੁਬਲੀ । ੫੧੪.੩

ਛੀਨੀ—(ਸੰ. ਛਿਨ੍ਨ) ਖੋਹ ਲਈ, ਜ਼ਬਰਦਸਤੀ ਲੈ ਲਈ । ੬੪੯.੨

ਛੁਅਤ—ਛੂਹਣ ਨਾਲ, ਛੂਹਣ ਦੁਆਰਾ, ਸਪਰਸ਼ ਕਰਨ ਨਾਲ । ੬੩੭.੧

ਛੁਹਾਰਾ—ਇਕ ਪ੍ਰਕਾਰ ਦਾ ਮੇਵਾ, ਸੁੱਕਾ ਹੋਇਆ ਖਜੂਰ ਦਾ ਫਲ । ੧੦੬.੨

ਛੁਦ੍ਰਪੀਠ—(ਸੰ. ਕ੍ਸ਼ੁਦ੍ਰ+ਪੀਠ) ਤੜਾਗੀ, ਕਮਰ ਨੂੰ ਬਨ੍ਹਣ ਵਾਲਾ ਸੰਨ੍ਹ ਜਾਂ ਚਾਂਦੀ ਆਦਿ ਦਾ ਗਹਿਣਾ । ੩੪੭.੪

ਛੁਪਾਵਹੀ— ਛਿਪਾ ਲੈਂਦੀ ਹੈ, ਕੱਜ ਲੈਂਦੀ ਹੈ, ਢੱਕ ਲੈਂਦੀ ਹੈ । ੫੬੮.੨

ਛੁਵਤ—ਛੂੰਹਦੇ, ਸਪਰਸ਼ ਕਰਦੇ । ੫੮੨.੨

ਛੂਟਦੀ—(ਸੰ. √ਛੁਟ੍>ਪ੍ਰਾ. ਛੁਟ੍ਟ) ਛੁੱਟਦਾ, ਭਾਵ ਵੱਖ ਹੁੰਦਾ । ੫੬੧.੧

ਛੂਟਤ—ਛੁੱਟਦਿਆਂ, ਆਜ਼ਾਦ ਹੁੰਦਿਆਂ, ਮੁਕਤ ਹੁੰਦਿਆਂ, ਦੇਖੋ 'ਛੂਟਦੀ' । ੫੭੭.੨

ਛੂਟਤਿ—ਛੁੱਟਣ, ਚਲਣ (ਤੀਰ ਦੇ) ਦੇਖੋ 'ਛੂਟਦੀ' । ੬੩੦.੧

ਛੂਟਿ—ਛੁੱਟ ਕੇ, ਮੁਕਤ ਹੋ ਕੇ, ਦੇਖੋ 'ਛੂਟਦੀ' । ੫੨੪.੧

ਛੇਦ—(ਸੰ. ਛਿਦ੍ਰਸ੍) 1. ਛੇਕ, ਸੁਰਾਖ਼, ਮੋਰੀ । ੮੩.੪

2. (ਸੰ. ਛੇਦ:) ਨਸ਼ਟ, ਨਾਸ਼ । ੬੩੭.੩

ਛੇਤੀ—ਖੁਲ੍ਹਾ ਛੱਡਣਾ, ਭਾਵ ਵਲਗਣ ਤੋਂ ਰਹਿਤ, ਛੱਡਣਾ । ੫੮੨.੨
ਛੇਦੈ –(ਸੰ. ਛੇਦ:) ਛੇਦਿਆਂ, ਕੱਟਿਆਂ, ਢੱਕਿਆਂ । ੪੨੬.੩
ਛਲ—(ਸੰ.ਛਵਿ > ਪ੍ਰਾ. ਛਵਲ) ਸੁੰਦਰ, ਖੂਬਸੂਰਤ, ਸੋਹਣੀ । ੩੧੧.੪
ਛੋਤਿ – ਛੂਤ, ਛਿੱਟ, ਅਪਵਿਤ੍ਰਤਾ ਤੋਂ ਭਾਵ । ੧੮੭.੩, ੩੮੮.੨, ੬੩੭.੧

ਜ

ਜਉ —(ਪ੍ਰਾ. ਜइ, ਸੰ. ਯਦਾ, ਯਦਿ) ਜਦੋਂ, ਜਿਸ ਵੇਲੇ । ੧੨.੧[3], ੨[3], ੩[3], ੧੮੬.੧, ੧੮੯.੧, ੩੭੪.੪, ੪੨੮.੧, ੨, ੩, ੪੩੭.੧, ੪੩੯.੪, ੬੬੧.੧[3], ੨[2], ੩
2. ਜੇ, ਜੇਕਰ, ਅਗਰ । ੧੪੧.੩, ੨੨੧.੨, ੩, ੪[3], ੨੩੯.੨, ੩੧੦,੪, ੩੧੩.੧, ੩੩੨.੧, ੨, ੩੫੨.੧, ੨, ੩੮੬.੧, ੩. ੩੯੭.੧, ੩, ੪੦੩.੪, ੪੩੦.੨, ੪੩੫.੧, ੪੪੦.੨, ੪੪੪.੩, ੪੬੩.੨, ੩, ੪੬੪.੧, ੨, ੪੭੨.੪, ੪੭੩.੧, ੨, ੩, ੪੭੪.੨, ੪੭੫.੨, ੪੮੦.੧, ੪੯੪.੧, ੫੦੪.੧, ੨, ੩, ੫੨੪.੨, ੫੨੭.੧, ੨, ੫੪੪.੧, ੨, ੪, ੫੪੫.੧, ੨, ੩, ੬੧੮.੨, ੬੩੫.੧
3. ਜਿਵੇਂ, ਜਿਸ ਤਰ੍ਹਾਂ : ੪੮੬.੧, ੫੨੩.੩
ਜਉਹਰੀ)— (ਅ. ਜੌਹਰੀ) ਜੌਹਰ ਵੇਚਣ ਵਾਲਾ, ਹੀਰਿਆਂ, ਰਤਨਾਂ ਆਦਿ ਕੀਮਤੀ
ਜਉਹਾਰੀ) ਪੱਥਰਾਂ ਦਾ ਵਪਾਰੀ । ੪੭੯.੧, ੨, ੫੦੫.੩/੬੭੫.੪
ਜਉਪੈ—ਜੇਕਰ, ਅਗਰ, ਦੇਖੋ 'ਜਉ'(2) । ੩੫੨.੩, ੩੬੩.੨, ੪੧੨.੧, ੨, ੩, ੪੭੮.੧, ੨, ੩, ੪੯੧.੨, ੫੨੪.੧, ੩
ਜਏ—ਜਪਦੇ, ਆਰਾਧਦੇ । ੫੫੪.੩
ਜਸ—(ਸੰ. ਯਸਸ > ਪ੍ਰਾ. ਜਸ) ਕੀਰਤੀ, ਵਡਿਆਈ, ਸ਼ੋਭਾ । ੧੭੧.੧, ੪੩੬.੧, ੬੪੭.੩
ਜਸਤ—(ਸੰ. ਜਸਦ) ਜਿਸਤ, ਜ਼ਿੰਕ, ਇਕ ਧਾਤੂ । ੫੬੮.੩
ਜਸਿ—ਜਿਵੇਂ ਦਾ, ਜਿਸ ਤਰ੍ਹਾਂ ਦਾ, ਜੈਸਾ । ੩੩੧.੨
ਜਸੁ—ਵਡਿਆਈ, ਸ਼ੋਭਾ, ਦੇਖੋ 'ਜਸ' । ੧੬੪.੪, ੨੩੪.੧, ੩੭੦.੩, ੪੨੩.੩, ੫੦੪.੩, ੫੪੩.੧, ੬੪੭.੩
ਜਹਾਂ)— (ਸੰ. ਯਤ੍ਰ, ਪ੍ਰਾ. ਜਹ) ਜਿਥੇ, ਜਿਸ ਜਗ੍ਹਾ । ੫੭੮.੪/੨੧੬.੩
ਜਹਾ)
ਜਗ—1. (ਸੰ. ਯਜ੍ਞ:) ਯੱਗ, ਦੇਵਤਿਆਂ ਆਦਿ ਦੀ ਪੂਜਾ ਕਰਨ ਦੀ ਵਿਸ਼ੇਸ਼ ਪ੍ਰਕਾਰ ਦੀ ਕ੍ਰਿਆ । ੨੧.੨, ੩੫.੩, ੨੫੫.੧, ੩੦੪.੨, ੪੮੨.੩, ੫੦੧.੩, ੫੪੩.੩, ੬੫੬ ੧
2. (ਸੰ. ਜਗਤ੍ > ਪ੍ਰਾ. ਜਗ) ਜਹਾਨ, ਸੰਸਾਰ, ਦੁਨੀਆਂ, ਜਗਤ । ੩੬.੧, ੬੫.੪, ੭੦.੩, ੧੪੬.੨, ੧੫੭ ੪, ੧੭੩.੧, ੨੧੬.੧, ੨੨੭.੨[2], ੨੫੨.੩[2], ੨੮੮.੧, ੪, ੩੨੫.੪, ੩੫੧.੪, ੩੮੦.੪, ੩੮੫.੪, ੩੯੮.੩, ੪੦੩.੪, ੪੦੭.੧, ੪੬੫.੪, ੫੦੧.੧, ੫੯੧.੪, ੫੯੨.੪, ੬੬੪.੪

ਜਗਜੀਵਨ—(ਸੰ. ਜਗਤ + ਜੀਵਨ) ਜਗਤ ਦਾ ਜੀਵਨ, ਸੰਸਾਰ ਦਾ ਪ੍ਰਾਣਾਧਾਰ, ਭਾਵ ਈਸ਼ਵਰ, ਪਰਮਾਤਮਾ । ੯੨.੪, ੨੨੭.੨[3], ੨੪੮.੪, ੨੫੨.੩[3], ੨੮੦.੧, ੪੮੫.੨, ੬੫੬.੩

ਜਗਤ—(ਸੰ. ਜਗਤ੍) ਵਿਸ਼ਵ, ਸੰਸਾਰ, ਦੁਨੀਆਂ । ੩੫.੩, ੧੪੫.੨, ੪, ੧੫੮.੧, ੧੮੨.੩, ੧੮੮.੩, ੨੧੬.੨, ੨੨੩.੪, ੨੮੮.੪, ੨੯੦.੩, ੪, ੩੨੯.੪, ੪੦੬.੪, ੪੧੭.੪, ੪੩੬.੧, ੪੬੧.੪, ੫੦੪ ੩, ੫੪੧.੩, ੫੮੦.੪, ੫੮੧ ੨, ੬੧੬.੪, ੬੨੯.੨, ੬੪੯.੩

ਜਗਤਪਤਿ—(ਸੰ. ਜਗਤ੍ + ਪਤਿ) ਜਗਤ ਦਾ ਮਾਲਕ, ਪਰਮੇਸ਼ਰ, ਪਰਮਾਤਮਾ । ੯੩.੪, ੬੧੭.੪, ੬੪੯.੩ (ਵਿਸ਼ਨੂੰ ਲਈ)

ਜਗਤਮਨ—(ਸੰ. ਜਗਤ + ਸ਼ਾਂਤਿ:) ਸਭ ਸੰਸਾਰ ਤੋਂ ਸ੍ਰੇਸ਼ਠ, ਭਾਵ ਪਰਮਾਤਮਾ, ਈਸ਼ਵਰ । ੬੫੬.੧

ਜਗਤਿ)— ਸੰਸਾਰ, ਦੇਖੋ 'ਜਗਤ' । ੧੫੭.੧/੮੭.੧, ੩੭੬.੧, ੩੯੬.੧, ੫੪੦.੨, **ਜਗਤੁ**) ੫੫੨.੩

ਜਗਤੁ (ਜਗਤ-ਮਾਤ੍ ਦਾ ਸੰਬੰਧ) ਜਗਤ, ਸੰਸਾਰ । ੫੨੫.੧.

ਜਗਦੀਸ (ਸੰ. ਜਗਤ੍ + ਈਸ਼:) ਜਗਤ ਦਾ ਸ੍ਵਾਮੀ, ਪਰਮਾਤਮਾ, ਪਰਮੇਸ਼ਰ । ੩੩੧.੧

ਜਗਦੀਸਹ—ਜਗਦੀਸ਼ ਨੂੰ ਦਿਖੋ ਭਾਵ ਕ੍ਰਿਸ਼ਨ ਜੀ ਨੂੰ । ੪੩੫.੨

ਜਗਨਨਾਥ—(ਸੰ. ਜਗਤ੍ + ਨਾਥ:) ਜਗਤ ਦਾ ਨਾਥ, ਪਰਮਾਤਮਾ । ੬੫੬.੨

ਜਗਮਗ—ਪ੍ਰਕਾਸ਼ਿਤ, ਰੌਸ਼ਨ ਜਗਮਗਾਂਦਾ ਹੋਇਆ/ਜਗਮਗਾਂਦੀ ਹੋਈ । ੩.੧, ੮, ੫.੭, ੧੧.੨, ੨੯.੪, ੫੨.੩, ੬੮.੨, ੧੪੦.੩, ੨੨੨.੩, ੨੪੬ ੪, ੨੪੮.੨, ੨੬੫.੧, ੩੧੨.੪, ੩੪੮.੧, ੪੫੬.੩, ੫੦੬.੨, ੫੨੫.੨, ੬੫੨.੩, ੬੫੪.੩, ੬੫੮.੨

ਜਗਮਗਾਤ—ਜਗਮਗਾਂਦਾ ਹੈ, ਚਮਕਦਾ ਹੈ, ਦਮਕਦਾ ਹੈ, ਦੇਖੋ 'ਜਗਮਗ' । ੪੬੭.੩

ਜਗਮੋਹਨ -- ਜਗਤ ਨੂੰ ਮੋਹਣ ਵਾਲਾ, ਭਾਵ ਪਰਮਾਤਮਾ । ੬੦੨.੧

ਜਗਾਇ)—(ਸੰ. ਜਾਗ੍) 1. ਜਗਾਈਦਾ, ਰੌਸ਼ਨ ਕਰੀਦਾ, ਪ੍ਰਕਾਸ਼ਿਤ ਕਰੀਦਾ, ਬਾਲੀਦਾ **ਜਗਾਏ**) ਪ੍ਰਜਵਲਿਤ ਕਰੀਦਾ (ਦੀਵਾ ਆਦਿ) । ੮੬.੪/ --

2. ਜਗਾਕੇ, ਬਾਲਕੇ, ਪ੍ਰਕਾਸ਼ਿਤ ਕਰਕੇ । ੪੧੦.੨/—

3. ਜਗਣਾ, ਪ੍ਰਕਾਸ਼ਿਤ ਹੋਣਾ, ਰੌਸ਼ਨ ਹੋਣਾ । ੬੩੫.੪/—

4. ਜਾਗ ਪਿਆ, ਭਾਵ ਉਭਪੰਨ ਹੋ ਗਿਆ, ਪੈਦਾ ਹੋ ਗਿਆ (ਬਿਰਹਾ) । —/੨੦੫.੪

ਜਗਾਵਹੀ---ਜਗਾਉਂਦੀ ਹੈ, ਜਾਗਰਿਤ ਕਰਦੀ ਹੈ, ਜਾਗਰਿਤ ਅਵਸਥਾ ਵਿਚ ਲਿਆਉਂਦੀ ਹੈ (ਨੀਂਦ ਆਦਿ ਤੋਂ) । ੫੬੯.੨

ਜਗਾਵੈ—ਜਗਾਉਂਦਾ ਹੈ, ਜਾਗਰਿਤ ਕਰਦਾ ਹੈ, (ਸੁਰਿਆਂ ਨੂੰ) । ੫੯੪.੧

ਜਗਿ—1. ਯੱਗ, ਦੇਖੋ ਜਗ(1) । ੩੦.੩, ੧੯੨.੧

2. ਜਗਤ, ਸੰਸਾਰ, ਦੇਖੋ ਜਗ(2) । ੫੪੬.੨

ਜਗਿਮਗਿ—ਜਗਮਗਾਉ ਦੀ, ਪ੍ਰਕਾਸ਼ਿਤ, ਦੇਖੋ ਜਗਮਗ । ੪੨੧.੨

ਜਗੁ—ਜਗਤ, ਸੰਸਾਰ, ਦੇਖੋ ਜਗ (2) । ੨੬੧.੩, ੩੯੩ ੪, ੪੫੭.੩, ੪੯੪.੪, ੫੧੯.੪, ੫੫੨.੧, ੫੫੩.੨, ੬੩੮.੨

ਜਟਾ—(ਸੰ. ਜਟਾ) ਉਲਝੇ ਤੇ ਆਪਸ ਵਿਚ ਚਿਪਕੇ ਹੋਏ ਵਾਲ । ੬੦੭ ੩

ਜਠਰ—(ਸੰ. ਜਠਰ) ਗਰਭ । ੩੫੩.੧

ਜੰਤ—(ਸੰ. ਜਨ੍ਤੁ:) 1. ਪ੍ਰਾਣਧਾਰੀ ਜੀਵ, ਭਾਵ ਮਨੁੱਖ, ਵਿਅਕਤੀ । ੨੫.੧, ੧੭੭.੨, ੩੬੪.੧, ੩੬੫.੪, ੩੬੯.੨, ੪੭੮ ੨, ੫੮੭.੧, ੬੦੦.੩

2. ਜੀਵ, ਜੰਤੂ । ੩੬੬.੩, ੫੨੭.੩

ਜਤ—1. (ਸੰ. ਯਤ) ਸੰਜਮ, ਨਿਯੰਤ੍ਰਣ, ਇੰਦਰੀਆਂ ਨੂੰ ਕਾਬੂ ਵਿਚ ਰਖਣ ਤੋਂ ਭਾਵ । ੧੭੭.੧, ੨੧੫.੧, ੨੪੬.੧

2. (ਸੰ. ਯਕ੍ਰ) ਜਿਥੇ, ਜਿਸ ਜਗ੍ਹਾ । ੬੧੦.੪[2]

ਜਤਕਤ—(ਸੰ. ਯਕ੍ਰਕ੍ਰ) ਜਿਥੇ ਕਿਥੇ, ਜਹਾਂ ਕਹਾ, ਜਿਧਰ ਕਿਧਰ । ੭੦.੨, ੧੭੩.੪, ੬੭੨.੩

ਜੰਤਨ—ਮਨੁਖਾਂ, ਵਿਅਕਤੀਆਂ, ਜੰਤ ਦਾ ਬਹੁਵਚਨ । ੧੮੨.੨

ਜਤਨ—(ਸੰ. ਯਤਨ) 1. ਤਰੀਕਾ, ਜੁਗਤਿ । ੬੪.੩, ੩੯੮.੨, ੫੧੪.੪, ੫੩੫.੧, ੫੫੮.੨, ੫੭੪.੪, ੬੦੭.੪, ੬੦੯.੧

2. ਯਤਨ, ਕੋਸ਼ਿਸ਼ । ੨੫੫.੪, ੩੦੪.੧, ੩੦੫.੩, ੩੫੩.੧, ੩੫੫.੪, ੩੬੬.੨, ੩੬੦.੧, ੪੦੭.੪, ੪੧੦.੧, ੪੧੮.੧, ੫੩੯.੩, ੬੩੦.੧, ੬੩੭.੩

3. ਉਪਾਅ, ਹੀਲਾ, ਭਾਵ ਇਲਾਜ । ੪੧੬.੧

4. ਉੱਦਮ, ਹੀਲਾ, ਮਿਹਨਤ, ਹਿੰਮਤ । ੪੫੧.੧, ੪੫੬.੨

ਜਤਾਈ—(ਸੰ. ਜ੍ਞਾਪਨਸ੍) ਜਤਲਾਈ, ਦਸ੍ਹੀ, ਗਿਆਤ ਕਰਵਾਈ । ੪੭.੨, ੪੫੫.੪

ਜਤਾਏ)— (ਜ੍ਞਾਨਸ੍) 1. ਜਾਣ ਲੈਂਦਾ, ਸਮਝ ਲੈਂਦਾ । ੫੩.੪/—

ਜਤਾਵਈ) 2. ਜਤਲਾਉਂਦਾ, ਦਸਦਾ, ਗਿਆਤ ਕਰਵਾਉਂਦਾ, ਦੇਖੋ 'ਜਤਾਈ' । ੬੪.੩/੧੬੫.੩, ੫੫੦.੩

ਜਤਿ—ਇੰਦ੍ਰੀ-ਸੰਜਮ, ਹੋਰ ਦੇਖੋ ਜਤ(1) । ੪੨.੧

ਜਤੀ—(ਸੰ. ਯਤਿ) ਜਤ ਰਖਣ ਵਾਲਾ, ਆਪਣੀਆਂ ਇੰਦ੍ਰੀਆਂ ਤੇ ਇੱਛਾਵਾਂ ਆਦਿ ਨੂੰ ਸੰਜਮ ਵਿਚ ਰਖਣ ਵਾਲਾ । ੫੨੬.੪

ਜੰਤੇ ਜੰਤ ਦਾ, ਜੀਵ ਦਾ, ਪ੍ਰਾਣੀ ਦਾ, ਦੇਖੋ 'ਜੰਤ'(1) । ੧੧੩.੧

ਜੰਤ੍ਰ—(ਸੰ. ਯਨ੍ਤ੍ਰਸ੍) 1. ਕਲਾ, ਮਸ਼ੀਨ, ਉਪਕਰਣ, ਭਾਵ ਵਜਾਉਣ ਵਾਲਾ ਸਾਜ । ੪੭.੪, ੬੩.੨, ੧੧੬.੨, ੨੨੭.੪, ੨੪੪.੨, ੨੬੮.੨

2. ਵੱਜਣ ਵਾਲਾ, ਭਾਵ ਮਨੁੱਖ । ੩੩੧.੧

3. ਮਨੁੱਖ, ਵਿਅਕਤੀ, ਦੇਖੋ 'ਜੰਤ'(1) । ੬੩੬.੩

ਜੰਤ੍ਰਕੰਤ੍ਰ)— ਜਿਥੇ ਕਿਥੇ, ਦੇਖੋ 'ਜਤਕਤ' । ੩੫੧.੩/੨੨੭.੧, ੨੬੮ ੩

ਜਤ੍ਰਕਤ੍ਰ)

ਜਤ੍ਰਤਤ੍ਰ —(ਸੰ. ਯਤ੍ਰਤਤ੍ਰ) ਜਿਥੇ ਕਿਥੇ, ਜਿਧਰ ਕਿਧਰ । ੪੧੩.੩

ਜੰਤ੍ਰਧਾਰੀ)— ਵਜੰਤ੍ਰੀ ਵਜਾਉਣ ਵਾਲਾ, ਭਾਵ ਸੰਗੀਤਕ ਸਾਜ਼ਾਂ ਨੂੰ ਵਜਾਉਣ ਵਾਲਾ ।

ਜੰਤ੍ਰੀ) ੨੪੪.੨/੪੭.੪, ੬੩.੨, ੨੨੭.੪, ੩੩੧.੧

ਜਨ—(ਸੰ. ਜਨ:) 1. ਪੁਰਸ਼, ਪ੍ਰਾਣੀ, ਵਿਅਕਤੀ (ਅਰਦ ਜਾਂ ਇਸਤ੍ਰੀ) । ੧੧੩.੪, ੧੧੪.੪, ੧੫੬.੪, ੨੨੫.੪, ੩੧੦.੩, ੫੦੭.੩, ੫੩੮.੪[2]

2. ਸੇਵਕ, ਭਗਤ । ੩੮੧.੪[3], ੪੩੬.੨

3. ਨੌਕਰ, ਸੇਵਕ । ੪੪੧.੩

4. (ਸੰ. ਜਨ੍ਯ) ਪੁੱਤਰ, ਬੇਟਾ । ੨੨੭.੪

ਜਨਕ—(ਸੰ. ਜਨਕ:) ਜਨਮ ਦੇਣ ਵਾਲਾ, ਪੈਦਾ ਕਰਨ ਵਾਲਾ, ਪਿਤਾ, ਪਿਉ । ੨੨੭.੪

ਜਨਨ—(ਅ. ਜਨੀਨ) ਬੱਚਾ, ਅਰੰਭ ਤੋਂ ਅੰਤ ਤਕ ਜਦ ਬੱਚਾ ਗਰਭ ਵਿਚ ਹੁੰਦਾ ਹੈ ਤਾਂ ਉਸ ਨੂੰ ਜਨੀਨ ਕਹਿੰਦੇ ਹਨ । ੫੬੬.੧

ਜਨਨੀ—(ਸੰ. ਜਨਜੀ) ਜਨਮ ਦੇਣ ਵਾਲੀ, ਮਾਤਾ, ਮਾਂ। ੨੨੧.੧, ੩੫੩.੧, ੩੫੪.੧, ੩੫੫.੧, ੨, ੩੫੭.੧, ੩੫੮.੧, ੩੭੯.੧, ੩੯੨.੧, ੪੩੬.੩, ੫੩੬.੨, ੫੪੭.੧, ੫੭੯.੧

ਜਨੰਮ)— (ਸੰ. ਜਨ੍ਮਨ੍) 1. ਜੀਵਨ, ਜ਼ਿੰਦਗੀ। ੨੪੩.੨/੧੭ ੧[2], ੮੨.੩, ੯੧.੧[3], **ਜਨਮ**) ੧੫੪.੪, ੧੫੯ ੧,੪, ੨੦੦.੨,੩, ੨੦੨.੩,੪, ੩੪੫.੪, ੪੧੫.੪, ੪੨੦.੪, ੪੫੫.੧, ੪੯੮.੧, ੫੦੦.੧, ੫੭੩.੪, ੬੩੭.੪, ੬੪੯.੧, ੬੫੨.੧, ੬੬੩.੨

2. ਪੈਦਾਇਸ਼। —/੭੮.੨, ੯੦.੨, ੧੭੫.੪, ੨੮੭.੩, ੪੨੫.੪, ੩੬੧.੧, ੩੬੪.੪, ੪੦੯.੩, ੪੩੮.੪, ੪੫੫.੨, ੫੩੭.੪, ੫੩੮.੪, ੫੬੩.੧, ੫੯੨.੪

ਜਨਮ-ਅਸਟਮੀ—(ਸੰ. ਜਨ੍ਮਨ੍+ਅਸ਼੍ਟਮੀ) ਭਾਦੋਂ ਵਦੀ ਅੱਠਵੀਂ ਜਦੋਂ ਸ੍ਰੀ ਕ੍ਰਿਸ਼ਨ ਜੀ ਦਾ ਜਨਮ ਹੋਇਆ ਸੀ। ਹਿੰਦੂ ਧਰਮ ਦੇ ਅਨੁਯਾਈਆਂ ਵਿਚ ਇਸ ਤਿਥੀ ਦੀ ਮਾਨਤਾ ਹੈ ਤੇ ਇਸ ਨੂੰ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਭਗਵਤ ਪੁਰਾਣ ਦਾ ਪਾਠ ਕੀਤਾ ਜਾਂਦਾ ਹੈ ਜਿਸ ਵਿਚ ਸ੍ਰੀ ਕ੍ਰਿਸ਼ਨ ਦੀ ਜਨਮ ਕਥਾ ਵਰਣਿਤ ਹੈ। ਜਨਮ ਅਸ਼ਟਮੀ ਵਿਸ਼ਨੂ ਦੇ ਅਵਤਾਰ ਦੇ ਰੂਪ ਵਿਚ ਵੀ ਮਨਾਈ ਜਾਂਦੀ ਹੈ। ੪੮੪.੩

ਜਨਮਤ—ਜੰਮਦਾ ਹੈ, ਪੈਦਾ ਹੁੰਦਾ ਹੈ, ਪੈਦਾ ਹੁੰਦੇ ਹਨ, ਪੈਦਾ ਹੁੰਦੀ ਹੈ, ਦੇਖੋ ਜਨਮ (2)। ੧੨੦.੨, ੧੭੯.੨, ੨੪੧.੨, ੩੫੩.੧, ੩੭੧.੧, ੫੬੯.੩, ੫੭੭.੧, ੫੮੩.੧, ੫੮੪.੧

ਜਨਮਾਸਟਮੀ—ਸ੍ਰੀ ਕ੍ਰਿਸ਼ਨ ਦਾ ਜਨਮ ਦਿਹਾੜਾ, ਦੇਖੋ 'ਜਨਮ ਅਸਟਮੀ'। ੪੮੫.੧

ਜਨੰਮੁ)— 1. ਜੀਵਨ, ਜ਼ਿੰਦਗੀ, ਦੇਖੋ ਜਨਮ (1)। ੪੯੯.੧/੧੪ ੪, ੧੦੯.੪, **ਜਨਮੁ**) ੧੧੮.੪, ੧੬੫.੧, ੨੧੨.੪, ੨੪੩.੪, ੩੦੦.੩, ੩੨੧.੪, ੪੬੯.੪, ੪੭੭.੪, ੪੮੩.੪, ੪੯੮.੪, ੫੫੧ ੨

2. ਪੈਦਾਇਸ਼, ਦੇਖੋ ਜਨਮ (2)। ੩੬੧.੧, ੪੧੨.੧ (ਭੁੰਬਟ ਰੂਪ ਵਿਚ), ੪੩੬.੩, ੪੮੫.੧, ੫੨੧.੩

ਜਨਮੁਦਿਨੁ—ਉਹ ਦਿਨ ਜਦੋਂ ਜਨਮ ਹੋਇਆ ਹੋਵੇ, ਜੰਮਣ ਦੀ ਤਿਥੀ, ਜਨਮ ਦਿਹਾੜਾ। ੪੮੪.੪

ਜਨਾਵਹੀ—ਦਸਦਾ, ਮਾਲੂਮ ਕਰਾਉਂਦਾ, ਗਿਆਨ ਕਰਾਉਂਦਾ। ੫੬੮.੩

ਜਨੁ—ਭਗਤ, ਦੇਖੋ 'ਜਨ' (2)। ੩੮੧.੪

ਜਨੇਊ—(ਸੰ. ਯਜ੍ਞੋਪਵੀਤ>ਜਣ੍ਞੋਵਈਅ) ਜੰਞੂ, ਬ੍ਰਹਮਸੂਤਰ, ਇਕ ਸੂਤਰ ਦਾ ਧਾਗਾ ਜੋ ਹਿੰਦੂ ਧਰਮ ਦੀਆਂ ਉਪਰਲੀਆਂ ਤਿੰਨੋਂ ਜਾਤੀਆਂ ਧਾਰਮਿਕ ਚਿਨ੍ਹ ਵਜੋਂ ਪਹਿਨਦੀਆਂ ਹਨ। ੨੧੫.੧

ਜਪ—(ਸੰ. ਜਪ) ਬਾਰ ਬਾਰ ਉਚਾਰਨ ਦੀ ਕ੍ਰਿਰਿਆ, ਕਿਸੇ ਮੰਤਰ ਜਾਂ ਬਾਣੀ ਆਦਿ ਦਾ ਨੀਵੀਂ ਸੁਰ ਵਿਚ ਬਾਰ ਬਾਰ ਉਚਾਰਣ ਕਰਨ ਦਾ ਕਰਮ। ੧੬੨.੨, ੨੫੫.੧

ਜੰਪਤ)— (ਸੰ. ਜਪ) 1. ਜਪਦੇ ਹੋਏ, ਜਪਦਿਆਂ। ੪੨੩.੩/—

ਜਪਤ)

ਭਾਸਕਰ)— (ਸੰ. ਭਾਸ੍ਕਰः) ਸੂਰਜ, ਰਵਿ, ਹੋਰ ਦੇਖੋ 'ਸੂਰਜ'। ੬੬੧.੩/੫੨੫.੨

ਭਾਸਕਰਿ)

ਭਾਖਹੀ—(ਸੰ. √ਭਾਖ) ਉਚਾਰਣ ਨਾਲ ਭਾਵ ਸਿਮਰਨ ਨਾਲ, ਜਪਣ ਨਾਲ। ੬੦੭.੪

ਭਾਖਾ)— (ਸੰ. ਭਾਸ਼ਾ) ਭਾਸ਼ਾ, ਬੋਲੀ। ੪੪.੩, ੭੪.੩, ੧੫੫.੨, ੫੭੭.੧/ **ਭ ਖਿਆ**) ੫੩੯.੩

ਭਾਖੀਐ—(ਸੰ. ਭਾਖ) 1. ਕਹੀਏ, ਆਖੀਏ, ਦੱਸੀਏ। ੨੨੧.੨

2. ਆਖੀ ਜਾਂਦੀ, ਹੈ, ਕਹੀ ਜਾਂਦੀ ਹੈ। ੫੩੨.੪

3. ਅਖਵਾਉਂਦਾ, ਕਹਾਉਂਦਾ, ਸਦਵਾਉਂਦਾ। ੫੮੫.੩

4. ਕਹਿਣ ਨਾਲ, ਆਖਣ ਦੁਆਰਾ। ੫੯੬.੩

ਭਾਗ—(ਸੰ. ਭਾਗ੍ਯ) ਸੁਭਾਗ, ਚੰਗੀ ਕਿਸਮਤ, ਚੰਗੇ ਨਸੀਬ। ੨੪੬.੨, ੬੪੦.੩, ੬੫੦.੨[3]

ਭਾਗਇ—ਭੱਜ ਜਾਂਦਾ, ਦੌੜ ਜਾਂਦਾ। ੪੭੬.੨

ਭਾਗਹੀਨ)— ਅਭਾਗਾ, ਬਦਕਿਸਮਤ, ਬਦਨਸੀਬ, ਭਾਗਾਂ ਤੋਂ ਹੀਣਾ। ੨੨੦.੧/੫੦੯.੧

ਭਾਗਹੀਨੁ)

ਭਾਗਤੀ—ਭੱਜਦੀ, ਦੌੜਦੀ। ੫੭੬.੩

ਭਾਗਵਤ—(ਸੰ. ਭਾਗਵਤ) ਹਿੰਦੂਆਂ ਦਾ ਪ੍ਰਸਿੱਧ ਧਾਰਮਿਕ ਗ੍ਰੰਥ ਵੈਸ਼ਣਵ ਪੁਰਾਣ। ਇਸ ਵਿਚ ਭਗਵਾਨ ਦੇ ਦਸ ਅਵਤਾਰਾਂ (ਸਤਸਯ, ਕਛਪ, ਵਾਰਾਹ, ਨਰਸਿੰਘ, ਵਾਮਨ, ਪਰਸਰਾਮ, ਰਾਮ, ਕ੍ਰਿਸ਼ਨ, ਬੁੱਧ ਤੇ ਕਲਿਕ) ਵਿਸ਼ੇਸ਼ ਕਰਕੇ ਰਾਮ ਅਤੇ ਕ੍ਰਿਸ਼ਣ ਦੀ ਕਥਾ ਮੁੱਖ ਹੈ। ੪੪੭.੧, ੫੪੦.੧

ਭਾਗਿ—1. ਭੱਜ ਕੇ, ਦੌੜ ਕੇ। ੧੬੭.੧, ੪੬੪.੨, ੫੪੪.੨, ੫੪੫.੨, ੫੪੮.੪

2. ਭੱਜਣਾ, ਦੌੜਣਾ। ੩੬੫.੪

3. ਭਾਗ, ਕਿਸਮਤ, ਨਸੀਬ (ਬਹੁਵਚਨ)। ੪੨੧.੨

ਭਾਗਿਓ—ਭੱਜ ਜਾਂਦਾ, ਭਾਵ ਮਿਟ ਜਾਂਦਾ, ਨਾਸ਼ ਹੋ ਜਾਂਦਾ। ੪੦੮.੩

ਭਾਗੀ—ਭੱਜ ਗਈ, ਭਾਵ ਨਾਸ਼ ਹੋ ਗਈ, ਮਿਟ ਗਈ। ੬੮.੩

ਭਾਗੇ)— 1. ਭੱਜ ਜਾਂਦੇ ਹਨ/ਜਾਂਦਾ ਹੈ ਭਾਵ ਦੂਰ ਹੋ ਜਾਂਦੇ ਹਨ/ਜਾਂਦਾ ਹੈ, ਮਿਟ ਜਾਂਦੇ **ਭਾਜ**) ਹਨ/ਜਾਂਦਾ ਹੈ। ੨੬.੨, ੫੭.੨/੫੬੮.੩

ਭਾਂਜਨ)— ਬਰਤਨ, ਭਾਂਡਾ, ਪਾਤਰ। ੩੬੩.੧, ੩੬੭.੩, ੩੭੫.੩, ੫੦੬.੨, ੫੧੫.੩, **ਭਾਜਨ**) ੫੩੦.੧, ੬੦੬.੨/੪੫੧.੨

ਭਾਠੀ—ਭੱਠੀ, ਕੱਦੀ ਚੀਜ਼ ਭੁੰਨਣ ਜਾਂ ਉਬਾਲਣ ਲਈ ਬਣਿਆ ਵਿਸ ਪ੍ਰਕਾਰ ਦਾ ਚੁਲ੍ਹਾ। ੪੮.੩ ੨੮੩.੨

ਭਾਂਡ—(ਸੰ. ਖਾਣ:) ਭੰਡ, ਨਕਲੀਆ, ਮਸਖਰਾ, ਇਕ ਵਿਸ਼ੇਸ਼ ਜਾਤ ਦੇ ਲੋਕ ਜੋ ਨਕਲ ਉਤਾਰ ਕੇ ਹਾਸਾ ਮਜ਼ਾਕ ਕਰਦੇ ਹਨ। ਨਕਲ ਉਤਾਰਨਾ ਉਨ੍ਹਾਂ ਦੀ ਉਪਜੀਵਕਾ ਦਾ ਸਾਧਨ ਵੀ ਹੈ। ੫੨੨.੩, ੬੪੧.੩

ਭਾਤ)— (ਸੰ. ਮੈਦ) 1. ਤਰ੍ਹਾਂ ਦੇ, ਕਿਸਮ ਦੇ, ਪ੍ਰਕਾਰ ਦੇ। ੧੬੧ ੩/੧੪੧.੪,
ਭਾਂਤਿ) ੨੩੨.੧

2. ਢੰਗ, ਤਰੀਕਾ। ੪੫੬.੧

3. ਕਿਵੇਂ, ਕਿਸ ਤਰ੍ਹਾਂ, ਕਿਸ ਪ੍ਰਕਾਰ। ੬੨੪.੧

ਭਾਨ)— (ਸੰ. ਭਾਨੁ) 1. ਸੂਰਜ, ਰਵਿ, ਦਿਨਕਰ, ਹੋਰ ਦੇਖੋ 'ਸੂਰਜ'। ੨੫੭.੧,
ਭਾਨੁ) ੨੬੯.੪, ੪੦੫.੪, ੪੧੧.੧, ੪੬੨ ੧/੬੦੪.੪, ੬੪੪.੪

2. ਗਿਆਨ ਰੂਪੀ ਸੂਰਜ। ੪੩੭.੪/—

ਭਾਮ)— (ਸੰ. ਭਾਮਿਨੀ) ਇਸਤ੍ਰੀ, ਔਰਤ, ਪਤਨੀ। ੧੨੦.੧, ੬੪੨.੨/੫੭੯.੧/
ਭਾਮਨ) ੧੮੭.੩, ੫੧੪.੩
ਭਾਮਨੀ)

ਭਾਰ)— (ਸੰ. ਭਾਰ) 1. ਬੋਝ, ਵਜ਼ਨ। ੭੫.੧, ੩੨੬.੧, ੩੭੩.੨, ੪੩੦.੨,
ਭਾਰਿ) ੪੬੫.੩, ੫੨੩.੨, ੫੫੬.੧, ੫੮੫.੧, ੬੩੬.੨/੩੫੮.੨

2. ਪੰਡ/ਪੰਡਾਂ, ਭਰੀ/ਭਰੀਆਂ। ੫੬੧.੧/੩੬੪.੩, ੫੦੬.੩

ਭਾਰੀ—(ਸੰ. ਭਾਰ) 1. ਬਹੁਤ, ਅਧਿਕ, ਅਤਿਅੰਤ। ੨੩੯.੨, ੪੬੭.੪

2. ਵਜ਼ਨਦਾਰ, ਬੋਝਲ। ੩੭੪.੩, ੬੩੩.੪

3. ਬਹੁਤ ਦੁਖਦਾਈ, ਅਤਿਅੰਤ ਕਸ਼ਟਮਈ। ੫੧੭.੪

4. ਭਾਰੂ, ਭਾਵ ਔਖੇ ਕਸ਼ਟਮਈ ' ੫੭੩.੪

ਭਾਰੂ—ਬੋਝ, ਹੋਰ ਦੇਖੋ 'ਭਾਰ' (1)। ੫੨੩.੩

ਭਾਵ—ਭਾਵਨਾ, ਹੋਰ ਦੇਖੋ 'ਭਾਉ' (3)। ੪੬੪.੪

ਭਾਵਈ—ਭਾਉ'ਦੇ/ਭਾਉ'ਦੀ/ਭਾਉ'ਦਾ ਚੰਗੇ ਲਗਦੇ/ਚੰਗੀ ਲਗਦੀ/ਚੰਗਾ ਲਗਦਾ। ੨੦.੧, ੧੮੪.੩, ੨੧੮.੪, ੨੩੪.੨, ੫੧੩.੧, ੫੬੪.੨

ਭਾਵਨੀ—(ਸੰ. ਭਾਵਨਾ) ਸ਼ਰਧਾ, ਵਿਸ਼ਵਾਸ, ਭਰੋਸਾ। ੧੧੧.੩, ੧੩੩.੪, ੧੩੭.੨, ੧੮੬.੨, ੧੬੪.੧, ੨੧੨.੪, ੨੫੪.੪, ੨੭੬.੩, ੨੮੭.੨, ੩੪੩.੪, ੪੨੭.੧, ੫੦੦.੨, ੫੩੫.੪, ੬੦੬.੪

ਭਾਵੈ—1. ਭਾਉ'ਦੀ/ਭਾਉ'ਦਾ/ਭਾਉ'ਦੇ ਹੋਰ ਦੇਖੋ 'ਭਾਵਈ'। ੨੦੮.੧, ੨, ੩, ੪, ੨੦੬.੧, ੨, ੩, ੪, ੪੫੨.੧, ੨, ੫੧੨.੪, ੫੬੪.੧, ੨, ੩, ੪

2. ਮਨ ਭਾਉ'ਦਾ, ਮਨ ਇੱਛਤ। ੬੧੬.੩

ਭਿਖਾਰੀ—(ਸੰ. ਭਿਕ੍ਸ਼ਾਰ੍ਥਿਨ) ਮੰਗਤਾ, ਭਿਖਿਆ ਮੰਗਣ ਵਾਲਾ। ੪੩੪ ੧, ੫੨੮.੧, ੫੮੭.੨

ਭਿਖਿਆ—(ਸੰ. ਭਿਕ੍ਸ਼ਾ) ਖੈਰ, ਭਿਛਿਆ, ਭੀਖ, ਭਾਵ ਦਾਨ ਰੂਪ ਵਾਲੀ ਭੇਟਾ ਆਦਿ। ੫੧੭.੪

ਭਿਦੇ—(ਸੰ. ਭਿਦ੍) 1. ਪਰਵੇਸ਼ ਕਰਦਾ ਅਥਵਾ ਪੈਂਹਦਾ। ੧੫੦.੧

2. ਭਿੱਜਦੀ, ਗਿੱਲੀ ਹੁੰਦੀ/ਭਿੱਜਦਾ, ਗਿੱਲਾ ਹੁੰਦਾ। ੨੩੭.੧, ੩੨੬.੧

3. ਵਿਨ੍ਹਕੇ, ਛੇਦਕੇ। ੬੩੮.੪

ਭਿੰਨ ਭਿੰਨ—(ਸੰ. ਭਿਨ੍ਨ) ਵੱਖ-ਵੱਖ, ਅਲੱਗ-ਅਲੱਗ, ਅੱਡ ਅੱਡ। ੧੬੬.੨, ੫੭੦.੩

ਭਿਲਾਖਈ—(ਸੰ. ਅਭਿਲਾਖ) ਅਭਿਲਾਸ਼ਾ ਕਰਦਾ, ਇੱਛਾ ਕਰਦਾ। ੧੫੫.੪

SIKHBOOKCLUB.COM

ਭਿਲਾਖੀਐ—ਅਭਿਲਾਸ਼ਾ ਕਰੇ, ਇੱਛਾ ਕਰੇ, ਚਾਹਨਾ ਕਰੇ, ਦੇਖੋ 'ਭਿਲਾਖੀਐ' । ੩੪੮.੩

ਭੀ—(ਸੰ. ਅਧਿ) ਵੀ । ੬੨੪.੪

ਭੀਖ—ਦਾਨ, ਭਿਖਿਆ, ਦੇਖੋ 'ਭਿੱਖਿਆ' । ੪੩੪.੧, ੫੮੭.੨

ਭੀਜੇ—ਭਿਉਂਣ ਨਾਲ, ਪਾਣੀ ਨਾਲ ਤਰ ਕਰਨ ਤੇ । ੧੨੩.੩

ਭੀਜੈ—ਭਿੱਜਦੀ ਹੈ, ਗਿੱਲੀ ਹੁੰਦੀ ਹੈ । ੬੩੩.੪

ਭੀਨ—ਲੀਨ, ਮਗਨ, ਤਲੀਨ । ੬੧.੧, ੯੭.੨, ੧੮੨.੪, ੨੧੫.੨, ੫੮੮.੩ (ਭਾਵ ਗਿਆਤਾ)

ਭੀਰ—(ਸੰ. ਅੀਰ੍) ਕਾਇਰਤਾ, ਡਰਪੋਕਪੁਣਾ । ੬੨੩.੨

ਭੁਅੰਗ—(ਸੰ. ਭੁਜਙ੍ਗ:) ਸੱਪ, ਸਰਪ । ੩੮੫.੩

ਭੁਕਤ—(ਸੰ. ਭੁਕ੍ਤਿ:) ਭੋਗ, ਸੰਸਾਰ ਦੇ ਭੋਗਣ ਵਾਲੇ ਸੁਖ ਆਦਿ । ੬੧੨.੨

ਭੁਗਤ—(ਸੰ. ਭੁਕ੍ਤਿ:) 1. ਭੋਜਨ, ਆਹਾਰ । ੪੪੧.੨

2. ਭੁੰਗੀਦਾ, ਸੁੱਖ ਆਦਿ ਲਈਦਾ । ੬੬੪.੩

ਭੁਗਤਾ—(ਸੰ. ਭੋਕ੍ਤ੍ਰ) ਭੋਗਣ ਵਾਲਾ, ਉਪਭੋਗਤਾ । ੨੪੪.੪

ਭੁਜਬਲੀ—(ਸੰ. ਭੁਜ+ਬਲਿਨ੍) ਬਲਵਾਨ ਭੁਜਾਂ ਵਾਲਾ, ਤਾਕਤਵਰ ਬਾਹਾਂ ਵਾਲਾ । ੨੩੦.੨

ਭੁਜਾ—(ਸੰ. ਭੁਜਾ) ਬਾਂਹ, ਬਾਜੂ, ਸਰੀਰ ਦਾ ਇਕ ਅੰਗ । ੨੩੦.੨, ੬੬੫.੧

ਭੁਲਾਨੇ—ਭੁਲਾ ਦਿੰਦੇ ਹਨ, ਯਾਦ ਤੋਂ ਵਿਸਾਰ ਦਿੰਦੇ ਹਨ । ੪੩੧.੪

ਭੂਅ—(ਸੰ. ਭੂ) ਧਰਤੀ, ਪ੍ਰਿਥਵੀ, ਜ਼ਮੀਨ । ੨੫੫.੨

ਭੂਕੰਪਕਾ—(ਸੰ. ਭੂਕਮ੍ਪ) ਭੂਚਾਲ, ਅਚਾਨਕ ਧਰਤੀ ਦੇ ਕੰਬਣ ਦੀ ਕਿਰਿਆ । ੪੦੩.੨

ਭੂਖ—(ਸੰ. ਬੁਭੁਕ੍ਸ਼ਾ) ਭੁੱਖ, ਖਾਣ ਦੀ ਇੱਛਾ । ੫੪੮.੩, ੫੮੦.੪

ਭੂਖਨ—(ਸੰ. ਭੂਸ਼ਣ) ਗਹਿਣੇ, ਆਭੂਖਣ । ੬੦੨.੨

ਭੂਜਿ—(ਸੰ. ਭ੍ਰਜ੍ਜਨ) ਭੁੱਜਕੇ, ਭਾਵ ਕੂੰਧ ਰੂਪ ਅਗਨੀ ਨਾਲ ਜਲ ਕੇ ਭਾਵ ਅਤਿ ਕ੍ਰੋਧਤ ਹੋਕੇ । ੧੬੦.੨

ਭੂਤ—(ਸੰ. ਭੂਤ) 1. ਜੀਵ, ਪ੍ਰਾਣੀ । ੧੧੪.੪, ੩੬੬.੪, ੫੭੬.੪

2. ਭੂਤਕਾਲ, ਬੀਤਿਆ ਹੋਇਆ ਸਮਾਂ । ੧੬੭.੩

3. ਪ੍ਰੇਤ, ਜਿੰਨ, ਭੂਤਨੇ । ੨੩੩.੧, ੩੧੩ ੪, ੩੬੫.੪, ੪੬੮.੨

ਭੂਤਨ—ਭੂਤਨਿਆਂ, ਪ੍ਰੇਤਾਂ, ਦੇਖੋ 'ਭੂਤ' (3) । ੪੭੬.੩

ਭੂਤਲ—(ਸੰ. ਭੂਤਲ) ਸੰਪੂਰਣ ਪ੍ਰਿਥਵੀ, ਸਗਲੀ ਧਰਤੀ । ੪੨੨.੨

ਭੂਨੇ—(ਸੰ. ਭ੍ਰਜ੍ਜਨ) ਭੁੰਨਣ ਨਾਲ, ਭੁੰਨਿਆਂ । ੧੨੩.੩

ਭੂਪ—(ਸੰ. ਭੂਧ) ਰਾਜਾ, ਬਾਦਸ਼ਾਹ । ੪੬੭.੩

ਭੂਪਤ—(ਸੰ. ਭੂਧਤਿ) ਰਾਜਾ, ਬਾਦਸ਼ਾਹ । ੫੭੭.੨, ੫੮੫.੩

ਭੂਮ)— (ਸੰ. ਭੂਮਿ) ਪ੍ਰਿਥਵੀ, ਧਰਤੀ । ੬੧੦.੪, ੬੩੫.੪/੧੨੬.੧

ਭੂਮਿ)

ਭੂਮੀਆ—ਜ਼ਿਮੀਂਦਾਰ, ਜਗੀਰਦਾਰ, ਸਾਮੰਤ । ੪੬੪.੧, ੨²

ਭੂਲਿ—(ਪ੍ਰਾ. ਭੁਲ੍ਲ) 1. ਗਲਤੀ, ਚੂਕ, ਭੁੱਲ । ੩੫੬.੩, ੩੫੮.੩, ੪੭੫.੨

2. ਭੁੱਲਕੇ, ਗਲਤੀ ਨਾਲ । ੪੪੪.੧, ੪੬੭.੨

ਭੂਲਿਓ—ਭੁਲਿਆ ਹੋਇਆ, ਚੇਤਾ-ਹੀਣ ਹੋਇਆ ਹੋਇਆ । ੨੨੩.੧

ਭੂਲਿਬੋ—ਭੁੱਲਾਂ ਨੂੰ, ਗਲਤੀਆਂ ਨੂੰ, ਭਾਵ ਅਵੱਗਿਆਵਾਂ ਨੂੰ । ੪੪੪.੪

ਭੂਲੇ—ਭੁੱਲਕੇ, ਭਾਵ ਰਾਹੋਂ ਕੁਰਾਹੇ ਪੈਕੇ । ੪੮੮.੨

ਭੇ—ਭੀ, ਵੀ । ੬੨੪.੧

ਭੇਸ)— (ਸੰ. ਵੇਸ਼) 1. ਲਿਬਾਸ, ਪਹਿਰਾਵਾ, ਭੇਖ । ੨੧੧.੨/੫੭੧.੪

ਭੇਖ) 2. ਭੇਸ ਵਿਚ ਭਾਵ ਸਰੂਪ ਵਿਚ, ਸ਼ਕਲ ਵਿਚ । ੩੨੪.੨/—

3. ਸਰੂਪ, ਸ਼ਕਲ/ਸ਼ਕਲਾਂ । —/੧੬੫.੩, ੧੬੯.੩, ੨੧੦.੨, ੩੪੨.੪, ੪੧੬.੩

4. ਮੱਤ, ਵਿਚਾਰਧਾਰਾ । —/੬੩੫.੪

ਭੇਖਧਾਰੀ—(ਸੰ. ਵੇਸ਼ਧਾਰਿਨ੍) ਬਣਾਉਟੀ ਭੇਖ ਧਾਰਨ ਵਾਲਾ । ੨੪੦.੩, ੬੧੧.੪

ਭੇਖਾਰੀ—ਮੰਗਤਾ, ਹੋਰ ਦੇਖੋ 'ਭਿਖਾਰੀ' । ੨੨੩.੪

ਭੇਖੀਅੰ—1. ਭੇਖਾਂ ਵਿਚ, ਸਰੂਪਾਂ ਵਿਚ (ਪਰਾਪਟ ਹੋ ਰਿਹਾ) । ੧੨.੪

2. (ਭੇਖ) ਬਣਿਆ ਰਹਿੰਦਾ, ਕਾਇਮ ਰਹਿੰਦਾ । ੪੧੬.੩

ਭੇਟ—1. ਮਿਲਣ ਤੋਂ ਭਾਵ, ਮਿਲਾਪ ਹੋਣ ਦੇ ਅਰਥਾਂ ਵਿਚ । ੨੩੬.੪, ੫੬੫.੧

2. ਭੇਟਾ, ਨਜ਼ਰਾਨਾ, ਸਤਿਕਾਰ ਵਜੋਂ ਕਿਸੇ ਵਸਤੂ ਦਾ ਅਰਪਣ । ੪੩੫.੪

ਭੇਟਤ—1. ਮਿਲਣ ਨਾਲ, ਮਿਲਾਪ ਹੋਣ ਨਾਲ । ੧੭੬.੧, ੩੮੫.੩, ੩੮੬.੪, ੩੬੪.੩

2. ਮਿਲਦੇ ਹਨ/ਮਿਲਦੀ ਹੈ । ੧੮੬.੨, ੫੬੦.੧

3. ਮਿਲਣ ਵੇਲੇ, ਸੰਗਮ ਕਰਨ ਵੇਲੇ । ੩੭੪.੨, ੪੦੫.੨, ੬੦੪.੧

4. ਮਿਲਣ ਦਾ, ਸੰਗਮ ਕਰਨ ਦਾ । ੩੭੭.੩

5. ਮਿਲਦਿਆਂ, ਮਿਲਣ ਸਾਰ । ੫੬੧.੪, ੬੨੫.੪

6. ਮਿਲਕੇ, ਭਾਵ ਸ਼ਰਨ ਆ ਕੇ ਅਥਵਾ ਉਪਦੇਸ਼ ਧਾਰਨ ਕਰਕੇ । ੫੬੯.੪, ੬੧੭.੪

ਭੇਟਿ—ਮਿਲਕੇ, ਛੂਹ ਕੇ, ਨਾਲ ਲਗਕੇ । ੮੪.੩

ਭੇਟੇ)— 1. ਮਿਲਣ ਤੋਂ, ਮਿਲਾਪ ਹੋਣ ਤੋਂ (ਬਿਨਾਂ) । ੫੩੮.੪/੬੩੫.੧

ਭੇਟੈ) 2. ਮਿਲਦੀ, ਭੇਂਟ ਕਰਦੀ । —/੫੮੭.੩

3. ਮਿਲੀਓਂ, ਮਿਲਾਪ ਨਾ ਕੀਤਾ, ਭੇਂਟ ਨਾ ਕੀਤੀ । —/੬੬੦.੪

ਭੇਦ (ਸੰ. ਖੇਦ) 1. ਦੁੱਤਤਾ, ਭੇਦ-ਭਾਵ, ਵਿਤਕਰੇ ਵਾਲੀ ਬਿਰਤੀ । ੨੬.੨, ੨੯.੨

2. ਵਿਨ੍ਹ ਕੇ, ਭਾਵ ਤਿਆਗ ਕੇ, ਛੱਡ ਕੇ । ੩੧.੩

3. ਰਹੱਸ, ਰਾਜ਼, ਗੰਝ ਗਲ । ੫੪.੩, ੧੮੧.੪, ੪੦੪.੪, ੪੦੯.੩, ੫੭੧.੩

4. ਅੰਤਰ, ਫਰਕ । ੪੬੫.੪, ੪੯੨.੪

5. ਤਾਤਪਰਜ, ਨਿਚੋੜ ਭਾਵ ਗਿਆਨ, ਉਪਦੇਸ਼ ਆਦਿ । ੪੮੬.੨

ਭੇਦਯੋ—ਭੇਤ ਪਾ ਲਿਆ, ਦੇਖੋ 'ਭੇਦ' (3) । ੬੪੮.੧

ਭੇਦਿ—ਵਿਨ੍ਹ ਕੇ, ਭਾਵ ਉਲੰਘ ਕੇ, ਤਿਆਗ ਕੇ, ਦੇਖੋ 'ਭੇਦ' (2) । ੨੪੭.੧

ਭੇਦੁ—1. ਰਹੱਸ, ਹੋਰ ਦੇਖੋ 'ਭੇਦ' (3) । ੩੭੪.੨, ੫੩੦.੨

2. ਦੁੱਤਤਾ, ਦੇਖੋ 'ਭੇਦ' (1) । ੪੦੮.੩

ਭੇਦੇ —(ਖੇਦ) ਵਿਨ੍ਹਿਆ, ਛਿਦ੍ ਆਦਿ ਕੀਤਿਆਂ । ੪੨੬.੩

ਭੈ—(ਸੰ. ਸਥ) ਡਰ, ਖੌਫ਼ । ੨੪.੪, ੨੬.੨, ੫੭.੨, ੭੮.੨, ੧੬੦.੩, ੨੬੫.੩, ੪੦੨.੪, ੪੦੮.੨, ੫੦੩.੨, ੫੩੭.੪

2. ਨਿਰਮਲ ਭਉ, ਪਿਆਰ ਵਾਲਾ ਭੈ । ੧੧੬.੪, ੨੧੫.੨, ੨੧੬.੨, ੨੨੦.੩, ੨੫੪.੪, ੪੨੭.੧, ੫੬੬.੪

3. ਡਰਾਉਣੇ, ਖੌਫ਼ਨਾਕ । ੫੭੪.੧

ਭੈਜਲ—(ਸੰ. ਭਯ + ਜਲ) ਭਵਜਲ, ਭਵਸਾਗਰ, ਸੰਸਾਰ ਰੂਪੀ ਸਮੁੰਦਰ। ੯੨.੩, ੩੩੬.੨, ੪੮੬ ੩

ਭੋਏ ਮਿਲਾਈਏ, ਭਾਵ ਡੁਬੋਈਏ ਅਥਵਾ ਭਿਉਂਈਏ, ਤਰ ਕਰੀਏ। ੩੨੬.੨

ਭੋਗ—(ਸੰ. ਯੋਗ) 1. ਦੁਨੀਆਵੀ ਸੁੱਖ-ਆਨੰਦ, ਸੁਖ-ਸਾਧਨ। ੨੧.੧, ੪੨.੧[3] ੫੮.੪, ੬੦.੨, ੯੦.੩, ੧੮੦.੩, ੨੪੩.੨, ੨੬੫.੩, ੨੬੭.੪, ੪੨੨.੩, ੪੩੮.੩, ੫੦੫.੧, ੫੨੬.੩, ੬੦੭.੩[3], ੬੭੫.੨

2. ਦੇਵਤਾਵਾਂ ਆਦਿ ਨੂੰ ਖਾਣ ਵਾਲੇ ਪਦਾਰਥ ਭੇਟ ਕਰਨ ਤੋਂ ਭਾਵ। ੩੦.੩, ੩੫.੩, ੯੨.੧, ੩੦੪.੨, ੪੮੨.੩, ੫੦੧.੩, ੫੪੩.੩

3. ਸੰਭੋਗ, ਭੋਗ-ਵਿਲਾਸ। ੭੯.੩, ੨੩੭.੩, ੨੪੧.੩, ੨੯੯.੨

4. ਭੋਗਕੇ, ਮਾਣਕੇ। ੨੯੧.੪

5. ਆਤਮਿਕ ਅਨੰਦ, ਆਤਮਿਕ ਸੁੱਖ। ੩੦੩.੪, ੩੪੫.੪, ੪੦੦.੪, ੪੨੭.੨

6. ਸੰਭੋਗ ਸੁੱਖ। ੪੮੦.੨, ੫੦੯.੧, ੫੬੮.੨, ੬੫੨.੨, ੬੭੦.੪

7. ਸੁਖ-ਅਨੰਦ ਵਾਲੇ ਪਦਾਰਥ, ਅਨੰਦਦਾਇਕ ਸਮੱਗਰੀ। ੬੦੦.੩

ਭੋਗਤ—ਭੋਗਦਾ, ਭਾਵ ਕੀਤੇ ਦਾ ਫਲ ਪਾਉਂਦਾ। ੩੩੧.੨

ਭੋਗਵਤ—ਮਾਣਦਾ, ਅਨੰਦ ਲੈਂਦਾ, ਸੁਆਦ ਲੈਂਦਾ। ੬੧੯.੪

ਭੋਗਾਤੀਤ—ਭੋਗਾਂ ਤੋਂ ਅਤੀਤ, ਦੁਨਿਆਵੀ ਸੁੱਖ ਸਾਧਨਾਂ ਤੋਂ ਨਿਰਲੇਪ ਦੇਖੋ 'ਭੋਗ' (1)। ੬੦.੨

ਭੋਗੀ—(ਸੰ. ਭੋਗਿਨ੍) ਭੋਗਾਂ ਨੂੰ ਭੋਗਣ ਵਾਲਾ, ਉਪਭੋਗੀ, ਭੋਗਾਂ ਦਾ ਅਨੰਦ ਮਾਨਣ ਵਾਲਾ। ੫੮.੪, ੪੩੮.੩, ੫੮੮.੩, ੬੦੭.੩, ੬੭੫.੨

ਭੋਜਨ—(ਸੰ. ਭੋਜਨ) 1. ਆਹਾਰ, ਖਾਣ-ਸਮੱਗਰੀ। ੨੪੬.੨, ੨੯੨.੩, ੫੩੭.੩, ੬੧੫.੧, ੬੨੮.੪, ੬੩੬.੧

2. ਭੋਜਨ ਖਾਣਾ, ਆਹਾਰ ਕਰਨਾ। ੩੧੦.੨, ੪੬੮.੩

ਭੌਮ—(ਸੰ. ਮੌਸਵਾਰ) ਮੰਗਲਵਾਰ, ਹਫਤੇ ਦਾ ਤੀਸਰਾ ਦਿਨ, ਸੋਮਵਾਰ ਤੇ ਬੁੱਧਵਾਰ ਦਾ ਵਿਚਕਾਰਲਾ ਦਿਨ। ੪੮੪.੧

ਭੋਰ—ਸਵੇਰਾ, ਪ੍ਰਭਾਤ, ਤੜਕਾ। ੪੬੬.੩, ੪੯੫.੩, ੫੬੮.੩

ਭੋਰੇ—ਭੋਲਾ, ਸਿਧਾ-ਸਾਦਾ, ਚਤੁਰਾਈ ਆਦਿ ਤੋਂ ਰਹਿਤ। ੧੬੧.੪

ਭ੍ਰਮ—1. ਸੰਸਾ, ਹੋਰ ਦੇਖੋ ਭਰਮ। ੨੪.੪, ੨੨੩.੧, ੨੬੫.੩, ੩੧੨.੪, ੪੦੮.੨, ੪੭੫.੨ ੪੬੮.੨, ੫੦੩.੨, ੫੭੮.੩, ੫੬੮.੩

2. ਭਟਕਦਾ ਹੋਇਆ, ਭੌਂਦਾ ਹੋਇਆ। ੪੨੨.੧, ੪੪੪.੨

3. ਭਟਕਣਾ, ਆਵਾਗਵਨ। ੪੩੮.੪

4. ਭਰਮ ਯੁਕਤ, ਸੰਸਾਮਈ। ੫੩੨.੪, ੫੬੨.੨

ਭ੍ਰਮਤ—(ਸੰ. ਭ੍ਰਮਣ) 1. ਭਟਕਦਾ ਰਹਿੰਦਾ, ਭੌਂਦਾ ਰਹਿੰਦਾ। ੬੫.੪, ੧੮੪.੪, ੨੨੨.੧, ੨੩੧.੪, ੨੫੮.੪, ੨੬੬.੧, ੩੪੬.੧, ੪੮੮.੨, ੪੬੮.੨

2. ਭਟਕਦੇ ਹੋਏ, ਭੌਂਦੇ ਹੋਏ। ੨੪੩.੧

3. ਫਿਰਦੇ ਰਹਿਣ ਕਰਕੇ, ਭੌਂਦੇ ਰਹਿਣ ਕਰਕੇ। ੨੬੭.੧, ੪੬੦.੩, ੫੭੮.੩

4. ਭਟਕਣ ਤੋਂ, ਫਿਰਨ ਤੋਂ। ੩੧੬.੨, ੩੨੦.੨

5. ਭਟਕਦਾ, ਭੌਂਦਾ। ੩੪੬.੧, ੪

ਭ੍ਰਮਤਿ—(ਸੰ. ਭ੍ਰਮਣ) ਭਟਕਣਾ ਪੈ ਜਾਵੇ, ਫਿਰਨਾ ਪੈ ਜਾਵੇ। ੪੦੩.੩

ਭ੍ਰਮਨ—(ਸੰ. ਭ੍ਰਮਣ) ਭਟਕਣ, ਇਧਰ ਉਧਰ ਫਿਰਦੇ ਰਹਿਣ ਦੀ ਵਾਦੀ। ੨੬੧.੧

ਭ੍ਰਮਰ—(ਸੰ. ਭ੍ਰਮਰ) ਭੌਰਾ, ਭੰਵਰਾ, ਇਕ ਤਰ੍ਹਾਂ ਦਾ ਕਾਲੇ ਰੰਗ ਦਾ ਭੂੰਡ ਜੋ ਫੁੱਲਾਂ ਤੇ ਮਸਤ ਰਹਿੰਦਾ ਹੈ। ੨੬੭.੧

ਭ੍ਰਮੁ—ਸੰਸਾ,[1] ਭਰਮ, ਹੋਰ ਦੇਖੋ 'ਭਰਮ'। ੨੬੧.੧

ਭ੍ਰਮੈ—(ਸੰ. ਭ੍ਰਮਣ) ਭਰਮਦਾ ਫਿਰਦਾ ਹੈ, ਘੁੰਮਦਾ ਰਹਿੰਦਾ ਹੈ। ੬੧੦.੪, ੬੩੫.੪

ਭ੍ਰਾਤ—1. ਭਰਾਂਤੀ, ਸੰਸਾ, ਹੋਰ ਦੇਖੋ 'ਭਰਮ'। ੨੭੨.੨

2. (ਸੰ. ਭ੍ਰਾਤ੍ਰ) ਭਰਾ, ਵੀਰ, ਭਰਾਤਾ। ੪੮੩.੨, ੫੯੨.੧

ਭ੍ਰਾਤਨ—ਭਰਾਵਾਂ, ਭਰਾ ਦਾ ਬਹੁਵਚਨ, ਦੇਖੋ 'ਭ੍ਰਾਤ' (2)। ੫੭੯.੧

ਭ੍ਰਾਤਾ—ਭਾਈ, ਭਰਾ, ਹੋਰ ਦੇਖੋ 'ਭ੍ਰਾਤ' (2)। ੧੦੦.੧, ੫੭੯.੧

ਭ੍ਰਾਂਤਿ—ਭਰਮ, ਸੰਸਾ, ਹੋਰ ਦੇਖੋ 'ਭਰਮ'। ੧੬.੩

ਭ੍ਰਿਸਟ—(ਸੰ. ਭ੍ਰਸ਼ਟ) ਡਿੱਗੇ ਹੋਏ, ਗਿਰੇ ਹੋਏ ਭਾਵ ਅਲਗ ਹੋਏ ਹੋਏ। ੬੧੫.੪

ਭ੍ਰੂਤ)— (ਸੰ. ਭ੍ਰਿਤ੍ਯ) ਨੌਕਰ, ਦਾਸ, ਸੇਵਕ। ੬੪੪.੪/੪੬੪.੨

ਭ੍ਰੁਤਿ)

ਭ੍ਰਿੰਗ—(ਸੰ. ਭ੍ਰਿਙ੍ਗ) ਭੌਰਾ, ਹੋਰ ਦੇਖੋ 'ਭ੍ਰਮਰ'। ੩੧੬.੧,

ਭ੍ਰਿੰਗੀ—(ਸੰ. ਭ੍ਰਿਙ੍ਗ) ਬਿਲਨੀ ਇਕ ਵਿਸ਼ੇਸ਼ ਪ੍ਰਕਾਰ ਦਾ ਕੀੜਾ ਜੋ ਅਨੇਕ ਪ੍ਰਕਾਰ ਦੇ ਕੀੜਿਆਂ ਪਤੰਗਿਆਂ ਨੂੰ ਆਪਣੇ ਸਰੂਪ ਵਰਗਾ ਬਣਾ ਲੈਂਦੀ ਹੈ। ੭੫.੧, ੨੭੪.੪[2]

SIKHBOOKCLUB.COM

ਮ

ਮਉਲੈ—(ਸੰ. ਮੁਕੁਲ) ਮੌਲਦੇ, ਪ੍ਰਫੁਲਤ ਹੁੰਦੇ, ਖਿੜਦੇ। ੨੩੭.੨

ਮਇਆ—(ਸੰ. ਮਾਯਾ) ਦਇਆ, ਕਰੁਣਾ, ਕਿਰਪਾ, ਮਿਹਰ। ੨੦.੨, ੧੭੮.੧, ੪੦੦.੩

ਮਸਤਕ)— (ਸੰ. ਮਸ੍ਤਕ) 1. ਮੱਥਾ, ਭਰਵੱਟੇ ਅਤੇ ਸਿਰ ਦੇ ਵਿਚਕਾਰਲਾ

ਮਸਤਕਿ) ਹਿੱਸਾ। ੬੧.੨, ੫੭੬.੧,੨,੩,੪, ੬੪੦.੩/੨੮੮.੪, ੩੩੭.੧,

ਮਸਤਿਕ) ੪੦੧.੧/੪੨੧.੪

2. ਸਿਰ, ਸੀਸ। —/੪੦੭.੩/—

ਮਸਾਣ—(ਸੰ. ਸ਼ਮਸ਼ਾਨ) ਮਰਘਟ, ਮੜ੍ਹੀਆਂ, ਮੁਰਦੇ ਸਾੜਨ ਦੀ ਥਾਂ। ੬੪੪.੩

ਮਸੁਵਾਨੀ—(ਸੰ. ਮਸਿਧਾਨੀ) ਦਵਾਤ, ਸਿਆਹੀ ਰਖਣ ਵਾਲਾ ਪਾਤਰ। ੫੦੦.੪

ਮਹਕਾਏ—(ਸੰ. ਸਹ੍ਵਕ) ਮਹਿਕ ਭਰਪੂਰ, ਸੁਗੰਧੀ ਭਰਪੂਰ, ਸੁਗੰਧਿਤ। ੩੩੫.੩

ਮਹਕਾਰ—ਮਹਕ ਦੇਣ ਵਾਲੇ, ਦੇਖੋ 'ਮਹਕਾਏ'। ੩੭.੩

ਮਹਖੀ—(ਸੰ. ਮਹਿਧੀ) ਮੱਝ, ਮਹਿ, ਦੁੱਧ ਦੇਣ ਵਾਲਾ ਕਾਲੇ ਜਾਂ ਭੂਰੇ ਰੰਗ ਦਾ ਪਸੂ। ੫੦੫.੨

ਮਹਤ—(ਸੰ. ਸਹ੍ਤ੍ਤਵ) ਮਹੱਤਵ, ਮਹੱਤਾ। ੫੬੬.੨

ਮਹਾਂ)— (ਸੰ. ਸਹਾ) 1, ਮਹਾਨ, ਸ੍ਰੇਸ਼ਠ। ੪੯੧.੩/—

ਮਹਾ) 2. ਬਹੁਤ, ਬਾਹਲਾ, ਅਤਿਅੰਤ। ੫੧੩.੩, ੫੨੩.੩/੨੪.੧, ੧੩੨.੧, ੨੫੮.੧, ੩੧੮.੧, ੩੫੮.੧, ੫੦੧.੩, ੫੧੨.੪, ੫੧੭.੧, ੫੨੭.੨

ਮਹਾਂਤ ਦ 1. ਮਹਾਤਮ, ਮਹੱਤਵ, ਮਹਾਨਤਾ, ਦੇਖੋ 'ਮਹਤ' । ੨੮੯.੪, ੩੫੦.੪
2. ਮਹਾਨ, ਉਤਮ, ਸ੍ਰੇਸ਼ਠ, ਦੇਖੋ 'ਮਹਾਂ' (1) । ੪੨੯.੪

ਮਹਾਤਮ)— (ਸੰ. ਸਾਹਾਤ੍ਮਯ) ਮਹੱਤਵ, ਮਹਿਮਾ, ਕਿਸੇ ਧਾਰਮਿਕ ਕਿਰਿਆ ਦੀ
ਮਹਾਤਮੁ) ਮਹਾਨਤਾ । ੩੮.੪, ੮੦.੧, ੧੪੧.੨, ੨੬੯.੨, ੩੧੯.੪, ੩੭੩.੪, ੪੨੦.੧, ੪੨੧.੪, ੪੮੯.੪/੨੦੨.੧, ੨੭੦.੨

ਮਹਾਤਮੈ—ਮਹਾਨਤਾ ਨੂੰ, ਮਹੱਤਵ ਨੂੰ, ਦੇਖੋ 'ਮਹਾਤਮ' । ੩੫੧.੧, ੪੫੩.੩, ੫੦੨.੨

ਮਹਾ ਦੁਰਗੰਧ—ਅਤਿਅੰਤ ਬਦਬੂ । ੩੩੨.੩

ਮਹਾਪ੍ਰਸਾਦ—(ਸੰ. ਸਹਾਪ੍ਰਸਾਦ) ਉਤਮ ਪ੍ਰਸ਼ਾਦ, ਪਰਮਾਤਮਾ ਦੀ ਅਪਾਰ ਕ੍ਰਿਪਾ ਰੂਪੀ ਅਨੰਦਦਾਇਕ ਪਵਿੱਤਰ ਪ੍ਰਸ਼ਾਦ । ੧੭੫.੩

ਮਹਾਂ ਪ੍ਰਸਾਦਿ—ਕੜਾਹ ਪ੍ਰਸਾਦ, ਆਟਾ, ਖੰਡ, ਘਿਉ ਤੋਂ ਬਣਿਆ ਅਨੰਦਦਾਇਕ ਪਦਾਰਥ। ੩੦੯.੩, ੪੫੩.੩

ਮਹਾਂਪਰਲੇ—(ਸਹਾਪ੍ਰਲਯ) ਸਾਮੁੱਚੀ ਸ੍ਰਿਸ਼ਟੀ ਦਾ ਸਰਵਨਾਸ਼, ਪੁਰਾਣਾਂ ਅਨੁਸਾਰ ਕਲਪ ਯਾ ਬ੍ਰਹਮਾ ਦੇ ਦਿਨ ਦੇ ਅੰਤ ਵਿਚ ਸਮਸਤ ਜੀਵਾਂ ਸਹਿਤ ਸਮਸਤ ਲੋਕ, ਦੇਵ, ਸੰਤ, ਰਿਸ਼ੀ ਆਦਿ ਬ੍ਰਹਮਾ ਸਹਿਤ ਵਿਨਾਸ਼ ਨੂੰ ਪ੍ਰਾਪਤ ਹੋ ਜਾਣਗੇ : ਉਸ ਸਮੇਂ ਜਲ ਤੋਂ ਸਿਵਾ ਹੋਰ ਕੁੱਝ ਵੀ ਬਾਕੀ ਨਹੀਂ ਬਚੇਗਾ । ੧੫੭.੧

ਮਹਾਂਪੁਰਖ—(ਸੰ. ਸਹਾਪੁਰੁਖ) ਮਹਾਨ ਆਦਮੀ, ਪਰਮਾਤਮਾ ਨਾਲ ਇਕ-ਸੁਰ ਹੋਇਆ ਵਿਅਕਤੀ, ਬ੍ਰਹਮ ਗਿਆਨੀ । ੫੮੬.੪

ਮਹਾਬਲੀ—(ਸੰ. ਸਹਾਬਲਿਨ੍) ਅਤਿਅੰਤ ਬਲਧਾਰੀ, ਬਹੁਤ ਬਲਵਾਨ । ੪੫੫ ੩

ਮਹਾਭਾਰਥ—(ਸੰ. ਸਹਾਭਾਰਤ) ਸੰਸਕ੍ਰਿਤ ਭਾਸ਼ਾ ਵਿਚ ਲਿਖਿਆ ਇਕ ਪ੍ਰਾਚੀਨ ਮਹਾਂਕਾਵਿ। ਇਸ ਵਿਚ ਮੁੱਖ ਤੌਰ ਤੇ ਕੌਰਵਾਂ ਤੇ ਪਾਂਡਵਾਂ ਦੇ ਯੁੱਧ ਦਾ ਵਿਸਤਾਰ ਹੈ । ਇਸ ਦੇ 18 ਪਰਵ ਹਨ ਤੇ ਰਿਸ਼ੀ ਵੇਦ ਵਿਆਸ ਜੀ ਦੁਆਰਾ ਰਚਿਆ ਹੋਇਆ ਹੈ । ੪੫੭.੧

ਮਹਾਰਾਜ—(ਸੰ. ਸਹਾਰਾਜ) ਹੇ ਪ੍ਰਭੂ, ਹੇ ਈਸ਼ਵਰ, ਹੇ ਪਰਮਾਤਮਾ (ਭਾਵ) (ਸੰਬੋਧਵਾਚੀ) । ੬੨੨.੪

ਮਹਾਵਤ—(ਸੰ. ਸਹਾਮਾਤ੍ਰ) ਹਾਥੀ ਨੂੰ ਹੱਕਣ ਵਾਲਾ, ਹਾਥੀਵਾਨ । ੨੩੧.੨

ਮਹਿ—(ਸੰ. ਸਧ੍ਯ > ਪ੍ਰਾ. ਸਜ੍ਜ) ਵਿਚ, ਅੰਦਰ । ੩.੧, ੩, ੭, ੮, ੩੦.੧, ੧੪੫.੪, ੪੦੪.੨, ੬੦੮.੪², ੬੨੨.੪

ਮਹਿਕਾਈਐ—ਸੁਗੰਧਿਤ ਹੁੰਦਾ, ਖੁਸ਼ਬੂਦਾਰ ਹੁੰਦਾ, ਦੇਖੋ 'ਮਹਕਾਏ' । ੪੭੨.੩

ਮਹਿਖੀ—ਮੱਝ, ਹੋਰ ਦੇਖੋ 'ਮਹਖੀ' । ੫੦੬.੨

ਮਹਿਮਾ—(ਸੰ. ਸਹਿਮਨ੍) ਵਡਿਆਈ, ਸੋਭਾ । ੧੫.੩, ੩੩.੪, ੬੬.੪, ੭੨.੪, ੭੩.੧², ੧੧੧.੪, ੧੪੧.੨, ੧੪੨.੪, ੧੮੦.੧, ੧੯੫.੧, ੨੧੭.੪, ੨੩੬.੨, ੨੪੮.੪, ੨੬੨.੧, ੨੬੫.੪, ੨੬੭.੪, ੨੬੯.੨, ੨੭੦.੪, ੩੦੨.੪, ੩੩੭.੪, ੩੫੦.੪, ੩੫੧.੨, ੩੭੨.੪, ੩੭੪.੪, ੪੨੦.੧, ੪੩੦.੩, ੪੪੧.੩, ੪੫੩.੨, ੪੭੦.੧, ੫੦੨.੧, ੫੦੭.੧, ੫੨੫.੧, ੫੩੦.੩, ੫੬੪.੪, ੬੦੦.੪, ੬੩੬.੧, ੬੫੫.੩

ਮਹੀਪਤਿ—(ਸੰ. ਸਹ੍ਹੀਧਤਿ) ਰਾਜਾ, ਬਾਦਸ਼ਾਹ । ੫੪੪.੩

ਮਹੁਰਾ—(ਸੰ. ਸਧੂਰ) ਜ਼ਹਿਰ, ਵਿਸ਼, ਵਿਹੁ । ੧੬੧.੨

ਮਹੂਆ—(ਸੰ. ਸਧੂਕ > ਪ੍ਰਾ. ਸਹੂਅ) ਇਕ ਪਹਾੜੀ ਰੁੱਖ ਦੇ ਫੁੱਲ ਅਥਵਾ ਫਲ ਜਿਸ ਦੀ ਸ਼ਰਾਬ ਨਿਕਲਦੀ ਹੈ । ੪੮.੩

ਮਹੂਰਤ—(ਸੰ. ਮੂਹੂਰ੍ਤ:) 1. ਸਮੇਂ ਦਾ ਇਕ ਛੋਟਾ ਮਾਪ, ਦਿਨ ਰਾਤ ਦਾ ਤੀਹਵਾਂ ਭਾਗ। ੭੬.ਭ, ੬੫੨.੧

2. ਸ਼ੁਭ ਘੜੀ, ਕਿਸੇ ਕੰਮ ਨੂੰ ਕਰਨ ਲਈ ਜੋਤਿਸ਼ ਰਾਹੀਂ ਪੁੱਛਿਆ ਸ਼ੁਭ ਸਮਾਂ। ੪੪੭.੨

ਮਹੇਸ—(ਸੰ. ਮਹੇਸ਼) ਸ਼ਿਵ, ਮਹਾਦੇਵ, ਸ਼ੰਕਰ, ਹਿੰਦੂ ਮਤ ਅਨੁਸਾਰ ਸ਼ਿਵ ਨੂੰ ਸੰਹਾਰ ਕਰਨ ਵਾਲਾ ਮੁੱਖ ਦੇਵਤਾ ਮੰਨਿਆ ਜਾਂਦਾ ਹੈ। ੫੪੦.੨, ੬੨੬.੧

ਮਕਰੰਦ—(ਸੰ. ਮਕਰਨ੍ਦ) ਪਰਾਗ, ਫੁੱਲਾਂ ਦਾ ਰਸ, ਫੁੱਲਾਂ ਦੇ ਵਿਚਲੇ ਸੁਗੰਧਿਤ ਚਿੱਸੇ ਦਾ ਰਸ। ੧੮.ਭ, ੨੭.੨, ੩੬.੪, ੩੮.੩, ੬੮.੧, ੨, ੩, ੪, ੭੪.੪, ੭੮.੩, ੮੮.੩, ੯੨.੧, ੯੭.੨, ੨੧੬.੧, ੨੧੭.੨, ੨੧੮.੨, ੪, ੨੨੨.੨, ੨੫੭.੩, ੨੬੬.੩, ੨੬੭.੨, ੩, ੨੭੧.੧, ੨੯੩.੧, ੨੯੪.੪, ੩੩੫.੩, ੩੪੮.੩, ੪੨੯.੧, ੪੩੧.੩, ੪੩੩.੩, ੫੦੭.੨, ੫੬੦.੨, ੬੩੯.੨

ਮਕਰੀ—(ਸੰ. ਸਕਂਟ:) ਮਕੜੀ, ਇਕ ਪ੍ਰਕਾਰ ਦਾ ਕੀੜਾ ਜੋ ਮੂੰਹ ਵਿਚੋਂ ਲੇਸ ਕੱਢਕੇ ਜਾਲ ਤਣਦਾ ਹੈ ਅਤੇ ਉਸ ਵਿਚ ਛੋਟੇ ਛੋਟੇ ਕੀੜੇ ਫਸਾ ਕੇ ਖਾਂਦਾ ਹੈ। ੭੫.੨

ਮਗ—(ਸੰ. ਮਾਰ੍ਗ > ਪ੍ਰਾ. ਸਗ੍ਗ) ਮਾਰਗ, ਰਸਤਾ, ਰਾਹ। ੩੭੭.੨

ਮਗਨ ,ਮਗਨੁ— (ਸੰ. ਸਗ੍ਨ) 1. ਲਿਵਲੀਨ, ਮਸਤ। ੨੯.੪, ੩੧.੪, ੩੩.੨, ੫੯.੨, ੨੪੭.੪, ੨੬੬.੪, ੨੬੮.੪, ੩੦੨.੧, ੪੧੮.੪, ੪੨੩.੪, ੫੬੦.੨, ੫੯੦.੪/—

2. ਇਸਥਿਤ, ਟਿਕਣ ਤੋਂ ਭਾਵ। ੨੯੬.੩/—

3. ਗੜ੍ਹੰਦ, ਖੁੱਭੇ ਹੋਏ ਤੋਂ ਭਾਵ। ੫੫੭.੪/੨੩੫.੩, ੪੦੩.੨

ਮੰਗਲ—(ਸੰ. ਮङ्गल) 1. ਖੁਸ਼ੀ, ਅਨੰਦ। ੪੮੦.੩, ੬੫੧.੨

2. ਖੁਸ਼ੀ ਦੇ ਗੀਤ। ੬੨੭.੩

ਮੰਗਾਇ—ਮੰਗਵਾਉਂਦਾ, ਕਿਸੇ ਨੂੰ ਕਹਿਕੇ ਕੋਈ ਚੀਜ਼ ਮੰਗਵਾਉਣ ਤੋਂ ਭਾਵ। ੫੬੪.੧

ਮਗਿ—ਰਸਤੇ ਵਿਚ, ਮਾਰਗ ਵਿਚ, ਦੇਖੋ 'ਮਗ'। ੪੧੩.੧

ਮਛ—(ਸੰ. ਸਤ੍ਯ) ਮੱਛਲੀਆਂ, ਪਾਣੀ ਦਾ ਇਕ ਜੀਵ। ੩੭੫.੧

ਮਜਨ ,ਮਜਨੁ— (ਸੰ. ਸਜ੍ਜਨ) ਇਸ਼ਨਾਨ, ਨਹਾਉਣਾ। ੨੯੫.੧, ੩੨੯.੨, ੩੩੨ ੪, ੩੩੮.੧, ੩੩੯.੧, ੨. ੩, ੪, ੩੪੬.੨, ੩੭੭.੧, ੬੨੮.੪, ੬੫੮.੧/੨੪੮.੧

ਮੰਜਾਰ—(ਸੰ. ਸਾਰ੍ਜਾਰ) ਬਿੱਲਾ, ਬਿੱਲੀ, ਸ਼ੇਰ ਦੀ ਨਸਲ ਦਾ ਇਕ ਛੋਟਾ ਜਿਹਾ ਜਾਨਵਰ। ੪੬੦ ੨, ੫੩੯.੧, ੫੮੨.੩

ਮਜੀਠ—(ਸੰ. ਸਜ੍ਜਿਸ੍ਠਾ) ਇਕ ਵੇਲ ਜਿਸਦੀ ਡੰਡੀ ਤੇ ਜੜ੍ਹ ਵਿਚੋਂ ਪੱਕਾ ਲਾਲ ਰੰਗ ਨਿਕਲਦਾ ਹੈ। ੧੩੨.ਭ, ੧੩੬.੧, ੧੬੨.੪, ੨੯੮.੨, ੩੦੬.੪

ਮਟੁਕੀ—(ਸੰ. ਸਾਤ੍ਤਿਕੀ) ਚਾਟੀ, ਦਹੀਂ ਆਦਿ ਰਿੜਕਣ ਲਈ ਮਿੱਟੀ ਦਾ ਬਣਿਆ ਹੋਇਆ ਬਰਤਨ। ੪੭੬.੨

ਮੰਡ—1. (ਸੰ. ਸ੍ਰੁਦ੍) ਚਿਪਕਾ ਲੈਂਦੀ ਹੈ, (ਛਾਤੀ ਨਾਲ) ਲਗਾ ਲੈਂਦੀ ਹੈ। ੩੫੬.੧

2. (ਸੰ. ਸਣ੍ਡ) ਸੰਵਰੇ ਹੋਏ, ਸੁਸਜਿਤ। ੬੨੫.੨

ਮੰਡਲ—(ਸੰ. ਸਣ੍ਡਲ) 1. ਸੰਸਾਰ, ਜਗਤ, ਦੁਨੀਆਂ। ੧੯.ਭ, ੧੯੭.੨

2. ਸਮੂਹ, ਇਕੱਠ। ੧੧੨.੪

ਮਣਿ—(ਸੰ. ਸਣਿ) ਮਣੀ, ਸੱਪ ਦੇ ਸਿਰ ਦਾ ਮਣਕਾ ਜੋ ਕੀਮਤੀ ਮੰਨਿਆ ਜਾਂਦਾ ਹੈ। ੫੬੮.੧

SIKHBOOKCLUB.COM

ਮੰਤ—(ਸੰ. ਸਨਤ) 1. ਉਹ ਸ਼ਬਦ ਜਾਂ ਵਾਕ ਜਿਨ੍ਹਾਂ ਦਾ ਜਾਪ ਵਿਭਿੰਨ ਦੇਵਤਿਆਂ ਨੂੰ ਸੰਤੁਸ਼ਟ ਕਰਨ ਅਥਵਾ ਵਿਭਿੰਨ ਕਾਮਨਾਵਾਂ ਦੀ ਪੂਰਤੀ ਲਈ ਕੀਤਾ ਜਾਂਦਾ ਹੈ । ੧੪੩.੩

2. ਉਪਦੇਸ਼, ਸਿੱਖਿਆ । ੩੬੫.੪

ਮਤ—1. ਮਸਤ, ਲੀਨ, ਖੀਵਾ । ੬੪.੪

2. (ਸੰ. ਸਤ) ਬੁੱਧੀ, ਚੇਤਨਾ, ਅਕਲ । ੩੮੬.੨, ੪੭੪.੪, ੪੮੫.੪, ੬੧੨.੨, ੬੫੩.੨

ਮਤਵਾਰਾ)— (ਸੰ. ਸਤ੍ਤ) ਨਸ਼ੇ (ਸ਼ਰਾਬ, ਅਫ਼ੀਮ ਆਦਿ) ਵਰਤਣ ਵਾਲਾ ਨਸ਼ਈ, ਨਸ਼ੇ

ਮਤਵਾਰੇ) ਵਿਚ ਮਸਤ । ੧੬੫.੩, ੧੭੨.੨/੩੭੪.੧

ਮਤਾਂਤ—ਮੱਤ ਦਾ ਸਾਰ, ਮੱਤ ਦਾ ਨਿਚੋੜ, ਧਰਮ ਦਾ ਸਾਰ-ਤੱਤ । ਕਈ ਟੀਕਾਕਾਰਾਂ ਨੇ ਇਸਦਾ ਅਰਥ ਲਿਵਲੀਨ ਹੋਣਾ ਮਸਤ ਹੋਣਾ ਵੀ ਕੀਤਾ ਹੈ । ੪੩.੨

ਮਤਿ—1. ਬੁੱਧੀ, ਹੋਰ ਦੇਖੋ 'ਮਤ' (2) । ੮.੬, ੯.੧[3], ੬੧.੧, ੬੨.੧, ੭੮.੪, ੮੪.੧, ੧੩੭.੩, ੧੪੫.੪, ੧੬੫.੩, ੨੧੭.੩, ੨੩੧.੪, ੨੭੬.੧, ੨੮੨.੨, ੨੮੪.੩, ੩੧੨.੪, ੩੧੭.੨, ੩੨੨.੨, ੩੩੬.੪, ੩੩੭ ੩, ੩੫੬.੩, ੪੦੬.੩, ੬੨੮.੩

2. (ਸੰ. ਸਤ) ਗਿਆਨ, ਉਪਦੇਸ਼ । ੧੩੦.੨, ੧੩੮.੧, ੧੫੦.੧, ੨੪੨.੪

3. ਮੱਤੀ ਹੋਈ, ਮਸਤ ਹੋਈ ਹੋਈ । ੬੨੧.੩

ਮਤਿਵਾਰੇ—ਮਤਵਾਲਾ, ਮਸਤ, ਬੇਖ਼ਬਰ, ਦੇਖੋ 'ਮਤਵਾਰਾ' । ੧੭੩.੧

ਮਤੁ—(ਸੰ. ਸਤ) 1. ਵਿਚਾਰ, ਸਿਧਾਂਤ, ਧਾਰਨਾ । ੩੩੧.੩

2. ਬੁਧੀ, ਅਕਲ, ਦੇਖੋ 'ਮਤ' (2) । ੬੩੧.੩

ਮੰਤੁ—1. ਗੁਰੂ ਦਾ ਉਪਦੇਸ਼, ਗੁਰੂ ਦਾ ਗਿਆਨ, ਗੁਰੂ ਦਾ ਨਾਮ ਦੇਖੋ 'ਮੰਤ' (2) । ੮੬.੩, ੯੯.੪, ੧੧੧.੨, ੧੮੩.੩, ੨੧੪.੩

2. ਸ਼ਾਬਦਿਕ ਪ੍ਰਭਾਵ ਪਾਉਣ ਵਾਲੇ ਸਲੋਕ ਆਦਿ, ਹੋਰ ਦੇਖੋ 'ਮੰਤ' (1) । ੧੮੩.੩, ੪੯੪.੩

3. ਮੰਤਰ-ਵਿਸ਼ੇਸ਼, ਗਾਰੜੂ-ਮੰਤਰ, ਜੋ ਸੱਪ ਦੀ ਜ਼ਹਿਰ ਨੂੰ ਦੂਰ ਕਰਨ ਵਾਲਾ ਮੰਨਿਆ ਜਾਂਦਾ ਹੈ । ੫੫੭.੩

ਮੰਤ੍ਰਨ—ਮੰਤਰਾਂ, ਮੰਤਰ ਦਾ ਬਹੁਵਚਨ, (ਸੱਪ ਨੂੰ ਵੱਸ ਕਰਨ ਵਾਲੇ ਮੰਤਰ ਅਥਵਾ ਧੁਨੀਆਂ ਦੇਖੋ 'ਮੰਤ੍ਰ' (2) । ੨੩੧.੩

ਮੰਤ੍ਰੀ—(ਸੰ. ਮਨ੍ਤ੍ਰਿਨ੍) ਵਜ਼ੀਰ, ਉਹ ਵਿਅਕਤੀ ਜਿਸਦੇ ਹੁਕਮ ਜਾਂ ਸਲਾਹ ਨਾਲ ਕਿਸੇ ਰਾਜ ਜਾਂ ਵਿਭਾਗ ਦਾ ਕੰਮ ਹੁੰਦਾ ਹੈ । ੨੪੬.੧

ਮਥਤ—(ਸੰ. √ਸਥ੍) ਮਥਿਆਂ, ਰਿੜਕਿਆਂ, ਰਿੜਕਣ ਦੁਆਰਾ । ੧੬੨.੧

ਮਥਨੀਆ— (ਸੰ. ਸਥਿਨ੍) ਮਧਾਣੀ, ਰਿੜਕਣੀ, ਕੋਈ ਤਰਲ ਪਦਾਰਥ ਨੂੰ ਰਿੜਕਣ ਵਾਲਾ ਵਿਸ਼ੇਸ਼ ਪ੍ਰਕਾਰ ਦਾ ਸੰਦ । ੪੭੬.੨

ਮਥਿ— ਮਥ ਕੇ, ਰਿੜਕ ਕੇ, ਬਿਲੋ ਕੇ, ਦੇਖੋ 'ਮਥਤ' । ੫੩੫.੨, ੬੦੯.੨

ਮਥੁਰਾ—(ਸੰ. ਸਥੁਰਾ) ਬ੍ਰਜ ਵਿਖੇ ਯਮੁਨਾ ਨਦੀ ਦੇ ਸੱਜੇ ਤੱਟ ਤੇ ਸਥਿਤ ਬਹੁਤ ਪੁਰਾਣਾ ਨਗਰ । ਹਿੰਦੂ ਧਰਮ ਵਿਚ ਮੁਕਤੀ ਦਾਤਾ ਮੰਨੀਆਂ ਜਾਂਦੀਆਂ ਸੱਤ ਪੁਰੀਆਂ ਵਿਚੋਂ ਇਕ । ਸ੍ਰੀ ਕ੍ਰਿਸ਼ਣ ਜੀ ਦੀ ਜਨਮ ਭੂਮੀ । ੪੧੬.੨

ਮੰਦ—(ਸੰ. ਮਨ੍ਦ) 1. ਮੱਠੀ ਮੱਠੀ, ਧੀਮੀ ਧੀਮੀ ਭਾਵ ਹੌਲੀ ਗਤੀ ਨਾਲ । ੭੪.੩

2. ਮੱਠੀ ਮੱਠੀ, ਹਲਕੀ ਹਲਕੀ, ਭਾਵ ਬਹੁਤ ਥੋੜੀ ਮਾਤਰਾ ਵਿਚ । ੧੪੨.੨, ੨੯੪.੩

ਮਦ—(ਸੰ. ਸਦ) ਮਦਿਰਾ, ਸ਼ਰਾਬ, ਇਕ ਪ੍ਰਕਾਰ ਦਾ ਤਰਲ ਨਸ਼ਾ । ੩੭੪.੧, ੫੩੨.੩, ੬੬੬.੪[4]

ਮਦਨ—(ਸੰ. ਸਦਨ) ਕਾਮਵਾਸਨਾ, ਕਾਮਵੇਵ । ੧੭੩.੧

ਮਦਪਾਨੀ—ਮਦ-ਪਾਨ ਕਰਨ ਵਾਲਾ, ਸ਼ਰਾਬੀ, ਦੇਖੋ 'ਮਦ' । ੩੨੪.੨

ਮੰਦਰ—(ਸੰ. ਸਨ੍ਦਿਰ) 1. ਭਵਨ, ਮਕਾਨ, ਘਰ ਆਦਿਕ । ੧੬੦.੨, ੩੬੩.੧, ੪੮੦.੩, ੬੫੨.੨, ੬੫੮.੨, ੬੭੩.੩

2. ਸ਼ਰੀਰ (ਭਾਵ) । ੩੪੫.੪

ਮੰਦਰਾਚਲ—ਇਕ ਪਹਾੜ ਜਿਸ ਨੂੰ ਮਧਾਣੀ ਬਣਾਕੇ ਦੇਵਤਿਆਂ ਅਤੇ ਰਾਕਸ਼ਾਂ ਨੇ ਸਮੁੰਦਰ ਨੂੰ ਰਿੜਕਿਆ ਸੀ । ੪੧੬.੩

ਮਦਿ)— ਸ਼ਰਾਬ, ਦੇਖੋ 'ਮਦ' । ੫੩੦.੧/੫੩੦.੩

ਮਦੁ)

ਮਦੋਨ—ਮਸਤੂਰ, ਮਸਤ, ਮਦਹੋਸ਼ । ੫੨.੨, ੬੫.੨, ੧੭੩.੧, ੨੩੧.੨, ੫੨੬.੪

ਮਧ—(ਸੰ. ਸਧੁ) 1. ਫੁਲਾਂ ਦਾ ਰਸ ਰੂਪੀ ਅੰਮ੍ਰਿਤ, ਅਥਵਾ ਸ਼ਹਿਦ ਰੂਪੀ ਅੰਮ੍ਰਿਤ । ੪੩.੪, ੬੪.੪

2. (ਸੰ. ਸਞਧ) ਵਿਚ, ਅੰਦਰ । ੫੬੧.੩, ੬੩੦.੪

3. ਮਧੁ, ਫੁਲਾਂ ਦਾ ਰਸ, ਫੁਲਾਂ ਦਾ ਪਰਾਗ । ੫੬੮.੩

ਮਧਯ—ਵਿਚ, ਹੋਰ ਦੇਖੋ 'ਮਧ' (2) । ੫੭੩.੨

ਮਧਯ-ਭਾਵ—ਵਿਚ ਵਿਚਾਲੇ, ਭਾਵ ਨਾ ਬਹੁਤ ਨਜ਼ਦੀਕ ਨਾ ਬਹੁਤ ਦੂਰ । ੫੬੫.੩

ਮਧਿ—(ਸੰ. ਸਞਧ) 1. ਵਰਤਮਾਨ ਕਾਲ, ਬਤੀਤ ਹੋ ਰਿਹਾ ਸਮਾਂ । ੧.੭

2. ਵਿਚ, ਵਿਖੇ । ੨੬੪.੩, ੩੫੩.੪, ੪੩੫.੧, ੫੬੬.੩, ੬੧੬.੧

3. ਅੰਦਰ, ਵਿਚ । ੩੪੬.੪, ੩੬੬.੩, ੩੭੧.੨, ੫੦੨.੧, ੫੩੨.੧, ੫੪੩.੪

ਮਧਿਮ—(ਸੰ. ਸਞਧਸ) ਵਿਚਕਾਰਲਾ, ਨਾ ਬਹੁਤ ਉਤਮ ਨਾ ਬਹੁਤ ਨੀਚ । ੧੫੭.੨, ੫੫੨.੧

ਮਧੁ—(ਸੰ. ਸਧੁ) 1. ਮਧੁ, ਸ਼ਹਿਦ, ਫੁਲਾਂ ਦੇ ਰਸ ਤੋਂ ਬਣਿਆ ਮਿੱਠਾ ਪਦਾਰਥ । ੨੦੫.੨, ੨੨੨.੨, ੨੫੬.੧, ੨੯੪.੨, ੬੧੬.੧

2. ਮਧੁਰ, ਅੰਮ੍ਰਿਤਮਈ । ੨੫੭.੩, ੨੬੬.੩, ੩੩੫.੩

3. ਗੁਰਸਿਖ ਰੂਪੀ ਭੌਰਾ । ੨੬੭.੨

4. ਅੰਮ੍ਰਿਤ । ੨੪੩.੩, ੨੬੩.੪, ੨੯੧.੨, ੨੯੮.੪

5. ਫੁਲਾਂ ਦਾ ਰਸ, ਪਰਾਗ । ੪੧੦.੩

ਮਧੁਕਰ)— (ਸੰ. ਸਧੁਕਰ:) ਭੌਰਾ, ਭ੍ਰਮਰ, ਫੁੱਲਾਂ ਤੋਂ ਬੈਠਣ ਵਾਲਾ ਕਾਲੇ ਰੰਗ ਦਾ

ਮਧੁਕਰਿ) ਭ੍ਰਿੰਡ । ੩੬ ੪, ੬੬.੪, ੯੭.੨, ੧੩੯.੩, ੧੭੧.੪, ੨੧੬.੧, ੨੫੭.੩, ੨੭੧.੧, ੨੯੪.੪, ੩੩੫.੪, ੩੪੮.੩, ੪੧੦.੩, ੪੨੯.੧, ੪੩੧.੩, ੪੪੨.੨, ੫੦੭.੨, ੫੬੦.੨, ੬੩੯.੨/੨੨੨.੧, ੪੩੩.੩/੨੩.੨, ੪੩.੪, ੩੦੦.੩, ੩੨੦.੨, ੪੨੪.੨, ੫੬੭.੩, ੫੯੬.੧, ੬੦੬.੩

ਮਧੁਪੁਰ—ਮਥੁਰਾ ਨਗਰੀ, ਹੋਰ ਦੇਖੋ 'ਮਥੁਰਾ' । ੪੦੭.੨

ਮਧੁਮਾਖੀ—(ਸੰ. ਸਧੁਮਿਸ਼ਕਾ) ਸ਼ਹਿਦ ਦੀ ਮੱਖੀ, ਇਕ ਛੋਟਾ ਜੰਤੂ ਜੋ ਫੁੱਲਾਂ ਦਾ ਪਰਾਗ ਇਕੱਤਰ ਕਰ ਕਰ ਕੇ ਸ਼ਹਿਦ ਬਣਾਉਂਦਾ ਹੈ । ੧੦੬.੩, ੨੯੬.੨, ੫੫੫.੧

ਮਧੁਰ—(ਸੰ. ਸਧੁਰ) 1. ਰਸੀਲੀ/ਰਸੀਲੇ, ਸੁਣਨ ਵਿਚ ਰਸਦਾਇਕ, ਜੋ ਕੰਨਾ ਨੂੰ ਚੰਗੀ ਲਗੇ/ਚੰਗੇ ਲਗਣ । ੧੩.੪, ੧੩੦.੧, ੧੩੭.੩, ੧੪੨.੨, ੧੫੨.੨, ੨੦੩.੧, ੨੫੬.੧ ੨, ੩, ੪, ੨੯੪.੨, ੩੨੨.੨, ੩੬੫.੩, ੫੫੬.੩, ੫੬੭.੨, ੫੭੫.੨, ੬੪੪.੨, ੬੪੬.੧

2. ਮਿੱਠਾ, ਰਸਦਾਇਕ ਭਾਵ ਅਨੰਦਮਈ । ੨੦੫.੨

ਮਧੁ—ਸ਼ਹਿਦ, ਹੋਰ ਦੇਖੋ 'ਮਧੁ' (1) । ੫੫੫.੧

ਮਧੇ—(ਸੰ. ਸਥ) ਵਿਚ, ਵਿਚੋਂ, ਵਿਖੇ । ੧੦੩.੨, ੪੬੮.੪, ੫੮੬.੪, ੬੪੫.੪

ਮਧੋਕੀਐ—ਮਿੱਠੇ, ਮਧੁਰ, ਰਸਦਾਇਕ, ਦੇਖੋ 'ਮਧੁਰ' । (1) । ੬੪੦.੨

ਮਨ—(ਸੰ. ਸਨਸ੍) 1. ਚਿਤ, ਅੰਤਹਕਰਣ, ਜੀਅ, ਪ੍ਰਾਣੀਆ ਦੇ ਅੰਦਰ ਦੀ ਉਹ ਸ਼ਕਤੀ ਜਿਸ ਨਾਲ ਪ੍ਰਾਣੀ ਸੋਚਦਾ, ਵਿਚਾਰਦਾ ਤੇ ਅਨੁਭਵ ਕਰਦਾ ਹੈ । ੧੬.੧, ੧੮.੪, ੨੧.੪, ੨੨.੩, ੨੮.੨, ੪੧.੪, ੪੬.੧, ੪੭.੧, ੪੮.੧, ੨[3], ੫੨.੧, ੫੩.੧, ੫੭.੩, ੫੯.੧, ੬੦ ੪, ੬੧.੧, ੬੩.੩, ੬੪.੧, ੮੦.੪, ੮੫.੧, ੮੬.੪, ੯੪.੪, ੧੦੧.੪, ੧੦੮.੩, ੧੩੮.੩, ੧੩੯.੩, ੧੪੦.੪, ੧੪੫.੨[2], ੧੪੮.੪, ੧੪੯.੧, ੧੭੧.੪, ੧੮੧.੧, ੧੮੮.੨, ੨੦੬.੩[3], ੨੧੮.੩, ੨੨੨.੧, ੨੨੩.੧, ੨੨੭.੧, ੨੩੩.੩, ੪, ੨੪੫.੧, ੨੫੧.੧, ੨੫੮.੨, ੨੬੩.੪, ੨੬੪.੪, ੨੬੮.੩, ੨੭੧.੧, ੨੯੪.੪, ੨੯੫.੧, ੩੦੫.੩, ੩੨੩.੨, ੩੩੫.੪, ੩੪੮.੩, ੩੫੮.੪, ੩੯੨.੩, ੪੦੦.੧, ੪੧੪.੨, ੪੨੦.੩, ੪੨੩.੪, ੪੨੯.੧, ੪੩੦.੪, ੪੩੧.੩, ੪੫੭.੩, ੪੮੦.੧[2], ੪੮੨.੧, ੪੯੪.੩, ੫੦੭.੨, ੫੧੦.੩, ੫੧੪.੨, ੫੨੯.੧, ੫੩੯.੪, ੫੪੧.੧, ੫੪੭.੪, ੫੫੭.੪, ੫੮੧.੪, ੫੮੨.੪, ੫੮੪.੨, ੬੦੨.੨, ੬੦੫.੧, ੬੧੬.੪, ੬੨੨.੪, ੬੩੨.੧, ੬੩੪.੩, ੬੪੬.੪, ੬੫੪.੪, ੬੬੫.੧

2. ਮਣੀ, ਹੋਰ ਦੇਖੋ 'ਮਣਿ' । ੩੮੬.੨, ੪੦੭.੩, ੪੫੩.੭

3. ਅੰਤਹਕਰਣ ਭਾਵ ਅੰਦਰੋਂ, ਵਿਚੋਂ । ੪੭੮.੧

ਮਨਸਾ—(ਸੰ. ਸਾਨਸ) ਮਨਸ਼ਾਵਾਂ, ਇੱਛਾਵਾਂ, ਮਨੋਕਾਮਨਾਵਾਂ । ੧੮.੪, ੮੦.੪, ੮੨.੩, ੧੦੫.੧, ੧੪੦.੪, ੧੪੮.੪, ੨੩੩.੩, ੨੮੨.੩, ੩੩੬.੩, ੩੮੬.੪

ਮਨਤ—(ਸੰ. √ ਸਨ੍ > ਪ੍ਰਾ. ਸਣਣ) ਮੰਨਦੀ, ਆਖੇ ਲਗਦੀ, ਆਗਿਆ ਪਰਵਾਨ ਕਰਦੀ। ੩੯੦.੩

ਮਨੰਤਰ—(ਸੰ ਸਨ੍ਵਨ੍ਤਰ) ਬ੍ਰਹਮਾ ਦੇ ਇਕ ਦਿਨ ਦਾ 14ਵਾਂ ਭਾਗ, 71 ਚਤੁਰਯੁਗਾਂ ਦੇ ਬੀਤਣ ਦਾ ਸਮਾਂ, ਭਾਵ 43, 20,000 ਅਨੁਮਾਨਤ ਸਾਲ । ੪੩੦.੧

ਮਨ-ਬਚ-ਕ੍ਰਮ—ਮਨ, ਬਚਨ ਤੇ ਕਰਮ ਕਰਕੇ, ਭਾਵ ਸੰਪੂਰਣ ਰੂਪ ਵਿਚ । ੩੧੮.੩, ੪੬੬.੩

ਮਨਬਾਂਛਤ—(ਸੰ. ਸਨੋਵਾਨ੍ਤਿਸ੍) ਮਨ-ਵਾਂਛਿਤ, ਮਨ-ਇਛੱਤ, ਮਨ ਚਾਹੇ । ੬੫੮.੩

ਮਨਮੁਖ—ਜਿਸ ਦਾ ਮੁਖ ਆਪਣੇ ਮਨ ਵੱਲ ਹੈ, ਮਨ ਦੀ ਮਤ ਧਾਰਨ ਵਾਲਾ, ਮਨ ਦੀਆਂ ਲਾਲਸਾਵਾਂ ਪਿਛੇ ਭਟਕਣ ਵਾਲਾ, ਗੁਰਮਤਿ ਤੋਂ ਉਲਟ ਚਲਣ ਵਾਲਾ । ੨੬੪.੪, ੪੯੦.੪, ੪੯੩.੪

ਮਨਮੋਹਨ—(ਸੰ. ਸਨ+ਸੋਹਨ) ਮਨ ਨੂੰ ਮੋਹ ਲੈਣ ਵਾਲੇ, ਮਨ ਨੂੰ ਮੁਗਧ ਕਰ ਲੈਣ ਵਾਲੇ, ਸੁੰਦਰ । ੪੦੦.੧

ਮਨਾਇ—1. ਮਨਾਉਂਦੀ ਸੀ, ਆਖਾ/ਕੋਈ ਗਲ ਮੰਨਵਾਉਣ ਤੋਂ ਭਾਵ । ੫੭੫.੩

2. ਮਨਾ ਕੇ, (ਰਸਮ ਆਦਿ) । ੬੫੮.੩

3. ਰਾਜ਼ੀ ਕਰਕੇ, ਰੋਸ ਦੂਰ ਕਰਵਾਕੇ, ਰੁਠੇ ਹੋਏ ਨੂੰ ਮਨਾ ਕੇ । ੬੬੩.੪, ੬੬੪.੪

ਮਨਾਇਕੈ—ਮਨਾਉਣ ਦੁਆਰਾ, ਭਾਵ ਸਿਮਰਨ-ਆਰਾਧਨਾ ਕਰਨ ਦੁਆਰਾ । ੫੮੬.੪

ਮਨਾਵਈ—ਮਨਵਾਉਂਦੇ ਹਨ, (ਆਗਿਆ/ਹੁਕਮ) ਦੀ ਪਾਲਣਾ ਕਰਵਾਉਂਦੇ ਹਨ । ੧੭੮.੧

ਮਨਾਵਤੇ—ਮਨਾਉਂਦੇ ਸਨ, ਰਾਜ਼ੀ ਕਰਦੇ ਸਨ । ੫੭੬.੨

ਮਨਾਵੈ—ਮਨਾ ਲੈਂਦਾ, ਰਾਜ਼ੀ ਕਰ ਲੈਂਦਾ । ੫੬੪.੨

ਮਨਿ—1. ਮਣੀ/ਮਣੀਆਂ, ਹੋਰ ਦੇਖੋ 'ਮਣਿ'। ੪੧.੨, ੬੭.੨, ੨੩੬.੨, ੪੨੧.੧
2. ਚਿਤ, ਹੋਰ ਦੇਖੋ 'ਮਨ' (1)। ੧੪੬.੧, ੧੮੪.੩, ੩੨੭.੨, ੩੩੭.੨, ੫੧੮.੪
3. ਆਖਾ/ਆਗਿਆ ਆਦਿ ਮੰਨ ਕੇ। ੩੫੮.੨

ਮਨੁ—1. ਮਨ ਵਿਚ, ਹਿਰਦੇ ਵਿਚ, ਦੇਖੋ 'ਮਨ' (1)। ੬੬.੪
2. ਮਣ, ਚਾਲੀ ਸੇਰ ਦਾ ਇਕ ਤੋਲ। ੨੨੬.੧
3. ਚਿਤ, ਦੇਖੋ 'ਮਨ' (1)। ੨੩੪.੧, ੨, ੩, ੨੩੫.੧, ੨, ੩, ੨੫੭.੩, ੨੬੭.੧, ੨੬੮.੨, ੩੦੦.੩, ੩੧੩.੪, ੪੨੦.੩, ੫੭੦.੪, ੪੬੬.੪, ੬੦੨.੪

ਮਨੁਖ—(ਸੰ. ਮਨੁਸ਼੍ਯ) ਇਨਸਾਨ, ਪੁਰਖ, ਆਦਮੀ। ੫੨੬.੧

ਮਨੂਰ—(ਸੰ. ਸ਼ਾਙ੍ਕੂਰ) ਲੋਹੇ ਦੀ ਮੈਲ ਜੋ ਭੱਠੀ ਵਿਚੋਂ ਨਿਕਲਣ ਤੋਂ ਬਾਅਦ ਖੰਘਰ ਜਿਹਾ ਬਣ ਜਾਂਦੀ ਹੈ, ਭਾਵ ਨਖਿੱਧ ਲੋਹਾ। ੨੭.੨, ੮੩.੨, ੯੪.੧, ੩[1], ੨੪੬.੧

ਮਨੋਚਰ—ਮਨ ਦੀ ਪਹੁੰਚ ਤੋਂ ਪਰੇ, ਚਿਤ ਦੇ ਵੇਗ ਤੋਂ ਉਪਰ। ੮.੬

ਮਨੋਦ—(ਮਨ + ਉਦਿਤ) ਆਨੰਦਿਤ ਹੋਈ ਹੰਦੀ ਭਾਵ ਲਿਵਲੀਨ ਹੋਈ ਹੋਈ। ੨੫੭.੪

ਮਨੋਰਥ—ਸੰ. ਸਨੋਰਥ) 1. ਇੱਛਾਵਾਂ, ਅਭਿਲਾਸ਼ਾਵਾਂ, ਕਾਮਨਾਵਾਂ। ੪੬.੪, ੧੭੮.੪
2. ਇੱਛਾ, ਕਾਮਨਾ, ੪੨੧.੩, ੪੨੮.੧

ਮਮ—(ਸੰ. ਸਸ) 1. ਮੇਰਾ, ਮੈਂ ਦਾ ਸੰਬੰਧ ਕਾਰਕ ਰੂਪ। ੨੩.੪
2. ਮੈਂ, ਬੋਲਣ ਵਾਲੇ ਦੁਆਰਾ ਆਪਣੇ ਲਈ ਵਰਤਿਆ ਜਾਣ ਵਾਲਾ ਸ਼ਬਦ। ੨੩੬.੪, ੨੩੭.੪, ੩੧੪.੪, ੩੧੫.੩, ੫੦੧.੪, ੫੦੭.੪, ੬੩੬.੪
3. ਮੇਰੇ ਵਿਚ, ਮੇਰੇ ਅੰਦਰ। ੫੧੩.੪, ੫੨੨.੪, ੫੨੪.੪, ੬੪੧.੪
4. ਮੇਰੇ। ੫੨੧.੪

ਮਮਤ—(ਸੰ. ਸਸਤ੍ਵ) ਮਮਤਵ, ਮੈਂਪੁਣਾ, ਮੇਰੇਪਣ ਦੀ ਭਾਵਨਾ, ਅਥਵਾ ਅਪੱਣਤ। ੪੨੮.੩

ਮਮਤਾ—(ਸੰ. ਸਸਤਾ) ਮੋਹ, ਦੁਨਿਆਵੀ ਪਦਾਰਥਾਂ ਵਿਚ ਸਨੇਹ। ੪੨੮.੩

ਮਯਾ—ਕਿਰਪਾ, ਹੋਰ ਦੇਖੋ 'ਮਇਆ'। ੬੨੨.੪

ਮਰਕਟ—(ਸੰ. ਸਕਂਟ) ਬਾਂਦਰ, ਦਰਖਤਾਂ ਆਦਿ ਤੇ ਰਹਿਣ ਵਾਲਾ ਇਕ ਜਾਨਵਰ ਜੋ ਆਦਮੀ ਨਾਲ ਮਿਲਦਾ ਜੁਲਦਾ ਹੈ। ੪੫੩ ੨, ੪੭੦.੩

ਮਰਕਤ—(ਸੰ. ਸਰਕਤ) ਨਗ, ਪੰਨਾ, ਕੀਮਤੀ ਪੱਥਰ ਜੋ ਗਹਿਣਿਆਂ ਆਦਿ ਵਿਚ ਜੜਿਆ ਜਾਂਦਾ ਹੈ। ੩੪੭.੩

ਮਰਜੀਵਾ—ਗੋਤਾਖੋਰ, ਸਮੁੰਦਰ ਵਿਚੋਂ ਡੂੰਘੀ ਮਾਰ ਕੇ ਰਤਨ ਆਦਿ ਖੋਜ ਕੇ ਲਿਆਉਣ ਵਾਲਾ। ੭੬.੩, ੫੪੬.੧, ੫੬੪.੩, ੬੬੨.੪

ਮਰਜੇਸ—ਮੌਤ ਦਾ ਈਸ਼ਵਰ, ਭਾਵ ਧਰਮ ਰਾਜ, ਮੌਤ ਦਾ ਦੇਵਤਾ, ਹੋਰ ਦੇਖੋ 'ਧਰਮ ਰਾਇ'। ੫੪੦.੨

ਮਰਤ—(ਸੰ. ਸਰਣ) 1. ਮਰਦਾ ਹੈ/ਮਰਦੇ ਹਨ/ਮਰ ਜਾਂਦਾ ਹੈ/ਮਰ ਜਾਂਦੇ ਹਨ/ਮਰ ਜਾਂਦੀ ਹੈ ੭੫.੨, ੭੬.੧, ੧੬੦ ੨, ੩੧੬.੨, ੩੧੬.੪, ੩੨੦.੩, ੪੧੭.੨ ੪੪੨.੩, ੬੩੬.੪

ਮਰਦਨ—(ਸੰ. ਸਰ੍ਦਨ) ਮਲਣਾ, ਮਾਲਸ਼ ਕਰਨਾ। ੩੬੫.੩

ਮਰਨ) — (ਸੰ. ਸਰਣ) ਮਰਨਾ, ਮੌਤ ਹੋ ਜਾਣੀ। ੭੮.੨, ੬੦.੨, ੧੭੫.੪, ੨੮੧.੨,
ਮਰਨੇ) ੨੮੭.੩, ੩੦੦.੪, ੩੨੫.੪, ੩੬੪.੩, ੪੩੮.੪, ੪੫੫.੨, ੫੨੧.੩, ੫੩੭.੪, ੫੩੮.੪, ੫੭੩.੪/੪੬੮.੩

ਮਰਮ)— (ਸੰ. ਸਰ੍ਮਨ੍) 1. ਭੇਤ, ਰਹੱਸ, ਰਾਜ਼। ੬੦੮.੨, ੬੩੬.੩/੩੭੪.੧/
ਮਰੰਮੁ) ੪੮੮.੪, ੫੩੦.੧, ੫੩੪.੨
ਮਰਮੁ) 2. ਮਹੱਤਵ, ਵਡਿਆਈ। —/—/੫੦੭.੩

ਮਰਾਲ—(ਸੰ. ਸਰਾਲ) ਹੰਸ, ਹੋਰ ਦੇਖੋ 'ਹੰਸ' (2) । ੨੩੭.੪, ੨੬੯.੧, ੩੮੬.੧, ੪੫੨.੪, ੪੬੦.੩, ੪੭੦.੩, ੪੯੧.੪, ੫੦੧.੪, ੫੧੨.੩, ੫੩੯.੨, ੫੫੯.੧

ਮਰਿ—(ਸੰ. ਸਰਣ) 1. ਮੌਤ, ਮ੍ਰਿਤੂ । ੧੪.੧

2. ਮਰਨਾ, ਹੋਰ ਦੇਖੋ 'ਮਰਨ' । ੫੦੨.੧, ੫੦੬.੧, ੬੪੫.੩

ਮਰੇ ਮਰੈ)— (ਸੰ. ਸਰਣ) ਮਰ ਜਾਂਦਾ, ਖਤਮ ਹੋ ਜਾਂਦਾ, ਮੌਤ ਦੇ ਮੂੰਹ ਵਿਚ ਚਲਾ ਜਾਂਦਾ ਹੈ । ੩੨੦.੧/੭੦.੩, ੩੧੮.੪, ੩੫੫.੩, ੬੧੭.੩

2. ਮਰੇ ਹਨ, ਸਮਾਪਤ ਹੋਏ ਹਨ, ਭਾਵ (ਹਉਮੈ ਆਦਿਕ ਤੋਂ) ਰਹਿਤ ਹੋਏ ਹਨ, ਮੁਕਤ ਹੋਏ ਹਨ । —/੨੮੦.੧

ਮਰੋਰਿ—(ਸੰ. ਸ੍ਰੁ) ਮਰੋੜੀ, ਵੱਟ, ਵਲ । ੬੫.੨

ਮਲ—(ਸੰ. ਸਲ) 1. ਗੰਦ, ਮੈਲਾ, ਚਿਜ਼ਨਾ, ਟੱਟੀ ਆਦਿਕ । ੨੪.੧, ੧੫੮.੨, ੩੩੪.੪, ੪੮੩.੩, ੫੫੭.੨, ੬੩੮.੩

2. ਮੈਲ, ਗੰਦਗੀ, ਮੈਲਾਪਣ । ੧੩੬.੩, ੬੧੪.੪

ਮਲਉਨੀ—ਮਲੌਨੀ, ਸਿਰ ਤੇ ਮਲਣ ਲਈ ਦਹੀਂ, ਤੇਲ ਅਤੇ ਸੁਗੰਧਿਤ ਪਦਾਰਥਾਂ ਆਦਿਕ ਨੂੰ ਮਿਲਾ ਕੇ ਤਿਆਰ ਕੀਤਾ ਘੋਲ । ੩੪੬.੨

ਮਲ-ਮੂਤ—(ਸੰ. ਸਲ + ਮੂਤ੍ਰ) ਮਲ-ਮੂਤਰ ਦੀ ਗੰਦਗੀ, ਟੱਟੀ-ਪਿਸ਼ਾਬ ਦਾ ਗੰਦ । ੩੫੩.੩

ਮਲ ਮੂਤੁਧਾਰੀ—1. ਮਲ-ਮੂਤਰ ਨਾਲ ਪਲੀਤ । ੨੪.੧, ੪੮੩.੩

2. ਮਲ-ਮੂਤਰ ਧਾਰਨ ਕਰਨ ਵਾਲੀ ਦੇਹ, ਦੇਖੋ 'ਮਲ ਮੂਤ੍ਰ' । ੩੩੪.੪, ੩੩੮.੧

ਮਲਮੈ—ਮਲਮਈ, ਭਾਵ ਲਹੂ ਵਹਿਣਾ ਸ਼ੁਰੂ ਹੋ ਜਾਣਾ, ਅਥਵਾ ਮਾਹਵਾਰੀ ਆਦਿ ਦਾ ਆਉਣਾ । ੬੩੭.੩

ਮਲਯ-ਗੰਧ—ਮਲਯ ਪਰਬਤ ਤੋਂ ਆਉਣ ਵਾਲੀ ਸੁਗੰਧੀ । ੬੧੪.੩

ਮਲਯਾਗਿਰ—(ਸੰ. ਸਲਯਾਗਿਰਿ) ਮਲਯ ਪਹਾੜ, ਦਖਣ ਭਾਰਤ ਦੀ ਇਕ ਪਰਬਤ ਮਾਲਾ ਜਿਸਤੇ ਚੰਦਨ ਦੇ ਦਰਖਤ ਬਹੁਤ ਜ਼ਿਆਦਾ ਹੁੰਦੇ ਹਨ । ੬੨੫.੩

ਮਲਿ—(ਸੰ. √ਸਲ੍) ਮੱਲਕੇ, ਕੱਬਜ਼ਾ ਕਰਕੇ, ਭਾਵ ਨਿਵਾਸ ਜਮਾਕੇ । ੬੨੨.੪

ਮਲਿਆਗਰ—1. ਚੰਦਨ ਦੇ ਦਰਖਤਾਂ ਨਾਲ ਭਰਪੂਰ ਪਰਬਤ, ਹੋਰ ਦੇਖੋ 'ਮਲਯਾਗਿਰ' । ੫੧੬.੧

2. ਚੰਦਨ ਦੀ ਲਕੜ ਆਦਿ (ਭਾਵ) । ੫੪੬.੩

ਮਲੀਨ—(ਸੰ. ਸਲਿਨ) 1. ਮੈਲਾ/ਮੈਲੇ/ਮੈਲੀ, ਗੰਦਾ/ਗੰਦੇ/ਗੰਦੀ, ਮੈਲ ਵਾਲਾ/ਮੈਲ ਵਾਲੇ/ਮੈਲ ਵਾਲੀ । ੧੦੬.੩, ੧੨੧.੩, ੨੮੬.੧, ੨੬੫.੧, ੩੦੬.੧, ੩੧੨.੧, ੩੬੦.੨, ੪੬੬.੨, ੫੩੭.੧, ੫੫੭ ੨, ੬੧੪.੧

2. ਵਿਕਾਰ-ਗ੍ਰਸਤ, ਵਿਕਾਰ-ਮਈ, ਵਿਕਾਰ ਦੀ ਮੈਲ ਨਾਲ ਲਿਬੜਿਆ (ਭਾਵ) । ੩੧੨.੪, ੩੩੭.੨

3. ਮੱਧਮ, ਫਿੱਕੀ, ਬੁਝਣ ਦੇ ਨਜ਼ਦੀਕ (ਭਾਵ) । ੬੬੧.੧

ਮਲੁ—ਮੈਲ, ਗੰਦਗੀ, ਦੇਖੋ 'ਮਲ' (2) । ੩੬੦.੩

ਮਵਾਸ—ਆਲੀ, ਬਾੜੀ ਹੋਇਆ ਯੰਧਾ ਆਦਿ । ੪੬੪.੧

ਮਾਇ—(ਸੰ. ਮਾਤ੍) ਮਾਤਾ, ਮਾਂ, ਜਨਨੀ । ੩੯੨.੩

ਮਾਇਆ—1. ਕਿਰਪਾ, ਹੋਰ ਦੇਖੋ 'ਮਇਆ' । ੧੫.੪

2. (ਸੰ. ਮਾਯਾ) ਸੰਸਾਰਕ ਪਦਾਰਥ ਅਤੇ ਵਿਸ਼ੇ ਆਦਿਕ । ੨੭.੪, ੬੭.੪, ੬੮.੪,

SIKHBOOKCLUB.COM

੧੧੭.੪, ੧੭੭.੪, ੧੮੨.੪, ੧੮੭.੩, ੨੩੩.੧, ੨੩੪.੪, ੨੪੮.੪, ੨੭੨.੪, ੨੯੨.੪, ੨੯੫.੪, ੩੧੧.੪, ੩੧੨.੪, ੩੨੩.੪, ੩੨੮.੧, ੩੩੪.੩, ੩੪੯.੪, ੩੮੪.੪, ੩੮੫.੪, ੪੫੫.੪, ੪੯੫.੪, ੪੯੬.੪, ੫੨੬.੩, ੫੫੩.੪

3. ਮਾਇਆਮਈ ਸੰਸਾਰ, ਪਦਾਰਥਕ ਜਗਤ । ੨੯.੩, ੧੯੨.੩, ੪੫੮.੪, ੫੪੩.੪

4. ਈਸ਼ਵਰ ਦੀ ਛਲਾਵਾ ਰੂਪ ਸ਼ਕਤੀ । ੩੦੨.੧

5. ਸੰਸ ਰਕ ਧਨ ਪਦਾਰਥਾਂ ਅਤੇ ਵਿਸ਼ੇ ਵਿਕਾਰਾਂ ਦਾ ਮੋਹ ਅਥਵਾ ਛਲ । ੫੪੪.੪[2]

6. ਦੌਲਤ, ਧਨ । ੫੫੫.੪

ਮਾਇਆਧਾਰੀ ਅਮੀਰ, ਧਨੀ, ਜਿਸ ਕੋਲ ਬਹੁਤ ਧਨ ਦੌਲਤ ਹੋਵੇ, ਦੇਖੋ 'ਮਾਇਆ' (6) । ੪੯੭.੪

ਮਾਇਆਮਈ—ਮਾਇਆ ਸਰੂਪ, ਅਥਵਾ ਜਿਸ ਵਿਚ ਮਾਇਆ ਇਸਥਿਤ ਹੋਵੇ । ੨੮੦.੩

ਮਾਸ—1. (ਸੰ. ਮਾਂਸ) ਮਹੀਨਾ/ਮਹੀਨੇ, ਸਾਲ ਦਾ ਬਾਰ੍ਹਵਾਂ ਹਿੱਸਾ, ਲਗਭਗ ਤੀਹ ਦਿਨ ਦਾ ਸਮਾਂ । ੨੪੧ ੧, ੩੪੫.੧, ੪੮੪.੨, ੬੫੪.੧

2. (ਸੰ. ਸਾਂਸ) ਮੀਟ, ਗੋਸ਼ਤ, ਕਿਸੇ ਪ੍ਰਾਣੀ ਦੇ ਸਰੀਰ ਦਾ ਉਹ ਨਰਮ ਪਦਾਰਥ ਜੋ ਚਮੜੀ ਦੇ ਹੇਠਾਂ ਅਤੇ ਹੱਡੀਆਂ ਦੇ ਆਲੇ ਦੁਆਲੇ ਹੁੰਦਾ ਹੈ । ੫੩੯.੧, ੫੪੭.੨, ੫੬੯.੧, ੬੩੪.੩

ਮਾਸਾ—(ਫ਼ਾ. ਮਾਸ਼) ਤੌਲ ਦੀ ਇਕ ਇਕਾਈ, ਅੱਠ ਰੱਤੀ ਭਰ ਤੋਲ, ਤੋਲ ਦਾ ਇਕ ਛੋਟਾ ਰੂਪ । ੨੨੯.੩

ਮਾਸੀ—(ਸੰ. ਮਾਤ੍ਰਿਵਸ੍ਰ ਪ੍ਰਾ. ਸਾਤ੍ਰਿਚ੍ਛਾ) ਮਾਤਾ ਦੀ ਭੈਣ । ੧੦੦.੨

ਮਾਸੁ—1. ਮਹੀਨੇ, ਹੋਰ ਦੇਖੋ 'ਮਾਸ' (1) । ੧੫੬.੨

2. ਚਮੜੀ, ਖਲੜੀ, ਸਰੀਰ ਦੀ ਮਾਸ ਉਪਰਲੀ ਪਤਲੀ ਤਹਿ । ੨੧੦.੧

ਮਾਸੇ—ਮਾਸ਼ੇ, ਹੋਰ ਦੇਖੋ 'ਮਾਸਾ' । ੨੨੬.੨

ਮਾਹਿ)—ਵਿਚ, ਅੰਦਰ, ਵਿਖੇ, ਦੇਖੋ 'ਮਹਿ' । ੫੭੨.੨, ੬੩੬.੨/੨੨੩.੧

ਮਾਹੀ)

ਮਾਖਨ—(ਸੰ. ਸ਼ਸ਼ਨਸ੍ > ਪ੍ਰਾ. ਸਕਖਣ) ਮੱਖਣ, ਦਹੀਂ ਰਿੜਕਣ ਨਾਲ ਨਿਕਲਣ ਵਾਲਾ ਚਿੱਟੇ ਰੰਗ ਦਾ ਥੰਧਿਆਈ ਵਾਲਾ ਪਦਾਰਥ । ੧੨੬.੧, ੪੪੫ ੧

ਮਾਖੀ—(ਸੰ, ਸਕ੍ਸ਼ਿਕਾ > ਪ੍ਰਾ. ਸਕ੍ਖਿਅਾ) 1. ਮੱਖੀ, ਖੰਭਾਂ ਵਾਲਾ ਇਕ ਛੋਟਾ ਜਿਹਾ ਜੰਤੂ ਜੋ ਆਮ ਤੌਰ ਤੇ ਗੰਦਗੀ ਅਥਵਾ ਫਿਰ ਖਾਦ ਪਦਾਰਥਾਂ ਆਦਿ ਉਪਰ ਬੈਠਦਾ ਹੈ । ੨੩੬.੧, ੩੩੨.੩, ੪੬੦.੪, ੫੧੭ ੩

2. ਸ਼ਹਿਦ ਦੀ ਮੱਖੀ, ਹੋਰ ਦੇਖੋ 'ਮਧੁ ਮਾਖੀ' । ੬੩੨.੩

ਮਾਖੀਐ—(ਸੰ. √ਸਕ੍) ਕ੍ਰੋਧ ਕਰੇ, ਗੁੱਸਾ ਕਰੇ, ਕ੍ਰੋਧਿਤ ਹੋਵੇ । ੫੩੨.੩

ਮਾਗ—ਔਰਤਾਂ ਦੇ ਵਾਲਾਂ ਦਾ ਵਿਚਕਾਰਲਾ ਚੀਰ । ੩੪੭.੧

ਮਾਂਗਤ—(ਸੰ. ਮਾਰ੍ਗਣ੍ਯ) ਮੰਗਦਾ ਹੋਇਆ, ਯਾਚਨਾ ਕਰਦਾ ਹੁੰਦਿਆ । ੫੮੭.੨

ਮਾਗਨਿ—ਮੰਗਣ ਲਈ, ਮੰਗਣਾ, ਮੰਗਣ ਵਾਸਤੇ, ਦੇਖੋ 'ਮਾਂਗਤ' । ੪੩੪.੧

ਮਾਗਿ—ਮੰਗਣ ਤੋਂ ਭਾਵ, ਦੇਖੋ 'ਮਾਂਗਤ' । ੩੯੯.੪

ਮਾਂਗੈ—ਮੰਗਕੇ, ਯਾਚਨਾ ਕਰਕੇ, ਦੇਖੋ 'ਮਾਂਗਤ' । ੫੬੪.੧

ਮਾਗੈ—1. ਮੰਗਿਆ ਹੁੰਦਿਆ, ਭਾਵ ਮਨ ਇੱਛਤ, ਜੋ ਉਹ ਚਾਹੁੰਦਾ ਹੈ । ੪੫੪.੨

2. ਮੰਗੇ, ਯਾਚਨਾ ਕਰੇ, ਦੇਖੋ 'ਮਾਂਗਤ' । ੪੭੫.੨, ੪੭੬.੩

ਮਾਛਰ—(ਸੰ. ਸਤ੍ਕਰ: > ਪ੍ਰਾ. ਸਚ੍ਛਰ) ਮੱਛਰ, ਇਕ ਬਹੁਤ ਛੋਟਾ ਜਿਹਾ ਉਡਣ ਵਾਲਾ ਜੰਤੂ ਜੋ ਮਨੁਖਾਂ ਤੇ ਪਸ਼ੂਆਂ ਆਦਿ ਨੂੰ ਡੰਗ ਮਾਰਦਾ ਤੇ ਲਹੂ ਚੂਸਦਾ ਹੈ । ੭੫.੨

ਮਾਜੈ—(ਸੰ. ਸਾਰ੍ਜਨ) ਮਾਂਜਿਆਂ, ਸਾਫ ਕੀਤਿਆਂ, ਝਾੜਿਆਂ-ਪੂੰਝਿਆਂ, ਮਾਂਜਣ ਨਾਲ । ੫੩੭.੨

ਮਾਂਝ)— (ਸ. ਸਞ) 1. ਕਿਸ਼ਤੀ ਦੇ ਵਿਚਕਾਰ ਰਹਿਣ ਵਾਲਾ, ਭਾਰ ਮਲਾਹ, ਖੇਵਟ,
ਮਾਝ) ਕਿਸ਼ਤੀ ਚਲਾਉਣ ਵਾਲਾ । ੫੩੮.੧/—
2. ਵਿਚ, ਵਿਖੇ । ੬੫੮.੨/੫੨੫.੧
3. ਅੰਦਰ, ਭੀਤਰ । —/੧੦੬.੨

ਮਾਝਧਾਰ—ਸਮੁੰਦਰ, ਦਰਿਆ, ਨਦੀ ਆਦਿ ਦੀ ਵਿਚਕਾਰਲੀ ਧਾਰਾ, ਉੱਛਲ । ੬੩੬.੨

ਮਾਂਝਿ—ਵਿਚ, ਵਿਖੇ, ਦੇਖੋ 'ਮਾਝ' (?) । ੫੧੩.੩

ਮਾਝਿਧਾਰਿ—ਡੂੰਘੇ ਪਾਣੀ ਦੀ ਵਿਚਕਾਰਲੀ ਛਲ, ਹੋਰ ਦੇਖੋ 'ਮਾਝਧਾਰ' । ੩੮੨.੩

ਮਾਟੀ—(ਸੰ. ਮ੍ਰਤਿਕਾ > ਪ੍ਰਾ. ਸਿਟ੍ਟਿਅ।) ਮਿੱਟੀ, ਧਰਤੀ ਉਪਰਲੀ ਭੁਰਭੁਰੀ ਮਾਰ । ੧੧੦.੨, ੩੯੦.੧

ਮਾਤ)— ਮਾਤਾ, ਮਾਂ, ਹੋਰ ਦੇਖੋ 'ਮਾਇ' । ੧੦੩.੧, ੧੧੪.੧, ੨੯੨.੩, ੪੪੪.੧,
ਮਾਤਾ) ੪੫੦ ੪, ੪੮੩.੨, ੫੨੦.੧, ੫੪੮.੩, ੫੮੩.੧, ੫੯੨.੧/੪੧.੩, ੧੦੦.੨, ੧੦੧.੧,੨,੩, ੧੦੨.੧, ੧੧੩.੨, ੩੦੩.੨, ੩੫੬.੧, ੩੫੮.੧, ੩੬੯.੧, ੩੭੦.੧, ੩੭੮.੧, ੩੯੩.੨, ੪੦੬.੨, ੪੩੬ ੧, ੪੫੦.੧

ਮਾਤ੍—1. (ਸੰ. ਸਾਫ਼) ਕੇਵਲ, ਸਿਰਫ਼। ੮੩.੧, ੧੦੫.੨, ੧੧੧.੨, ੨੪੨.੩, ੨੭੮.੨, ੪੨੧.੪, ੪੩੫.੧

2. (ਸੰ. ਸਾਕ੍ਰ) ਸਵਰਾਂ ਦੇ ਚਿੰਨ੍ਹ, ਲਗ, ਭਾਸ਼ਾ ਲਿਖਦੇ ਸਮੇਂ ਸਵਰ-ਸੂਚਕ ਸੰਕੇਤ ਜੋ ਅੱਖਰਾਂ ਦੇ ਉਪਰ, ਥਲੈ ਅੱਗੇ ਜਾਂ ਪਿੱਛੇ ਲਗਾਏ ਜਾਂਦੇ ਹਨ । ੨੬੪.੧, ੫੪੦.੪

ਮਾਥੇ)— ਮੱਥੇ ਤੇ, ਮਸਤਕ ਤੇ । ੬੨੭.੩/੧੬੩.੧
ਮਾਥੈ)

ਮਾਨ—(ਸੰ. ਸਾਜ) 1. ਮਾਣ, ਇਜ਼ਤ, ਸਤਿਕਾਰ, ਆਦਰ । ੮੪.੩, ੩੨੪.੩, ੬੪੨.੨, ੬੬੨.੧, ੬੬੪.੧

2. ਹੰਕਾਰ, ਹਉਮੈ । ੨੧੩.੪, ੫੭੫.੧, ੬੦੫.੩, ੬੫੬.੧, ੬੬੦.੧, ੬੬੨.੧, ੬੬੩ ੧, ੬੬੪.੧

3. ਮੰਨਦਾ, ਪਰਵਾਨ ਕਰਦਾ । ੫੬੧.੩

4. ਮੰਨ ਲੈ, ਪਰਵਾਨ ਕਰ ਲੈ । ੬੬੦.੧

5. ਮੰਨਕੇ, ਗੁੱਸਾ ਆਦਿ ਸੋਚ ਵਿਚ ਲਿਆ ਕੇ । ੬੬੪.੨

6. ਮਨਾਇਆਂ, ਰੋਸਾ ਦੂਰ ਕਰਨ ਦਾ ਯਤਨ ਕੀਤਿਆਂ । ੬੬੪.੨

ਮਾਨਈ—1. ਮੰਨਦੀ, ਪਰਵਾਨ ਕਰਦੀ, ਸਵੀਕਾਰਦੀ । ੩੦੦.੨

2. ਸਮਝਦਾ, ਤਸੱਵਰ ਵਿਚ ਲਿਆਉਂਦਾ । ੪੭੦.੨

ਮਾਨਸ—(ਸੰ. ਸਾਨੁਸ> ਪ੍ਰਾ. ਸਾਜੁਸ) 1. ਇਨਸਾਨੀ, ਮਨੁੱਖਾ/ਮਨੁੱਖੀ । ੧੪.੪, ੧੭.੧, ੩੫.੧, ੭੦.੪, ੧੧੮.੪, ੧੫੪.੪, ੧੫੯.੪, ੧੬੫.੧, ੨੦੦.੨, ੩, ੨੦੧.੨, ੨੦੨.੩, ੪, ੨੪੩.੨, ੩੨੧.੪, ੪੬੯.੪, ੫੦੦.੧

2. ਮਨੁੱਖ, ਇਨਸਾਨ, ਆਦਮੀ । ੧੬੦ ੨, ੨੦੧.੪, ੨੦੨.੨, ੫੮੧.੩

ਮਾਨਸਰ)— 1. ਮਾਨ ਸਰੰਵਰ (ਸਾਧ ਸੰਗਤ ਰੂਪੀ) । ੨੪੭.੩/ —
ਮਾਨਸਰਿ)

2. ਹਿਮਾਲਾ ਪਰਬਤ ਦੇ ਉੱਤਰ ਵਲ ਤਿੱਬਤੀ ਖੇਤਰ ਵਿਚ ਮੰਨੀ ਜਾਂਦੀ ਇਕ ਪ੍ਰਸਿੱਧ ਝੀਲ, ਮਨੋਂਤ ਹੈ ਕਿ ਇਥੇ ਹੰਸ ਰਹਿੰਦੇ ਹਨ ਤੇ ਮੋਤੀ ਆਦਿ ਚੁਗਦੇ ਹਨ । ੩੩੨.੧, ੩੪੦.੧, ੩੮੬.੧, ੪੧੬.੧, ੪੪੧.੨, ੪੪੪.੨, ੪੪੫.੩, ੪੬੩.੧, ੪੮੬.੪, ੪੯੦.੩, ੪੯੧.੪, ੪੯੨.੩, ੫੨੪.੧, ੫੫੯.੧/੧੮੩.੪

ਮਾਨਹੀ—1. ਮਾਣਦਾ, ਭਾਵ ਆਨੰਦਿਤ ਹੁੰਦਾ, ਪ੍ਰਸੰਨ ਹੁੰਦਾ । ੫੬੯.੧
2. ਮੰਨਦਾ ਹੈ, ਪਰਵਾਨ ਕਰਦਾ ਹੈ । ੬੧੩.੪

ਮਾਨਕ—(ਸੰ. ਸ਼ਾਣਿਕਯ) ਮਾਣਕ, ਗੁਲਾਬੀ ਅਥਵਾ ਲਾਲ ਰੰਗ ਦਾ ਇਕ ਕੀਮਤੀ ਰਤਨ । ੬੭.੨, ੩੨੬.੩, ੩੮੩.੪, ੫੩੮.੩, ੫੪੬.੨

ਮਾਨਕਾਦਿ—ਮਾਣਕ ਆਦਿ, ਦੇਖੋ 'ਮਾਨਕ' । ੫੦੫.੩

ਮਾਨਕੁ—ਮਾਣਕ, ਹੋਰ ਦੇਖੋ 'ਮਾਨਕ' । ੩੭੪.੩, ੪੭੦.੩

ਮਾਨਤ—1. ਮੰਨਦਾ, ਆਖੇ ਲਗਦਾ, (ਭਾਵ ਆਗਿਆ ਦਾ ਪਾਲਣ ਕਰਦਾ) । ੩੮੦.੩, ੬੬੪.੨
2. ਮੰਨਦਾ, ਭਾਵ ਸਵੀਕਾਰ ਕਰਦਾ । ੫੬੫.੨

ਮਾਨਨ ਮਾਨਨਿ)— (ਸੰ. ਸ਼ਾਜਿਨੀ) 1. ਮਾਣਮਤੀ ਔਰਤ, ਹੰਕਾਰ ਨਾਲ ਭਰੀ ਹੋਈ, ਹੰਕਾਰ ਕਰਕੇ ਆਪਣੇ ਪਤੀ ਨਾਲ ਰੁੱਸੀ ਹੋਈ ਇਸਤਰੀ । ੫੭੬.੨, ੬੬੦.੧, ੬੬੪.੧/੫੬੪.੨
2. ਮਾਣ ਵਾਲੀ, ਇੱਜ਼ਤ ਸਤਿਕਾਰ ਵਾਲੀ । ੬੪੨.੨/—

ਮਾਨਮਤੀ—ਮਾਣ ਨਾਲ ਭਰੀ ਹੋਈ, ਹੰਕਾਰ ਵਿਚ ਗ੍ਰਸ੍ਤ ਹੋਈ । ੫੭੫.੧, ੬੬੨.੧

ਮਾਨਲੇਤ—ਮੰਨ ਲੈਂਦਾ, ਪਰਵਾਨ ਕਰ ਲੈਂਦਾ, ਸਵੀਕਾਰ ਕਰ ਲੈਂਦਾ । ੬੧੧.੧

ਮਾਨਵਤੀ—ਮਾਣ ਨਾਲ ਭਰੀ ਹੋਈ, ਦੇਖੋ 'ਮਾਨਮਤੀ' । ੬੦੫.੩

ਮਾਨਿ—1. ਮਾਣਜਾ, ਭਾਵ, ਵਸਾਉਂਦਾ, ਧਾਰਨ ਕਰਦਾ । ੧੪੫.੪
2. ਮੰਨਕੇ, ਸਵੀਕਾਰ ਕਰਕੇ, ਪਰਵਾਨ ਕਰਕੇ । ੧੭੮.੨, ੨੧੨.੩, ੩੨੭.੨
3. ਮੰਨਕੇ, ਜ਼ਰ ਕੇ, ਸਹਿਣ ਕਰਕੇ । ੨੩੧.੨
4. ਮੰਨਿਆਂ, ਮੰਨਣ ਨਾਲ, ਮੰਨਣ ਦੁਆਰਾ । ੨੬੧.੩
5. ਮੰਨਦਾ/ਮੰਨਦੀ ਸਵੀਕਾਰ ਕਰਦਾ/ਸਵੀਕਾਰ ਕਰਦੀ । ੩੬੮.੪, ੪੬੦.੨

ਮਾਨਿਓ—ਮੰਨਿਆ, ਭਾਵ ਨਿਹਚਲ ਹੋਇਆ, ਟਿਕਾਉ ਵਿਚ ਆਇਆ । ੪੨੦.੩

ਮਾਨਿਹੈ—ਮੰਨਿਆ ਜਾਂਦਾ, ਪਰਵਾਨ ਕੀਤਾ ਜਾਂਦਾ । ੩੭੬.੨

ਮਾਨਿਕ—ਮਾਣਕ, ਹੋਰ ਦੇਖੋ 'ਮਾਨਕ' । ੪੫੩.੨, ੫੬੨.੩

ਮਾਨਿਕੈ—ਮੰਨਕੇ, (ਆਗਿਆ) ਪਰਵਾਨ ਕਰਕੇ । ੬੧੮.੩

ਮਾਨ ਲੇਹਿ—ਮੰਨ ਲੈਂਦਾ, ਸਵੀਕਾਰ ਕਰ ਲੈਂਦਾ । ੪੩੫.੪

ਮਾਨੀ—1. ਮੰਨੀ, ਪਰਵਾਨ ਕੀਤੀ । ੧੩੮.੧, ੬੬੪.੧
2. ਮੰਨਣ ਨਾਲ, ਮੰਨਣ ਕਰਕੇ । ੨੮੮.੧
3. ਮਾਨ ਧਾਰੀ, ਸ੍ਵੈ-ਮਾਣ ਵਿਚ ਰਤੇ ਹੋਏ । ੬੬੪.੨

ਮਾਨੀਅਤ—ਮੰਨੀ ਜਾਂਦੀ, ਪਰਵਾਨ ਕੀਤੀ ਜਾਂਦੀ । ੧੧੮.੧

ਮਾਨੀਐ—1. ਮੰਨਣ ਵਿਚ ਆ ਗਿਆ ਹੈ ਭਾਵ ਨਿਸਚਾ ਹੋ ਗਿਆ ਹੈ । ੬੮.੪
2. ਮੰਨ ਜਾਂਦਾ, ਨਿਸ਼ਚਾ ਹੋ ਜਾਂਦਾ । ੬੬.੪
3. ਮੰਨ ਲੈਂਦਾ, ਜਾਣ ਲੈਂਦਾ । ੧੦੮.੧, ੩੦੫.੩
4. ਮਾਣ ਪਾਉਂਦੀ ਹੈ, ਭਾਵ ਸਤਿਕਾਰ ਪ੍ਰਾਪਤ ਕਰਦੀ ਹੈ । ੧੧੮.੧, ੨੮੮.੩
5. ਮੰਨਣਾ ਚਾਹੀਦਾ, ਪਰਵਾਨ ਕਰਨਾ ਚਾਹੀਦਾ । ੧੨੮.੩, ੧੫੧.੨
6. ਮਾਣੀਦਾ ਹੈ, ਅਥਵਾ ਮਾਣਿਆ ਜਾਂਦਾ ਹੈ । ੧੫੮.੩
7. ਮੰਨਣ ਵਿਚ ਆਉਂਦੀ ਹੈ/ਆਉਂਦਾ ਹੈ, ਨਿਸ਼ਚੇ ਵਿਚ ਆਉਂਦੀ ਹੈ/ਆਉਂਦਾ ਹੈ । ੧੮੮.੨, ੧੬੭.੨

8. ਮੰਨਿਆ ਜਾਂਦਾ/ਮੰਨੇ ਜਾਂਦੇ, ਪਰਵਾਨ ਕੀਤਾ ਜਾਂਦਾ/ਕੀਤੇ ਜਾਂਦੇ । ੨੨੪.੪, ੨੪੫.੨, ੩੮੦.੧, ੪੬੫.੪, ੫੩੫.੨, ੬੦੬.੪

9. ਮੰਨ ਸਕਦਾ, ਨਿਸ਼ਚਾ ਲਿਆ ਸਕਦਾ । ੨੬੪.੪

10. ਮੰਨਦਾ ਹੈ/ਮੰਨਦੇ ਹਨ । ੩੦੧.੨

11. ਮਾਣ, ਭੋਗ, ਆਨੰਦ ਲੈ (ਸੰਬੰਧਨ ਵਾਚੀ) । ੬੫੬.੧

ਮਾਨੁ—1. ਇੱਜ਼ਤ, ਹੋਰ ਦੇਖੋ 'ਮਾਨ' (1) । ੩੫੮.੨, ੪੪੧.੩

2. ਹਉਮੈ, ਹੋਤ ਦੇਖੋ 'ਮਾਨ' (2) । ੪੪੦.੨

ਮਾਨੁਖ—ਮਨੁੱਖ, ਹੋਰ ਦੇਖੋ 'ਮਾਨਸ' (2) । ੨੦੦.੧

ਮਾਨੈ)— 1. ਮੰਨਦਾ, ਭੱਲਦਾ, ਭਾਵ ਆਪਣੇ ਕੋਲ ਰਖਣਾ ਪਰਵਾਨ ਕਰਦਾ ।

ਮਾਨੈ) ੧੪.੪/—

2. ਅਨੁਭਵ ਕਰ ਲੈਂਦਾ, ਅਥਵਾ ਪਰਤੱਖ ਕਰ ਲੈਂਦਾ । ੨੧.੪/੧੩੮.੩

3. ਮੰਨ ਜਾਂਦਾ, ਪਰਵਾਨ ਕਰ ਲੈਂਦਾ । ੧੩੮.੩/ –

4. ਮੰਨ ਜਾਂਦਾ, ਭਾਵ ਗੁਰੂ ਦੇ ਨਿਸ਼ਚੇ ਵਿਚ ਆ ਜਾਂਦਾ । ੧੪੯.੧, ੨੨੭.੧/—

5. ਮਾਣਦਾ, ਭੋਗਦਾ, ਆਨੰਦ ਲੈਂਦਾ । ੧੮੧.੧/੧੬੫.੪

6. ਮੰਨਦੇ ਹਨ/ਮੰਨਦਾ ਹੈ/ਮੰਨਦੀ ਹੈ, ਪਰਵਾਨਦੇ ਹਨ/ਪਰਵਾਨਦਾ ਹੈ/ਪਰਵਾਨਦੀ ਹੈ । ੨੪੨.੧/੮੭.੨, ੨੮੧.੩, ੩੨੩.੨, ੩੫੮.੨, ੩੭੪.੪, ੩੯੩.੪, ੪੨੫.੪

7. ਮੰਨ ਸਕਦਾ, ਪਰਵਾਨ ਕਰ ਸਕਦਾ, ਨਿਸ਼ਚੇ ਵਿਚ ਆ ਸਕਦਾ । ੨੬੪.੪/—

8. ਮੰਨੇ, ਪਰਵਾਨ ਕਰੇ । —/੪੦੬.੧

ਮਾਨੋ—1. ਮੰਨਿਆ ਜਾਂਦਾ, ਪਰਵਾਨ ਕੀਤਾ ਜਾਂਦਾ । ੫੬੦.੪

2. ਮੰਨ ਲਉ ਜਿਵੇਂ, ਸਮਝ ਲਉ ਜਿਵੇਂ । ੫੭੩.੨, ੫੭੪.੪, ੬੧੬.੩, ੬੨੦.੪, ੬੩੮.੩

ਮਾਮੀ—ਮਾਂ ਦੇ ਭਰਾ ਦੀ ਪਤਨੀ, ਮਾਮੇ ਦੀ ਵਹੁੱਟੀ, ਮਾਂ ਦੀ ਭਰਜਾਈ । ੧੦੦.੨

ਮਾਮੁ—ਮਾਂ ਦਾ ਭਰਾ । ੧੦੦.੨

ਮਾਯਾ—1. ਮਾਇਆ, ਹੋਰ ਦੇਖੋ 'ਮਾਇਆ' (2) । ੫੫੭.੪, ੫੬੨.੧, ੫੬੬.੪

2. ਸੰਸਾਰਕ ਧਨ ਪਦਾਰਥਾਂ ਤੇ ਵਿਸ਼ਿਆਂ ਆਦਿਕ ਦਾ ਮੋਹ, ਦੇਖੋ 'ਮਾਇਆ' (5) । ੫੫੭.੪, ੫੬੧.੪[2], ੬੧੪.੪

ਮਾਰ—1. ਮਾਰਕੇ, ਕੁੱਟਕੇ । ੫੦੧.੪

2. ਮਾਰ-ਕੁੱਟ ਪੈਣਾ, ਅਥਵਾ ਸਜ਼ਾ ਮਿਲਣਾ । ੫੨੩.੧

3. ਜਾਨੋਂ ਮਾਰਕੇ, ਭਾਵ ਕਤਲ ਕਰਕੇ । ੫੮੨.੧

ਮਾਰਗ—(ਸੰ. ਸਾਰ੍ਗ) ਰਸਤਾ, ਰਾਹ, ਪੰਥ । ੩੭.੪. ੩੮.੪, ੭੬.੧, ੯੧.੧, ੧੧੬.੪, ੧੬੬.੩, ੨੫੬.੧, ੨੬੧.੧, ੨੬੪.੪, ੨੭੪.੩, ੨੮੨.੨, ੪੩੬.੧, ੬੭੨.੩

ਮਾਰਤ—(ਸੰ. ਸਾਰ) 1. ਮਾਰਦੀ ਹੈ, ਮਾਰਦਾ ਹੈ । ੪੪੧.੧, ੫੨੬.੧

2. ਮਾਰ ਦਿੰਦੇ ਹਨ, ਕਤਲ ਕਰ ਦਿੰਦੇ ਹਨ । ੬੩੬.੧

ਮਾਰਬੋ—(ਸੰ. ਸਾਰ) 1. ਮਾਰ ਪੈਣਾ/ਕੁੱਟ ਪੈਣਾ । ੩੨੩.੧

2. ਜਾਨੋਂ ਮਾਰਨਾ/ਕਤਲ ਕਰਨਾ । ੬੧੮.੨

ਮਾਰਿ—(ਸੰ. ਸਾਰ) 1. ਮਾਰਕੇ, ਭਾਵ ਵਸ ਵਿਚ ਕਰਕੇ । ੧੬.੩, ੨੫੮.੨, ੪੫੫.੩, ੪੫੭.੧

2. ਮਾਰਕੇ, ਭਾਵ ਤਿਆਗ ਕੇ । ੨੮੦.੧

3. ਮਾਰਕੇ (ਢਾਹਾਂ ਆਦਿਕ) (ਸਹਾਇਕ ਕ੍ਰਿਆ) । ੩੦੮ ੩
4. ਮਾਰਕੇ, ਕੁੱਟਕੇ । ੩੫੫.੧, ੬੧੧.੪
5. ਮਾਰਕੇ, ਕਤਲ ਕਰਕੇ, ਜਾਨੋਂ ਮਾਰ ਕੇ । ੩੭੬.੨, ੫੩੬.੩, ੫੫੫.੩, ੬੧੮.੨
6. ਮਾਰਨਾ/ਕੁੱਟਣਾ ਭਾਵ । ੪੬੪.੧

ਮਾਰਿਓ— (ਸੰ. ਸਾਰਯ) ਮਾਰ ਦਿੱਤਾ, ਜਾਨੋਂ ਖ਼ਤਮ ਕਰ ਦਿੱਤਾ । ੪੮੫,੨

ਮਾਰੀ—ਮਾਰ ਲਈ ਭਾਵ ਤਿਆਗ ਦਿੱਤੀ । ੪੫੮.੨

ਮਾਰੀਐ—1. ਮਾਰ ਲੈਂਦਾ, ਨਾਸ਼ ਕਰ ਲੈਂਦਾ । ੧੨੭.੧
2. ਮਾਰ ਦਿੱਤਾ ਜਾਂਦਾ, ਜਾਨੋਂ ਮਾਰ ਮੁੱਟੀਦਾ । ੫੨੪.੧
3. ਮਾਰ ਦੇਈਏ, ਖ਼ਤਮ ਕਰ ਦੇਈਏ, ਸਮਾਪਤ ਕਰ ਦੇਈਏ । ੬੫੦.੩

ਮਾਰੁਤ—(ਸੰ. ਸਾਰੁਤ) ਪਵਨ, ਹਵਾ, ਵਾਯੂ । ੭੬.੨

ਮਾਰੇ—1. ਮਾਰਨ ਨਾਲ, ਭਾਵ ਸੋਧਣ ਨਾਲ, ਖਾਸ ਰਸਾਇਣਕ ਕ੍ਰਿਆ ਦੁਆਰਾ ਸ਼ੁਧ ਕਰਨ ਨਾਲ । ੨੫੮.੧
2. ਮਾਰਨ ਨਾਲ, ਸਮਾਪਤ ਕਰਨ ਨਾਲ । ੨੮੮.੧
3. ਮਾਰਨ ਨਾਲ, ਸੁੱਟਣ ਨਾਲ, ਵਗਾਹ ਕੇ ਮਾਰਨ ਨਾਲ (ਸਹਾਇਕ ਕ੍ਰਿਆ) । ੩੨੬.੧

ਮਾਰੈ—(ਸੰ. ਸਾਰਯ) 1. ਮਾਰ ਦੇਵੇ, ਜਾਨੋਂ ਮਾਰ ਦਏ । ੨੨੧.੪, ੫੪੪.੩
2. ਮਾਰ ਦਿੰਦਾ ਹੈ, ਜਾਨੋਂ ਮਾਰ ਮੁੱਟਦਾ ਹੈ । ੨੪੦.੩, ੪੬੪.੨

ਮਾਲ) ਮਾਲਾ)— (ਸੰ. ਸਾਲਾ) 1. ਸਮੂਹ, ਇਕੱਠ ਅਥਵਾ ਕਤਾਰ, ਤਾਰ । ੪੫੨.੪, ੪੬੦.੩, ੪੭੦.੩, ੫੦੧ ੪, ੫੫੬.੧/—
2. ਮਾਲਾ, ਹਾਰ, ਸਜਾਵਟ ਆਦਿ ਲਈ ਗਲ ਵਿਚ ਪਾਉਣ ਲਈ ਜੰਜੀਰ । ੬੪੦.੩/ ੧੦੮.੨, ੬੩੧.੧

ਮਾਲੀ—(ਸੰ. ਸਾਲਿਨ੍) ਬਾਗਬਾਨ, ਬਾਗਬਾਨੀ ਦਾ ਕੰਮ ਕਰਨ ਵਾਲਾ । ੬੭੫.੩

ਮਿਸਟਾਨ) ਮਿਸਟਾਨਿ)— (ਸੰ. ਸਿਸ਼ਟਸ੍) 1. ਮਿਠਾਈ, ਜਿਸ ਵਿਚ ਮਿਠਾਸ ਹੋਏ, ਭਾਵ ਮਿਠਾਸ ਵਾਲੇ ਆਨੰਦਦਾਇਕ ਭੋਜਨ/ਸ਼ਰਬਤ । ੧੩.੧, ੧੪੮.੨, ੨੦੨.੨, ੨੫੬.੨, ੩੦੬.੩, ੩੫੭.੧, ੩੬੭.੩, ੩੮੬.੩, ੪੬੮.੩, ੪੬੧.੩, ੫੧੭.੩, ੫੬੪.੧/੧੩੦.੧

ਮਿਸਟਿ—(ਸੰ. ਸਿਸ਼ਟ) ਸਵਾਦਿਸ਼ਟ, ਸੁਆਦਲਾ, ਅਥਵਾ ਮਿੱਠਾ । ੩੬੬.੩

ਮਿਸਰੀ—(ਅਰ. ਮਿਸ੍ਰ) ਖੰਡ ਨੂੰ ਸਾਫ਼ ਕਰਕੇ ਜਮਾਇਆ ਹੋਇਆ ਤਹਿਦਾਰ ਵੱਡਾ ਟੁੱਕੜਾ । ੧੨੩.੨, ੧੨੬.੨, ੩੫੭.੨

ਮਿਸ੍ਰ—ਸੁਆਦਿਸ਼ਟ, ਸੁਆਦਲਾ, ਹੋਰ ਦੇਖੋ 'ਮਿਸਟਿ' । ੬੪੪ ੩

ਮਿਹਦੀ—(ਸੰ. ਸੇਧਿਕਾ, ਸੇਂਧੀ) ਮਹਿੰਦੀ, ਛੋਟੇ ਛੋਟੇ ਪਤਿਆਂ ਵਾਲੇ ਬੂਟੇ ਦੇ ਪੱਤੇ ਅਥਵਾ ਉਨ੍ਹਾਂ ਦਾ ਪੀਸਿਆ ਚੂੜਾ ਜਿਨ੍ਹਾਂ ਨੂੰ ਸ਼ਿੰਗਾਰ ਲਈ ਹੱਥਾਂ ਪੈਰਾਂ ਆਦਿਕ ਤੇ ਲਗਾਇਆ ਜਾਂਦਾ ਹੈ, ਜੋ ਲਾਲ ਰੰਗ ਦਿੰਦੇ ਹਨ । ੩੪੭.੪

ਮਿਟ—(ਸੰ. ਸ਼ੁਧ) ਮਿਟਣਾ, ਸਮਾਪਤ ਹੋਣਾ ਅਥਵਾ ਨਾ ਰਹਿਣਾ । ੪੪੦.੧

ਮਿਟਤ—1. ਮਿਟਦੀ/ਮਿਟਦਾ/ਸਮਾਪਤ ਹੁੰਦੀ/ਹੁੰਦਾ, ਖ਼ਤਮ ਹੁੰਦੀ/ਹੁੰਦਾ, ਦੇਖੋ 'ਮਿਟ' । ੧੮੭.੩, ੩੧੬.੪, ੩੨੬.੨, ੪੧੬.੧, ੪੩੭.੨, ੪੪੫.੨, ੪, ੪੭੧.੩, ੪, ੪੮੬.੩, ੫੩੭.੪, ੫੮੭.੧
2. ਮਿਟ ਜਾਂਦਾ, ਸਮਾਪਤ ਹੋ ਜਾਂਦਾ । ੨੧੮.੧
3. ਮਿਟਦੀ, ਭਾਵ ਪੂਰੀ ਹੁੰਦੀ । ੪੭੨.੧
4. ਮਿਟਦਿਆਂ ਹੀ, ਸਮਾਪਤ ਹੁੰਦੇ ਸਾਰ । ੫੭੭.੪

ਮਿਟਾਇ—ਮਿਟਾਉਣਾ, ਦੂਰ ਕਰਨਾ । ੩੧੭.੧, ੩੨੦.੩, ੪੩੮.੪

ਮਿਟਾਈ)— 1. ਸਮਾਪਤ ਕੀਤੀ ਅਥਵਾ ਦੂਰ ਕੀਤੀ । ੪੭.੪, ੩੧੬.੪, ੪੫੫.੨/—

ਮਿਟਾਏ) 2. ਮਿਟਾ ਦਿੱਤੀ, ਖ਼ਤਮ ਕਰ ਦਿਤੀ । ੨੦੪.੪/—

3. ਮਿਟ ਜਾਂਦੀ ਹੈ/ਜਾਂਦਾ ਹੈ, ਸਮਾਪਤ ਹੋ ਜਾਂਦੀ ਹੈ/ਜਾਂਦਾ ਹੈ । ੩੩੬.੨, ੩੩੭.੧, ੨/੪੦੮.੪

4. ਮਿਟਦੀ, ਦੂਰ ਹੁੰਦੀ । ੬੨੧.੨/—

ਮਿਟਾਏਸ਼ੈ—ਮਿਟਾਉਣ ਨਾਲ, ਮਿਟਾਇਆਂ । ੪੧੧.੩

ਮਿਟਾਹੀ—ਮਿਟਾ ਦਿੰਦਾ, ਦੂਰ ਕਰ ਦਿੰਦਾ । ੨੨੩.੪

ਮਿਟਾਤ—ਮਿਟਦੀ, ਦੂਰ ਹੁੰਦੀ । ੪੪੬.੨

ਮਿਟਾਵਣੀ)— 1. ਮਿਟਾ ਦਿੰਦੀ ਹੈ/ਦਿੰਦਾ ਹੈ/ਦਿੰਦੇ ਹਨ, ਸਮਾਪਤ ਕਰ ਦਿੰਦੀ ਹੈ/

ਮਿਟਾਵਹੀ) ਦਿੰਦਾ ਹੈ/ਦਿੰਦੇ ਹਨ । ੧੩੪.੩, ੧੪੮.੨, ੨੫੮.੧, ੩੫੭.੧, ੪੮੧.੪, ੬੭੪.੩/੧੬੭.੪

2. ਮਿਟਾਉਂਦੀ, ਸਮਾਪਤ ਕਰਦੀ । ੨੫੮.੧, /—

ਮਿਟਿ—ਮਿਟਣਾ ਅਥਵਾ ਸਮਾਪਤ ਹੋਣਾ । ੪੧੬.੧

ਮਿਟੀ—ਮਿਟ ਗਈ ਹੈ, ਦੂਰ ਹੋ ਗਈ ਹੈ । ੨੮੧.੨

ਮਿਟੇ)— 1. ਮਿਟ ਜਾਂਦੇ ਹਨ/ਜਾਂਦੀ ਹੈ, ਦੂਰ ਹੋ ਜਾਂਦੇ ਹਨ/ਜਾਂਦੀ ਹੈ । ੨੬.੧,/

ਮਿਟੇ) ੬੫.੨

2. ਮਿਟਦੀ/ਮਿਟਦੇ, ਸਮਾਪਤ ਹੁੰਦੀ/ਸਮਾਪਤ ਹੁੰਦੇ । ੪੧੧.੩/੫੪੫.੪

3. ਸਮਾਪਤ ਹੋਵੇ, ਖ਼ਤਮ ਹੋਵੇ । —/੪੩੬.੨, ੫੭੧.੧, ੬੫੩.੧

ਮਿਠਾਈ—ਮਿੱਠਾ ਪਦਾਰਥ, ਦੇਖੋ 'ਮਿਸਟਾਨ' । ੪੧੦.੧

ਮਿਠਾਸ)—1. ਮਿਠਾਪਣ, ਮਿੱਠਤ । ੧੩੨.੨/੧੦੬.੧

ਮਿਠਾਸੁ) 2. ਮਿੱਠੇ ਪਦਾਰਥ, ਮਿਠਾਸ ਵਾਲੀਆਂ ਵਸਤੂਆਂ । ੧੨੬.੨, ੨੭੪.੩/ —

ਮਿਤ—(ਸੰ. ਸਿਤਿ) ਮਾਪ, ਨਾਪ, ਗਿਣਤੀ । ੭੧.੨

ਮਿਤੁ—(ਸੰ. ਸਿਕ) 1. ਦੋਸਤੀ, ਮਿੱਤਰਤਾ, ਸੱਜਣਤਾਈ । ੮੨.੧, ੧੭੩.੨, ੧੭੭.੪. ੩੯੩.੧

2. ਦੋਸਤ, ਮਿੱਤਰ, ਸੱਜਣ, ਬੇਲੀ । ੬੦.੩, ੧੦੪.੨, ੧੧੪.੨, ੨੦੫.੧, ੨੨੧.੪, ੫੨੧.੨, ੬੨੫.੩

ਮਿਤ੍ਰਹਿ—ਮਿੱਤਰ ਨਾਲ, ਮਿੱਤਰ ਨੂੰ, ਦੇਖੋ 'ਮਿਤ੍ਰ' (2) । ੨੧੬.੪

ਮਿਤ੍ਰਤਾਈ—ਸੱਜਣਤਾਈ, ਹੋਰ ਦੇਖੋ 'ਮਿਤ੍ਰ' (1) । ੧੧੪.੨

ਮਿਥਿਆ—(ਸੰ. ਸਿਥਯਾ) 1. ਵਿਅਰਥ, ਫ਼ਜ਼ੂਲ । ੪੭੫.੨

2. ਅਸੱਤ, ਝੂਠ, ਕੂੜ । ੪੬੮.੩

ਮਿਥਨ—ਮਿਥਿਆ, ਝੂਠਾ, ਦੇਖੋ 'ਮਿਥਿਆ' । ੧੮੮.੧

ਮਿਰਜਾਦਾ—(ਸੰ. ਸਰਯਾਦਾ) ਨੈਤਿਕ ਵਿਧੀਆਂ ਅਥਵਾ ਨੈਤਿਕ ਨਿਯਮ । ੧੮੮.੨

ਮਿਰਤਕਾ—(ਸੰ. ਸ੍ਰਤਿਕਾ) ਮਿੱਟੀ, ਹੋਰ ਦੇਖੋ 'ਮਾਟੀ' । ੩੭੫.੩

ਮਿਲ—(ਸੰ. √ਸਿਲ੍) 1. ਮਿਲਕੇ, ਇਕਮਿਕ ਹੋਕੇ । ੩.੧, ੬੩.੧, ੧੫੮.੧, ੩੮੫.੩, ੪੨੫.੪, ੬੦੩.੨, ੩, ੬੧੪.੩

2. ਇਕੱਠੇ ਹੋਕੇ, ਰਲਕੇ, ਇਕੱਤਰ ਹੋਕੇ । ੫੩੧.੩, ੫੫੬.੨, ੩, ੪, ੫੬੨.੪, ੬੨੭.੩

3. ਮਿਲਿਆਂ, ਮਿਲਣ ਕਰਕੇ । ੬੦੩.੧, ੪

ਮਿਲਹਿ—(ਸੰ. ਸਿਲਨ) ਮਿਲ ਜਾਣ, ਪ੍ਰਾਪਤ ਹੋ ਜਾਣ । ੩੯੭.੧, ੨

ਮਿਲਤ)— (ਸੰ. ਸਿਲਨ) 1. ਮਿਲਿਆਂ, ਮਿਲਣ ਨਾਲ, ਮਿਲਣ ਕਰਕੇ । ੩੯.੩,

ਮਿਲਨ) ੬੬.੧, ੧੦੮.੪, ੧੨੪.੩, ੧੨੯.੪, ੬੦੩.੧, ੬੩੪.੪/—/—

ਮਿਲਬੇ) 2. ਮਿਲਦੇ ਹਨ/ਮਿਲਦੀ ਹੈ/ਮਿਲਦਾ ਹੈ, ਮਿਲਾਪ ਕਰਦੇ ਹਨ/ਕਰਦੀ ਹੈ/ਕਰਦਾ ਹੈ । ੧੧੩.੨, ੪, ੧੧੪.੪, ੧੫੬.੧, ੧੫੮.੧, ੩, ੧੬੬.੧[3], ੨੪੦.੪, ੨੫੮ ੩, ੩੭੨.੨, ੪੪੪.੧, ੫੫੧.੨/੧੩੭.੨/—

3. ਮਿਲਕੇ, ਇਕਮਿਕ ਹੋਕੇ । ੧੩੪.੩/—/—

4. ਮਿਲਦੀ, ਲੱਭਦੀ । ੪੬੦.੩/—/—

5. ਮਿਲਦਾ, ਪ੍ਰਾਪਤ ਹੁੰਦਾ, ਹਾਸਲ ਹੁੰਦਾ । ੫੬੮.੩/—/—

6. ਮਿਲਣ, ਮਿਲਾਪ, ਮੇਲ । —/੨੧੬.੪/੫੨੦.੧

ਮਿਲਾਇ - (ਸੰ. ਸਿਲਨ੍) ਮਿਲਾਕੇ, ਰਲਾ ਕੇ, ਮਿਸ਼ਰਿਤ ਕਰਕੇ । ੨੭੩.੨, ੩੫੭.੨, ੫੭੦.੩

ਮਿਲਾਪ—ਮੇਲ, ਸੰਗ, ਮਿਲਣ ਦੇਖੋ 'ਮਿਲਤ' (6) । ੧੬.੪, ੧੨੪.੪, ੧੨੮.੧, ੧੮੭.੪, ੧੮੮.੪, ੧੬੪.੧, ੧੬੭.੪, ੨੬੩.੧, ੨੭੪.੨, ੨੮੪.੧, ੨੮੫.੧, ੩੦੮.੧, ੩੦੬.੧, ੩੧੬.੩, ੩੪੧.੧, ੪੪੮ ੧

ਮਿਲਾਪਹੀ—(ਸੰ. ਸਿਲਨ) ਮਿਲਿਆ ਰਹਿੰਦਾ ਭਾਵ ਸਮਾਇਆ ਰਹਿੰਦਾ, ਲਿਵਲੀਨ ਰਹਿੰਦਾ । ੨੬੬.੨

ਮਿਲਾਵਹੀ— ਮਿਲਾ ਲੈਂਦੇ ਹਨ, ਰਲਾ ਲੈਂਦੇ ਹਨ, ਦੇਖੋ 'ਮਿਲਾਇ' । ੩੪੦.੪

ਮਿਲਾਵੈ—1. ਮਿਲਾਪ ਕਰਦਾ, ਸੰਗ ਕਰਦਾ, ਮਿਲਣ ਕਰਦਾ, ਦੇਖੋ 'ਮਿਲਤ' (6) । ੨੦੮.੪

2. ਮਿਲਾ ਦੇਵੇ, ਰਲਾ ਦੇਵੇ, ਦੇਖੋ 'ਮਿਲਾਇ' । ੪੬੪.੧

ਮਿਲਿ—1. ਮਿਲਕੇ, ਇਕਮਿਕ ਹੋਕੇ, ਦੇਖੋ 'ਮਿਲ' । ੩.੩, ੬[2], ੮, ੪.੨, ੪, ੫.੧, ੩, ੭, ੮, ੬.੫, ੧੬.੪[3], ੩੭.੩, ੯੪.੧, ੧੨੨.੧, ੩, ੧੨੪.੧, ੧੫੫.੪, ੧੫੮.੨, ੧੮੬.੨, ੨੦੮.੧, ੨੨੫.੨, ੩, ੨੭੪.੪. ੨੮੩.੧, ੩੩੦.੨

2. ਮਿਲਾਪ, ਮੇਲ, ਮਿਲਣ, ਦੇਖੋ 'ਮਿਲਤ' (6) । ੧੪.੩

3. ਮਿਲਿਆਂ, ਮਿਲਣ ਕਰਕੇ, ਮਿਲਣ ਨਾਲ ਦੇਖੋ 'ਮਿਲਤ' (3) । ੧੫.੩, ੬੬.੩, ੬੭.੧, ੪[2], ੮੫.੨, ੮੮.੧, ੬੭.੧, ੬੬.੩, ੧੨੨.੨, ੩, ੧੪੪.੨, ੧੪੭.੧, ੨੧੧.੧, ੨, ੨੬੬.੧, ੨੬੬.੧, ੨, ੨੭੩.੧, ੨੮੦.੪, ੨੮੪.੪, ੨੮੬.੨, ੩੧੨.੧[3], ੩੨੭.੩, ੪੮੬.੧, ੫੪੬.੪[2], ੫੫੦.੨, ੫੫੭.੨, ੫੮੨.੪, ੬੦੩.੧

4. ਮਿਲਕੇ, ਰਲਕੇ, ਇਕੱਤਰ ਹੋਕੇ, ਦੇਖੋ 'ਮਿਲਤ' (2) । ੧੫੬.੪, ੨੫੪.੧, ੨੫੭.੧, ੨੭੪.੩, ੪੧੭.੧, ੫੮੨.੧, ੫੮੩.੩

5. ਮਿਲਦਾ, ਮੇਲ ਕਰਦਾ, ਸੰਗ ਕਰਦਾ, ਦੇਖੋ 'ਮਿਲਤ' (2) । ੧੬੧.੧, ੩੦੦.੩, ੩੨੦.੧, ੨

6. ਮੇਲਕੇ, ਇਕਮਿਕ ਕਰਕੇ । ੩੦੬.੨

7. ਮਿਲਾਪ ਕਰਕੇ, ਮੇਲ ਕਰਕੇ, ਸੰਗ ਕਰਕੇ । ੩੧੬.੪, ੪੨੬.੨, ੪੩੧.੧, ੫੦੬.੪, ੫੫੦.੪

8. ਮਿਲੀ ਹੋਈ, ਇਕਮਿਕ । ੩੨੦.੩

ਮਿਲਿਓ—1. ਮਿਲਿਆ ਹੈ, ਇਕਮਿਕ ਹੋਇਆ ਹੈ । ੩.੨, ੪

2. ਮਿਲਿਆ ਹੋਇਆ, ਇਕਸੁਰ ਹੋਇਆ । ੩੩੪.੧

SIKHBOOKCLUB.COM

ਮਿਲੀ—ਮਿਲੀ ਹੋਈ ਹੈ, ਪ੍ਰਾਪਤ ਹੋਈ ਹੋਈ ਹੈ। ੨੪੬.੨

ਮਿਲੀਐ—ਮੇਲ ਕਰ, ਮਿਲਾਪ ਕਰ, ਮਿਲਣ ਕਰ । ੩੪੮.੨

ਮਿਲੈ)— 1. ਮਿਲਕੇ, ਇਕਮਿਕ ਹੋਕੇ, ਦੇਖੋ 'ਮਿਲ' (1) । ੧੧.੧, ੯੪.੪/—

ਮਿਲੈ) 2. ਮਿਲਿਆਂ, ਮਿਲਣ ਕਰਕੇ, ਦੇਖੋ 'ਮਿਲ'(3)। ੨੮.੧, ੨੯.੧, ੩੨.੪, ੩੪.੪, ੪੪.੪, ੪੭.੩, ੪੮.੪, ੫੦.੧, ੨, ੩, ੪, ੫੧.੧, ੨, ੩, ੪, ੬੧.੪, ੬੩.੧, ੨, ੮੪.੪, ੮੬.੪, ੧੦੩.੪, ੧੦੮.੪, ੧੪੯.੩, ੨੨੫.੧, ੨੨੬.੪, ੨੭੫.੪, ੨੯੨.੪, ੩੯੬.੩/੧੨੨.੨, ੨੫੩.੪

3. ਮਿਲ ਜਾਂਦਾ/ਜਾਂਦੀ, ਰਲ ਜਾਂਦਾ/ਜਾਂਦੀ । ੯੭.੧, ੧੯੬.੨/੧੧੫.੪, ੧੩੩.੨, ੫੮੧.੩

4. ਮਿਲਦਾ, ਇਕਮਿਕ ਹੁੰਦਾ, ਲਿਵਲੀਨ ਹੁੰਦਾ । ੧੨੦.੪, ੧੮੬.੪/੫੫੧.੧, ੩

5. ਮਿਲਣ, ਇਕੱਤਰ ਹੋਣ, ਇਕੱਠੇ ਹੋਣ । ੧੨੨.੪, ੧੪੧.੩/—

6. ਮਿਲਣ ਦੀ । ੩੦੫.੪/—

7. ਮਿਲਦਾ/ਮਿਲਦੀ, ਮੇਲ ਕਰਦਾ/ਮੇਲ ਕਰਦੀ ਸੰਗ ਕਰਦਾ/ਸੰਗ ਕਰਦੀ । ੩੦੮.੧, ੩੧੮.੧/੧੧੩.੩, ੧੧੮.੪, ੧੫੫.੩, ੧੬੧.੧, ੨, ੬੬੨.੧

8. ਮਿਲਦੇ, ਇਕੱਤਰ ਹੁੰਦੇ । —/੧੧੭.੩

9. ਮਿਲਦੀ ਹੈ/ਮਿਲਦਾ ਹੈ, ਪ੍ਰਾਪਤ ਹੁੰਦੀ ਹੈ/ਪ੍ਰਾਪਤ ਹੁੰਦਾ ਹੈ । —/੧੫੫.੨. ੩੩੪.੧, ੪੬੯.੪, ੬੦੭.੧

10. ਮਿਲ ਜਾਣ, ਪ੍ਰਾਪਤ ਹੋ ਜਾਣ । —/੩੬੭.੨

11. ਮਿਲਣਗੇ, ਇਕਮਿਕ ਹੋਣਗੇ । —/੬੬੫.੨

ਮਿਲੈ—(ਸੰ. ਸਿਲਜ) 1. ਮਿਲ ਪਵਾਂ, ਭਾਵ ਮਿਲਾਪ ਹੋ ਜਾਵੇ, ਮੇਲ ਹੋ ਜਾਵੇ । ੫੭੧.੧

2. ਮਿਲ ਸਕਦੇ ਹੋ, ਪ੍ਰਾਪਤ ਹੋ ਸਕਦੇ ਹੋ । ੬੦੧.੪

ਮੀਚੈ—(ਸੰ. √ ਸਿਥ > ਪ੍ਰਾ. ਸਿਚਣ) ਮੀਟਿਆਂ, ਮੀਚਿਆਂ, ਮੁੰਦਿਆਂ । ੪੩੬.੪

ਮੀਜ—(ਸੰ. ਸਰ੍ਦਨ) ਮਲ ਰਹੀ ਹਾਂ, ਮਸਲ ਰਹੀ ਹਾਂ, ਰਗੜ ਰਹੀ ਹਾਂ । ੬੬੩.੨

ਮੀਠਾ)— (ਸੰ. ਸਿਸ੍ਟ > ਪ੍ਰਾ. ਸਿਟ੍ਠ) ਮਿੱਠਾ/ਮਿੱਠੀ/ਮਿੱਠੇ, ਮਿਠਾਸ ਵਾਲਾ/ਵਾਲੀ/

ਮੀਠੀ) ਵਾਲੇ ਭਾਵ ਮਿੱਠੇ ਸੁਆਦ ਵਾਲਾ/ਵਾਲੀ/ਵਾਲੇ । ੧੬੧.੨, ੫੪੨.੧/੨੩੫.੪/

ਮੀਠੇ) ੩੫੭.੨, ੩੬੬.੧, ੪੩੭.੧

ਮੀਤ—(ਸੰ. ਸਿਕ) ਮਿੱਤਰ, ਦੋਸਤ, ਸਾਜਨ । ੧੫੦.੨, ੨੯੨.੩

ਮੀਤਾ—ਹੇ ਮਿੱਤਰ, ਹੇ ਸਾਜਨ (ਸੰਬੋਧਨਵਾਚੀ), ਦੇਖੋ 'ਮੀਤ' । ੫੪੦.੪

ਮੀਨ—(ਸੰ. ਸੀਨ) ਮੱਛੀ, ਮੱਛਲੀ, ਪਾਣੀ ਵਿਚ ਰਹਿਣ ਵਾਲਾ ਇਕ ਜੀਵ । ੧੪.੧,੩, ੧੬.੧, ੨੩.੨, ੨੮.੨, ੫੮.੩, ੫੬.੧, ੬੭.੩, ੧੧੫.੪, ੧੩੨.੪, ੧੮੭.੨, ੧੬੪.੩, ੨੦੫.੪, ੨੪੦.੨, ੨੫੧.੧, ੨੭੬.੨, ੨੬੧.੧, ੨੬੨.੧, ੩੦੦.੧,੨, ੩੦੨ ੪, ੩੧੬.੧, ੩੧੭.੧², ੩, ੪, ੩੧੮.੩, ੩੧੬.੩, ੩੨੦.੩, ੩੨੧.੧, ੩੩੨.੧, ੪੧੨.੩, ੪੨੨.੧, ੪੨੪.੧, ੪੪੨.੪, ੪੪੬.੪, ੪੬੩.੨, ੪੬੨.੨, ੫੦੨.੧, ੫੨੪.੨, ੫੨੬.੧, ੫੫੦.੨, ੫੫੧.੪, ੫੭੪.੪, ੬੩੪.੩, ੬੪੫.੩

ਮੀਨਹਿ—ਮੱਛੀ ਦਾ, ਮੀਨ ਦਾ, ਦੇਖੋ 'ਮੀਨ' । ੫੬੬.੨

ਮੀਨੁ—ਮੱਛੀ, ਦੇਖੋ 'ਮੀਨ' । ੫੧੪.੧

ਮੁਏ—(ਸੰ. ਸ੍ਮ੍ਰਤ) ਮਰੇ ਹੋਏ, ਮੋਏ ਹੋਏ । ੧੬੨.੨

ਮੁਸਕਾਇ—ਮੁਸਕਰਾਉਣ ਨਾਲ, ਨਿਮ੍ਹਾ ਨਿਮ੍ਹਾ ਹੱਸਣ ਨਾਲ । ੬੪੬.੩

ਮੁਸਕਾਤ)— ਮੁਸਕਰਾਉਂਦੀ ਹੈ/ਮੁਸਕਰਾਉਂਦਾ ਹੈ ਭਾਵ ਪ੍ਰਸੰਨ ਹੁੰਦੀ ਹੈ/ਹੁੰਦਾ ਹੈ।
ਮੁਸਕਾਤਿ) ੪੧੪.੨, ੬੦੫.੧, ੬੧੭ ੪/੪੩੩.੪
ਮੁਸਕਾਨਿ—ਮੁਸਕਰਾਉਣ ਦੀ, ਬੁੱਲ੍ਹਾਂ ਵਿਚ ਹੱਸਣ ਦੀ। ੧੪੨.੨, ੨੯੪.੩
ਮੁਕਤਾ—(ਸੰ. ਮੁਕ੍ਤਾ) ਮੱਤੀ, ਸਿੱਪੀ ਵਿਚੋਂ ਨਿਕਲਣ ਵਾਲਾ ਇਕ ਰਤਨ। ੧੬੩.੨, ੩, ੩੨੫.੩, ੩੩੨.੧, ੩੬੬.੩. ੩੭੫.੧, ੪੨੯.੪, ੪੪੪.੨, ੫੩੮.੩, ੫੫੯.੧, ੫੬੨.੨, ੫੬੫.੨, ੬੦੩.੩
ਮੁਕਤਾਹਲ)— (ਸੰ. ਮੁਕ੍ਤਫਲਮ੍) ਮੱਤੀ/ਮੱਤੀਆਂ, ਹੋਰ ਦੇਖੋ 'ਮੁਕਤਾ'। ੬੭.੨, ੭੬.੪,
ਮੁਕਤਾਫਲ) ੯੭.੩, ੧੬੩.੧, ੨੨੫.੨, ੨੩੭.੪, ੩੨੬.੨, ੩੪੦.੨, ੩੪੭.੩, ੩੬੧.੨, ੫੧੦.੨, ੫੧੨.੩, ੫੩੯.੨/੩੮੫.੩, ੪੪੧.੨
ਮੁਕਤਿ—(ਸੰ. ਮੁਕ੍ਤਿ) 1. ਮੋਕਸ਼, ਸੰਸਾਰਿਕ ਬੰਧਨਾਂ ਅਥਵਾ ਜੰਮਣ ਮਰਨ ਦੇ ਬੰਧਨ ਤੋਂ
ਮੁਕਤੁ) ਛੁਟਕਾਰਾ। ੩੬੬.੨, ੪੦੬.੩, ੪੬੩.੪, ੫੫੩ ੪, ੬੧੬.੧/੨੨੧.੪
2. ਬਿਨਾਂ ਵਿਘਨ ਦੇ, ਬਿਨਾਂ ਰੋਕ ਟੋਕ ਦੇ। ੪੫੬.੨/—
ਮੁਖ—(ਸੰ. ਮੁਖ੍ਹ) 1. ਮੂੰਹ, ਬੁਲ੍ਹਾਂ ਦੇ ਵਿਚਕਾਰ ਵਾਲਾ ਹਿੱਸਾ ਜਿਥੋਂ ਆਵਾਜ਼ ਨਿਕਲਦੀ ਹੈ ਅਥਵਾ ਜਿਸ ਰਾਹੀਂ ਭੋਜਨ ਛਕੀਦਾ ਹੈ। ੪.੮, ੩੫.੨, ੧੦੮.੩, ੧੩੦.੧, ੧੩੭.੩, ੨੦੨.੨, ੨੦੮.੨, ੨੪੫.੧, ੨, ੨੮੯.੩, ੩੪੭.੨, ੪੩੦.੧[2], ੪੪੫.੨, ੬੩੦.੪, ੬੩੮.੪, ੬੪੪.੩, ੬੬੬.੨, ੬੭੦.੨
2. ਮੂੰਹ, ਭਾਵ ਕਿਸੇ ਚੀਜ਼ ਦਾ ਅਗਲਾ ਪਾਸਾ। ੧੩੬.੩, ੨੮੬.੧, ੩੦੬.੧
3. ਚਿਹਰਾ, ਮੁਖੜਾ। ੨੦੫.੨, ੩੨੪.੧, ੪੦੨.੨, ੪੨੩.੧, ੫੨੩.੨, ੫੮੦.੩, ੬੪੩.੪, ੬੪੪.੧[2]. ੬੪੯.੩, ੬੬੬.੧
4. ਪਰਮੁਖ, ਮੁਖੀ, ਮੁਹਰੀ, ਭਾਵ ਮਹਾਤਮਾ ਪੁਰਸ਼। ੩੪੮.੪
ਮੁਖ ਦੁਆਰ—(ਸੰ. ਮੁਖ + ਦ੍ਵਾਰ) ਮੂੰਹ ਦਾ ਦਰਵਾਜ਼ਾ, ਭਾਵ ਬੁਲ੍ਹਾਂ ਦੇ ਵਿਚਕਾਰਲੀ ਥਾਂ। ੩੪੭.੨, ੪੬੮.੩
ਮੁਖ ਨ ਲਗਾਵਤੀ—ਮੂੰਹ ਨਹੀਂ ਸ਼ਾਂ ਲਗਾਉਂਦੀ, ਭਾਵ ਨੇੜੇ ਨਹੀਂ ਸੀ ਆਉਣ ਦੇਂਦੀ (ਮੁਹਾਵਰਾ)। ੫੭੫.੧
ਮੁਖਿ—1. ਮੂੰਹੋਂ, ਮੂੰਹ ਵਿਚੋਂ, ਦੇਖੋ 'ਮੁਖ' (1)। ੧੭੬.੩, ੩੯੩.੨
2. ਮੂੰਹ, ਹੋਰ ਦੇਖੋ 'ਮੁਖ' (1)। ੫੪੨.੧
3. ਮੂੰਹ ਵਿਚ, ਮੂੰਹ ਉਤੇ, ਦੇਖੋ 'ਮੁਖ' (3)। ੫੫੫.੧
ਮੁਖੁ—ਮੂੰਹ, ਅਗਲਾ ਪਾਸਾ, ਹੋਰ ਦੇਖੋ 'ਮੁਖ' (2)। ੩੨੬.੨
ਮੁਘਦੁ—(ਸੰ. ਮੁਗ੍ਧ) ਮੂੜ੍ਹ, ਮੂਰਖ। ੪੨੦ ੩
ਮੁਦਤ)— (ਸੰ. ਮੁਦਿਤ) 1. ਆਨੰਦਿਤ, ਪ੍ਰਸੰਨਿਤ, ਹਰਖਿਤ। ੫੬੦.੨, ੬੦੫.੨,
ਮੁਦਤਿ) ੬੩੪.੩/੪੩੩.੨/੧੬੦.੧, ੪੧੪.੩
ਮੁਦਿਤ)
ਮੁੰਦ੍ਰਿਕਾ—(ਸੰ. ਮੁਦ੍ਰਿਕਾ) ਮੁੰਦਰੀ, ਅੰਗੂਠੀ, ਹੱਥ ਦੀ ਉਂਗਲੀ ਅਥਵਾ ਅੰਗੂਠੇ ਵਿਚ ਪਾਉਣ ਵਾਲਾ ਇਕ ਗਹਿਣਾ। ੩੪੭.੪
ਮੁਨ)— (ਸੰ. ਮੁਨਿ) ਰਿਖੀ, ਸੰਤ, ਮਹਾਤਮਾ, ਅਧਿਆਤਮਕ ਵਿਚਾਰਾਂ ਵਾਲੇ ਵਿਅਕਤੀ।
ਮੁਨਿ) ਮਹਾਂਭਾਰਤ ਅਨੁਸਾਰ ਸੱਤ ਮਹਾਨ ਮੁਨੀ ਇਹ ਮੰਨੇ ਗਏ ਹਨ : ਮਰੀਚਿ, ਅਤ੍ਰਿ ਪੁਲਹ, ਪੁਲਸਤ੍ਯ, ਕ੍ਰਤੁ, ਅੰਗਿਰਾ ਅਤੇ ਵਸ਼ਿਸ਼ਠ। ੫੪੦.੨/੧੯੩.੩
ਮੁਨੀਸਰਹਿ—ਮੁਨੀਸ਼ਵਰ ਨੂੰ, ਭਾਵ ਦੁਰਬਾਸਾ ਨਾਮਕ ਮੁਨੀ ਨੂੰ। ੪੩੫.੧

ਮੁਰਛਾਤ—(ਸੰ. ਮੂਰ੍ਚ੍ਛਿਤ) ਮੂਰਛਿਤ, ਬੇਹੋਸ਼, ਬੇਸੁਧ। ੬੬੬.੧

ਮੁਰਝਾਤ—(ਸੰ. ਸ਼ੁਸ਼੍ਯਤ) ਮੁਰਝਾ ਜਾਂਦਾ/ਜਾਂਦੇ/ਜਾਂਦੀਆ, ਕੁਮਲਾ ਜਾਂਦਾ/ਜਾਂਦੇ/ਜਾਂਦੀਆਂ। ५०६.१, ५१८.२, ५५७.४, ६५६.३

ਮੁਰਤ—ਮੁੜਦੀ, ਵਾਪਸ ਆਉਂਦੀ, ਪਰਤਦੀ। १४५.१

ਮੁਲਾਈ—ਮੂਲ ਪਾਉਣਾ/ਕੀਮਤ ਨਿਰਧਾਰਿਤ ਕਰਨਾ। ७१.३

ਮੂਏ—1. ਮਰ ਜਾਣਾ ਅਥਵਾ ਮੌਤ ਹੋ ਜਾਣੀ, ਦੇਖੋ 'ਮੂਏ'। ३२०.२

2. ਮਰਣ ਪਿਛੋਂ, ਮਰ ਜਾਣ ਮਗਰੋਂ। ३२१.३

ਮੂਸਾ—(ਸੰ. ਮੂਸ) ਚੂਹਾ, ਲੰਮੀ ਜਿਹੀ ਪੂੰਛ ਵਾਲਾ ਜੀਵ ਜੋ ਖੁੱਡਾਂ ਵਿਚ ਰਹਿੰਦਾ ਹੈ ਅਤੇ ਅਨਾਜ ਆਦਿ ਦਾ ਬਹੁਤ ਨੁਕਸਾਨ ਕਰਦਾ ਹੈ। ७५.३, २२४.३, ५३९.१, ५५५.३

ਮੂਸੇ—(ਸੰ. √ਸ਼ੂਖ੍) ਚੋਰੀ ਕਰ ਲਵੇ, (ਸਮਾਨ ਆਦਿ) ਚੁਰਾ ਲਵੇ। २२१.२

ਮੇਡ—(ਸੰ. ਸ਼ੁण्ड) ਸਿਰ, ਸੀਸ, ਹੋਰ ਦੇਖੋ 'ਸਿਰ'। ४२८.३. ५२४.२, ५५८.१, ६६३.२

ਮੂਤਤਾ)— (ਸੰ. ਸ਼ੂਕ੍ਸ਼੍) ਮੂਤ, ਪੇਸ਼ਾਬ, ਮੂਤ, ਜੀਵਾਂ ਦੇ ਸਸਾਨੇ ਵਿਚੋਂ ਨਿਕਲਿਆ
ਮੂਤ੍) ਬਦਬੂਦਾਰ ਤਰਲ ਪਦਾਰਥ। ६३८.३/१५८.२, ५५७.२

ਮੂੜ—(ਸੰ. ਸ਼ੂੜ੍ਣਸ੍ > ਪ੍ਰਾ. ਸ਼ੂੜ੍ਦ) ਮੂੰਦ ਕੇ, ਮੀਟ ਕੇ, ਬੰਦ ਕਰਕੇ। ११.२

ਮੂਰਛਤ —ਬੇਸੁਧ ਹੋਇਆ ਹੋਇਆ, ਭਾਵ ਵਿਕਾਰਾਂ ਵਿਚ ਖੁਭਿਆ ਹੋਇਆ, ਦੇਖੋ 'ਮੂਰਛਤ'। ५७ ३

ਮੂਰਤ)— (ਸੰ. ਸ਼ੂर्त्ति·) ਸਰੂਪ, ਵਜੂਦ, ਹੋਂਦ। ५६५.४/१२५.२, ४६२.४
ਮੂਰਤਿ)

ਮੂਰਖਤ—(ਸੰ. ਸ਼ੂर्खशूयस्) ਮੂਰਖਤਾ ਵਾਲੀ, ਬੇਅਕਲੀ ਵਾਲੀ। ३५६.३

ਮਰੀ—(ਸੰ. ਸ਼ੂलकः) ਮੂਲੀ, ਇਕ ਬੂਟੇ ਦੀ ਲੰਬੀ ਜੜ੍ਹ ਜੋ ਸਬਜ਼ੀ ਦੇ ਤੌਰ ਤੇ ਖਾਧੀ ਜਾਂਦੀ ਹੈ। १५८.४, ४४५ २

ਮੂਲ—(ਸੰ. ਸ਼ੂलस्) 1. ਮੁੱਢ, ਆਧਾਰ। २२.४, ९२.४, १५३.४, २५२.३, ५६०.४

2. ਜੜ੍ਹ, ਕਿਸੇ ਬੂਟੇ ਆਦਿ ਦਾ ਜ਼ਮੀਨ ਵਿਚਲਾ ਹਿੱਸਾ। ३७.१, ४९.१, 3, ५६.१[3] १३२.३, १३६.२, २४५.३, ३०५.३, ४६८.१, ६३५.२

3. ਮੁੱਢ, ਭਾਵ ਪਰਮਾਤਮਾ। ९८.२, ९९.४, २२७.३

4. ਅਸਲ ਪੂੰਜੀ, ਮੂਲ ਲਾਗਤ। ४७६.१

5. ਜੜ੍ਹਾਂ, ਜੜ੍ਹ ਤੋਂ, ਮੁਢੋਂ। ५१८.२

6. ਵਿਆਜ ਤੇ ਚਿੱਤੀ ਹੋਈ ਅਸਲ ਰਕਮ। ६३३.२

ਮੂਲ-ਮੰਤ)— (ਮੂਲ+ਮੰਤ੍) 1. ਸਾਰ ਤੱਤ, ਅਥਵਾ ਵਾਸਤਵਿਕ ਆਧਾਰ।
ਮੂਲ-ਮੰਤ੍) ५६.२/—

2. ਅਸਲ ਵਿਚਾਰ, १७७.४/ —

3. ਸਭ ਮੰਤਰਾਂ ਦਾ ਮੂਲ ਭਾਵ ਮੁਖ ਉਦੇਸ਼। —/१८३.३

ਮੂਲ-ਕੰਦ—(ਸੰ. ਸ਼ੂल+कन्द) ਉਹ ਸਬਜ਼ੀ ਆਦਿਕ ਜਿਸਦੇ ਪੱਤੇ ਉਪਰ ਨੂੰ ਅਤੇ ਫਲ ਜ਼ਮੀਨ ਵਿਚ ਹੁੰਦਾ ਹੈ। ३८.१, ७४.२

ਮੂਲਿ—1. ਮੂਲ ਧਨ, ਹੋਰ ਦੇਖੋ 'ਮੂਲ' (4)। ३७०.२, ४७५.१

2. ਮੁੱਢ, ਆਧਾਰ, ਦੇਖੋ 'ਮੂਲ' (1)। ५५७.४

ਮੂੜ—(ਸੰ. ਸ਼ੂढ) ਮੂਰਖ, ਅਗਿਆਨੀ, ਬੇਸਮਝ। ५४१.४, ५५५.४, ५५६.४

ਮੇਹ—(ਸੰ. ਸੇਧ:> ਪ੍ਰਾ. ਸੇਹ) 1. ਮੋਅ, ਬੱਦਲ, ਹੋਰ ਦੇਖੋ 'ਬਾਦਰ' । ੪੪੨.੧, ੪੪੩.੪ ੪੭੮.੩
3. ਮੀਂਹ, ਵਰਖਾ । ੬੧੬.੩

ਮੇਕ—ਇਕ, ਦੋ ਤੋਂ ਪਹਿਲਾਂ ਦੀ ਗਿਣਤੀ, ਭਾਵ ਕੇਵਲ ਇਕ । ੨੨.੪, ੬੩.੪, ੯੯.੨, ੧੫੦.੨, ੨੨੭.੩, ੨੪੫.੧, ੫੪੦.੪

ਮੇਘ—ਬੱਦਲ, ਹੋਰ ਦੇਖੋ 'ਮੇਹ' (1) । ੭੯੪.੧, ੪੪੦.੩, ੫੧੮.੧, ੬੨੯.੧

ਮੇਟ—ਮਿਟਦਾ, ਦੂਰ ਹੁੰਦਾ । ੫੬੫.੩

ਮੇਟਿ—1. ਮਿਟਕੇ, ਨਾਸ਼ ਹੋਕੇ ਅਥਵਾ ਦੂਰ ਹੋਕੇ । ੭੪.੧, ੭੬੪.੨
2. ਮਿਟਾਕੇ, ਦੂਰ ਕਰਕੇ, ਅਥਵਾ ਨਾਸ਼ ਕਰਕੇ । ੮੨.੨, ੧੫੪.੨, ੨੫੮.੨, ੩੩੩.੨ ੪੭੫.੪
3. ਮੇਟ ਸਕਦੇ, ਦੂਰ ਕਰ ਸਕਦੇ, ਨਾਸ਼ ਕਰ ਸਕਦੇ । ੩੪੦.੪
4. ਮਿਟਦਾ, ਨਾਸ ਹੁੰਦਾ । ੫੩੮.੪

ਮੇਟੇ)— 1. ਮਿਟ ਜਾਂਦਾ, ਮੁੱਕ ਜਾਂਦਾ, ਸਮਾਪਤ ਹੋ ਜਾਂਦਾ । ੫੭.੧/—
ਮੇਟੈ) 2. ਮਿਟਾ ਦਿੰਦਾ, ਖ਼ਤਮ ਕਰ ਦਿੰਦਾ, ਅਥਵਾ ਦੂਰ ਕਰ ਦਿੰਦਾ । ੭੮.੨/ ੩੭੮.੪

ਮੇਡਕੂ)— (ਸੰ. ਸਾਙ੍ਕ:) ਡੱਡੂ, ਪਾਣੀ ਦਾ ਇਕ ਜਾਨਵਰ । ੪੭੦.੧/੪੮੬.੪
ਮੇਡੁਕ)

ਮੇਰ—(ਸੰ. ਸੇਰ) ਪਰਬਤ, ਪਹਾੜ । ੩੭੬.੧, ੪੭੧.੨

ਮੇਰੀ—ਮੈਂ ਦਾ ਸੰਬੰਧ ਕਾਰਕ-ਰੂਪ, ਮੇਰਾ ਦਾ ਇਸਤ੍ਰੀ ਲਿੰਗ ਰੂਪ । ੨੧੨.੪, ੬੫੪.੪

ਮੇਰੁ—(ਸੰ. ਸੇਰ) ਮਾਲਾ ਦਾ ਉਹ ਸ਼ੁੱਮਣੀ ਮਣਕਾ ਜਿਸ ਦੇ ਵਿਚੋਂ ਦੋਵੇਂ ਸਿਰੇ ਲੰਘਾ ਕੇ ਉਨ੍ਹਾਂ ਨੂੰ ਗੰਢ ਦਿੱਤੀ ਜਾਂਦੀ ਹੈ । ੬੩੧.੧

ਮੇਰੇ—1. ਮੇਰੇ ਘਰ ਤੋਂ ਭਾਵ । ੬੫੨.੪
2. ਮੈਂ ਦਾ ਸੰਬੰਧ ਕਾਰਕ ਰੂਪ । ੬੬੪.੨

ਮੇਰੇ ਜਾਨੇ —ਮੇਰੇ ਭਾਣੇ, ਮੇਰੇ ਖ਼ਿਆਲ ਅਨੁਸਾਰ । ੫੭੩.੧

ਮੇਰੇ—ਮੇਰੇ ਘਰ ਤੋਂ ਭਾਵ । ੨੦੫.੧

ਮੇਰੋ —ਮੇਰਾ/ਮੇਰੇ, ਮੈਂ ਦਾ ਸੰਬੰਧ ਕਾਰਕ ਰੂਪ । ੩੦੩.੧[3], ੨[3], ੬੪੨.੪, ੬੬੦.੧

ਮੇਲ)— (ਸੰ. ਸੇਲ:) 1. ਮਿਲਾਪ, ਮਿਲਣ ਦੀ ਕ੍ਰਿਆ । ੫੩.੩, ੫੦੧.੩,
ਮੇਲਿ) ੫੫੦.੧, ੬੨੪.੧/੪੬.੨/੧੯੬.੩, ੨੪੩.੧
ਮੇਲੁ) 2. ਇਕ ਤੋਂ ਵੱਧ ਵਸਤ੍ਰਆਂ ਦਾ ਮਿਸ਼ਰਣ । ੩੪੬.੩/੩੪੬.੨/—
3. ਮਿਲਣ ਕਰਕੇ, (ਦਾ) ਮੇਲ ਹੋਣ ਨਾਲ । ੪੫੬.੩, ੫੬੧.੨/—/—
4. ਮੇਲ ਕੇ, ਇਕੱਤਰ ਕਰਕੇ, ਇਕੱਠੇ ਕਰਕੇ । —/੫੩੧.੧/—

ਮੇਲੇ—ਮਲਿਆਂ ਅਥਵਾ ਲੇਪ ਕੀਤਿਆਂ । ੫੩੭.੧

ਮੇਵ—ਅਵੱਸ਼ ਹੀ, ਜ਼ਰੂਰ ਹੀ । ੩੩੧.੨

ਮੈਂ— ਵਿਚ, ਵਿਚੋਂ, ਮੈਂ, ਵਿਖੇ । ੬.੧, ੨[4], ੩[3], ੪, ੧੦.੪, ੧੪.੨, ੧੮.੪, ੨੧.੧, ੨, ੨੩.੪, ੨੬.੧, ੪, ੨੭.੧, ੩, ੪, ੩੨ ੩, ੩੪.੩, ੩੭.੪, ੩੯.੨, ੪, ੪੦.੪, ੪੧.੧, ੪, ੪੫.੧[3], ੨[3], ੫੨.੧, ੫੩.੨, ੩, ੪, ੫੮.੩, ੪[2], ੫੯.੩, ੬੦.੧[2], ੨[2], ੬੭.੪ ੬੮.੪, ੭੦.੩, ੮੩.੨, ੮੮.੧, ੯੪.੧, ੨, ੯੮.੩, ੧੦੦.੩, ੪, ੧੦੩.੨, ੧੦੫.੧, ੨, ੧੦੮.੧, ੧੦੯.੧, ੩, ੧੧੦.੧[3], ੩, ੧੧੨.੪, ੧੧੮.੩, ੧੧੯.੨,

੧੨੦.੨, ੧੨੧.੧, ੨, ੪, ੧੨੨.੧, ੧੨੩.੧, ੧੨੫.੧, ੧੨੬.੨, ੧੨੭.੧, ੧੨੯.੨, ੧੩੨.੨, ੧੩੪.੧, ੨, ੧੪੦.੨, ੧੪੩.੧, ੨, ੩, ੪, ੧੫੨.੪, ੧੫੬.੩, ੧੫੮.੧, ੧੬੦.੧, ੨, ੧੬੬.੨, ੧੬੭.੨, ੧੬੮.੪, ੧੬੯.੨[1], ੩, ੧੭੪.੪, ੧੮੨.੩, ੪, ੧੮੪.੧, ੧੮੫.੧[2], ੨, ੩, ੧੮੮.੧, ੨[3], ੩, ੧੮੯.੪, ੧੯੦.੧, ੧੯੫.੩, ੧੯੭.੧, ੧੯੮.੧, ੨੦੦.੪, ੨੦੪.੨, ੨੦੬.੩[2], ੨੦੯.੨, ੨੧੨.੨, ੨੧੩.੧, ੨੧੮.੩, ੨੧੯.੪, ੨੨੩.੪, ੨੨੭.੨, ੪[3], ੨੩੦.੪, ੨੩੧.੧, ੨, ੩, ੨੩੨.੧, ੨[2], ੩, ੨੩੩.੧, ੨, ੩, ੨੩੬.੧, ੨, ੨੩੮.੧, ੨੩੯.੩, ੨੪੦.੪, ੨੪੧.੩, ੨੪੨.੧, ੨੪੩.੪, ੨੪੭.੨, ੨੪੮.੪, ੨੫੨.੩, ੪, ੨੬੪.੨, ੪, ੨੬੭.੩, ੨੭੨.੪, ੨੭੩.੧, ੨, ੩, ੪, ੨੭੪.੨, ੨੮੨.੪, ੨੮੮.੪, ੨੮੯.੧, ੨੯੦.੩, ੪, ੨੯੩.੧, ੨੯੪.੧, ੨੯੫.੪, ੨੯੬.੩[2], ੨੯੭.੧, ੨, ੩, ੪, ੨੯੯.੪, ੩੦੨.੧, ੩੦੩.੩, ੪, ੩੧੦.੪, ੩੧੧.੨, ੩੨੦.੨, ੩੨੨.੪, ੩੨੩.੨, ੩੨੪.੩, ੩੨੬.੨, ੪, ੩੨੮.੧,੩, ੩੨੯.੪, ੩੩੦.੧, ੩੪੬.੨, ੩੪੭.੧, ੨, ੩, ੪, ੩੫੪.੩, ੩੫੫.੩, ੩੫੭.੩, ੩੫੮.੧, ੩੬੨.੩, ੩੬੪.੨, ੩, ੩੬੭.੩, ੩੭੧.੨, ੩੭੩.੧, ੪, ੩੭੬.੧[2], ੨, ੩[3] ੪[2], ੩੮੧.੨, ੩੮੨.੩, ੩੮੩.੨, ੩੮੬.੪, ੩੯੨.੧, ੨, ੪੦੨.੩, ੪੦੩.੨, ੪, ੪੦੭.੧, ੪੦੯.੨, ੪, ੪੧੧.੨, ੩, ੪੧੨.੪, ੪੧੩.੨, ੪੩੪.੪, ੪੩੬.੧, ੪੪੪.੪, ੪੫੨.੧, ੪੫੩.੧, ੨, ੩, ੪, ੪੫੫.੪, ੪੫੭.੨, ੪੬੨.੨, ੪੭੨.੪, ੪੭੬.੧, ੪੭੭.੨, ੪੭੮.੨, ੪੭੯.੩, ੪੮੦.੨, ੪, ੪੮੧.੧, ੩, ੪੮੨ ੪, ੪੮੩.੨, ੪੮੪.੨, ੪੮੭.੩, ੪੯੦.੩, ੪੯੬.੨, ੪੯੭.੩, ੫੦੫.੨, ੫੦੭.੨, ੫੦੯.੧, ੫੧੦.੩, ੫੧੨.੧. ੫੧੩.੨, ੫੧੪.੧, ੨, ੫੧੭.੨, ੫੨੩.੧, ੫੨੫.੪, ੫੨੬.੨, ੫੨੯.੪, ੫੩੨.੨, ੫੩੪ ੨, ੩[2], ੪[2], ੫੩੭.੨, ੫੪੨.੨, ੫੪੩.੨, ੫੪੪.੧,੨, ੫੪੮.੨, ੫੫੩.੧,੪, ੫੫੭.੧, ੫੬੦.੪, ੫੬੧.੨,੩, ੫੬੨.੩, ੫੮੧.੩, ੫੮੨.੩, ੫੮੬.੧, ੨, ੫੯੦.੧, ੫੯੭.੪, ੫੯੮.੧[2], ੪੯੯.੪[3], ੬੦੬.੨, ੬੦੮.੨, ੩[3], ੬੧੫.੧, ੬੧੬.੨, ੬੨੨.੧, ੨, ੬੨੩.੧[3], ੬੨੭.੧, ੬੩੧.੧, ੩, ੬੩੨.੧[3], ੨[3], ੩, ੪, ੬੩੪.੨, ੬੩੭.੪, ੬੩੮.੧, ੬੩੯.੨, ੬੫੮.੪, ੬੬੩.੧, ੬੬੪.੧, ੬੬੫.੧, ੬੬੯.੪[2], ੬੭੨.੩

2. ਉਤੇ, ਉਪਰ। ੫੪੮.੧

3. ਰਾਹੀਂ, ਦੁਆਰਾ। ੬੨੨.੩

ਮੈਕ—ਇਕ, ਹੋਰ ਦੇਖੋ 'ਮੇਕ'। ੧੦੮.੩, ੧੧੬.੨

ਮੈਨ (ਸੰ. ਸਦਨ;) ਮੋਮ, ਬਹਿਦ ਦੀਆਂ ਮੱਖੀਆਂ ਦੇ ਛੱਤੇ ਵਿਚੋਂ ਅਥਵਾ ਰਸਾਇਣਕ ਕ੍ਰਿਆ ਨਾਲ ਤਿਆਰ ਕੀਤਾ ਚਿਕਨਾ ਪਦਾਰਥ ਜੋ ਵਧੇਰੇ ਕਰਕੇ ਜਲਾਉਣ ਦੇ ਕੰਮ ਆਉਂਦਾ ਹੈ। ੩੯੦.੪

ਮੈਲਾਗਰ—(ਸੰ. ਸਲਯਾਸਿਰਿ) ਉਤਮ ਚੰਦਨ, ਵਧੀਆ ਚੰਦਨ ਭਾਵ ਮਲਯ ਪਰਬਤ ਤੇ ਹੋਣ ਵਾਲੇ ਉਤਮ ਚੰਦਨ ਵਰਗਾ। ੫੦੩.੩

ਮੋ—(ਸੰ. ਸਧ੍ਯ) ਮੋਂ, ਵਿਚ। ੪੫.੪, ੫੬੯.੩

2. ਮੇਰੇ। ੬੩੮.੪

ਮੋਸਰਿ)— ਮੇਰੇ ਵਰਗਾ, ਮੇਰੇ ਜਿਹਾ, ਮੇਰੇ ਸਮਾਨ। ੫੨੮.੧/੫੨੮.੧, ੨[3], ੩[2]

ਮੋਸੋ)

ਮੋਹ—(ਸੰ. ਸੋਹ) 1. ਸਨੇਹ, ਪਰੀਤ। ੪੧.੩, ੧੩੨.੪, ੪੯੪.੪

2. ਦੁਨਿਆਵੀ ਪਦਾਰਥਾਂ ਦੀ ਪਕੜ ਅਥਵਾ ਉਨ੍ਹਾਂ ਨਾਲ ਲਗਾਉ। ੧੦੭.੧, ੨੭੨.੧,

੨੮੭.੧, ੨੯੩.੩, ੩੫੯.੨, ੪੮੬.੩, ੫੨੧.੨, ੬੧੭.੧, ੬੨੩.੪

3. ਲਗਾਉ, ਪਕੜ (ਮਾਇਆ ਆਦਿ ਦੀ) । ੧੧੭.੪, ੧੭੭ ੩, ੨੯੨.੪, ੩੧੧.੪, ੩੧੨.੪, ੩੩੪.੩, ੫੫੭.੪, ੫੯੨.੧, ੫੯੯.੪, ੬੬੦ ੩

4. ਮੈਂ, ਉਤਮ ਪੁਰਖ ਦਾ ਕਰਤਾ ਰੂਪ । ੫੨੫.੪

ਮੋਹਈ—(ਸੰ. ਸੋਹ) ਮੋਹ ਲੈਂਦੀ ਹੈ, ਭਾਵ ਆਪਣੇ ਵਲ ਆਕਰਸ਼ਿਤ ਕਰ ਲੈਂਦੀ ਹੈ । ੨੪੦.੧

ਮੋਹਨ—(ਸੰ. ਸੋਹਨ) ਮੋਹਣਹਾਰ (ਵਸਤੂ), ਮੋਹ ਲੈਣ ਵਾਲੀ (ਵਸਤੂ) । ੬੦੨.੧

ਮੋਹਿ—(ਸੰ. ਸਹ੍ਯਸ੍ > ਪ੍ਰਾ. ਸਯ੍ਹ) 1. ਮੈਨੂੰ, ਮੈਂ ਦਾ ਕਰਮਕਾਰਕ ਰੂਪ । ੧੪.੩, ੮੩.੪, ੪੦੬.੨, ੫੨੩.੪, ੫੭੮.੪, ੬੧੧.੪, ੬੨੭.੪, ੬੬੮.੪, ੬੭੨.੪

2. ਮੈਂ, ਉਤਮ ਪੁਰਖ ਦਾ ਕਰਮਕਾਰਕ ਰੂਪ । ੫੦੬.੪, ੬੦੦.੪

ਮੋਹੀਐ—ਮੋਹਿਤ ਕਰੀਏ, ਆਕਰਸ਼ਿਤ ਕਰੀਏ, ਦੇਖੋ 'ਮੋਹਦੀ' । ੬੦੨.੨

ਮੋਹੇ—(ਸੰ. ਸੋਹ) ਮੋਹ ਲੈਂਦੀ ਹੈ, ਭਾਵ ਆਪਣੇ ਵਸ ਵਿਚ ਕਰ ਲੈਂਦੀ ਹੈ । ੩੦੨.੧

ਮੋਹੈ—ਮੋਹ ਵਿਚ, ਸੰਸਾਰਕ ਪਦਾਰਥਾਂ ਦੀ ਪਕੜ ਵਿਚ ਦੇਖੋ 'ਮੋਹ' (2) । ੩੫੯.੧

ਮੋਖ—(ਸੰ. ਮੋਕ੍ਸ਼:) ਮੁਕਤੀ, ਹੋਰ ਦੇਖੋ 'ਮੁਕਤਿ' (1) । ੧੭੭.੨, ੧੯੮.੪, ੩੮੪.੩, ੩੯੨.੪, ੪੬੩.੪, ੪੭੫.੪, ੬੫੧.੪, ੬੫੨.੪

ਮੋਖਦਾਇ—ਮੁਕਤੀ ਦਿਵਾਉਣ ਵਾਲਾ, ਜਨਮ-ਮਰਨ ਦੇ ਬੰਧਨਾਂ ਤੋਂ ਛੁਟਕਾਰਾ ਦਿਵਾਉਣ ਵਾਲਾ, ਦੇਖੋ 'ਮੋਖ' । ੧੫੬.੨

ਮੋਖ ਪਦ
ਮੋਖ ਪਦਵੀ
ਮੋਖ ਪਦੁ)— (ਸੰ. ਮੋਕ੍ਸ਼ +ਪਦ) 1. ਮੁਕਤ-ਪਦ, ਮੁਕਤੀ ਵਾਲੀ ਪਦਵੀ, ਮੁਕਤੀ ਦਾ ਸਥਾਨ ਹੋਰ ਦੇਖੋ 'ਮੁਕਤਿ' (1) । ੨੮੭.੩, ੩੬੧.੪/੬੯.੪, ੧੫੪.੪, ੧੬੨.੩/੪੭੩.੪, ੪੮੫.੩

2. ਮੁਕਤੀ-ਪਦ ਦਾ ਦਾਤਾ, ਪਰਮਾਤਮਾ ਲਈ ਵਰਤਿਆ ਇਕ ਵਿਸ਼ੇਸ਼ਣ । —/—/ ੪੮੫.੩

ਮੋਦ—(ਸੰ. ਮੋਦ) 1. ਅਨੰਦ, ਹਰਸ਼, ਖੁਸ਼ੀ । ੨੫੭.੪, ੩੯੨.੩

2. ਖੁਸ਼ੀ ਵਾਲੇ, ਆਨੰਦਦਾਇਕ । ੬੨੦.੧

ਮੋਨ—(ਸੰ. ਮੌਨ) ਚੁਪ, ਖਾਮੋਸ਼ । ੪੪੦.੩, ੫੭੫.੩, ੬੦੫.੧,੪, ੬੪੧.੨, ੬੭੧.੪

ਮੋਨਬ੍ਰਤ—(ਸੰ. ਮੌਨਵ੍ਰਤਗ੍) ਚੁਪ ਰਹਿਣ ਦਾ ਵਰਤ, ਚੁਪ ਰਹਿਣ ਦੀ ਪ੍ਰਤਿਗਿਆ ਭਾਵ ਚੁਪ ਧਾਰਨ ਕਰਨਾ । ੧੭੩.੩

ਮੋਨਿ—ਚੁਪ, ਖਾਮੋਸ਼, ਨ ਬੋਲਣ ਤੋਂ ਭਾਵ, ਦੇਖੋ 'ਮੋਨ' । ੬੫.੪, ੨੦੨.੧, ੩੦੮.੩, ੪੧੪.੨, ੪, ੫੧੭.੨, ੫੨੨.੨, ੫੩੯.੩, ੫੫੬.੪, ੬੧੭.੪

ਮੋਨਿਧਾਰੀ—(ਸੰ. ਸੌਨਿਨ੍) ਮੌਨੀ, ਚੁਪ ਧਾਰਨ ਕਰਨ ਵਾਲਾ । ੪੫੮.੧

ਮੋਨਿਬ੍ਰਤ
ਮੋਨਿਬ੍ਰਿਤ)— ਚੁਪ ਰਹਿਣ ਦਾ ਵਰਤ, ਹੋਰ ਦੇਖੋ 'ਮੋਨਬ੍ਰਤ' । ੩੪.੨, ੬੫.੧, ੧੦੫.੩, ੧੩੨.੨, ੨੫੨.੨, ੨੬੨.੩/੪੧੧.੪

ਮੋਨੀ—(ਸੰ. ਸੌਨਿਨ੍) ਚੁਪ ਰਹਿਣ ਵਾਲਾ, ਚੁੱਪ ਧਾਰਨ ਕਰਨ ਵਾਲਾ । ੪੬੦.੩

ਮੋਰ—(ਸੰ. ਸਯੂਰ) ਮੋਰ, ਰੰਗ ਬਰੰਗੇ ਖੰਭਾਂ ਵਾਲਾ ਇਕ ਸੁੰਦਰ ਪੰਛੀ ਜਿਸਦੇ ਖੰਭਾਂ ਦੇ ਸਿਰੇ ਤੇ ਚੰਨ ਵਰਗੇ ਨਿਸ਼ਾਨ ਹੁੰਦੇ ਹਨ । ੨੮.੪, ੩੯੯.੧, ੪੨੪.੩, ੪੪੨.੧, ੫੬੭.੧, ੫੯੯.੩, ੬੧੭.੨

2. ਮੋੜ ਕੇ, ਮਰੋੜ ਕੇ । ੫੨੩.੨

ਮੋਰੇ—ਮੇਰੇ, ਮੈਂ ਦਾ ਸੰਬੰਧ ਕਾਰਕ ਰੂਪ । ੫੨੮.੪

ਮੋਲ—(ਸੰ. ਮੂਲ੍ਯਸ੍ > ਪ੍ਰਾ. ਮੂਲ੍ਲ) ਮੁੱਲ, ਕੀਮਤ, ਲਾਗਤ । ੭੩.੨, ੧੭੦.੩, ੩੭੩.੧, ੩੭੪.੩, ੩੮੩.੪, ੪੨੫.੩, ੪੩੦.੩, ੪੬੧.੧

ਮੋਲਕੈ—ਮੁੱਲ ਕਰਕੇ, ਮੁੱਲ ਦੇ ਪੱਖੋਂ, ਮੁੱਲ ਵਜੋਂ, ਦੇਖੋ 'ਮੋਲ' । ੧੬੬.੩
ਮੋਸਾ—ਮਾਸੜ, ਮਾਸੀ ਦਾ ਪਤੀ, ਮਾਂ ਦੀ ਭੈਣ ਦਾ ਪਤੀ । ੧੦੦.੨
ਮੋਲਤ—(ਸੰ. ਮੂਕੁਲ) ਮੋਲੇਦੇ ਹਨ, ਪ੍ਰਫੁਲਿੱਤ ਹੁੰਦੇ ਹਨ । ੫੬੭.੩
ਮ੍ਰਿਗ—(ਸੰ. ਮ੍ਰਿਗ) ਹਿਰਣ, ਜੰਗਲ ਵਿਚ ਰਹਿਣ ਵਾਲਾ ਇਕ ਚੌਪਾਇਆ ਜਾਨਵਰ, ਹੋਰ ਦੇਖੋ 'ਹਰਿਨ' । ੨੩.੧, ੧੮੬.੩, ੧੮੭.੨, ੨੨੩.੧, ੨੬੨.੨, ੨੬੩.੨, ੨੬੮.੩, ੨੬੯.੨, ੩੦੭.੩, ੩੧੩.੨, ੩੧੬.੧, ੩੨੧.੧, ੪੧੨.੨, ੪੧੩ ੪, ੪੨੨.੧, ੪੨੩.੨, ੪੩੨.੨, ੪੬੪.੧, ੨, ੫੦੨.੨, ੫੩੧.੩, ੫੫੧.੨, ੫੭੮.੩, ੫੮੧.੩, ੫੮੨.੨*, ੬੧੧.੨
ਮ੍ਰਿਗ ਤ੍ਰਿਸ੍ਨਾ—(ਸੰ. ਮ੍ਰਿਗਤ੍ਰਿਸ਼ਣਾ) ਰੇਤਲੀ ਧਰਤੀ ਤੇ ਸੂਰਜ ਦੀਆਂ ਕਿਰਨਾਂ ਪੈਣ ਨਾਲ ਜਲ ਦੀਆਂ ਲਹਿਰਾਂ ਵਾਂਗ ਪ੍ਰਤੀਤ ਹੁੰਦੀ ਮਿਥ, ਇਸ ਮਿਥ-ਪ੍ਰਤੀਤ ਵਲ ਜਿਉਂ ਜਿਉਂ ਮਨੁੱਖ ਜਾਂ ਜਾਨਵਰ ਆਦਿਕ ਦੌੜਦੇ ਹਨ ਇਹ ਹੋਰ ਅਗੇਰੇ ਅਗੇਰੇ ਹੁੰਦੀ ਚਲੀ ਜਾਂਦੀ ਹੈ । ਨਾ ਪੂਰੀ ਹੋ ਸਕਣ ਵਾਲੀ ਖਾਹਿਸ਼, ਭਟਕਣਾ । ੧੧੭.੩, ੩੧੧.੩, ੫੭੮.੩
ਮ੍ਰਿਗਨ—ਹਿਰਨਾਂ ਨੂੰ, ਮ੍ਰਿਗਾਂ ਨੂੰ, ਦੇਖੋ 'ਮ੍ਰਿਗ' । ੫੨੪.੩
ਮ੍ਰਿਗਪੰਤਿ—(ਸੰ. ਮ੍ਰਿਗਪਤਿ) ਮਿਰਗਾਂ ਦਾ ਸਰਦਾਰ/ਰਾਜਾ, ਸ਼ੇਰ, ਸਿੰਘ । ੫੩੨.੨
ਮ੍ਰਿਗਮਦ—(ਸੰ. ਮ੍ਰਿਗਮਦ) ਕਸਤੂਰੀ, ਨਾਫ਼ਾ, ਇਕ ਸੁਗੰਧਿਤ ਵਸਤੂ ਜੋ ਇਕ ਖ਼ਾਸ ਜਾਤੀ ਦੇ ਹਿਰਨ ਦੀ ਧੁੰਨੀ ਵਿਚੋਂ ਨਿਕਲਦੀ ਹੈ । ੧੨੪.੨, ੧੮੬.੩, ੨੨੩.੧, ੨੩੬.੧, ੨੬੯.੨, ੫੧੧.੨
ਮ੍ਰਿਗਮਾਲ—ਹਿਰਣਾਂ ਦਾ ਇਕੱਠ, ਹਿਰਣਾਂ ਦਾ ਸਮੂਹ; ਹਿਰਣਾਂ ਦੀ ਡਾਰ; ਦੇਖੋ 'ਮ੍ਰਿਗ' । ੨੪੦.੧, ੪੦੨.੩, ੪੧੩.੨
ਮ੍ਰਿਗਰਾਜ—(ਸੰ. ਮ੍ਰਿਗਰਾਜ਼) ਮ੍ਰਿਗਾਂ ਦਾ ਰਾਜਾ, ਸ਼ੇਰ, ਸਿੰਘ । ੪੭੭.੧, ੫੩੧.੩, ੫੪੫.੨
ਮ੍ਰਿਗਰਾਜਨ—ਸ਼ੇਰਾਂ ਵਿਚ, ਦੇਖੋ 'ਮ੍ਰਿਗਰਾਜ' । ੩੭੬.੩
ਮ੍ਰਿਗੁ—ਹਿਰਨ, ਹੋਰ ਦੇਖੋ 'ਮ੍ਰਿਗ' । ੨੩੬.੧
ਮ੍ਰਿਤ—(ਸੰ. ਮ੍ਰਿਤ੍ਯੁ) 1. ਮੌਤ, ਮਿਰਤੂ, ਮਰਗ । ੩੩੧.੧, ੪੦੯.੩
2. ਮੁਰਦੇ, ਮਰੇ ਹੋਏ । ੬੩੧.੩
ਮ੍ਰਿਤ-ਸਰ—ਮ੍ਰਿਤੂ ਦਾ ਟਿਕਾਣਾ, ਭਾਵ ਸਾਹ, ਸਵਾਸ, ਪ੍ਰਾਣੀਆਂ ਨੂੰ ਜ਼ਿੰਦਾ ਰਖਣ ਵਾਲੀ ਨਾਸਕਾ ਰਾਹੀਂ ਅੰਦਰ ਜਾਣ ਤੇ ਬਾਹਰ ਨਿਕਲਣ ਵਾਲੀ ਹਵਾ ਦੀ ਕ੍ਰਿਆ । ੧੬.੨
ਮ੍ਰਿਤ ਮੰਡਲ—ਮ੍ਰਿਤ ਲੋਕ, ਨਾਸ਼ਵੰਤ ਸੰਸਾਰ । ੧੯.੩, ੧੯੭.੨
ਮ੍ਰਿਤਕਾ—(ਸੰ. ਮ੍ਰਿਤਿਕਾ)) ਮਿੱਟੀ, ਹੋਰ ਦੇਖੋ 'ਮਾਟੀ' । ੪੫੬.੩
ਮ੍ਰਿਦੁ—(ਸੰ. ਮ੍ਰਿਦੁ) ਕੋਮਲ, ਨਾਜ਼ਕ, ਨਰਮ । ੬੦੬.੩

ਯ

ਯਾਹੀ—1. ਇਸੇ ਨੂੰ, ਇਸ ਨੂੰ । ੫੭੬.੧, ੨, ੩
2. ਇਥੋਂ, ਇਸੇ ਤੋਂ । ੫੮੧.੩,੪

ਰ

ਰਸ—1. ਖਾਣ ਪੀਣ ਵਾਲੀਆਂ ਵਸਤੂਆਂ ਦਾ ਸੁਆਦ, ਇਹ ਛੇ ਪ੍ਰਕਾਰ ਦੇ ਮੰਨੇ ਗਏ ਹਨ : ਮਧੁਰ, ਅਮਲ, ਤਿਕਤ, ਕਟੂ, ਲਵਣ, ਕਸ਼ਾਯ। ੧੩.੧, ੧੯.੨, ੪੯.੨, ੧੦੯.੩, ੧੩੧.੧, ੧੫੩.੩, ੧੫੮.੪, ੧੬੧.੨, ੧੭੯.੨, ੨੭੯.੩[2], ੩੩੦.੩, ੫੬੬.੧

2. ਫੁੱਲ, ਫੁੱਲ ਜਾ ਬਨਾਸਪਤੀ ਆਦਿ ਵਿਚੋਂ ਨਿਕਲਿਆ ਹੋਇਆ ਤਰਲ ਪਦਾਰਥ, ਸ਼ਤ ਅਥਵਾ ਪਰਾਗ ਆਦਿਕ। ੩੮.੩, ੬੮.੧, ੨, ੩,੪, ੮੫.੩, ੯੨.੧, ੯੪.੧, ੧੨੨.੧, ੧੨੯.੨, ੧੩੨.੨, ੧੯੮.੧, ੨੧੬.੧, ੨੨੨.੨, ੨੫੭.੩, ੨੬੭.੨, ੨੭੧.੧, ੨੯੩.੧, ੨੯੪.੪, ੩੩੫ ੩, ੩੩੮.੪, ੩੪੮.੩, ੪੩੩.੩, ੬੧੫.੨, ੬੫੮.੧

3. ਅਨੰਦ, ਸੁਆਦ, ਮਜ਼ਾ। ੫੩.੨[1], ੩, ੬੫.੧, ੭੩.੪, ੮੦.੩, ੯੬.੩, ੯੭ ੨, ੧੦੬ ੪, ੧੫੨.੩, ੧੬੬.੨, ੨੦੧.੪, ੨੭੬.੩, ੨੯੧.੨, ੩੦੩.੪, ੩੨੨.੩, ੩੫੨.੨, ੩੬੦.੪, ੩੮੭.੪, ੩੯੫.੩, ੩੯੬.੩, ੪੦੦.੪, ੪੩੧.੪, ੫੨੬.੩, ੫੫੬.੪. ੫੮੬.੨. ੬੦੭.੩, ੬੨੦.੨ ੬੭੦.੪, ੬੭੫.੪

4. ਜੀਭ ਦੀ ਭੋਜਨ ਆਦਿਕ ਪਦਾਰਥਾਂ ਵਿਚੋਂ ਸੁਆਦ ਲੈਣ ਵਾਲੀ ਸ਼ਕਤੀ। ੨੩੨.੨, ੨੮੬.੪, ੫੭੬.੩, ੬੫੩.੨

5. ਭੋਜਨ ਆਦਿ ਖਾਣ ਵਾਲੇ ਪਦਾਰਥਾਂ ਦੇ ਪਚ ਜਾਣ ਮਗਰੋਂ ਸਰੀਰ ਨੂੰ ਪੁਸ਼ਟ ਕਰਨ ਵਾਲਾ ਪਦਾਰਥ ਜਿਸਤੋਂ ਖ਼ੂਨ ਆਦਿਕ ਬਣਦਾ ਹੈ। ੨੪੫.੨

6. ਰਸਦਾਇਕ ਪਦਾਰਥ, ਆਨੰਦਮਈ ਵਸਤੂਆਂ। ੨੯੦.੧

7. ਅਨੰਦਦਾਇਕ, ਰਸਮਈ, ਰਸਦਾਇਕ। ੪੩੨.੩, ੫੫੯.੨, ੫੬੮.੪, ੬੦੦.੩, ੬੨੭.੩

8. ਪ੍ਰੇਮ, ਪਿਆਰ। ੬੪੭.੧

ਰਸਕ—(ਸੰ. ਰਸਿਕ) ਰਸ ਲੈਣ ਵਾਲੀ/ਵਾਲਾ/ਵਾਲੇ, ਰਸੀਆ, ਰਸੀਏ। ੨੦੬.੪, ੪੨੩.੩, ੪੨੪.੪, ੪੨੭.੨

ਰਸਕਸ—ਜੀਭ ਦੇ ਭਾਂਤ ਭਾਂਤ ਦੇ ਖੱਟੇ ਮਿੱਠੇ/ਭੈੜੇ ਚੰਗੇ ਸੁਆਦ, ਹੋਰ ਦੇਖੋ 'ਰਸ' (1)। ੨੪੩.੨

ਰਸਕਿ—ਰਸੀਏ/ਰਸੀਆ ਹੋਰ ਦੇਖੋ 'ਰਸਕ'। ੩੮੭.੪, ੪੨੬.੨, ੪੩੧.੩

ਰਸਗੰਧ—ਰਸ ਦੀ ਸੁਗੰਧੀ, ਭਾਵ ਨਾਮ ਰਸ ਦੀ ਸੁਗੰਧੀ। ੫੭ ੩

ਰਸਤ—ਰਸ ਲੈਂਦੀ ਹੈ, ਚਖਦੀ ਹੈ, ਭਾਵ ਜਾਪ ਕਰਦੀ ਹੈ ੩੬੫.੪

ਰਸਨ)— (ਸੰ. ਰਸ਼ਨਸ਼) ਜੀਭ, ਰਸਨਾ, ਜਿਹਵਾ, ਭੋਜਨ ਆਦਿਕ ਦਾ ਸੁਆਦ ਲੈਣ
ਰਸਨਾ) ਵਾਲੀ ਅਥਵਾ ਬੋਲਣ ਵਾਲੀ ਇੰਦ੍ਰੀ। ੧੦੪.੩/੧੩.੧, ੧੭ ੩, ੧੮.੨, ੨੦ ੨, ੫੨.੨, ੫੩.੩, ੪, ੬੫.੧, ੧੫੩.੩, ੧੫੮.੩, ੧੬੧.੨, ੧੭੩.੩, ੧੯੮.੧, ੨੦੧.੪, ੨੦੨.੨, ੨੩੨ ੨, ੨੭੬ ੩[2], ੨੮੩.੨, ੩੩੫.੩, ੩੫੨.੨, ੩੬੫.੪, ੪੦੧.੨, ੪੩੦.੧, ੫੭੬.੩, ੫੮੬.੩, ੫੯੬.੧, ੬੧੫.੨, ੬੨੦.੩, ੬੨੧.੩, ੬੨੨.੩[3], ੬੨੬.੨, ੬੨੮.੨, ੬੪੦.੨, ੬੪੪.੨, ੬੫੩.੨, ੬੬੯.੪

ਰਸਾਇ—1. ਰਸਾ ਰਸਾ ਕੇ, ਸੁਆਦ ਲੈ ਲੈ ਕੇ ਅਥਵਾ ਚੱਬ ਚੱਬ ਕੇ। ੬੧੫.੨

2. ਪ੍ਰਸੰਨ ਹੋ ਕੇ, ਖੁਸ਼ ਹੋ ਕੇ। ੬੫੬.੧

ਰਸਾਇਕੈ—(ਸੰ. ਰਸਾਯਨ) 1. ਰਸਾਇਣ ਆਦਿ ਦੁਆਰਾ, ਦੁਆਈਆਂ ਆਦਿਕ ਰਾਹੀਂ। ੩੭੮.੨

2. ਰਸਦਾਇਕ ਬਣਾਕੇ, ਆਨੰਦਦਾਇਕ ਬਣਾਕੇ। ੫੮੬.੩

SIKHBOOKCLUB.COM

ਰਸਾਇਨ—(ਸੰ. ਰਸਾਯਨ) 1. ਕੀਮਤੀ ਔਸ਼ਧੀ ਜੋ ਬੜੀ ਮਿਹਨਤ ਨਾਲ ਵੈਦ ਆਦਿਕ ਵਲੋਂ ਤਿਆਰ ਕੀਤੀ ਗਈ ਹੋਵੇ । ੨੦੧.੪

2. ਰਸਾਂ ਦਾ ਘਰ, ਰਸਾਂ ਦਾ ਭੰਡਾਰ । ੨੮੩.੨, ੨੮੮.੧

ਰਸਾਏ—ਆਨੰਦਿਤ, ਪ੍ਰਸੰਨ, ਦੇਖੋ 'ਰਸ' (3) । ੬੬੩.੧

ਰਸਾਤਲ—(ਸੰ. ਰਸਾਤਲ) ਧਰਤੀ ਦਾ ਹੇਠਲਾ ਲੋਕ, ਪਾਤਾਲ । ੪੨੨.੨, ੫੨੮.੪ (ਭਾਵ ਨਰਕ)

ਰਸਾਲ)— (ਸੰ. ਰਸਾਲ) 1. ਰਸੀਲੇ, ਮਧੁਰ, ਆਨੰਦਦਾਇਕ । ੨੦੫.੨, ੪੨੩.੩,
ਰਸਾਲੁ) ੪੨੪.੪/—

2. ਰਸਾਂ ਦਾ ਘਰ । ੬੨੦.੨/੩੮੭.੪

ਰਸਿ— 1. ਆਨੰਦ, ਹੋਰ ਦੇਖੋ 'ਰਸ' (3) । ੧੩੧.੨, ੬੨੧.੪

2. ਸਤ, ਹੋਰ ਦੇਖੋ 'ਰਸ' (2) । ੪੬੧.੩

ਰਸਿਕ—ਰਸੀਆ, ਹੋਰ ਦੇਖੋ 'ਰਸਕ' । ੩੪.੩, ੩੮.੩, ੬੨.੪, ੭੭.੩, ੯੪.੨, ੧੦੬.੩, ੧੯੪.੩, ੨੦੧.੪, ੨੧੪.੪, ੬੨੦.੨, ੬੨੧.੪, ੬੫੨.੪, ੬੫੩.੨, ੬੫੫.੪

ਰਸੀਲੀ)— 1. ਰਸਦਾਇਕ, ਰਸਮਈ, ਆਨੰਦਦਾਇਕ । ੧੭੩.੩, ੨੦੨.੨, ੨੦੬.੪,
ਰਸੀਲੇ) ੬੪੦.੨/੬੪.੨, ੬੫੫.੩

2. ਰਸ ਲੈਣ ਵਾਲੇ । —/੧੬੪.੩, ੪੨੭.੨

ਰਸੁ—1. ਸੁਆਦ, ਹੋਰ ਦੇਖੋ 'ਰਸ' (1) । ੧੫੮.੩, ੫੮੮.੩

2. ਪਾਨ ਆਦਿਕ ਵਿਚੋਂ ਨਿਕਲਿਆ ਤਰਲ ਪਦਾਰਥ, ਹੋਰ ਦੇਖੋ 'ਰਸ' (2) । ੨੫੮.੩

3. ਸਤ, ਨਿਚੋੜ, ਹੋਰ ਦੇਖੋ 'ਰਸ' (2) । ੨੬੬.੩

4. ਆਨੰਦ, ਹੋਰ ਦੇਖੋ 'ਰਸ' (3) । ੨੮੩.੨, ੩੫੦.੩

ਰਸੇ—ਸੁਆਦ ਵਿਚ ਗੜੁੰਦ ਰਸ/ਵਿਚ ਖਚਿਤ ਹੋਏ । ੬੨੨.੩

ਰਸੈ—ਰਸਦੀ ਹੈ, ਖੁੱਭਦੀ ਹੈ ਭਾਵ (ਉਹ ਦੀ ਸਿਫਤ ਸਲਾਹ ਕਰਨ ਵਿਚ) ਲੀਨ ਹੁੰਦੀ ਹੈ । ੬੨੬.੨

ਰਹਤ)— (ਸੰ. ਰਫ਼੍) 1. ਤਿਆਗਣ/ਛੱਡਣ ਤੋਂ ਭਾਵ । ੩੪.੩/—
ਰਹਤਿ)

2. (ਸੰ. ਰਹਿਤ) ਬਿਨਾਂ, ਬਗੈਰ । ੬੫.੧, ੧੬੮.੧/—

3. ਮੁਕਤ/ਛੁਟਕਾਰਾ ਹੋਣ ਤੋਂ ਭਾਵ । ੧੦੫.੨, ੨੬੭.੨/—

4. ਰਹਿੰਦੀ/ਰਹਿੰਦਾ, ਕਿਸੇ ਖਾਸ ਅਵਸਥਾ ਵਿਚ ਇਸਥਿਤ ਰਹਿਣ ਤੋਂ ਭਾਵ । ੨੬੩.੨, ੩, ੩੦੬.੨, ੩੩੨.੩, ੪੧੧.੩, ੪੩੪.੩, ੫੦੬.੩, ੫੧੫.੨, ੫੨੦.੪, ੫੪੬.੨/ ੪੬੬.੪

5. ਰਹਿ ਜਾਵੇ, ਟਿਕ ਜਾਵੇ । ੩੬੫.੧/—

6. ਅਮਲ/ਰਹਿਣੀ । ੪੩੭.੪, ੪੪੦.੪, ੬੧੩.੪/—

7. ਰਹਿੰਦੇ ਹਨ/ਰਹਿੰਦੀ ਹੈ, ਨਿਵਾਸ ਕਰਦੇ ਹਨ/ਕਰਦੀ ਹੈ । ੪੬੫.੩, ੫੩੦.੧/—

8. ਸਮਾਪਤ/ਖਤਮ ਹੋ ਜਾਣ ਤੋਂ ਭਾਵ । ੫੩੧.੪/—

ਰਹਾਈਐ—ਰਹਿੰਦੀ ਹੈ, ਦੇਖੋ 'ਰਹਤ' (4) । ੧੧੭.੨

ਰਹਿ—(ਸੰ. ਰਫ਼੍) ਰਹਿਣਾ, ਠਹਿਰਨਾ, ਟਿਕਣਾ, ਸਥਿਤ ਹੋਣਾ, । ੬.੬, (ਬਚਣ ਤੋਂ ਭਾਵ) ੪੪੭.੪

ਰਹਿਓ—1. ਰਿਹਾ, ਠਹਿਰਿਆ, ਟਿਕਿਆ, ਦੇਖੋ 'ਰਹਿ'। ੯.੨[3], ੨੩੭.੪, ੪੪੧.੪, ੫੩੧.੩

2. ਰਹਿ ਸਕਦਾ, ਟਿਕ ਸਕਦਾ। ੫੩੯.੩

ਰਹਿਤ—1. ਬਚਕੇ, ਮੁਕਤ ਹੋ ਕੇ, ਦੇਖੋ 'ਰਹਤ' (3)। ੧੧.੪

2. (ਸੰ. ਰਹਿਤ) ਮੁਕਤ, ਹੀਣ, ਭਾਵ ਨਿਰਲੇਪ। ੧੫੩.੩, ੧੭੩.੩, ੨੭੯.੩, ੨੮੯.੪, ੩੨੫.੪

3. ਰਹਿੰਦੀ, ਟਿਕਦੀ, ਠਹਿਰਦੀ। ੨੩੯.੧, ੨੭੯.੩

4. ਬਿਨਾਂ, ਬਗੈਰ, ਦੇਖੋ 'ਰਹਤ' (2)। ੩੩੦.੩

ਰਹੀ—(ਸੰ. ਰਹ੍) 1. ਟਿਕੀ, ਠਹਿਰੀ। ੯.੧[3], ੩

2. ਰਹਿੰਦਿਆਂ, ਨਿਵਾਸ ਕਰਦਿਆਂ। ੬੪੨.੨

ਰਹੇ—1. ਰਿਹਾ ਹੈ, ਠਹਿਰਿਆ ਹੈ, ਦੇਖੋ 'ਰਹੀ' (1)। ੨੨੯.੪

2. (ਭਾਵ) ਮੌਜੂਦ ਹੁੰਦਾ ਹੈ, ਦੇਖੋ 'ਰਹੀ' (2)। ੩੦੮.੪

3. ਰਹਿੰਦਾ ਹੈ, ਟਿੱਕਦਾ ਹੈ, ਠਹਿਰਦਾ ਹੈ। ੩੯੨.੪

ਰਹੈ—1. ਰਹਿ ਜਾਵੇ, ਭਾਵ ਬਚ ਜਾਵੇ। ੬੯.੩

2. ਰਹਿੰਦੀ ਹੈ/ਰਹਿੰਦਾ ਹੈ/ਰਹਿੰਦੇ ਹਨ, ਹੋਰ ਦੇਖੋ 'ਰਹਤ' (4)। ੯੫.੧,੨, ੧੨੧.੨, ੩, ੨੯੬.੩, ੩੨੨.੧, ੩੫੩.੨, ੩੫੪.੧, ੩੯੫.੧, ੪੧੧.੪, ੪੧੨.੩, ੪੧੫.੨, ੪੨੬.੨, ੪੪੦.੪, ੪੬੩.੨, ੪੯੪.੨, ੬੧੦.੩, ੬੧੫.੨, ੬੩੦.੨

3. ਰਹੇ, ਸਥਿਤ ਰਹੇ, ਹੋਰ ਦੇਖੋ 'ਰਹਤ' (4)। ੩੨੯.੩, ੬੭੨.੪

4. ਰਹਿੰਦੇ ਹਨ, ਨਿਵਾਸ ਕਰਦੇ ਹਨ, ਦੇਖੋ 'ਰਹਤ' (7)। ੪੯੩.੩

ਰਹੋ'—ਰਹਾਂ, ਸਥਿਤ ਰਹਾਂ, ਹੋਰ ਦੇਖੋ 'ਰਹਤ' (4)। ੬੫੪.੪

ਰੰਕ—(ਸੰ. ਰङ्क) ਕੰਗਾਲ, ਨਿਰਧਨ ਅਥਵਾ ਅਤਿ ਗਰੀਬ। ੫੦੫.੩

ਰੰਕਨ—ਰੰਕ ਕੋਲੋਂ, ਕੰਗਾਲ ਪਾਸੋਂ। ੪੭੫.੨

ਰਖਨ—(ਸੰ. ਰक्षणम्) ਬਚਾ, ਸਾਂਭ ਕੇ ਅਥਵਾ ਠੀਕ ਠਾਕ ਰਖਣ ਤੋਂ ਭਾਵ। ੫੦੬.੨

ਰਖਵਈਆ—ਰਖਣ ਵਾਲਾ, ਭਾਵ ਕੋਲ ਰਖਣ ਵਾਲਾ। ੩੬੩.੨

ਰਖੀਸੁਰਾਦਿ—(ਸੰ. ਸ਼ੂਥਿ) ਰਿਖੀਰਾਜ ਆਦਿਕ ਰਿਸ਼ੀਆਂ ਵਿਚੋਂ ਵੀ ਪ੍ਰਧਾਨ/ਸ਼ਰੋਮਣੀ ਰਿਸ਼ੀ ਆਦਿਕ। ੫੪੩.੨

ਰੰਗ—(ਸੰ. ਰङ्ग.) 1. ਸੰਸਾਰ ਦਾ ਖੇਲ-ਤਮਾਸ਼ਾ/ਤਮਾਸ਼ੇ ਆਦਿਕ। ੨੦.੧

2. ਅਨੰਦ, ਖੇੜਾ, ਖੁਸ਼ੀ। ੬੧.੨, ੭੩.੪, ੯੬.੩, ੧੧੨.੨, ੧੬੯.੨, ੧੭੦.੧[3], ੨੬੫.੧, ੩੦੩ ੪, ੪੦੦.੩, ੫੭੪.੧

3. ਪ੍ਰਭਾਵ, ਅਸਰ (ਭਾਵ)। ੮੫.੩, ੮੮.੧, ੯੪.੧' ੧੯੪.੨, ੩੦੨.੧

4. ਵਰਣ, ਕਾਲਾ, ਪੀਲਾ, ਲਾਲ ਆਦਿਕ। ੧੦੩.੩, ੧੧੪.੪, ੧੩੧.੧, ੧੩੨.੩[3], ੧੫੫.੩[2], ੧੫੬.੧[2], ੧੫੮.੧[3], ੧੬੧.੧, ੪੪੩.੩, ੪੬੦.੧, ੪੭੪.੧, ੫੭੬.੩

5. ਦਸ਼ਾ, ਹਾਲਤ, ਅਵਸਥਾ। ੧੬੫.੪, ੪੬੨.੧

6. ਸਰੀਰ ਅਤੇ ਚਿਹਰੇ ਦੀ ਰੰਗਤ। ੨੦੬.੪, ੨੮੪.੨, ੪੪੬.੩, ੬੨੦.੪

7. ਸੁੰਦਰਤਾ, ਸੁਹੱਪਣ, ਚਮਕ-ਦਮਕ। ੨੦੬.੨, ੨੧੧.੨

8. ਅਧਿਆਤਮਕ ਅਨੰਦ, ਪਰਮਾਤਮ ਰੰਗ। ੨੧੫.੪, ੨੬੦.੧

9. ਪਿਆਰ, ਪਰੀਤ। ੫੮੬.੪

ਰੰਗਨੁ—ਰੰਗਾਂ ਨੂੰ, ਵਰਣਾਂ ਨੂੰ, ਦੇਖੋ 'ਰੰਗ' (4)। ੧੩੪.੩

ਰੰਗਿ—ਵਰਣ, ਹੋਰ ਦੇਖੋ 'ਰੰਗ' (4) । ੫੩੭.੧

ਰੰਗੀਲੀ—ਅਨੂਪਮ ਰੰਗਾਂ ਵਿਚ ਰੰਗੀ ਹੋਈ, ਭਾਵ ਅਨੂਪਮ ਚਮਕ-ਦਮਕ ਵਾਲੀ ਦੇਖੋ 'ਰੰਗ' (7)। ੨੦੯.੨

ਰੰਗੀਲੇ—ਰੰਗ ਵਿਚ ਰੰਗੇ ਹੋਏ, ਰੰਗ ਵਾਲੇ । ੮੮.੧, ੯੪.੧, ੧੯੪.੨

ਰੰਗੁ—ਵਰਣ, ਹੋਰ ਦੇਖੋ 'ਰੰਗ' (4) । ੧੩੪.੩, ੨੫੮.੩

ਰਘੁਪਤਿ (ਸੰ. ਰਘੁਪਤਿ) ਸ੍ਰੀ ਰਾਮ ਜੀ, ਅਯੁਧਿਆ ਦੇ ਮਹਾਰਾਜ ਦਸ਼ਰਥ ਦੇ ਪੁੱਤਰ । ਇਹ ਵਿਸ਼ਣੂ ਦੇ ਮਰਿਯਾਦਾ ਪਰਸ਼ੋਤਮ ਅਵਤਾਰ ਦੇ ਰੂਪ ਵਿਚ ਸਵੀਕਾਰੇ ਜਾਂਦੇ ਹਨ । ਮਹਾਰਾਜਾ ਜਨਕ ਦੀ ਪੁੱਤਰੀ ਸੀਤਾ ਨਾਲ ਵਿਆਹ ਹੋਇਆ । ਦੋ ਪੁੱਤਰ ਲਵ ਤੇ ਕੁਸ਼ ਹੋਏ । ਰਾਵਣ ਆਦਿਕ ਰਾਕਸ਼ਾਂ ਨਾਲ ਯੁੱਧ ਕਰਕੇ ਉਨ੍ਹਾ ਦਾ ਨਾਸ਼ ਕੀਤਾ । ੧੦੩.੨

ਰਘੁਬੰਸੀ—ਰਘੁ ਬੰਸ ਦੇ ਸ੍ਰੀ ਰਾਮ ਚੰਦਰ ਦੇ ਅਨੁਯਾਈ, ਰਾਮ ਭਗਤ । ੪੪.੩

ਰੰਚਕ—(ਸੰ. ਅਲ੍ਪ) ਥੋੜ੍ਹੀ ਜਿਹੀ, ਰਤਾ ਕੁ, ਮਾਮੂਲੀ । ੩੬੪.੩, ੫੦੬.੩

ਰਚਤ)—, (ਸੰ. ਰਚ੍) 1. ਰਚ ਰਹੀਆਂ ਹਨ, ਸਜਾ ਰਹੀਆਂ ਹਨ । ੩੪੬.੧/—

ਰਚਤਿ) 2. ਰਚਦੀ ਹੈ, ਸਜਾਉਂਦੀ ਹੈ । ੩੮੪.੧, ੩੮੫.੨, ੪੦੫.੨, ੫੭੭.੧/ ੩੮੪.੧

3. ਰਚਦੇ ਹਨ, ਉਸਾਰਦੇ ਹਨ, ਬਣਾਉਂਦੇ ਹਨ । ੫੩੧.੨/—

4. ਰਚੇ ਗਏ ਹਨ, ਬਣੇ ਹਨ ਅਥਵਾ ਹੋਂਦ ਵਿਚ ਆਏ ਹਨ । ੬੨੪.੧/—

ਰਚਨ)— (ਸੰ. ਰਚਨ, ਰਚਨਾ) 1. ਰਚੀ ਜਾਂ ਬਣਾਈ ਗਈ ਵਸਤੂ, ਰਚਨਾ ।

ਰਚਨਾ) ੭.੭, ੪੯.੧, ੧੩੦.੩, ੨੦੩.੨/੫੪.੨, ੩੭੫.੨

2. ਦੁਨਿਆਵੀ, ਸੰਸਾਰਿਕ । ੪੩੨.੩

3. ਰਚਿਤ ਦ੍ਰਿਸ਼ਟਮਾਨ ਸੰਸਾਰ ਆਦਿਕ (ਭਾਵ) । ੨੪੪.੧/੨੩੨.੧, ੨੭੪.੧, ੨੭੫.੧, ੨੮੨.੪, ੩੪੨.੧

ਰਚਿ—(ਸੰ. ਰਚ੍) ਬਣਾ ਕੇ, ਸਿਰਜ ਕੇ । ੭.੭, ੬੨੭.੪

ਰਚਿਓ—1. ਰਚਿਆ ਹੈ, ਸਿਰਜਿਆ ਹੈ, ਦੇਖੋ 'ਰਚਿ' । ੫੪.੧

2. ਰਚਿਆ ਹੋਇਆ ਭਾਵ ਜੁੜਿਆ ਹੋਇਆ, ਲਿਵਲੀਨ ਹੈ । ੪੯੨.੧

ਰਚੈ—ਰਚਦੀ ਹੈ, ਬਣਾਉਂਦੀ ਹੈ, ਦੇਖੋ 'ਰਚਿ' । ੬੩੭.੧

ਰਜ—(ਸੰ. ਰਜਸ੍) 1. ਧੂੜ, ਧੂਲ, ਮਿੱਟੀ, ਖ਼ਾਕ । ੭੮.੩, ੯੧.੨, ੧੮੦.੧, ੧੯੩.੧, ੨੫੯.੨, ੨੮੫.੨, ੨੯੦.੩, ੨੯੫.੧, ੩੩੭.੧, ੩੩੮.੧, ੩੩੯.੧, ੨, ੩, ੪, ੩੯੬.੨, ੪੦੧.੧, ੪੧੬.੪, ੪੨੧.੪, ੪੨੯.੧

2. ਰਜੋ ਗੁਣ ਮਾਇਆ ਦੇ ਤਿੰਨ ਗੁਣ ਰਜ, ਤਮ ਤੇ ਸਤ ਵਿਚੋਂ ਇਕ ਗੁਣ ਜੋ ਮੋਹ ਤੇ ਅਹੰਕਾਰ ਆਦਿਕ ਦਾ ਕਾਰਣ ਹੈ । ੭੭੨.੧

ਰਜਨੀ—(ਸੰ. ਰਜਨਿ, ਰਜਨੀ) ਰਾਤ, ਰੈਣ, ਸੂਰਜ ਦੇ ਡੁੱਬਣ ਤੋਂ ਲੈਕੇ ਸੂਰਜ ਦੇ ਚੜ੍ਹਨ ਤਕ ਦਾ ਸਮਾਂ । ੨੧੨.੨, ੩੧੧.੧, ੫੮੬.੨, ੬੫੬.੨, ੬੬੦.੩

ਰਜਿ—ਰਜੋ ਗੁਣ, ਹੋਰ ਦੇਖੋ 'ਰਜ' (2) । ੧੫੭.੩

ਰਜਿੰਦ—(ਸੰ. ਰਾਜੇਨ੍ਦ੍ਰ) ਰਾਜਇੰਦਰ, ਮਹਾਰਾਜਾ । ੪੬੪.੨

ਰਜੁ—ਧੂੜੀ, ਹੋਰ ਦੇਖੋ 'ਰਜ' (1) । ੨੪੬.੪

ਰਟਤ—(ਸੰ. √ਰਟ੍) ਰਟਦੀ ਹੈ, ਬਾਰ ਬਾਰ ਦੁਹਰਾਉਂਦੀ ਹੈ । ੬੨੧.੩, ੬੨੨.੩

ਰਤਨ—(ਸੰ. ਰਤ੍ਨਸ੍) 1. ਜਵਾਹਰ, ਹੀਰਾ, ਪੰਨਾ ਆਦਿਕ ਕੀਮਤੀ ਪੱਥਰ । ੬੧.੩. ੬੭.੧[3] ੭੬.੨, ੨੭੫.੪, ੨੬੦.੨, ੪੫੫.੧[3], ੪੭੫.੨, ੪੭੬.੧, ੫੭੦.੨, ੫੮੮.੧, ੫੮੬.੪

2. ਰਤਨ (ਗਿਆਨ ਰੂਪੀ) । ੧੨੬.੨

3. ਜੀਵਨ, ਜ਼ਿੰਦਗੀ (ਭਾਵ) । ੧੬੨.੨

ਰਤਨੈ—ਰਤਨ ਨੂੰ, ਦੇਖੋ 'ਰਤਨ' (1) । ੬੭੫.੪

ਰਤਿ –(ਸੰ. ਰਤਿ:) ਪਰੇਮ, ਪਿਆਰ, ਅਨੁਰਾਗ । ੯.੩[3], ੬੫੯.੧

ਰਤੀ –(ਸੰ. ਰਕ੍ਤਿਕਾ) ਲਾਲ ਜੰਗ ਦਾ ਇਕ ਦਾਣਾ ਜਿਸ ਦਾ ਤੋਲ ਅੱਠ ਚੌਲਾਂ ਦੇ ਬਰਾਬਰ ਹੁੰਦਾ ਹੈ । ਤੋਲ ਦੀ ਇਕ ਇਕਾਈ । ੨੨੬.੩[3]

ਰਥੁ– (ਸੰ. ਰਥ:) ਚਾਰ ਜਾਂ ਦੋ ਪਹੀਆਂ ਦੀ ਇਕ ਖ਼ਾਸ ਕਿਸਮ ਦੀ ਸਵਾਰੀ ਗੱਡੀ ਜੋ ਪੁਰਾਣੇ ਸਮਿਆਂ ਵਿਚ ਯੁੱਧ ਅਥਵਾ ਯਾਤਰਾ ਆਦਿ ਲਈ ਵਰਤੋਂ ਵਿਚ ਲਿਆਂਦੀ ਜਾਂਦੀ ਸੀ । ੩੧੩.੨

ਰਨਜੀਤ—(ਸੰ. ਰਣ + ਜਿਤਿ) ਸੰਗਰਾਮ, ਯੁੱਧ, ਜੰਗ/ਜਿਤ ਕੇ ਆਉਣ ਤੋਂ ਭਾਵ । ੬੧੭ ੩

ਰੰਮ – (ਸੰ. ਰਮ) ਸੁੰਦਰ, ਮਨੋਹਰ । ੬੪੯.੧

ਰਮਤ– (ਸੰ. ਰਮਣ) ਰਮਿਆ ਰਹਿੰਦਾ, ਲਗਿਆ ਰਹਿੰਦਾ, ਜੁੜਿਆ ਰਹਿੰਦਾ । ੪੧੩.੩, ੫੨੬.੩

ਰਮਤਾ—ਲਿਵਲੀਨ ਹੋਇਆਂ, ਜੁੜਿਆਂ, ਪ੍ਰਵਿਰਤ ਹੋਣ ਦੁਆਰਾ, ਦੇਖੋ 'ਰਮਤ' । ੫.੨, ੪, ੫, ੮

ਰਮਾ—(ਸੰ. ਰਮਾ) ਵਿਸ਼ਨੂ ਦੀ ਪਤਨੀ, ਸ੍ਰੀ ਲਕਸ਼ਮੀ । ੬੪੯.੧

ਰੰਮਿਤਾ—(ਸੰ. ਰਮਣ) ਜਾਂਦਾ, ਘੁੰਮਦਾ ਫਿਰਦਾ, ਵਿਚਰਦਾ । ੩੧੬.੨

ਰਮੈ)— (ਸੰ. ਰਮਯਸ੍) ਭੋਗ ਵਿਲਾਸ ਕਰਦੀ ਹੈ/ਕਰਦਾ ਹੈ, ਸੰਭੋਗ ਕਰਦੀ/ਕਰਦਾ ਹੈ।

ਰਵਤ) ੩੮੪.੨, ੮੪੦.੨/੫੧੬.੧

ਰਵਨ -(ਸੰ. ਰਮਣ) 1. (ਪੰਛੀਆਂ ਆਦਿ ਦਾ) ਘੁੰਮਣਾ, ਫਿਰਨਾ, ਦੇਖੋ 'ਰੰਮਿਤਾ' । ੭੪.੪

2. ਚਲਣ (ਕਰਕੇ) ਤੁਰ ਕੇ ਜਾਣ (ਕਾਰਨ) । ੬੧.੧

3. ਚਲਣ/ਭਰਨ ਅਥਵਾ ਵਹਿਣ ਤੋਂ ਭਾਵ । ੨੬੧.੩

4. ਜਾਣ/ਕੂਚ ਕਰਨ ਤੋਂ ਭਾਵ । ੬੩੬.੪

ਰਵਨੀ—(ਸੰ. ਰਮਣੀ) ਸੁੰਦਰ ਇਸਤਰੀਆਂ, ਸੁਹਣੀਆਂ ਔਰਤਾਂ । ੫੧੬.੧

ਰਵਿ—(ਸੰ. ਰਵਿ) 1. ਸੂਰਜ, ਹੋਰ ਦੇਖੋ, 'ਸੂਰਜ' । ੧੩੪.੪, ੨੦੭.੪, ੨੬੬.੨, ੨੬੭.੧, ੨੬੬.੧, ੩੨੧.੧, ੪੭੭.੨, ੪੬੬.੧

ਰਵਿ ਸੁਤਿ –(ਸੰ. ਰਵਿ + ਸੂਨ) ਸੂਰਜ ਦਾ ਪੁੱਤਰ, ਧਰਮ ਰਾਜ, ਯਮਰਾਜ, ਹੋਰ ਦੇਖੋ 'ਜਮ' । ੧੬੦.੩

ਰਵਿਦਾਸ—ਰਵਿਦਾਸ ਭਗਤ, ਜਾਤੀ ਦੇ ਚਮਾਰ ਤੇ ਬਨਾਰਸ ਦੇ ਜੰਮਪਲ ਸਨ । ਜਨਮ ਮਰਨ ਦੀਆਂ ਨਿਸਚਿਤ ਤਾਰੀਖਾਂ ਨਹੀਂ ਮਿਲਦੀਆਂ । ਆਪਣੀ ਬਾਣੀ ਵਿਚ ਧਾਰਮਿਕ ਕਰਮਕਾਂਡਾਂ ਤੇ ਜਾਤ ਪਾਤ ਆਦਿ ਦਾ ਭਰਪੂਰ ਵਿਸ਼ਲੇਸ਼ਣ ਤੇ ਖੰਡਨ ਕੀਤਾ ਹੈ । ਗੁਰੂ ਗ੍ਰੰਥ ਸਾਹਿਬ ਵਿਚ ਆਪਦੇ ਸੋਲਾਂ ਰਾਗਾਂ ਵਿਚ 40 ਸ਼ਬਦ ਦਰਜ ਹਨ । ੬੩੨.੪

ਰਾਸਿ—(ਸੰ ਰਾਸ) 1. ਆਨੰਦ, ਖੁਸ਼ੀ । ੨੮੫.੨

2. (ਸੰ. ਰਾਸ਼ਿ) ਭੰਡਾਰ, ਖਜ਼ਾਨਾ । ੨੬੦.੧

ਰਾਹ—(ਸੰ. ਰਾਹੂ) ਪੁਰਾਣਾ ਅਨੁਸਾਰ ਨੌਂ ਗ੍ਰਹਿਆਂ ਵਿਚੋਂ ਇਕ ਗ੍ਰਹਿ ਜੋ ਵਿਪਰਚਿਤਿ ਦੇ ਵੀਰਜ ਅਤੇ ਸਿੰਹਿਕਾ ਦੇ ਪੇਟੋਂ ਉਤਪੰਨ ਹੋਇਆ ਮੰਨਿਆ ਜਾਂਦਾ । ੨੬੬.੧, ੪੫੦.੪, ੪੭੭.੨

ਰਾਖ—(ਸੰ. ਰਕ੍ਸ਼ਾ) ਰਖਵਾਲੀ, ਸਾਂਭ ਸੰਭਾਲ । ੬੭੫.੩

ਰਾਖਈ—1. ਰਖ ਲੈਂਦਾ ਭਾਵ ਆਪਣਾ ਲੈਂਦਾ । ੧੫੫.੩
2. ਰੱਖ ਲੈਂਦੇ, ਠਹਿਰਾ ਲੈਂਦੇ । ੬੦੭.੧

ਰਾਖਤ—1. ਰਖ ਦਿੰਦਾ, ਭਾਵ ਸੋਂਪ ਦਿੰਦਾ । ੩੫੮.੧
2. ਰੱਖਦਾ ਹੈ, ਠਹਿਰਾਉਂਦਾ ਹੈ । ੪੮੦.੪, ੪੮੧.੩

ਰਾਖਤ ਹੀ—ਰਖਦਿਆਂ ਸਾਰ, ਭਾਵ ਉਸੇ ਵੇਲੇ । ੩੬੭.੩, ੬੦੬.੨

ਰਾਖਨਹਾਰੁ—(ਸੰ. ਰਕ੍ਸ਼ਥਸ੍) ਰਾਖਾ, ਰੱਖਣਵਾਲਾ, ਰਖਿਆ ਕਰਨ ਵਾਲਾ । ੨੨੧.੩

ਰਾਖਿ—(ਸੰ. ਰਕ੍ਸ਼ਥਸ੍) 1. ਰੱਖਿਆ, ਬਚਾਉ । ੩੧੭.੨, ੩੧੮.੩, ੩੨੦.੧
2. ਰੋਕਣਾ, ਹਟਾਉਣਾ, ਵਰਜਣਾ । ੩੧੬.੨, ੩੨੦.੨
3. ਰੱਖਣ/ਠਹਿਰਾਉਣ ਤੋਂ ਭਾਵ । ੪੪੧.੪
4. ਰੱਖਕੇ, ਟਿਕਾਕੇ, ਧਰਕੇ । ੫੧੦.੩

ਰਾਖਿਓ—1. ਰੱਖਿਆ, ਟਿਕਾਇਆ । ੨੧੩.੨, ੫੦੫.੩
2. ਰੱਖਿਆ ਕੀਤੋ, ਬਚਾ ਕੀਤਾ । ੪੩੬.੨

ਰਾਖੀ—1. ਰੱਖੀ, ਟਿੱਕਾਈ, ਧਰੀ । ੧੪੪.੧, ੨੩੨.੨
2. ਰੱਕਿਆਂ, ਹਟਾਇਆਂ । ੨੩੬.੧, ੩੩੨.੩

ਰਾਖੀਅਤ—ਰੱਖੀਦੀਆਂ ਹਨ, ਟਿਕਾਈਦੀਆਂ ਹਨ । ੫੬੨.੪

ਰਾਖੀਅਤਿ—ਰੱਖੀਦਾ ਹੈ, ਟਿਕਾਈਦਾ ਹੈ । ੨੩੧.੧

ਰਾਖੀਐ—(ਸੰ. ਰਕ੍ਸ਼ਥਸ੍) 1. ਰੱਖਿਆ ਕਰੀਏ, ਰਾਖੀ ਕਰੀਏ, ਬਚਾਉ ਕਰੀਏ । ੨੨੧ ੨
2. ਰੱਖ, ਅਥਵਾ ਰਹਿਣ ਦੇ, ਟਿਕਣ ਦੇ (ਸੰਬੋਧਨ ਵਾਚੀ) ੩੪੮.੨
3. ਰੱਖੀਦਾ ਹੈ, ਸਾਂਭੀਦਾ ਹੈ । ੩੯੮.੨, ੫੦੬.੨
4. ਰੱਖੀਏ, ਸਾਂਭੀਏ । ੪੧੦.੧, ੨, ੪੪੬.੩, ੫੩੨.੧
5. ਰੱਖੀਏ, ਧਰੀਏ, ਟਿਕਾਈਏ । ੪੧੦.੨, ੫੧੪.੧, ੨, ੫੭੦.੩, ੫੮੫.੧, ੫੯੬.੨

ਰਾਖੈ, **ਰਾਖੈ**—1. ਰੱਖਦਾ, ਟਿਕਾਉਂਦਾ । ੬੧.੧, ੭੮.੪, ੮੨.੩, ੨੫੯.੧/੧੧੧.੩, ੨੮੧.੧, ੩੬੩.੧, ੩੬੯.੪, ੫੫੩.੪, ੫੬੮.੧, ੬੦੭.੩
2. ਰੱਖਿਆ, ਟਿਕਾਇਆ, ਟਿਕਾਉਣ ਕਰਕੇ । ੧੨੧.੨/—
3. ਰੱਖੀ, ਠਹਿਰਾਈ । ੨੧੬.੩/—
4. ਰੱਖਦਾ ਭਾਵ ਅਪਨਾ ਲੈਂਦਾ । —/੧੩੪.੩
5. ਰੱਖਿਆ ਕਰੇ, ਬਚਾਏ, ਦੇਖੋ 'ਰਾਖੀਐ' (1) । —/੧੩੪.੩, ੨੨੧.੧
6. ਰੱਖਿਆ ਕਰਦੀ ਹੈ/ਰੱਖਿਆ ਕਰਦਾ ਹੈ, ਬਚਾਉ ਦੀ ਹੈ/ਬਚਾਉਂਦਾ ਹੈ । —/੩੫੩.੧, ੩੬੬.੧, ੫੬੩.੧
7. ਰੱਖਦਾ, ਰੱਖਿਆ ਕਰਦਾ ਭਾਵ ਨਿਭਾਉਂਦਾ । —/੩੭੬.੨, ੫੩੬.੩
8. ਰੱਖੀਏ, ਟਿਕਾਈਏ, ਧਰੀਏ । —/੩੬੪.੧, ੪੬੧.੧, ੬੦੦.੧
9. ਰੱਖਿਆ, ਧਰਿਆ । —/੪੩੫.੩

ਰਾਗ—(ਸੰ. ਰਾਗ:) 1. ਗਾਉਣ ਦਾ ਉਹ ਵਿਸ਼ੇਸ਼ ਢੰਗ ਜਿਸਦਾ ਸਰੂਪ ਸੁਰ-ਪ੍ਰਬੰਧ ਨਾਲ ਨਿਸ਼ਚਿਤ ਕੀਤਾ ਜਾਂਦਾ ਹੈ ਅਤੇ ਲੈਅ ਤਾਲ ਦਾ ਖ਼ਾਸ ਧਿਆਨ ਰਖਿਆ ਜਾਂਦਾ ਹੈ ਅਤੇ ਜਿਸ ਦੇ ਸੁਣਨ ਤੋਂ ਚਿਤ ਵਿਚ ਰਾਗ (ਪ੍ਰੇਮ) ਉਪਜਦਾ ਹੈ । ਸੰਗੀਤ ਸ਼ਾਸਤਰੀਆਂ ਅਨੁਸਾਰ ਮੁੱਖ ਰਾਗ ਛੇ ਮੰਨੇ ਗਏ ਹਨ : ਭੈਰਵ, ਕੌਸ਼ਿਕ, ਹਿੰਦੋਲ, ਦੀਪਕ, ਸ੍ਰੀ ਰਾਗ ਤੇ ਮੇਘ ।

੨.ਏ, ੧੩.ਤ, ੫੨.ਅ, ੯ਏ.ਤ, ੧੧੨.ਤ, ੧੧ਏ.੨, ੧੩੧.੨, ੧੪ਏ ਤ, ੧੮੫.੨, ੧੮੮.ਤ, ੨੫੪.ਤ, ੨੫੫.ਤ, ੨ਏ੫.ਤ, ੨੭੫.ਤ, ੨੮੫.ਤ, ੩੪੧.੨, ੩੫੨.ਤ, ੪੪੯.੨, ੪੭੪.੨, ੪੭੫.ਤ, ੪੮੨.ਤ, ੫੦੦.ਤ, ੫੩੩.੧, ੫੪੦.ਤ, ੫੭੪.੨, ੫੮੦.੨, ੫੮ਏ.ਤ, ਏ੦੦.੨, ਏ੨੦.ਤ, ਏ੭੫.੧,

2. ਪਿਆਰ, ਪਰੇਮ, ਨੇਹੁੰ । ੪੦੬.ਤ

ਰਾਗਨ—ਰਾਗਾਂ ਵਿਚੋਂ', ਰਾਗਾਂ ਵਿਖੇ, ਦੇਖੋ 'ਰਾਗ' (1) । ੩੭ਏ.ਤ

ਰਾਗਨਿ ਰਾਗਨੀ—(ਸੰ. ਰਾਗਿਣੀ) ਰਾਗਾਂ ਦੀਆਂ ਪਤਨੀਆਂ । ਵੱਖ ਵੱਖ ਸੰਗੀਤ ਪ੍ਰਬੰਧਾਂ ਅਨੁਸਾਰ ਇਹ 30 ਜਾਂ 36 ਮੰਨੀਆਂ ਗਈਆਂ ਹਨ । ੨.ਏ/੨੮੫.ਤ, ੩੪੧.੨, ੫੮੦.੨, ਏ੦੦.੨

ਰਾਗੀ—(ਸੰ. ਰਾਗਿਨ੍) ਗਵੱਈਆ, ਗਾਇਕ, ਰਾਗ ਦੀ ਬੰਦਸ਼ ਵਿਚ ਗਾਉਣ ਵਾਲਾ । ਏ੭੫.੧

ਰਾਚਹੁ—(ਸੰ. √ਰੰਜ੍) ਰਚੋ, ਇਕਮਿਕ ਹੋਵੋ, ਲਿਵਲੀਨ ਹੋਵੋ । ੫ਏ੨.ਖ

ਰਾਚੈ—ਰਚ ਜਾਵੇ, ਮੁਗਧ ਹੋ ਜਾਵੇ, ਦੇਖੋ 'ਰਾਚਹੁ' । ੪੧੨.੨

ਰਾਜ—(ਸੰ. ਰਾਜ੍ਯਸ੍) 1. ਹਕੂਮਤ, ਪ੍ਰਸ਼ਾਸਨ, ਰਾਜਸੱਤਾ । ੪ਏ.੧, ੧੨੦.ਤ, ੩੦੪.੨, ੩੭੧.੧, ੪੭੩.ਖ, ੫ਏ੩.੧, ਏ੧ਏ.ਖ

2. ਰਿਆਸਤ, ਸਾਮਰਾਜ, ਕਿਸੇ ਰਾਜੇ ਦਾ ਇਲਾਕਾ । ੨੪ਏ.੧

ਰਾਜਗ੍ਰਿਹਿ—(ਸੰ. ਰਾਜ੍ਯ + ਗ੍ਰੁਹ੍ਸ੍) ਰਾਜਮਹਲ, ਰਾਜਿਆਂ ਦਾ ਨਿਵਾਸ ਸਥਾਨ । ੫੨ਏ ੨

ਰਾਜਤ—(ਸੰ. ਰਾਜ੍) ਪ੍ਰਕਾਸ਼ਿਤ ਅਥਵਾ ਬਿਰਾਜ ਰਿਹਾ ਹੈ, ਸੁਸ਼ੋਭਿਤ ਹੋ ਰਿਹਾ ਹੈ । ਏ੧ਏ.੧

ਰਾਜਦੁਆਰ ਰਾਜਦ੍ਵਾਰ—1. ਰਾਜ ਦਰਬਾਰ, ਜਿਥੇ ਰਾਜੇ ਦਾ ਦਰਬਾਰ ਲਗਿਆ ਹੋਵੇ । ੩੧੦.ਤ/—

2. ਰਾਜ ਦੁਆਰ, ਰਾਜੇ ਦਾ ਦਰਵਾਜ਼ਾ ਭਾਵ ਰਾਜੇ ਦੀ ਹਕੂਮਤ ਦੀ ਛੱਤਰ ਛਾਇਆ । ੪੪੧.ਤ, ੪ਏ੪.ਤ/ਏ੭੪.੨

ਰਾਜਨੀਤ ਰਾਜਨੀਤਿ—(ਸੰ. ਰਾਜਨੀਤਿ) ਸਿਆਸਤ, ਉਹ ਨੀਤੀ/ਢੰਗ ਜਿਸ ਨਾਲ ਕੋਈ ਸ਼ਾਸਕ ਆਪਣੇ ਰਾਜ-ਕਾਜ ਨੂੰ ਚਲਾਉਂਦਾ ਹੈ । ੪੧੮.੨/੪ਏ.੪, ੨੪ਏ.ਤ, ੩੫੧.ਤ, ੩੫੪.੨

ਰਾਜਭਾਗ—ਹਕੂਮਤ, ਰਾਜ ਸੱਤਾ, ਦੇਖੋ 'ਰਾਜ' (1) । ੨ਏ੫.੨

ਰਾਜਾ—(ਸੰ. ਰਾਜਨ੍) ਬਾਦਸ਼ਾਹ, ਭੂਪ, ਕਿਸੇ ਇਲਾਕੇ ਦਾ ਖ਼ੁਦਮੁਖ਼ਤਿਆਰ ਸ਼ਾਸਕ । ੧੨੦.੧, ੪੧੮.੨, ੫੧ਏ.੧

ਰਾਜਾਨ—ਰਾਜਿਆਂ ਦਾ ਰਾਜਾ, ਮਹਾਰਾਜਾ, ਦੇਖੋ 'ਰਾਜਾ' । ਏ੧ਏ.੧

ਰਾਜੀ—(ਸੰ. ਰਾਜੀ) ਸ਼੍ਰੇਣੀ, ਕਤਾਰ, ਭਾਂਡ ਸਮਾਜ । ੪੦੩.੨

ਰਾਜੁ—ਰਾਜਭਾਗ, ਹਕੂਮਤ, ਬਾਦਸ਼ਾਹਤ, ਦੇਖੋ 'ਰਾਜ' (1) । ੪੭੫.੨

ਰਾਜੁ-ਡੰਡ—(ਸੰ. ਰਾਜਦਣ੍ਡ) ਰਾਜੇ ਦੁਆਰਾ ਦਿੱਤੀ ਗਈ ਸਜ਼ਾ, ਹਕੂਮਤ ਵਲੋਂ ਦਿੱਤਾ ਗਿਆ ਦੰਡ । ੪੭ਏ.੧

ਰਾਜੁਕੁਆਰ—(ਸੰ. ਰਾਜਕੁਮਾਰ) ਰਾਜੇ ਦਾ ਪੁੱਤਰ, ਬਾਦਸ਼ਾਹ ਦਾ ਲੜਕਾ । ੪ਏ੭.ਖ

ਰਾਤ ਰਾਤਿ—(ਸੰ. ਰਾਤ੍ਰਿ:) ਰੈਣ, ਨਿਸ਼ਾ, ਰਜਨੀ, ਦਿਨ ਛਿਪਣ ਤੋਂ ਲੈ ਕੇ ਦਿਨ ਚੜ੍ਹਨ ਤੱਕ ਦਾ ਸਮਾਂ । ੫੪੨.੨, ਏ੨ਏ.ਤ/੩੫੧.੧

ਰਾਧੇ—(ਸੰ. √ ਰਧ੍) ਰਿਨ੍ਹਿਆਂ, ਪਕਾਉਣ ਨਾਲ । ੧੨੧.ਤ

ਰਾਨੀ—(ਸੰ. ਰਾਜ੍ਞੀ > ਪ੍ਰਾ. ਰਾਣੀ) ਰਾਜੇ ਦੀ ਪਤਨੀ, ਰਾਣੀ । ੧੨੦.੨

ਰਾਮ—(ਸੰ. ਰਾਮ) 1. ਜੋ ਹਰ ਥਾਂ ਰਮਿਆ ਹੋਇਆ/ਵਿਆਪਕ ਹੈ, ਪਰਮਾਤਮਾ, ਦੀਸ਼ਵਰ, ਪਾਰਬ੍ਰਹਮ । ਪ.੨[3], ੪[3], ੫, ੮, ੬.੮, ੩੬੬.੩, ੫੮੨.੩

2. ਸ੍ਰੀ ਰਾਮ ਚੰਦਰ ਜੀ । 'ਰਘੁਪਤਿ' । ੪੪.੩

ਰਾਮ ਰੇਖ—ਸੀਤਾ ਵਿਯੋਗ ਸਮੇਂ ਚਕਵੇ ਚਕਵੀ ਨੂੰ ਸੰਯੋਗੀ ਦੇਖਕੇ ਦੁੱਖੀ ਹੋਏ ਰਾਮਚੰਦ੍ਰ ਜੀ ਦੀ ਦੇਹ ਦੇ ਵਿਚਕਾਰ ਖਿੱਚੀ ਰੇਖਾ ਜਿਸ ਤੋਂ ਉਹ ਰਾਤ੍ਰੀ ਸਮੇਂ ਇਕੱਠੇ ਨਾ ਹੋ ਸਕਣ। ੧੫੪.੩

ਰਾਮਨਉਮੀ—(ਸੰ. ਰਾਮਨਵਮੀ) ਚੇਤਰ ਸੁਦੀ ੯, ਜਿਸ ਦਿਨ ਸ੍ਰੀ ਰਾਮ ਚੰਦਰ ਜੀ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ । ੪੮੪.੩

ਰਾਵਰੀ—ਤੁਹਾਡੀ, ਆਪ ਦੀ, ਤੁਸਾਂ ਦੀ । ੨੨੦.੪

ਰਿਸ)— (ਸੰ. ਰੁਧ੍) ਗੁੱਸੇ ਹੋਕੇ, ਨਾਰਾਜ਼ ਹੋਕੇ, ਕ੍ਰੋਧਿਤ ਹੋਕੇ । ੬੬੪.੨/੪੬੪.੧,

ਰਿਸਾਇ) ੬੧੮.੨, ੬੬੩.੧

ਰਿਝਾਇ—(ਸੰ. ਰੰਜ੍) ਰਿਝਾਉਣਾ, ਪ੍ਰਸੰਨ ਕਰਨਾ, ਮੋਹਿਤ ਕਰ ਲੈਣਾ । ੬੦੭.੧, ੬੪੨.੩

ਰਿਝਾਵੈ—ਰਿਝਾ ਲੈਂਦਾ, ਪ੍ਰਸੰਨ ਕਰ ਲੈਂਦਾ, ਦੇਖੋ 'ਰਿਝਾਇ' । ੫੬੪.੩

ਰਿਦੇਤਰ—(ਸੰ. ਹ੍ਰਦ੍+ਅਨ੍ਤਰ) ਦਿਲ ਵਿਚ, ਹਿਰਦੇ ਵਿਚ । ੪੨੫.੨

ਰਿਦਾ)— (ਸੰ. ਹ੍ਰਦਯਸ੍) ਹਿਰਦਾ, ਦਿਲ । ੬੬੭.੪

ਰਿਦਿ)

ਰਿਦੇ—1. ਹਿਰਦੇ ਵਿਚ, ਚਿਤ ਅੰਦਰ, ਦੇਖੋ 'ਰਿਦਾ' । ੨੨.੧, ੪੨.੪, ੬੮.੨, ੧੦੪.੨, ੧੩੭.੨, ੧੩੮.੩, ੧੩੯.੨, ੧੪੬.੨, ੧੫੦.੧, ੧੭੮.੧, ੧੮੧.੨, ੧੮੬.੧, ੧੯੦.੨, ੨੦੦.੨, ੨੧੪.੩, ੨੧੮.੧, ੨੨੬.੧, ੨੭੬.੧, ੩, ੩੦੮.੩, ੩੬੪.੧, ੪੨੪.੩, ੪੩੬.੩, ੫੦੩.੧, ੫੦੫.੧, ੫੧੮.੪, ੫੨੭.੨, ੫੪੭.੨, ੫੫੧.੩, ੫੫੩.੨, ੬੨੦.੪, ੬੨੮.੨, ੬੫੩.੩

2. ਹਿਰਦਾ ਭਾਵ ਅੰਦਰਲਾ ਭਾਗ । ੩੨੬.੧

3. ਹਿਰਦੇ ਵਿਚਲੇ, ਅੰਦਰਲੇ । ੪੭੮.੨

ਰਿਧਿ—(ਸੰ. ਰ੍ਧਿ:) ਰਿਧੀਆਂ, ਸਫਲਤਾ, ਉੱਨਤੀ, ਤਰੱਕੀ, ਕਾਮਯਾਬੀ ਅਥਵਾ ਹਰ ਤਰ੍ਹਾਂ ਦੇ ਸੁਖ-ਸਾਧਨ ਤੇ ਧਨਸੰਪਦਾ ਆਦਿਕ । ੭੨.੨, ੧੩੧.੩, ੧੬੨.੨, ੨੪੮.੩, ੪੭੮.੪, ੬੧੨.੧

ਰਿਨ—(ਸੰ. ਰ੍ਣਿਨ੍) 1. ਰਿਣੀ, ਕਰਜ਼ਾਈ, ਜਿਸ ਦੇ ਸਿਰ ਰਿਣ ਚੜ੍ਹਿਆ ਹੋਵੇ । ੪੦੩.੩

2. (ਸੰ. ਰ੍ਣਮ੍) ਕਰਜ਼ਾ, ਰਿਣ, ਉਧਾਰ । ੬੩੩.੨

ਰਿਪ—(ਸੰ. ਰਿਪੁ:) ਵੈਰੀ, ਦੁਸ਼ਮਣ, ਸ਼ਤਰੂ । ੨੦੭.੩, ੩੫੬.੩

ਰੀਸ—(ਸੰ. ਈਰ੍ਖਾ) ਬਰਾਬਰੀ, ਨਕਲ, ਦੂਸਰੇ ਢੰਗ ਕੋਈ ਕੰਮ ਕਰਨਾ । ੫੩੬.੨

ਰੀਝ)— (ਸੰ. ਰੰਜ੍ ਪ੍ਰਾ. ਰਿਜ੍ਝ) ਰੀਝ ਕੇ, ਚਾਉ ਨਾਲ, ਖੁਸ਼ੀ ਨਾਲ । ੫੬੬.੪/

ਰੀਝਕੈ) ੫੬੪.੩

ਰੀਝਤ—ਪ੍ਰਸੰਨ ਹੁੰਦੈ, ਖੁਸ਼ ਹੁੰਦੈ, ਦੇਖੋ 'ਰੀਝ' । ੫੭੬.੧

ਰੀਝਾਇਓ—ਪ੍ਰਸੰਨ ਕਰਨਾ, ਖੁਸ਼ ਕਰਨਾ, ਦੇਖੋ 'ਰੀਝ' । ੫੧੦.੪

ਰੀਝਾਈਐ—ਪ੍ਰਸੰਨ ਕਰੀਏ, ਖੁਸ਼ ਕਰੀਏ, ਦੇਖੋ 'ਰੀਝ' । ੬੦੨.੧

ਰੀਝਾਵੈ—ਪ੍ਰਸੰਨ ਕਰ ਸਕੇਗਾ, ਖੁਸ਼ ਕਰ ਸਕੇਗਾ, ਦੇਖੋ 'ਰੀਝ' । ੫੧੦.੪

ਰੀਝੈ—ਰੀਝਦਾ ਹੋਵੇ, ਪ੍ਰਸੰਨ ਹੁੰਦਾ ਹੋਵੇ, ਖੁਸ਼ ਹੁੰਦਾ ਹੋਵੇ, ਦੇਖੋ 'ਰੀਝ' । ੬੦੭.੧

ਰੀਤ)— 1. (ਸੰ. ਰਿਕ੍ਤ) ਸੰਸਾਰਿਕ ਵਾਸ਼ਨਾਵਾਂ ਤੋਂ ਰਹਿਤ, ਸੰਸਾਰਿਕ ਸੁਗੰਧੀਆਂ
ਰੀਤਿ) ਤੋਂ ਮੁਕਤ । ੨੭੯.੨/—

2. (ਸੰ. ਰੀਤਿ) ਸ਼ੈਲੀ, ਤਰਜ਼ ਅਥਵਾ ਸੁਭਾ । ੩੬੦.੨/—

3. ਪਰੰਪਰਾ, ਦਸਤੂਰ, ਮਰਿਯਾਦਾ । ५००.३, ६२੭.४/३੭.४, ४२.३, ४६.४, ६३.२, ६४.४, १६५.२, २२०.३, ३१६.१, ४६੭.४, ४९२.३

1. ਰਸਮ, ਰਿਵਾਜ । —/६२੭.४

ਰੀਤੇ—(ਸੰ. ਰਿਕ੍ਤ) ਖਾਲੀ, ਸੱਖਣਾ, ਸੁੰਨਾ । ६९.३, ३०६.३

ਰੋਨ —(ਸੰ. ਰੇਣੁ) ਧੂੜ, ਰਜ, ਖਾਕ, ਮਿੱਟੀ । १४੭.४

ਰੁਚ - (ਸੰ. ਰੁਚਿ:) ਦਿਲਚਸਪੀ, ਭਾਵ ਪਰੀਤ, ਸਨੇਹ । ४२४.१

ਰੁਚਤ)— ਰੁਚੀ, ਇੱਛਾ, ਅਭਿਲਾਸ਼ਾ, ਦੇਖੋ 'ਰੁਚ' । ३२.३/६००.३
ਰਚਿਤ)

ਰੁਤ—(ਸੰ. ਋ਤੁ) ਮੌਸਮ, ਸਾਲ ਦਾ ਇਕ ਹਿੱਸਾ, ਗਰਮੀ ਸਰਦੀ ਆਦਿਕ ਰੁੱਤ । ਸਾਲ ਦੀਆਂ ਛੇ ਰੁੱਤਾਂ ਮੰਨੀਆਂ ਗਈਆਂ ਹਨ : ਗ੍ਰੀਸ਼ਮ, ਵਰਸ਼ਾ, ਸ਼ਰਦ, ਹੇਮੰਤ, ਸ਼ਿਸ਼ਿਰ, ਬਸੰਤ । ४੭१.३/१५६.२, ३४५.१, ४८४.२

ਰੁਦਨ—(ਸੰ. ਰੁਦਨਮ੍) ਰੋਣਾ, ਵਿਰਲਾਪ ਕਰਨਾ, ਰੋਣ ਦੀ ਕ੍ਰਿਆ । २१०.३, ३६२.३

ਰੁਧਰ)— (ਸੰ. ਰੁਧਿਰਮ੍) ਲਹੂ, ਖ਼ੂਨ । ३६५.२/४२५.४
ਰੁਧਰੁ)

ਰੁਨਝੁਨ ਝਨਤਕਾਰ, ਗੁੰਜਾਰ, ਛਣਕਾਰ । २६.३, १७२.३, २२२.३, २५१.३, २७१.३, २८४.३

ਰੁਪਈਆ—(ਸੰ. ਰੂਪ੍ਯ) ਚਾਂਦੀ ਦਾ ਇਕ ਸਿੱਕਾ ਜਿਸ ਦਾ ਮੁੱਲ ਸੌਲਾਂ ਆਨੇ ਦੇ ਬਰਾਬਰ ਹੁੰਦਾ ਸੀ ਅਤੇ ਢਾਲਨ ਵਿਚ ਇਕ ਤੋਲਾ ਹੁੰਦਾ ਸੀ । ਅਜ ਕਲ ਇਸ ਦੀ ਕੀਮਤ ਨੂੰ 100 ਪੈਸਿਆਂ ਵਿਚ ਵੰਡਿਆ ਗਿਆ ਹੈ । ४੭६.१

ਰੁਵਾਇ—(ਸੰ. √ ਰੁਦ੍) ਰੁਆਉਣਾ, ਰੋਣ ਵਿਚ ਪਰਿਵਰਤ ਕਰਨਾ । ४३८.१

ਰੁਠਿ—(ਸੰ ਰੁਧ੍) ਰੁਸਣਾ, ਨਾਰਾਜ਼ ਹੋਣਾ । ५४८.३

ਰੁਠੀ—ਰੁੱਠੀ ਹੋਈ, ਰੁਸੀ ਹੋਈ, ਦੇਖੋ 'ਰੁਠਿ' । १६१.२

ਰੂਪ—(ਸੰ. ਰੂਪਮ੍) 1. ਸਰੂਪ, ਸੂਰਤ, ਸ਼ਕਲ, ਆਕਾਰ । ३.५, १२.४, ३६.१,२, ३੭.२, ३८.२, ३९.३, ६४.२, ८१.३, ९८.४, १११.२, १२२.१, १२४.३, १६०.३, १६३.२, १६६.३, २०६.४. २१०.१, २११.२, २१३.३, २२२.२, २५४.२, २५९.२, २८४.२, २८५.२, ३०३.१, ३३५.२, ३४२.४, ३६३.३, ४२९.४, ४३१.४, ४३२.१, ४४३.३, ४४९.३, ४६२.३, ४६੭.१, ५३३.१, ५५८.३, ५੭०.२, ५੭४.१, ५੭९.३, ५८६.४, ६००.१, ६२०.१, ६२१.१, ६२२.१, ६४०.१, ६४६.१², ६५०.१,² ६५५.२, ६६६.१, ६६९.१

2. ਖੂਬਸੂਰਤੀਆਂ, ਹੁਸਨ, ਸੁੰਦਰਤਾਵਾਂ, ਸੁਹੱਪਣਾਂ/ਸੁਹਪਣ । २०.१, ६६.२. ८०.४², १३१.१, १३८.१, १३९.१. २०४.१, २१३.३, २२०.२, २५४.२, २६५.१, २८५.२, ३३८.४, ३४५.२, ३५२.१, ४७४.१, ६०७.१, ६१२.२, ६४९.२

3. ਪ੍ਰਕਾਰ, ਕਿਸਮ, ਤਰ੍ਹਾਂ ਦੀ । ३९.२

4. ਸਮਾਨ, ਅਨੁਰੂਪ, ਜਿਹਾ/ਜਿਹੀ । ११४.१, २, १६६.२, २१९.४, २६०.१,

੨੭੪.੪, ੩੫੩.੪, ੩੫੯.੩, ੩੮੫.੧, ੪੨੯.੩, ੫੪੩.੪, ੫੪੭.੧, ੬੦੩.੨, ੬੪੩.੪

5. ਅਵਸਥਾ, ਦਸ਼ਾ, ਹਾਲਤ । ੩੫੪.੨

ਰੂਪਵੰਤ—(ਸੰ. ਰੂਪਵਤ੍) ਸੁੰਦਰ ਸਰੂਪ ਵਾਲਾ, ਸੁਹਣਾ । ੬੦੭.੧

ਰੂਪੋ—(ਸੰ. ਰੂਪ੍ਯ) ਚਾਂਦੀ, ਇਕ ਪ੍ਰਕਾਰ ਦੀ ਚਮਕੀਲੇ ਚਿੱਟੇ ਰੰਗ ਦੀ ਕੀਮਤੀ ਧਾਤ ਜਿਸ ਦੇ ਗਹਿਣੇ ਆਦਿਕ ਬਣਦੇ ਹਨ । ੫੯੭.੨

ਰੇਖ—(ਸੰ. ਰੇਖਾ) 1. ਰੇਖਾ, ਲਕੀਰ । ੨੯੭.੧[3], ੨[3], ੩੮੩.੧, ੫੭੦.੨

2. ਚਿਨ੍ਹ, ਨਿਸ਼ਾਨ (ਸਰੀਰ ਆਦਿ ਦੇ) । ੩੪੨.੪

ਰੇਖਊ—ਰਖਾਂਗਾ, ਧਰਾਂਗਾ, ਟਿਕਾਵਾਂਗਾ । ੪੦੧.੩

ਰੇਨ—(ਸੰ. ਰੇਣੁ) ਧੂੜ, ਖ਼ਾਕ, ਮਿੱਟੀ, ਰਜ । ੨੪.੩, ੧੩੫.੨, ੧੯੦.੪, ੧੯੩.੧, ੨੧੭.੨, ੨੨੪.੪, ੨੮੮.੩, ੬੨੮.੪

ਰੇਵਰੀ—ਰਿਓੜੀ, ਗੜ ਜਾਂ ਚੀਨੀ ਦੀ ਚਾਸ਼ਨੀ ਨਾਲ ਤਿਲ ਚਿਪਕਾ ਕੇ ਬਣਾਈਆਂ ਟਿੱਕੀਆਂ । ੨੭੩.੨

ਰੈਨ) ਰੈਨਿ)—(ਸੰ. ਰਜਨੀ) ਰਾਤ, ਦਿਨ ਛਿਪਣ ਤੋਂ ਲੈ ਕੇ ਦਿਨ ਚੜ੍ਹਨ ਤਕ ਦਾ ਸਮਾਂ, ਦਿਨ ਤੋਂ ਉਲਟ । ੨੧੧.੩, ੪੮੭.੪, ੬੧੯.੨, ੬੬੫.੨/੫੦੬.੧, ੬੫੨.੧

ਰੋਇ—(ਸੰ. ਰੋਦਨ > ਪ੍ਰਾ. ਰੋਅਨ) ਰੋਂਦੇ, ਰੁਦਨ ਕਰਦੇ, ਰੋਣ ਦੀ ਕ੍ਰਿਆ ਵਿਚ ਪ੍ਰਵਿਰਤ ਹੁੰਦੇ । ੪੦੬.੨

2. ਰੋ ਰੋ ਕੇ, ਰੁਦਨ ਕਰ ਕਰ ਕੇ । ੪੨੦.੩[2], ੪੩੮.੧, ੪੬੫.੧

3. ਰੋਣਾ, ਰੁਦਨ ਕਰਨਾ । ੫੭੬.੪

ਰੋਇਓ—ਰੋਇਆ ਭਾਵ ਰੋ ਰੋ ਕੇ ਦਸਿਆ, ਦੇਖੋ 'ਰੋਇ' (2) । ੬੬੪.੨

ਰੋਸ—(ਸੰ. ਰੋਸ:) ਕਰੋਧ, ਗੁੱਸਾ । ੨੮੮.੧

ਰੋਗ—(ਸੰ. ਰੋਗ.) 1. ਬੀਮਾਰੀ, ਵਿਆਧੀ, ਮਰਜ਼ । ੧੧੩.੧, ੨੧੦.੩, ੨੬੭.੨, ੩੫੬.੨, ੪੩੭.੨, ੪੩੬.੨, ੫੧੩.੩, ੫੨੧.੩, ੫੭੧.੧, ੫੮੭.੧, ੬੩੩.੧, ੬੬੬.੩, ੬੭੦.੪, ੬੭੪.੧, ੬੭੫.੨

2. ਹਾਨੀਕਾਰਕ, ਕਸ਼ਟਦਾਇਕ, ਦੁੱਖ ਦੇਣ ਵਾਲੇ । ੨੬੬.੩

ਰੋਗਹਿ—ਰੋਗ ਨੂੰ/ਰੋਗਾਂ ਨੂੰ, ਬੀਮਾਰੀ ਨੂੰ/ਬੀਮਾਰੀਆਂ ਨੂੰ ਦੇਖੋ 'ਰੋਗ' (1) । ੩੫੭.੨, ੫੧੬ ੨

ਰੋਗੀ—(ਸੰ. ਰੋਗਿਨ੍) ਬੀਮਾਰ, ਮਰੀਜ਼, ਰੋਗ ਨਾਲ ਪੀੜਤ । ੩੫੬.੨, ੩੫੭.੨, ੩੬੫.੧, ੬੩੩.੧, ੬੭੪.੧, ੬੭੫.੨

ਰੋਗੀਅੈ—ਰੋਗੀ ਨੂੰ, ਬੀਮਾਰ ਨੂੰ, ਦੇਖੋ 'ਰੋਗੀ' । ੨੨੧.੪

ਰੋਗੁ—ਵਿਕਾਰ, ਹੋਰ ਦੇਖੋ, 'ਰੋਗ' (1) । ੧੮੬.੧, ੨੦੭.੧

ਰੋਦਤ—ਰੋਂਦੀ, ਵਿਰਲਾਪ ਕਰਦੀ, ਰੁਦਨ ਕਰਦੀ, ਦੇਖੋ 'ਰੋਇ' । ੬੦੫.੨

ਰੋਪੈ—(ਸੰ. ਰੋਪ:) ਰੋਪਦਾ ਹੈ, ਉਗਾਉਂਦਾ ਹੈ, ਲਗਾਉਂਦਾ ਹੈ । ੪੧੫.੧

ਰੋਮ—(ਸੰ. ਰੋਮਨ੍) ਸਰੀਰ ਦੇ ਵਾਲ, ਲੂੰ, ਰੋਂਗਟੇ । ੩੫.੧[2], ੫੩.੪[2], ੭੩.੧, ੧੯੨.੧, ੧੯੫.੧, ੨੦੩.੪[3], ੨੭੦.੧[3], ੪੦੩.੪, ੪੩੦.੧[2], ੫੧੭.੧[2], ੫੨੧.੪, ੫੨੨.੪, ੫੭੨.੧[2], ੬੪੧.੪

ਰੋਮ ਰੋਮ—1. ਰੋਏ ਰੋਏ, ਟੁਕੜੇ ਟੁਕੜੇ (ਭਾਵ) ਦੇਖੋ 'ਰੋਮ' । ੫੮੦.੨

2. ਵਾਲ ਜਿੰਨੇ ਨਿੱਕੇ ਨਿੱਕੇ ਟੁਕੜੇ (ਭਾਵ) ਦੇਖੋ 'ਰੋਮ' । ੬੭੨.੧

ਰੋਮਹਿ—ਰੋਮ ਨੂੰ, ਰੋਂਗਟੇ ਨੂੰ, ਹੋਰ ਦੇਖੋ 'ਰੋਮ' । ੩੫੯.੪

ਰੋਵਤ--ਰੋਂਦੇ ਹੋਏ, ਵਿਰਲਾਪ ਕਰਦੇ ਹੋਏ, ਰੁਦਨ ਕਰਦੇ ਹੋਏ, ਦੇਖੋ 'ਰੋਇ'। ੪੦ਫ਼.੨, ੪੩ਟ.੧[3]

ਰੋਵਨ—ਰੋਣਾ, ਰੁਦਨ ਕਰਨਾ, ਦੇਖੋ 'ਰੋਇ'। ਫ਼੨੩.੨

ਰੋਵੈ—ਰੋਂਦਾ ਹੈ, ਰੁਦਨ ਕਰਦਾ ਹੈ, ਦੇਖੋ 'ਰੋਇ'। ੩੭੦.੨, ੪੭ਫ਼.੧

ਲ

ਲਉ—1. ਤਕ, ਤੀਕਰ, ਤੀਕ, ਤਾਈਂ (ਸਮੇਂ ਦੀ ਪੈਮਾਇਸ਼ ਦੇ ਅਰਥਾਂ ਵਿਚ)। ੧੨.੧[3], ੨[1], ੩[3], ੧੮ਫ਼.੧[3], ੪੨ਟ.੧, ੨, ੩, ੪੩੦.੧, ੪੩ਫ਼.੨, ੪੩ਯ.੪, ਫ਼ਫ਼੧.੨[2], ੩, ੪

2. ਮਰਾਦ, ਤਕ, ਤੀਕ (ਲੰਬਾਈ ਚੌੜਾਈ, ਗਹਿਰਾਈ ਦੀ ਪੈਮਾਇਸ਼ ਦੇ ਅਰਥਾਂ ਵਿਚ) ੨੩੫.੧[2], ੪੨੨.੨, ੪੭੨.੪, ਫ਼੨ਟ.੩, ਫ਼੭੨.੧

ਲਉਂਗ—(ਸੰ. ਲਵङ्गकम) ਲੌਂਗ, ਇਕ ਬਿਰਛ ਦਾ ਫਲ ਜੋ ਤਾਸੀਰ ਵਜੋਂ ਗਰਮ ਹੁੰਦਾ ਹੈ। ੪ਯ੧.੧

ਲਸਨ—(ਸੰ. ਲਸ਼ੁਨ.) ਥੋਮ, ਚਿੱਟੀਆਂ ਤੁਰੀਆਂ ਵਾਲਾ ਗੰਢੇ ਦੀ ਕਿਸਮ ਦਾ ਇਕ ਬੂਟਾ। ੫੧੭.੨

ਲਹਰ)— (ਸੰ. ਲਹਰਿ:) ਤਰੰਗ, ਹਵਾ ਦੇ ਝੱਕਿਆਂ ਨਾਲ ਜਲ ਆਦਿਕ ਤਰਲ

ਲਹਰਿ) ਪਦਾਰਥਾਂ ਵਿਚ ਉਠਣ ਵਾਲੀ ਹਿਲੌਰ। ੫ਫ਼੫.੨/ਫ਼੧.੨, ੭ਫ਼.੧, ਟ੮.੩, ਫ਼੨.੨, ੩੩ਫ਼.੨, ੪੦੩.੧, ੫੩੧.੨

2. ਮਨ ਦੀ ਉਮੰਗ, ਮਨ ਦੀ ਤਰੰਗ। ੨੩੩.੨

ਲਹੈ—(ਸੰ. √ ਲਭ੍) ਲੈ ਲੈਂਦਾ, ਪ੍ਰਾਪਤ ਕਰ ਲੈਂਦਾ, ਹਾਸਲ ਕਰ ਲੈਂਦਾ। ੩੨੨.੧

ਲੰਕਾ—(ਸੰ. ਲङ्का) ਭਾਰਤ ਦੇ ਦੱਖਣ ਵਲ ਇਕ ਆਬਾਦ ਟਾਪੂ। ਇਸ ਨੂੰ ਰਾਵਣ ਦਾ ਨਿਵਾਸ ਅਸਥਾਨ/ਰਾਜਧਾਨੀ ਮੰਨਿਆ ਜਾਂਦਾ ਹੈ। ੪੦੭.੨

ਲਕੀਰ—(ਸੰ. √ ਲਿਖ੍) ਲੀਕ, ਰੇਖਾ, ਲਾਈਨ। ੩ਟ੩.੨

ਲਕੁਟੀ—(ਸੰ. ਲਕੁਟ:) ਲਾਠੀ, ਸੋਟੀ, ਡੰਡਾ, ਅਥਵਾ ਲਕੜੀ। ੩ਯ੦.੩

ਲਖ 1. (ਸੰ. ਲਕ੍ਸ਼) ਲਖਕੇ, ਉਸ ਦਾ ਸਾਰ-ਤੱਤ ਜਾਣ ਕੇ ਅਥਵਾ ਉਸ ਵਿਚ ਲਿਵਲੀਨ ਹੋਕੇ (ਭਾਵ)। ਫ਼੦.੩

2. (ਸੰ. ਲਕ੍ਸ਼) ਇਕ ਲੱਖ ਦੀ ਸੰਖਿਆ, ਸੌ ਹਜ਼ਾਰ। ੫੩ਫ਼.੩

ਲਖਾਟੀ—(ਸੰ. ਲਕ੍ਸ਼) ਲਖ ਲੈਂਦਾ, ਜਾਣ ਲੈਂਦਾ, ਅਨੁਭਵ ਕਰ ਲੈਂਦਾ। ੪ਟ.੧

ਲਖਾਏ)— 1. ਲਖਾਇਆ, ਜਣਾਇਆ, ਅਨੁਭਵ ਕਰਾਇਆ। ਦੇਖੋ 'ਲਖਾਈ'।

ਲਖਾਨ) ੩੫.੪/—

2. ਲਖ ਲੈਂਦੇ ਹਨ, ਜਾਣ ਲੈਂਦੇ ਹਨ, ਅਨੁਭਵ ਕਰ ਲੈਂਦੇ ਹਨ, ਦੇਖੋ 'ਲਖਾਈ'। ੫੩.੩, ਫ਼੪.੧, ੭੭.੨/੧ਟ੧.੪

3. ਲਖ ਲਈਦਾ, ਜਾਣ ਲਈਦਾ, ਅਨੁਭਵ ਕਰ ਲਈਦਾ, ਦੇਖੋ 'ਲਖਾਈ'। ੧੩੫.੩, ੨੨ਫ਼.੪, ੨੭੫.੪/—

4. ਜਾਣ ਸਕਦੇ, ਅਨੁਭਵ ਕਰ ਸਕਦੇ, ਦੇਖੋ 'ਲਖਾਈ'। ੨ਫ਼ਯ.੨/—

ਲਖਾਯੋ—ਲਖ ਲਿਆ, ਅਨੁਭਵ ਕਰ ਲਿਆ, ਦੇਖੋ 'ਲਖਾਈ' । ੬੪੮.੧

ਲਖਾਵਈ—1. ਅਨੁਭਵ ਹੋ ਜਾਂਦਾ, ਜਾਣ ਲਈਦਾ, ਦੇਖੋ 'ਲਖਾਈ' । ੧੫.੩

2. ਲਖਾ ਦਿੰਦਾ ਹੈ, ਵਖ ਲ ਦਿੰਦਾ ਹੈ ਭਾਵ ਅਨੁਭਵ ਕਰਾ ਦਿੰਦਾ ਹੈ, ਦੇਖੋ 'ਲਖਾਈ' । ੧੦੩.੪

ਲਖਾਵੈ—1. ਲਖਾਏ, ਅਨੁਭਵ ਕਰਾਏ, ਦੇਖੋ 'ਲਖਾਈ' । ੧੨.੩

2. ਲਖਾਉਂਦਾ, ਜਣਾਉਂਦਾ, ਅਨੁਭਵ ਕਰਾਉਂਦਾ, ਦੇਖੋ 'ਲਖਾਈ' । ੨੦.੪

3. ਲਖਿਆ ਜਾਂਦਾ, ਪਹਿਚਾਣਿਆ ਜਾਂਦਾ, ਦੇਖੋ 'ਲਖਾਈ' । ੪੬੧.੩

ਲਖਯੇ—ਲਖਿਆ, ਅਨੁਭਵ ਕੀਤਾ, ਦੇਖੋ 'ਲਖਾਈ' । ੬੮.੩

ਲਖੇ)— ਲਖ ਸਕਦੇ/ਸਕਦਾ, ਅਨੁਭਵ ਕਰ ਸਕਦੇ/ਸਕਦਾ, ਦੇਖੋ 'ਲਖਾਈ' । ੮.੭/੬੩੦.੪

ਲਖੈ)

ਲਗ—1. ਲਿਖਣ ਦੇਲੇ ਵਿਅੰਜਨਾਂ ਨੂੰ ਲਗਣ ਵਾਲੀਆਂ ਲਗਾਂ-ਮਾਤਰਾਂ । ੨੬੪.੧, ੫੪੦.੪

2. ਜ਼ਕ, ਜ਼ੀਕਰ, ਤਾਈਂ, ਤੰਜ਼ੀ ੫੪੨.੧,੨,

3. (ਸੰ. √ਲਗ੍) ਲੱਗ ਕੇ, ਨਾਲ ਲਗਣ ਕਰਕੇ, ਛੂਹਣ ਕਰਕੇ । ੫੫੭.੨

4. ਲਗਿਆ ਭਾਵ ਅਸਰ ਪਿਆ, ਪ੍ਰਭਾਵ ਪਿਆ । ੫੭੫.੪

5. ਲਗਕੇ, ਭਾਵ ਪ੍ਰਭਾਵ ਨਾਲ, ਅਸਰ ਨਾਲ । ੫੯੬.੪, ੬੦੨.੪

6. ਲਗੀ ਹੋਈ, ਜੁੜੀ ਹੋਈ, ਲੀਨ ਹੋਈ ਹੋਈ । ੬੪੨.੨

ਲਗਤ—1. ਲਗਦਾ ਹੈ, ਜਾਪਦਾ ਹੈ, ਅਨੁਭਵ ਹੁੰਦਾ ਹੈ । ੩੯੮.੩

2. ਲਗਦਾ, ਬਤੀਤ ਹੁੰਦਾ । ੬੭੦.੧

ਲਗਨ—(ਸੰ. ਲਗ੍ਨ) 1. ਲਗਾਉ, ਲਿਵ । ੫੬.੨

2. ਕੋਈ ਸ਼ੁਭ ਕੰਮ ਕਰਨ ਲਈ ਜੋਤਿਸ਼ ਵਿਦਿਆ ਅਨੁਸਾਰ ਸਮਾਂ, ਮਹੂਰਤ । ੨੬੪.੪, ੩੪੫.੪, ੪੪੮.੩ ੪੫੦.੩, ੫੭੧.੩, ੫੮੭.੩, ੬੨੭.੨, ੬੫੮.੩

3. ਪਰੀਤ, ਪਰੇਮ ੩੦੨.੨ ।

ਲਗਾਇ—(ਸੰ.√ਲਗ੍) 1. ਲਗਾਕੇ, ਭਾਵ ਵੱਢਕੇ (ਚੁੰਢੀ) । ੫੨੩.੧

2. ਲਗਾਕੇ, ਮਲਕੇ (ਸਾਬਣ ਆਦਿ) । ੬੧੪.੧

3. ਲਗਾਕੇ, ਚਿਪਕਾਕੇ, ਚਮੋੜ ਕੇ । ੬੩੪.੩

4. ਲਗਾਕੇ, ਜੋੜਕੇ, ਮੇਲਕੇ । ੬੬੫.੩

ਲਗਾਇਕੈ – ਲਗਾਕੇ, ਉਗਾਕੇ (ਪੌਦੇ ਆਦਿ) । ੪੨੬.੧

ਲਗਾਈਅਤ—ਲਗਾਈਦੀ ਹੈ, ਚਮੋੜੀਦੀ ਹੈ, ਦੇਖੋ 'ਲਗਾਇ' (3) । ੩੬੫.੧

ਲਗਾਈਐ—1. ਲਗਾ ਦੇਈਏ, ਚਮੋੜ ਦੇਈਏ, ਚਿਪਕਾ ਦੇਈਏ, ਦੇਖੋ 'ਲਗਾਇ' (3) । ੩੩੨.੩

2. ਲਗਾ ਲਈਏ, ਭਾਵ ਲੇਪ ਆਦਿ ਕਰੀਏ, ਦੇਖੋ 'ਲਗਾਇ (3) । ੩੮੬.੩

ਲਗਾਏ —(ਸੰ.√ਲਗ੍) ਲਗਾਇਆਂ ਭਾਵ ਮਾਰਿਆਂ । ੬੧੦.੨

ਲਗਾਵਈ—(ਸੰ√ਲਗ੍) 1. ਲਗਾਉਂਦੇ/ਲਗਾਉਂਦਾ, ਅਨੁਕੂਲਤ ਹੁੰਦੇ/ਹੁੰਦਾ, ਪਰਵਿਰਤ ਹੁੰਦੇ/ਹੁੰਦਾ । ੧੦੨.੧, ੨੩੪.੩, ੨੩੫.੨

2. ਲਗਾ ਦਿੰਦਾ, ਪਹੁੰਚਾ ਦਿੰਦਾ । ੧੬੭.੩

3. ਲਗਾ ਦਏਗਾ, ਆਰੋਪਿਤ ਕਰ ਦਏਗਾ । ੪੧੨.੧, ੪੬੩.੭

4. ਲਗਾਉਂਦਾ, ਛੁਹਾਉਂਦਾ । ੫੬੪.੩

ਲਗਾਵਹੀ—(ਸੰ. √ਲਗ੍) 1. ਲਗਵਾ ਲੈਂਦਾ, ਮਲਵਾ ਲੈਂਦਾ । ੩੨੪.੧

2. ਲਗਾ ਦਿੰਦੇ ਹਨ, ਪਰਵਿਰਤ ਕਰ ਦਿੰਦੇ ਹਨ । ੩੭੦.੧

ਲਗਾਵਤੇ—ਲਾਉਂਦੇ ਸਨ, ਮੇਲਦੇ ਸਨ, ਜੋੜਦੇ ਸਨ, ਦੇਖੋ 'ਲਗਾਇ' (4) । ੫੭੬.੩

ਲਗਾਵੈ—ਲਗਾਉਂਦੀ ਹੈ, ਆਰੰਪਿਤ ਕਰਦੀ ਹੈ, ਦੇਖੋ 'ਲਗਾਵਈ' (3) । ੪੯੦.੨

ਲਗਿ—(ਸੰ. ਲਗ੍) ਲਗਕੇ, ਪਰਵਿਰਤ ਹੋਕੇ । ੧੧੮.੨, ੨੫੬.੪, ੩੧੩.੪, ੩੧੮.੧, ੪੫੧.੨, ੬੧੦.੪

2. ਲਗਕੇ, ਜੁੜਕੇ, ਮਿਲਕੇ । ੨੨੦.੪

3. ਲਗਾਕੇ, ਜੋੜਕੇ । ੨੮੮.੪

4. ਕਰਮਾਂ ਕਰਕੇ (ਭਾਵ) । ੫੦੪.੨

ਲਗੁ—ਭਕ, ਭੋਕਰ, ਭਾਈ[1] । ੫੪੨.੩.੪

ਲਘੁ—(ਸੰ. ਲਘੁ) 1. ਛੋਟੀ/ਛੋਟੇ, ਵੱਡੀ/ਵੱਡੇ ਤੋਂ ਉਲਟ । ੧੧੭.੨, ੧੫੬.੩, ੬੩੬.੨

2. ਛੋਟਾ (ਗੁਣਾਂ ਆਦਿ ਵਿਚ) । ੪੦੭.੪

3. ਛੋਟੀ (ਉਮਰ ਵਿਚ) । ੫੪੭.੧

ਲਛਨ—(ਸੰ. ਲਕ੍ਸ਼ਣ) ਗੁਣ, ਚੰਗਿਆਈਆਂ । ੫੮੬.੪, ੬੫੦.੩[2]

ਲਛਨੁ—(ਸੰ. ਲਾਞ੍ਛਨ) ਕਲੰਕ, ਧੱਬਾ, ਬਦਨਾਮੀ ਕਰਾਉਣੀ । ੪੬੩.੩

ਲਛਮਨ—ਮਹਾਰਾਜਾ ਦਸ਼ਰਥ ਦੇ ਚਾਰ ਪੁੱਤਰਾਂ ਵਿਚੋਂ ਦੂਸਰੇ ਪੁੱਤਰ ਸ੍ਰੀ ਰਾਮ ਚੰਦਰ ਜੀ ਦਾ ਛੋਟਾ ਭਰਾ ਜੋ ਸੁਮਿਤਰਾਂ ਰਾਣੀ ਦੇ ਗਰਭ ਤੋਂ ਪੈਦਾ ਹੋਇਆ ਸੀ । ਇਹ ਸ੍ਰੀ ਰਾਮ ਚੰਦਰ ਦੇ ਨਾਲ ਹੀ ਬਨਵਾਸ ਚਲੇ ਗਏ । ਇਨ੍ਹਾਂ ਨੇ ਰਾਵਣ ਦੀ ਭੈਣ ਸਰੂਪਨਖਾ ਦੀ ਨੱਕ ਕੱਟ ਦਿੱਤੀ ਸੀ ਅਤੇ ਫਿਰ ਰਾਵਣ ਨਾਲ ਹੋਏ ਯੁੱਧ ਵਿਚ ਹਿੱਸਾ ਲਿਆ ਸੀ । ਪੁਰਾਣਾਂ ਅਨੁਸਾਰ ਇਹ ਸ਼ੇਸ਼ਨਾਗ ਦੇ ਅਵਤਾਰ ਸਨ । ੧੦੩.੨

ਲਛਮੀ—(ਸੰ. ਲਕ੍ਸ਼ਮੀ) 1. ਧਨ, ਦੌਲਤ, । ੭੭੩.੨

2. ਸਮੁੰਦਰ ਮੰਥਨ ਵੇਲੇ ਨਿਕਲੇ 14 ਰਤਨਾਂ ਵਿਚੋਂ ਇਕ ਜਿਸਨੂੰ ਵਿਸ਼ਨੂ ਨੇ ਗ੍ਰਹਿਣ ਕੀਤਾ । ਇਸਨੂੰ ਵਿਸ਼ਨੂ ਦੀ ਪਤਨੀ ਵੀ ਕਿਹਾ ਜਾਂਦਾ ਹੈ । ਇਹ ਸਵਰਣ ਵਰਣ ਦੀ, ਚਾਰ ਬਾਹਵਾਂ ਵਾਲੀ, ਸਦਾ ਜਵਾਨ ਤੇ ਸੁੰਦਰੀ ਦੇ ਰੂਪ ਵਿਚ ਵਿਦਮਾਨ ਰਹਿੰਦੀ ਹੈ । ਇਹ ਧਨ ਦੌਲਤ ਤੇ ਸੁਖ ਸੰਪਦਾ ਦੀ ਦੇਣਹਾਰੀ ਮੰਨੀ ਗਈ ਹੈ । ਇਸਦੀ ਦੀਵਾਲੀ ਤੇ ਧਨ-ਤੇਰਸ ਆਦਿ ਮੌਕਿਆਂ ਤੇ ਪੂਜਾ ਕੀਤੀ ਜਾਂਦੀ ਹੈ । ੬੧੨.੩

ਲਜਤ—(ਸੰ. ਲਜ੍ਜਿਤ) ਲੱਜਾਵਾਨ ਹੁੰਦਾ, ਸ਼ਰਮਿੰਦਾ ਹੁੰਦਾ । ੧੩੬.੪

ਲਜਾ—ਸ਼ਰਮ, ਹਯਾ, ਲਾਜ, ਦੇਖੋ 'ਲਜਤ' । ੧੩੬.੪, ੧੬੪.੧, ੧੭੩.੨, ੬੫੦.੩[3]

ਲਜਾਇ—1. ਲੱਜਾਵਾਨ ਹੋ ਜਾਏਗਾ, ਭਾਵ ਸੰਕੋਚ/ਝਿਝਕ ਦਿਖਾਏਗਾ, ਦੇਖੋ 'ਲਜਤ' ੩੪੮.੪

2. ਲੱਜਾਵਾਨ ਹੁੰਦਾ, ਸ਼ਰਮਸਾਰ ਹੁੰਦਾ, ਦੇਖੋ 'ਲਜਤ' । ੬੫੭.੩

ਲਜਾਇਮਾਨ—ਲੱਜਾਵਾਨ, ਸ਼ਰਮਸਾਰ, ਸ਼ਰਮਿੰਦੀਆਂ, ਦੇਖੋ 'ਲਜਤ' । ੬੫੦.੩

ਲਜਾਈਐ—ਲੱਜਾਵਾਨ ਹੁੰਦਾ, ਸਰਮਸਾਰ ਹੁੰਦਾ, ਦੇਖੋ 'ਲਜਤ' । ੫੨੨.੩, ੬੪੧.੩

ਲਜਾਨੀਐ—ਲਜਾਇਮਾਨ ਹੋ ਜਾਂਦੀ ਹੈ, ਸ਼ਰਮਸਾਰ ਹੋ ਜਾਂਦੀ ਹੈ, ਲਜਾ ਜਾਂਦੀ ਹੈ, ਦੇਖੋ 'ਲਜਤ'। ੧੭੩.੨

ਲਜਾਨੇ—ਸ਼ਰਮਸਾਰ ਹੁੰਦੇ ਹਨ/ਹੁੰਦਾ ਹੈ, ਸ਼ਰਮਿੰਦੇ ਹੁੰਦੇ ਹਨ/ਹੁੰਦਾ ਹੈ, ਦੇਖੋ 'ਲਜਤ' । ੧੪.੩, ੨੩.੪, ੨੯੩.੩

ਲਜਾਯੋ—1. ਲੱਜਾਵਾਨ ਕਰ ਰਿਹਾ ਹੈ, ਸ਼ਰਮਸਾਰ ਕਰ ਰਿਹਾ ਹੈ, ਦੇਖੋ 'ਲਜਤ' । ੫੭੩.੪

2. ਲੱਜਾਵਾਨ ਕੀਤਾ ਹੈ, ਸ਼ਰਮਿੰਦਾ ਕੀਤਾ ਹੈ, ਦੇਖੋ 'ਲਜਤ' । ੬੬੭.੨

ਲਜਾਵਈ—ਲਾਜ ਲਗਾਉਂਦਾ, ਕਲੰਕਿਤ ਕਰਦਾ, ਦੇਖੋ 'ਲਜਤ' । ੪੬੩.੧, ੫੫੧.੨

ਲਜਾਵਹੀ—1. ਲਜਾਵਾਨ (ਨਹੀਂ) ਹੁੰਦੇ, ਸ਼ਰਮਸਾਰ (ਨਹੀਂ) ਹੁੰਦੇ, ਦੇਖੋ 'ਲਜਤ' । ੩੨੪.੩
2. ਲਾਜ ਲਗਾਉ'ਦਾ, ਕਲੰਕਿਤ ਕਰਦਾ, ਦੇਖੋ 'ਲਜਤ' । ੪੪੨.੩

ਲਜਾਵਾਨ—(ਸੰ.√ਲਜ) ਸ਼ਰਮਾਉ'ਦੀ ਹੈ, ਸੰਗਦੀ ਹੈ, ਸ਼ਰਮ ਕਰਦੀ ਹੈ । ੩੯੫.੩

ਲਜਾਵੈ—ਲੱਜਾਵਾਨ ਹੁੰਦਾ, ਸ਼ਰਮਸਾਰ ਹੁੰਦਾ, ਦੇਖੋ 'ਲਜਤ' ੫੨੭.੩

ਲਟੂਆ—(ਸੰ. ਲੁਠਨਸ) ਲਾਟੂ, ਲਕੜੀ ਦਾ ਬਣਿਆ ਇਕ ਗੋਲ ਖਿਡਾਉਣਾ ਜਿਸਨੂੰ ਰੱਸੀ ਲਪੇਟ ਕੇ ਘੁਮਾਇਆ ਜਾਂਦਾ ਹੈ । ੬੫.੨

ਲਟੈ—ਮਿਟੈ, ਸਮਾਪਤ ਹੋਵੇ ਅਥਵਾ ਘੱਟ ਹੋਵੇ । ੬੫੩.੧

ਲਡਾਏ - (ਸੰ. ਲਡ > ਪ੍ਰਾ. ਲਡਿਯ) ਲਾਡ ਲਡਾਉ'ਦਾ ਹੈ, ਚਾਅ-ਮਲ੍ਹਾਰ ਕਰਦਾ ਹੈ । ੩੫.੩/
ਲਡਾਵਦੀ) ੧੨੦.੧, ੪੮੧.੩

ਲਪਟਾਇ—(ਸੰ. ਲਿਖ) ਲਿਪਟ ਜਾਂਦਾ, ਲਗ ਜਾਂਦਾ, ਭਾਵ ਇਕਮਿਕ ਹੋ ਜਾਂਦਾ । ੧੫੬.੧

ਲਪਟਾਇਕੈ—ਪਰਿ ਨਰੈ, ਪਾਕੇ (ਭਾਵ) ਦੇਖੋ 'ਲਪਟਾਇ' । ੬੨੬.੪

ਲਪਟਾਏ—1. ਲਿਪਟੇ ਭਾਵ ਲਿਵਲੀਨ ਹੋਏ, ਦੇਖੋ 'ਲਪਟਾਇ' । ੩੬.੪
2. ਲਿਪਟ ਜਾਂਦਾ, ਚਿੰਬੜ ਜਾਂਦਾ, ਭਾਵ ਖਚਿਤ ਹੋ ਜਾਂਦਾ, ਦੇਖੋ 'ਲਪਟਾਇ' । ੪੯੮ ੨

ਲਪਟਾਹੀ—ਲਿਪਟਿਆ ਰਹਿੰਦਾ, ਚਿੰਬੜਿਆ ਰਹਿੰਦਾ, ਦੇਖੋ 'ਲਪਟਾਇ' । ੨੨੩.੩

ਲਪਟਾਤ—1. ਲਿਪਟ ਜਾਂਦਾ, ਭਾਵ ਖਚਿਤ ਚੋ ਜਾਂਦਾ. ਪਰਵਿਰਤ ਹੋ ਜਾਂਦਾ, ਦੇਖੋ 'ਲਪਟਾਇ' । ੨੪੧.੩
2. ਜੁੜ ਜਾਂਦਾ, ਲਿਵਲੀਨ ਹੋ ਜਾਂਦਾ (ਭਾਵ) । ੩੧੧.੪
3. ਲਿਪਟਦੇ ਹਨ/ਲਿਪਟਦਾ ਹੈ, ਜੁੜਦੇ ਹਨ/ਜੁੜਦਾ ਹੈ, ਲਿਵ ਲਾਉ'ਦੇ ਹਨ/ਲਾਉ'ਦਾ ਹੈ, ਦੇਖੋ 'ਲਪਟਾਇ' । ੩੬੬.੪, ੫੮੯.੪
4. ਲਿਪਟ ਜਾਂਦੀ, ਚਿਬੜ ਜਾਂਦੀ । ੪੧੦.੧
5. ਲਿਪਟਦੀ ਹੈ, ਭਾਵ ਗਲੇ ਲਗਦੀ ਹੈ, ਅਥਵਾ ਪਿਆਰ ਕਲੋਲ ਕਰਦੀ ਹੈ । ੪੧੪.੩, ੬੦੫.੨

ਲਪਟਾਨੇ— ਲਿਪਟਿਆ ਰਹਿੰਦਾ, ਭਾਵ ਜੁੜਿਆ ਰਹਿੰਦਾ, ਲਿਵਲੀਨ ਰਹਿੰਦਾ, ਦੇਖੋ 'ਲਪਟਾਇ' । ੪੨੬.੧

ਲਪਟਾਨੋ—ਲਿਪਟਿਆ, ਚਿੰਬੜਿਆ, ਦੇਖੋ 'ਲਪਟਾਇ' । ੩੨੬.੩

ਲਪਟਾਵਹੀ—ਲਿਪਟਦੇ ਹਨ ਭਾਵ (ਪੈਰਾਂ ਨੂੰ) ਸਪਰਸ਼ਦੇ ਹਨ, ਛੂੰਹਦੇ ਹਨ । ੩੦੬.੧

ਲਪਟੈ—ਅੱਗ ਦੀਆਂ ਲਪਟਾਂ, ਅਗਨੀ ਦੀਆਂ ਲਾਟਾ । ੪੭੮.੨

ਲਪੇਟ—1. ਘੇਰੇ, ਘੁੰਮਣ-ਘੇਰੀ । ੫੬੫.੨
2. ਇਕਮਿਕ ਹੋਈਦਾ, ਲਿਵਲੀਨ ਹੋਈਦਾ (ਭਾਵ) । ੬੨੬.੪

ਲਭਤ—ਖੱਟਣਾ, ਕਮਾਉਣਾ (ਭਾਵ) । ੧੧੮.੨, ੫੫੨.੨

ਲਭਤਿ—1. ਖੱਟਦਾ, ਕਮਾਉ'ਦਾ (ਭਾਵ) । ੬੭.੨
2. ਖੱਟਣਾ, ਕਮਾਉਣਾ, (ਭਾਵ) । ੩੭੦.੨
3. ਲਾਭ ਹੁੰਦਾ, ਫਾਇਦਾ ਹੁੰਦਾ (ਭਾਵ) । ੩੮੨.੧

ਲਭਿਤ—(ਸੰ. ਲੁਬ੍ਧ) ਲੁਭਾਇਮਾਨ, ਮਸਤ, ਮੁਗਧ । ੧੭੧.੨

ਲਰਕੈ—ਲੜ ਕੇ, ਝਗੜਾ ਕਰਕੇ । ੫੪੮.੩

ਲਰਤ—ਲੜਦੇ ਹਨ, ਝਗੜਾ ਕਰਦੇ ਹਨ । ੨੬੮.੨

ਲਰਿਕਾ—ਲੜਕਾ, ਪੁੱਤਰ, ਬੇਟਾ । ੫੪੮.੩

ਲਲਚਾਈ)— (ਸੰ. ਲਾਲਸਾ) ਲਲਚਾਉਂਦੀਆਂ ਹਨ/ਲਲਚਾਉਂਦਾ ਹੈ/ਲਲਚਾਉਂਦੀ ਹੈ
ਲਲਚਾਤ) ਪ੍ਰਾਪਤੀ ਲਈ ਲਾਲਸਾ ਕਰਦੀਆਂ ਹਨ/ਕਰਦਾ ਹੈ/ਕਰਦੀ ਹੈ । ੨੦੪.੩/
ਲਲਚਾਵਹੀ) ੩੬੬.੩/੩੯੭.੪

ਲਲਨਾ—(ਸੰ. ਲਲਨਾ) ਇਸਤ੍ਰੀ, ਔਰਤ । ੪੫੮.੨

ਲਲਾਰ—(ਸੰ. ਲਲਾਟ) ਮੱਥਾ, ਮਸਤਕ । ੩੪੭.੧

ਲਲੂਜਨ—(ਸੰ. ਲਾਲਸਾ) ਲਾਲਚ ਵਿਚ ਗ੍ਰਸਤ, ਤ੍ਰਿਸ਼ਨਾ ਵਿਚ ਖਚਿਤ । ੧੮੨.੩

ਲਵੰਗ—ਲੌਂਗ, ਇਕ ਬਿਰਖ ਦਾ ਫਲ ਜੋ ਗਰਮ ਮਸਾਲੇ ਵਿਚ ਪੈਂਦਾ ਹੈ, ਹੋਰ ਦੇਖੋ 'ਲਉਂਗ' । ੫੧੧.੩

ਲਾਇ—ਲਗਾਉਣਾ, (ਚਰਨੀਂ, ਪੈਰੀਂ) ਭਾਵ ਸ਼ਰਨ ਵਿਚ ਥਾਂ ਦੇ ਦਿੰਦਾ । ੪੫੦.੨

ਲਾਇਕੈ—ਜੋੜ ਕੇ, ਇਕ ਸੁਰ ਕਰਕੇ (ਧਿਆਨ) । ੩੩੪.੪

ਲਾਇਚੀ—(ਸੰ. ਏਲਾ ≺ ਪ੍ਰਾ. ਏਲਾ) ਇਲਾਇਚੀ, ਇਕ ਰੁੱਖ ਦਾ ਫਲ ਜਿਸ ਦੇ ਬੀਜ ਖੁਸ਼ਬੂਦਾਰ ਹੁੰਦੇ ਹਨ ਅਤੇ ਗਰਮ ਮਸਾਲੇ ਵਿਚ ਪੈਂਦੇ ਹਨ । ੫੧੧.੩

ਲਾਈ—ਜੋੜੀ, ਇਕਸੁਰ ਕੀਤੀ (ਲਿਵ) । ੪੭.੩, ੫੦.੧, ੨੮੩.੧, ੩੩੬.੪, ੪੫੫.੩

ਲਾਈਅਤ—ਲਗਾਈਦਾ ਭਾਵ ਖਰਚ ਕਰੀਦਾ । ੫੮੪.੨

ਲਾਈਐ—1. ਜੁੜਦਾ, ਟਿਕਦਾ, ਇਕਸੁਰ ਹੁੰਦਾ । ੨੦੬.੩
2. ਲਾਉਂਦਾ, ਟਿਕਾਉਂਦਾ, ਜੋੜਦਾ । ੧੧੭.੩, ੨੨੨.੩
3. ਲਾਉਣ ਨਾਲ, ਜੋੜਨ ਨਾਲ, ਇਕਸੁਰ ਕਰਨ ਨਾਲ । ੩੦੪.੩
4. ਲਾਏਗਾ, ਜੋੜੇਗਾ, ਇਕਸੁਰ ਕਰੇਗਾ (ਸੰਬੋਧਨਵਾਚੀ) । ੪੬੫.੪
5. ਲਗਾਈਏ, ਜੋੜੀਏ, ਇਕਸੁਰ ਕਰੀਏ । ੫੪੧.੩, ੬੨੮.੨
6. ਲਾਈਦੀ ਹੈ, ਜੋੜੀਦੀ ਹੈ, ਇਕਸੁਰ ਕਰੀਦੀ ਹੈ । ੫੬੨.੪
7. ਲਾਵਾਂਗੇ, ਜੋੜਾਂਗੇ, ਇਕਸੁਰ ਕਰਾਂਗੇ । ੫੦੦.੨
8. ਲਾ ਦਿਉ, ਜੋੜ ਦਿਉ, ਇਕਸੁਰ ਕਰ ਦਿਉ । ੬੨੨.੪

ਲਾਖ—(ਸੰ. ਲਾਕ੍ਸ਼ਾ) 1. ਲਾਹ, ਇਕ ਲਾਲ ਰੰਗ ਦਾ ਸਖ਼ਤ ਜਿਹਾ ਪਦਾਰਥ ਜਿਸ ਨੂੰ ਖ਼ਾਸ ਖ਼ਾਸ ਰੁੱਖਾਂ ਤੇ ਲਾਲ ਰੰਗ ਦੇ ਕੁਝ ਕੀੜੇ ਬਣਾਉਂਦੇ ਹਨ · ੩੯੦.੪
2. (ਸੰ. ਲਕ੍ਸ਼) ਲੱਖ, ਸੌ ਹਜ਼ਾਰ ਦੀ ਸੰਖਿਆ । ੫੮੫.੧, ੬੧੮.੩

ਲਾਖੀ—ਲਖ ਲਿਆ, ਜਾਣ ਲਿਆ, ਅਨੁਭਵ ਕਰ ਲਿਆ, ਦੇਖੋ 'ਲਖਾਈ' । ੧੪੪.੩

ਲਾਖੀਐ—1. ਲਖ ਲਈਏ, ਜਾਣ ਲਈਏ, ਅਨੁਭਵ ਕਰ ਲਈਏ, ਦੇਖੋ 'ਲਖਾਈ' । ੫੮੫.੪
2. ਲਖ ਲਈਦਾ, ਜਾਣ ਲਈਦਾ, ਪਹਿਚਾਣ ਕਰ ਲਈਦੀ ਹੈ, ਦੇਖੋ 'ਲਖਾਈ' । ੫੬੬ ੪

ਲਾਗ—1. ਲਗਕੇ, ਪਰਵਿਰਤ ਹੋਕੇ । ੫੬੬.੧
2. ਲਗਕੇ, ਪੈ ਕੇ, ਝੁੱਕ ਕੇ (ਪੈਰੀਂ) । ੫੭੫.੧[2]

ਲਾਗਉ—ਲਗ ਰਹੀ ਹਾਂ, ਪੈ ਰਹੀ ਹਾਂ, ਝੁਕ ਰਹੀ ਹਾਂ (ਪੈਰੀਂ) । ੬੬੪.੪

ਲਾਗਦੀ—ਲਗਦੀ ਹੈ, ਮਿਲਦੀ ਹੈ (ਸਜ਼ਾ) । ੪੭੬.੧

ਲਾਗਤ—1. ਲਗਦਾ ਹੈ, ਜੁੜਦਾ ਹੈ, ਟਿਕਦਾ ਹੈ, ਲੀਨ ਹੁੰਦਾ ਹੈ । ੨੩੪.੧
2. ਲਗਦਾ (ਚੁੰਗੀ ਕਰ ਆਦਿਕ) । ੨੮੮.੧
3. ਲਗਦਾ, ਮਹਿਸੂਸ ਹੁੰਦਾ, ਪਰਤੀਤ ਹੁੰਦਾ, ਜਾਪਦਾ । ੩੭੩.੨, ੩੭੪.੨, ੩੯੮.੧, ੫੫੩.੨
4. ਲਗਦਿਆਂ, ਪੈਂਦਾ ਹੁੰਦਿਆਂ, ਉਤਪੰਨ ਹੁੰਦਿਆਂ । ੪੦੫.੧

ਲਾਗਿ—1. ਲੱਗਕੇ, ਪਰਵਿਰਤ ਹੋਕੇ, ਖਚਿਤ ਹੋ ਕੇ । ੧੬੪.੪, ੪੬੪.੨, ੬੧੭.੩
2. ਪਿਛੇ ਲਗਕੇ, ਮਗਰ ਦੌੜ ਕੇ । ੧੬੭.੨
3. ਲਗਦਾ, ਪਰਵਿਰਤ ਹੁੰਦਾ । ੧੭੬.੩
4. ਲਗਿਆ ਹੋਇਆ, ਪੈਦਾ ਹੋਇਆ ਹੋਇਆ, ਉਗਿਆ ਹੋਇਆ ੪੭੭.੨
5. ਲਗਦਾ, ਜਾਪਦਾ, ਮਹਿਸੂਸ ਹੁੰਦਾ । ੫੫੨.੧
6. ਲਗ ਜਾਂਦੀ ਹੈ, (ਭਿੱਟ ਆਦਿ) । ੬੩੭.੩

ਲਾਗੀ—1. ਲਗ ਗਈ, ਜੁੜ ਗਈ, ਇਕਸੁਰ ਹੋ ਗਈ । ੬੮.੧
2. ਲਗ ਗਈ, ਛੁਹ ਗਈ, ਸਪਰਸ਼ ਕਰ ਗਈ । ੧੬੩.੧
3. (ਮਾਇਆ ਆਦਿ) ਮਗਰ ਲਗੀ, ਪਿੱਛੇ ਲਗੀ । ੨੩੫.੪
4. (ਮਗਰ/ਪਿੱਛੇ) ਲਗੀ (ਸਹਾਇਕ ਕ੍ਰਿਆ) । ੩੬੩.੨
5. ਲਗ ਗਈ, ਹੋ ਗਈ, ਸਮੇਂ ਦੇ ਬਤੀਤ ਹੋਣ ਦਾ ਸੂਚਕ, (ਸਹਾਇਕ ਕ੍ਰਿਆ) । ੫੭੧.੪
6. ਲਗੀ, ਜੁੜੀ, ਲੀਨ । ੬੭੨.੪

ਲਾਗੇ—1. ਲਗਦੀ ਹੈ, ਜੁੜਦੀ ਹੈ, ਇਕਸੁਰ ਹੁੰਦੀ ਹੈ । ੫੭.੪
2. ਲਗ ਜਾਏ, ਪ੍ਰਜਵਲਿਤ ਹੋ ਜਾਏ । ੬੬.੨
3. ਲਗਿਆਂ ਹੋਇਆਂ, ਕਰਦਿਆਂ । ੬੬.੩
4. ਲਗਦੀ, ਭਾਵ ਪੁੱਜਦੀ । ੭੬.੨
5. ਲਗੇ, ਤੁਰਨ ਤੋਂ ਭਾਵ । ੪੧੩.੪

ਲਾਗੈ—1. ਲਗਦਾ, ਪੈਦਾ ਹੁੰਦਾ (ਘੁਣ ਆਦਿਕ) । ੧੨੧.੨
2. ਲਗ ਜਾਏ, ਪ੍ਰਜਵਲਿਤ ਹੋ ਜਾਏ । ੧੬੭.੧, ੪੬੫.੧, ੫੪੪ ੧
3. ਲਗਦਾ, ਜੁੜਦਾ, ਟਿਕਦਾ । ੨੩੫.੨
4. ਲਗਦੀ/ਲਗਦੇ, ਛੂੰਹਦੀ, ਸਪਰਸ਼ ਕਰਦੀ । ੩੬੧.੩, ੪੦੨.੧, ੨
5. ਲਗ ਜਾਂਦੀ ਹੈ (ਗੰਦਗੀ ਆਦਿ) । ੩੮੮.੨
6. ਲਗਦੀ, ਪਰਵਿਰਤ ਹੁੰਦੀ, ਖਚਿਤ ਹੁੰਦੀ । ੩੬੨.੩
7. ਲਗਦੀ ਹੈ/ਲਗਦਾ ਹੈ, ਪਰਤੀਤ ਹੁੰਦੀ ਹੈ/ਹੁੰਦਾ ਹੈ, ਜਾਪਦੀ ਹੈ/ਜਾਪਦਾ ਹੈ । ੩੬੩.੩, ੫੫੩.੧, ੫੭੪.੨, ੫੮੫.੧
8. ਲਗਦਾ, ਪੈਦਾ ਹੁੰਦਾ ਅਖਵਾ ਪ੍ਰਫੁਲਿਤ ਹੁੰਦਾ (ਫਲ ਆਦਿ) । ੩੬੩.੪
9. ਲਗੇਗੀ, ਸਪਰਸ਼ ਕਰੇਗੀ, ਛੁਹੇਗੀ । ੪੦੧.੧
10. ਲਗ ਜਾਣ, ਵਿਆਪ ਜਾਣ (ਦੁੱਖ ਆਦਿ) । ੪੦੩.੪
11. ਲਗਦਾ, ਪਹੁੰਚ ਜਾਂਦਾ, ਪੁੱਜ ਜਾਂਦਾ । ੪੧੮.੩
12. ਲਗ ਜਾਏ, ਛੁਹ ਜਾਏ, ਸਪਰਸ਼ ਕਰ ਜਾਏ । ੪੨੦.੪
13. ਲਗੇ ਹੋਏ ਨੇ, ਚੰਬੜੇ ਹੋਏ ਨੇ, ਜੁੜੇ ਹੋਏ ਨੇ । ੪੮੮.੪
14. ਲਗਦੀ ਹੈ/ਲਗਦੇ ਹਨ, ਮਹਿਸੂਸ ਹੁੰਦੀ ਹੈ/ਹੁੰਦੇ ਹਨ । ੫੪੮.੩, ੬੪੪.੧
15. ਲਗਣ ਨਾਲ, ਜੁੜਨ ਨਾਲ । ੫੬੫.੧
16. ਲਗਦੀ, ਸਮਾਂ ਬਤੀਤ ਹੋਣ ਦਾ ਸੂਚਕ, (ਸਹਾਇਕ ਕ੍ਰਿਆ) । ੫੬੨.੩
17. ਲਗਦਾ, ਵਜਦਾ । ੬੪੪.੨

ਲਾਛਨ)— (ਸੰ. ਲਾਞ੍ਛਨਸ੍) ਕਲੰਕ, ਬਦਨਾਮੀ । ੪੧੨,੧/੪੯੦.੨
ਲਾਛਨੁ)

ਲਾਜ—1. (ਸੰ. ਲਜ੍ਜਾ) ਲੱਜਾ, ਸ਼ਰਮ, ਮਾਣ-ਮਰਯਾਦਾ। ੩੭੯.੩, ੪੨੫.੧, ੪੯੪.੩, ੫੨੦.੩, ੫੩੬.੧

2. (ਸੰ. ਰਜ੍ਜੁ) ਲੱਜ, ਖੂਹ ਵਿਚੋਂ ਪਾਣੀ ਕੱਢਣ ਲਈ ਬਣੀ ਲੰਬੀ ਰੱਸੀ। ੬੦੯.੩

ਲਾਜਿ –ਲੱਜਿਤ ਕੀਤਾ, ਕਲੰਕਿਤ ਕੀਤਾ ਭਾਵ ਮਾਣ ਮਰਿਯਾਦਾ ਅਥਵਾ ਪ੍ਰਤਿੱਸ਼ਠਾ ਨਸ਼ਟ ਕੀਤੀ। ੪੧੫.੪

ਲਾਜੁ – ਲੱਜ, ਹੋਰ ਦੇਖੋ 'ਲਾਜ' (2)। ੫੩੫.੩

ਲਾਡਿਲੀ - (ਸੰ. √ਲਡ੍ > ਪ੍ਰਾ. ਲਡਿਅ) ਪਿਆਰੀ, ਦੁਲਾਰੀ, ਜਿਸ ਨੂੰ ਲਾਡ-ਪਿਆਰ ਨਾਲ ਪਾਲਿਆ ਹੋਵੇ। ੧੧੮.੧

ਲਾਤ—(ਪ੍ਰਾ. ਲਤ੍ਤਾ) ਲੱਤ, ਟੰਗ, ਲੱਕ ਤੋਂ ਲੈ ਕੇ ਪੈਰ ਤੱਕ ਦਾ ਸਰੀਰ ਦਾ ਅੰਗ। ੪੪੧.੧

ਲਾਦਿ –(ਪ੍ਰਾ. ਲਦ੍ਦ) ਲੱਦ ਕੇ. ਕਿਸੇ ਪਸ਼ੂ, ਵਿਅਕਤੀ ਜਾਂ ਵਾਹਨ ਨੂੰ ਭਾਰ-ਯੁੱਕਤ ਕਰਕੇ। ੫੧੧ ੩

ਲਾਭ—(ਸੰ. ਲਾਭ:) ਨਫ਼ਾ, ਮੁਨਾਫ਼ਾ, ਫ਼ਾਇਦਾ। ੬੭ ੨, ੧੧੮.੨, ੧੨੬.੨, ੪, ੩੭੦.੨, ੪੭੫.੧, ੫੫੨.੨, ੫੮੪.੨

ਲਾਲ (ਫ਼ਾ. ਲਅ਼ਲ) ਪਿਆਰਾ ਪਤੀ ਦੇਵ, ਸੁਹਣਾ ਕੰਤ, ਪਤੀ ਅਥਵਾ ਗੁਰੂ ਲਈ ਵਰਤਿਆ ਵਿਸ਼ੇਸ਼ਣ। ੨੦੫.੨, ੫੭੧.੩, ੬੫੨.੪, ੬੬੫.੧

ਲਾਲਸਾ—(ਸੰ. ਲਾਲਸਾ) ਪ੍ਰਬਲ ਇੱਛਾ, ਕਾਮਨਾ, ਖਾਹਿਸ਼। ੧੪੮.੨

ਲਾਲਚ—ਲੱਭ, ਲਾਲਸਾ, ਤ੍ਰਿਸ਼ਨਾ, ਦੇਖੋ (ਲਾਲਸਾ)। ੩੫੦.੩

ਲਾਲਚੀ—ਲੱਭੀ, ਲਾਲਸਾ ਰਖਣ ਵਾਲਾ, ਤ੍ਰਿਸ਼ਨਾਲੂ, ਦੇਖੋ 'ਲਾਲਸਾ'। ੧੮੨.੩

ਲਾਲਚੁ—ਲੱਭ, ਲਾਲਚ (ਦੇਣ), ਭਾਵ ਪ੍ਰਲੱਭਨ ਦੇਣ, ਲਾਲਸਾ ਉਤਪੰਨ ਕਰਨ, ਦੇਖੋ 'ਲਾਲਸਾ'। ੩੫੯.੨

ਲਾਲਨ—1. ਪਿਆਰੇ ਕੰਤ ਨੂੰ, ਪਿਆਰੇ ਪਤੀਦੇਵ ਨੂੰ, ਦੇਖੋ 'ਲਾਲ'। ੬੪੦.੧, ੬੬੩.੪

2. ਪਿਆਰੇ ਪਤੀ ਦੇਵ, ਦੇਖੋ 'ਲਾਲ'। ੬੬੯.੨

ਲਾਲੁ—ਪਿਆਰੇ ਪਤੀਦੇਵ, ਦੇਖੋ 'ਲਾਲ'। ੩੫੮.੨

ਲਾਵਈ)— (ਸੰ. √ ਲਗ੍) 1. ਲਾਉਂਦਾ ਹੈ, ਜੋੜਦਾ ਹੈ, ਲੀਨ ਕਰਦਾ ਹੈ। ੧੦.੩,

ਲਾਵਹੀ) ੧੧.੩, ੧੦੨.੩, ੧੫੪.੩/੨੧੮.੩, ੩੦੯.੨, ੩੪੦.੨, ੩੪੧.੪, ੫੬੬.੪

2. ਲਾਉਂਦੇ ਹਨ, ਭਾਵ ਆਪਣੇ ਆਪ ਨੂੰ ਪੇਸ਼ ਕਰਦੇ ਹਨ, ਸਮਰਪਿਤ ਕਰਦੇ ਹਨ। ੮੭.੩

ਲਾਵਤ—ਲਿਆਉਂਦਾ, ਲੈ ਕੇ ਆਉਂਦਾ। ੩੦੯.੩

ਲਾਵੈ—ਲਾਉਂਦਾ, ਹੋਰ ਦੇਖੋ 'ਲਾਵਈ'। ੫੧੨.੩

ਲਿਉਲੀਨ—(ਸੰ. ਲਯ > ਪ੍ਰਾ. ਲਰ) ਲਿਵਲੀਨ, ਧਿਆਨ ਮਗ਼ਨ : ੧੧੫.੨

ਲਿਖ—(ਸੰ. √ ਲਿਖ) 1. ਲਿਖਕੇ, ਭਾਵ ਨਕਲ ਉਤਾਰ ਕੇ। ੫੬੨ ੪

2. ਲਿਖਕੇ, ਕਲਮ ਆਦਿ ਨਾਲ ਅੱਖਰਾਂ ਵਿਚ ਉਕਰ ਕੇ। ੬੨੭.੨

ਲਿਖਤ—(ਸੰ. √ ਲਿਖ) 1. ਲਿਖੀ ਹੋਈ, ਉਕਰੀ ਹੋਈ। ੧੫੬.੨

2. ਲਿਖਣ ਵਿਚ ਅੱਖਰਾ ਨਾਲ ਉਕਰਨ ਵਿਚ। ੨੩੪.੧

3. ਲਿਖਦਾ ਹੈ, ਅੱਖਰਾਂ ਵਿਚ ਉਕਰਦਾ ਹੈ। ੨੭੫.੨

4. ਲਿਖੇ ਹੋਏ, ਉਕਰੇ ਹੋਏ। ੩੩੧.੧

5. ਲਿਖਕੇ, ਉਕਰ ਕੇ। ੫੮੫.੧

6. ਲਿਖਦਿਆਂ ਲਿਖਦਿਆਂ, ਉਕਰਦਿਆਂ ਉਕਰਦਿਆਂ। ੫੮੮.੩²

ਲਿਖਨ—(ਸੰ. ਲਿਖ੍) ਲਿਖਣਾ, ਉਕਰਨਾ। ੧੮੬.੧

ਲਿਖਾਰੀ-- ਲਿਖਣ ਵਾਲਾ, ਲੇਖਕ, ਦੇਖੋ 'ਲਿਖਨ'। ੪੫੫.੨

ਲਿਖਿ—1. ਲਿਖਕੇ, ਉਕਰ ਕੇ, ਦੇਖੋ 'ਲਿਖਨ'। ੨੭੫.੨, ੫੦੦.੪

2. ਲਿਖਦੇ ਹਨ, ਦੇਖੋ 'ਲਿਖਨ'। ੫੩੦.੪

ਲਿਖੀਐ— ਲਿਖਦੀ ਹੈ, ਦੇਖੋ 'ਲਿਖਨ'। ੨੧੦.੧

ਲਿਖੇ—ਲਿਖਿਆ, ਲਿਖਣ ਨਾਲ, ਲਿਖਣ ਕਰਕੇ, ਦੇਖੋ 'ਲਿਖਨ'। ੬੧.੩, ੫੮੫.੪

ਲਿਖੈ—ਲਿਖਦੀ ਹੈ, ਦੇਖੋ 'ਲਿਖਨ'। ੨੧੦.੩

ਲਿਪਤ—(ਸੰ. ਲਿਪ੍ਤ) ਲਪਟਿਆ ਹੋਇਆ, ਖਚਿਤ। ੬੧੮.੪

ਲਿਲਾਰ—(ਸੰ. ਲਲਾਟ) ਮੱਥਾ, ਮਸਤਕ, ਹੋਰ ਦੇਖੋ 'ਲਲਾਰ'। ੫੬੫.੩, ੬੧੩.੨

ਲਿਵ—(ਸੰ. ਲਯ > ਪ੍ਰਾ. ਲਤ) ਬਿਰਤੀ, ਧਿਆਨ, ਲਗਨ। ੧੦.੩, ੧੧.੩, ੧੩.੨, ੧੮.੨, ੨੨.੩, ੨੮.੧, ੨੯.੧, ੪੭.੩, ੫੦.੧, ੫੧.੧, ੨, ੫੭.੪, ੬੧.੧, ੪. ੬੨.੨, ੪[2], ੬੩.੧, ੨, ੬੫.੩, ੬੮.੧, ੭੭.੧, ੨, ੩, ੪, ੮੫.੧, ੮੭.੩, ੯੪.੩, ੧੦੭.੨[3], ੧੧੭.੩, ੧੨੦.੪, ੧੨੮.੪, ੧੩੭.੧, ੧੫੪.੩, ੧੬੯.੧, ੧੭੮.੩, ੧੮੩.੩, ੧੬੦.੪, ੧੬੪.੨, ੩, ੧੬੯.੪, ੨੦੬.੩, ੨੧੧.੨, ੨੧੭.੧, ੨੧੮.੩, ੨੨੨.੩, ੨੫੦.੪. ੨੫੧.੧, ੨੫੪.੨, ੨੫੭.੪. ੨੫੯.੩, ੨੭੧.੩, ੨੭੮.੧, ੨੮੩.੧, ੨੯੩.੨, ੨੯੪.੪, ੩੦੦.੧. ੨, ੩੦੪.੩, ੩੦੯.੨, ੩੧੪.੨, ੩੩੪.੪, ੩੩੬ ੪, ੩੪੦.੨, ੩੪੧.੪, ੩੫੪.੪, ੩੯੬.੪, ੪੨੭.੩, ੪੪੮.੩, ੪੫੫.੩, ੪੬੫.੪, ੪੬੯.੧, ੫੦੦.੨. ੫੧੨.੩, ੫੪੧.੩, ੫੫੦.੩, ੪, ੫੬੨.੪, ੫੬੫.੧, ੫੬੬.੪. ੬੨੨.੪, ੬੨੮.੨, ੬੭੨.੪

2. ਲੀਨ ਕਰਕੇ, ਮਗਨ ਕਰਕੇ, ਜੋੜਕੇ। ੫੦.੧, ੧੬੦.੧

3. ਲਿਵਲੀਨ ਹੋ ਕੇ, ਮਗਨ ਹੋ ਕੇ। ੮੧.੨

4. ਲੀਨ ਹੋ ਜਾਂਦਾ, ਸਮਾ ਜਾਂਦਾ। ੮੮.੨

5. ਲਿਵਲੀਨ ਹੋਇਆਂ, ਮਗਨ ਹੋਇਆਂ। ੮੬.੩, ੬੬.੨, ੨੨੫.੧, ੨੫੨.੨, ੪੫੭.੪

ਲਿਵਲੀਨ)— 1. ਧਿਆਨ ਮਗਨ, ਦਿਰਾਗਰ, ਇਕ ਰਸ ਜੁੜੇ ਹੋਣ ਤੋਂ ਭਾਵ। ੩੩.੨,
ਲਿਵਲੀਨੇ) ੫੮.੨, ੬੧.੩, ੬੭.੧, ੧੪੭.੧, ੨, ੩, ੪, ੧੮੬.੨, ੧੬੪.੩, ੨੧੫.੪, ੨੭੬.੨, ੨੬੧.੧, ੩੦੨.੪, ੩੧੮.੩, ੫੮੮.੪/੩੩੮.੪

2. ਡੁੱਬਿਆ ਹੋਇਆ, ਮਗਨ ਹੋਇਆ ਹੋਇਆ। ੩੦੬.੩/—

ਲੀਓ— ਲੈਣਾ, ਪ੍ਰਾਪਤ ਕਰਨਾ। ੧੦੬.੧

ਲੀਏ—1. ਲੈਕੇ, ਚੁੱਕਕੇ, ਉਠਾਕੇ। ੩੬੩.੨

2. ਲਿਜਾਣਾ, ਇਕ ਥਾਂ ਤੋਂ ਦੂਸਰੀ ਥਾਂ ਕੋਈ ਵਸਤੂ ਲਿਜਾਣ ਤੋਂ ਭਾਵ। ੫੫੮.੧

ਲੀਕ—(ਸੰ. √ ਲਿਖ੍) ਨਿਸ਼ਾਨ, ਦਾਗ਼। ੪੧੬.੧

ਲੀਕਨ— ਲੀਹ, ਗੱਡੇ ਆਦਿ ਦੇ ਪਹੀਆਂ ਨਾਲ ਪਹਿਲਾਂ ਤੋਂ ਹੀ ਬਣਿਆ ਰਸਤਾ। ੪੦੪.੨

ਲੀਜੀਅਤ)— ਲਈਦੀ ਹੈ, ਪ੍ਰਾਪਤ ਕਰੀਦੀ ਹੈ, ਹਾਸਲ ਕਰੀਦੀ ਹੈ। ੫੪੪.੨,
ਲੀਜੀਅਤਿ) ੬੦੬.੧/੫੩੫.੧

ਲੀਜੀਐ)— 1. ਲਉ, ਲਵੋ (ਸਹਾਇਕ ਕ੍ਰਿਆ)। ੨੫੨.੧/੪੬੮.੪/੩੬੬.੪
ਲੀਜੀਏ) 2. ਲਈਦਾ (ਸਹਾਇਕ ਕ੍ਰਿਆ)। ੩੦੫.੩, ੪੬੪.੩/—/—
ਲੀਜੇ) 3. ਲਈਦੀ, ਪ੍ਰਾਪਤ ਕਰੀਦੀ, ਗ੍ਰਹਿਣ ਕਰੀਦੀ। ੫੩੩.੨/—/੬੧੫.੩

4. ਲਈਏ, ਪ੍ਰਾਪਤ ਕਰੀਏ (ਪ੍ਰਸ਼ਨਵਾਚਕ) । ੫੪੫.੪
5. ਲਵੈ, ਲਏ (ਸਹਾਇਕ ਕ੍ਰਿਆ) । —/—/ ੫੪੪.੨
6. —/—/ ਲਈਦਾ (ਸਹਾਇਕ ਕ੍ਰਿਆ) । ੬੨੬.੪

ਲੀਨ—ਲੈ ਲੈਂਦੀ/ਲੈ ਲੈਂਦਾ, ਧਾਰਨ ਕਰ ਲੈਂਦੀ/ਕਰ ਲੈਂਦਾ । ੬੫.੧, ੪੪੯.੧

ਲੀਨੀ—ਲਈ ਹੈ (ਸਹਾਇਕ ਕ੍ਰਿਆ) । ੬੪੯.੩

ਲੀਨੇ—1. (ਸੰ. ਲੀਨ) ਤਲੀਨ, ਧਿਆਨ ਮਗਨ, ਲਿਵਲੀਨ । ੨੪.੪
2. ਲਏ ਹਨ (ਸਹਾਇਕ ਕ੍ਰਿਆ) । ੪੮੪.੧
3. ਲੈ ਕੇ, ਪ੍ਰਾਪਤ ਕਰਕੇ । ੪੬੮.੧

ਲੀਨੋ—1. ਲਿਆ, ਚੁੱਕਿਆ, ਉਠਾਇਆ । ੪੨੮.੩
2. ਲਿਆ, ਧਾਰਣ ਕੀਤਾ, ਗ੍ਰਹਿਣ ਕੀਤਾ । ੪੮੫.੨

ਲੀਪੈ—(ਸੰ. √ ਲਿਪ੍) ਲਿਖਦਾ ਹੈ, ਲਿੰਬਦਾ ਹੈ, ਗਾਰੇ ਆਦਿ ਦਾ ਲੇਪ ਕਰਨ ਤੋਂ ਭਾਵ । ੫੬੩.੨

ਲੀਲਾ—1. ਕੌਤਕ, ਅਚਰਜ, ਅਸਚਰਜ ਅਥਵਾ ਅਧਿਆਤਮਕ ਰਹਸਮਈ ਚੀਜ । ੫੪.੩, ੪੦੦.੪, ੬੬੯.੨
2. ਖੇਡਾਂ, ਖੇਲਾਂ । ੪੦੫.੩, ੬੦੪.੨

ਲੀਲੈ—ਨਿਗਲ ਲਵੈ, ਮੂੰਹ ਅੰਦਰ ਲੰਘਾ ਲਵੈ । ੫੧੭.੩

ਲੂੰਜ—(ਸੰ. ਲੁ�ञ्च्) ਲੂਲ੍ਹਾ-ਲੰਗੜਾ, ਹਥ-ਬਾਂਹ ਅਥਵਾ ਲੱਤ-ਪੈਰ ਆਦਿ ਤੋਂ ਹੀਣ ਅਪਾਹਜ ਵਿਅਕਤੀ । ੩੧੪.੪, ੩੧੫.੩

ਲੁਡਾਵੈ—(ਸੰ. √ ਲਡ) ਲਾਡ-ਪਿਆਰ ਕਰਦਾ, ਦੁਲਾਰਦਾ । ੧੦੧.੪

ਲੁਡੇ—ਲਾਡ-ਪਿਆਰ, ਦੇਖੋ 'ਲੁਡਾਵੈ' । ੪੮੧.੩

ਲੁਨਤ—(ਸੰ. ਲਕਨ) ਵੱਢੀਦਾ, ਕੱਟੀਦਾ (ਫਸਲ ਆਦਿ) । ੬੬੪.੩

ਲੁਨੇ—ਕੱਟਦਾ, ਵੱਢਦਾ, ਦੇਖੋ 'ਲੁਨਤ' । ੫੬੩.੧

ਲੁਭਤ)— 1. ਮੁਗਧ, ਭਾਵ ਲਿਵਲੀਨ, ਧਿਆਨ ਮਗਨ । ੩੫੦.੩, ੪੨੬.੧/
ਲੁਭਤਿ) ੧੪੦.੩
2. ਮੁਗਧ, ਲੁਭਾਇਮਾਨ, ਲੰਭਗ੍ਰਸਤ । ੩੬੭.੩, ੪੩੩.੩, ੬੦੬.੨/—

ਲਭਾਇ—ਲਾਲਚ ਵਿਚ ਆਕੇ, ਲੋਭ ਵਿਚ ਫਸਕੇ । ੩੫੦.੩

ਲੁਭਾਨਿ—ਚਾਹਵਾਨ, ਇੱਛਾਵਾਨ, ਭਾਵ ਚਾਹੁੰਦੀਆਂ ਹਨ । ੧੭੧.੨

ਲੁਭਾਨੇ—ਲੁਭਾ ਸਕਦੇ, ਮੋਹ ਸਕਦੇ, ਲੁਭਾਇਮਾਨ ਕਰ ਸਕਦੇ । ੧੬.੩

ਲੁਭਿਤ—ਲੁਭਾਇਮਾਨ, ਮੁੱਗਧ, ਮੋਹਿਤ । ੬੮.੧,੨,੩,੪, ੯੨.੧, ੧੭੧.੨, ੧੯੪.੪, ੨੧੬.੧, ੨੬੬.੩, ੨੭੧.੧, ੨੯੩.੧, ੨੯੪.੪, ੩੪੮.੩

ਲੂਟਦੀ—ਲੁੱਟ ਰਹੀ ਹੈ, ਭਾਵ ਬਰਬਾਦ ਕਰ ਰਹੀ ਹੈ, ਨਾਸ਼ ਕਰ ਰਹੀ ਹੈ । ੫੬੧.੪

ਲੂਟਿ—ਲੁੱਟ (ਲਵੇ), ਭਾਵ ਮਾਰ ਧਾੜ (ਕਰੇ) । ੫੪੪.੨

ਲੂਲੇ—(ਸੰ. ਲੂਨ) ਲੂੰਜੇ ਨੂੰ, ਹਥਾਂ ਅਥਵਾ ਪੈਰਾਂ ਤੋਂ ਅਪਹਾਜ ਨੂੰ । ੩੧੪.੨

ਲੇ—ਲੈ ਕੇ, ਪ੍ਰਾਪਤ ਕਰਨ ਅਥਵਾ ਗ੍ਰਹਿਣ ਕਰਨ ਤੋਂ ਭਾਵ । ੫੬੪.੨, ੫੮੬.੩

ਲੇਹਿ—1. ਲੈਂਦਾ, ਗ੍ਰਹਿਣ ਕਰਦਾ । ੪੩੫.੪
2. ਲੈਂਦੇ (ਸਹਾਇਕ ਕ੍ਰਿਆ) । ੬੦੭.੧

ਲੇਹੁ—ਲੈਂਦੀ, ਪ੍ਰਾਪਤੀ ਕਰਦੀ ਭਾਵ ਮਾਣਦੀ, ਭੋਗਦੀ । ੬੬੦.੧

ਲੇਖ—(ਸੰ. ਲੇਖ) 1. ਲਿਖਤ ਪੜ੍ਹਤ ਅਥਵਾ ਹਿਸਾਬ ਕਿਤਾਬ । ੭੧.੨
2. ਲਿਖਣ ਕਰਕੇ, ਅੰਕਿਤ ਕਰਣ ਕਰਕੇ । ੧੩੫.੩, ੨੧੦.੨
3. ਸਮਝ ਕੇ, ਲਖਕੇ, ਅਨੁਭਵ ਕਰਕੇ । ੨੫੯.੪, ੨੬੦.੩
4. ਕਿਸਮਤ, ਨਸੀਬ, ਭਾਗ । ੩੩੧.੧, ੩੩੭.੧, ੩੪੨.੪
5. ਨਿਸ਼ਾਨ, ਦਾਗ, ਧੱਬਾ । ੪੧੯.੪ ।
6. (ਸੰ. ਲੇਖਨੀ) ਲੇਖਣੀ, ਕਲਮ । ੫੦੦.੪
7. ਲੇਖੇ ਵਿਚ, ਗਿਣਤੀ ਵਿਚ । ੫੭੦.੪
8. ਲਿਖਤਾਂ, (ਲਿਖੀਆਂ ਹੁੰਦੀਆਂ) ਰਚਨਾਵਾਂ । ੫੮੮.੩

ਲੇਖਉ—ਲਖ ਸਕਾਂਗਾ, ਸਮਝ ਸਕਾਂਗਾ, ਅਨੁਭਵ ਕਰ ਸਕਾਂਗਾ । ੪੦੧.੪

ਲੇਖਕ)— (ਸੰ. ਲੇਖਕ) 1. ਲੇਖਾ ਕਰਨ ਵਾਲਾ, ਹਿਸਾਬ ਕਿਤਾਬ ਕਰਨ ਵਾਲਾ,
ਲੇਖਕਿ) ਲੇਖਾ ਜੋਖਾ ਰਖਣ ਵਾਲਾ, ਮੁਨੀਮ ਆਦਿ । ੨੩੪.੧/੪੫੫.੨
2. ਲਿਖਾਰੀ, ਲਿਖਣ ਵਾਲਾ ੫੮੮.੩/—

ਲੇਖਨਿ– (ਸੰ. ਲੇਖਨੀ) ਕਲਮ. ਲੇਖਣੀ. ਲਿਖਣ ਵਾਲਾ ਸੰਦ । ੨੧੦.੩

ਲੇਖੀਐ—1. ਲਖ ਸਕੀਦਾ, ਸਮਝ ਸਕੀਦਾ, ਅਨੁਭਵ ਕਰ ਸਕੀਦਾ । ੧੨.੩
2. ਲਖਿਆ ਜਾਂਦਾ, ਜਾਣਿਆਂ ਜਾਂਦਾ ਭਾਵ ਲਗਿਆ ਰਹਿੰਦਾ । ੪੧੯.੪

ਲੇਖੇ)— (ਸੰ. ਲੇਖਾ) ਲੇਖਾ, ਹਿਸਾਬ-ਕਿਤਾਬ । ੪੫੫.੨/੨੩੪.੧
ਲੇਖੈ)

ਲੇ ਜਾਇ—ਲਿਜਾ ਕੇ, ਲੈਜਾਕੇ । ੩੩੨.੧

ਲੇ ਜਾਹਿ—ਲੈ ਜਾਂਦੇ ਭਾਵ ਪ੍ਰਾਪਤ ਕਰ ਲੈਂਦੇ । ੬੦੭.੨

ਲੇਤ—1. ਲੈਂਦੇ ਭਾਵ ਮਿਲਦੇ । ੧੧੧.੧
2. ਲਈਦੀ ਹੈ (ਸਹਾਇਕ ਕ੍ਰਿਆ) । ੧੮੪.੩
3. ਲੈ ਲੈਂਦਾ, ਧਾਰਨ ਕਰ ਲੈਂਦਾ, ਗ੍ਰਹਿਣ ਕਰ ਲੈਂਦਾ । ੨੬੨.੩
4. ਲੈਂਦਾ ਹੈ/ਲੈਂਦੀ ਹੈ, (ਸਹਾਇਕ ਕ੍ਰਿਆ) । ੩੫੮.੨, ੩੬੫.੨, ੪੫੦.੨, ੫੫੭.੧, ੬੧੧.੧
5. ਲੈਂਦੀ ਹੈ ਭਾਵ ਬਿਠਾਉਂਦੀ ਹੈ । ੪੭੬.੧
6. ਲੈਂਦਾ ਹੈ, ਪ੍ਰਾਪਤ ਕਰਦਾ ਹੈ । ੪੬੧.੪, ੫੫੫.੨, ੫੮੬.੧, ੬੧੮.੪, ੬੩੪.੩, ੬੩੮.੪
7. ਲੈਂਦਾ ਭਾਵ ਉਚਾਰਣ ਕਰਦਾ । ੫੮੨.੩
8. ਲੈ ਕੇ, ਪ੍ਰਾਪਤ ਕਰਕੇ । ੫੬੬ ੧

ਲੇਪ—1. ਪ੍ਰਭਾਵ ਅਸਰ । ੧੬੧.੪, ੪੬੦.੪, ੬੧੮.੪
2. (ਸੰ. ਲੇਪ:) ਕਿਸੇ ਗਾੜ੍ਹੀ ਗਿੱਲੀ ਵਸਤੂ ਦੀ ਸਹੀਰ ਆਦਿ ਤੇ ਫੈਲਾਈ ਗਈ ਪਤਲੀ ਤਹਿ । ੩੪੬.੩

ਲੇਪਨ)— 1. ਲੇਪ, ਲਿੰਬਨ, ਮਲਣ ਤੇਂ ਭਾਵ ਦੇਖੋ 'ਲੇਪ' (2) । ੭੮.੩, ੩੩੭.੧,
ਲੇਪੁ) ੩੮੬.੩/੪੪੫.੩
2. ਪ੍ਰਭਾਵ, ਅਸਰ —/੪੮੩.੪

ਲੈ—1. ਲੈ ਕੇ, ਲਿਜਾਕੇ, ਨਾਲ ਲਿਆਉਣ ਤੋਂ ਭਾਵ । ੭੮.੧, ੧੬੭.੩, ੩੫੭.੩, ੫੧੧.੨
2. ਲੈ ਕੇ, ਪ੍ਰਾਪਤ ਕਰਕੇ, ਗ੍ਰਹਿਣ ਕਰਕੇ । ੧੪੦.੩, ੧੪੪.੩, ੧੪੮.੧, ੧੫੫.੨,

੨੧੯.੩, ੨੭੩.੨, ੩੩੨.੨, ੩੭੭.੩, ੩੮੯.੩, ੪੨੫.੨, ੪੯੮.੧, ੫੦੭ ੪, ੫੮੪.੪, ੬੩੯.੪, ੬੭੨.੨

3. ਲੈ ਕੇ ਭਾਵ ਅਪਨਾ ਕੇ, ਆਪਣੀ ਬਣਾ ਕੇ । ੨੦੯.੪

4. ਲੈਂਦਾ, ਪ੍ਰਾਪਤ ਕਰਦਾ, ਗ੍ਰਹਿਣ ਕਰਦਾ । ੩੨੪.੧

5. ਧਾਰਣ ਕੀਤੇ ਹੋਏ, ਗ੍ਰਹਿਣ ਕੀਤੇ ਹੋਏ ੪੭੮.੨

6. ਲਿਆ ਹੈ, ਧਾਰਿਆ ਹੈ ੪੮੫.੧

ਲੈ ਜਾਇ—1. ਲਿਜਾ ਕੇ । ੩੩੨.੧, ੫੧੦ ੧

2. ਲੈਕੇ ਜਾਵੇ । ੫੧੧.੧, ੨, ੩

ਲੈ ਜਾਂਦਿ—ਲਿਜਾਂਦੇ ਹਨ, ਲੈ ਕੇ ਜਾਂਦੇ ਹਨ । ੫੧੫.੩

ਲੈਨ—ਲੈਣਾ, ਪ੍ਰਾਪਤ ਕਰਨਾ । ੪੫੪.੧,੪

ਲੋਇਨ—(ਸੰ. ਲੋਚਨ) ਅੱਖਾ, ਨੇਤ੍ਰ, ਸਰੀਰ ਦੇ ਦੇਖਣ ਵਾਲੇ ਅੰਗ । ੬੪੦.੧

ਲੋਸਟ—(ਸੰ. ਲੋਸ੍ਟਸ੍) 1. ਲੰਹਾ, ਇਕ ਪ੍ਰਕਾਰ ਦੀ ਧਾਤ । ੯੦.੪, ੧੦੪ ੧, ੧੬੨.੩, ੨੬੮.੪

2. ਲੰਹੇ ਦੀਆਂ ਕਿਲਾਂ ਆਦਿਕ । ੩੮੧.੩, ੪੨੬.੩

ਲੋਸਟਹਿ—ਲੰਹੇ ਨੂੰ, ਦੇਖੋ 'ਲੋਸਟ' । ੩੮੧.੩

ਲੋਸ੍ਟ—(ਸੰ ਲੋਸ੍ਟ:) ਖਾਸ ਪ੍ਰਕਾਰ ਦੀ ਮਿੱਟੀ ਦੇ ਢੇਲੇ ਜਿਸ ਤੋਂ ਕੱਚ ਬਣਦਾ ਹੈ । ੫੮੦.੩

ਲੋਹ)—(ਸੰ. ਲੋਹ) 1. ਲੰਹਾ, ਇਕ ਪ੍ਰਕਾਰ ਦੀ ਧਾਤ । ੧੦੭.੨, ੩੭੫ ੨/੩੮੫.੧

ਲੋਹਾ)

2. ਲੰਹੇ ਨੂੰ । ੩੧੭.੨/—

ਲੋਹੂ—(ਸੰ. ਲੋਹ) ਲਹੂ, ਖੂਨ, ਰੱਤ, ਸਰੀਰ ਦੀਆਂ ਰੱਗਾ ਵਿਚ ਫਿਰਨ ਵਾਲਾ ਲਾਲ ਰੰਗ ਦਾ ਤਰਲ ਪਦਾਰਥ । ੩੩੨.੨

ਲੋਹੇ—ਲੰਹਾ, ਹੋਰ ਦੇਖੋ 'ਲੰਹ' (1) । ੫੬੧.੩

ਲੋਕ—(ਸੰ. ਲੋਕ) 1. ਸੰਸਾਰ, ਜਗਤ, ਪ੍ਰਿਥਵੀ ਤੇ ਇਸਥਿਤ ਦ੍ਰਿਸ਼ਟਮਾਨ ਪਸਾਰਾ । ੧੧੯.੩, ੧੮੭.੪, ੩੨੪.੪, ੩੮੮.੪, ੪੭੬.੪, ੪੭੯.੩

2. ਲੋਗ, ਆਦਮੀ, ਜਨਸਮੂਹ । ੩੬੬.੪, ੬੨੪ ੧

3. ਲੌਕਿਕ (ਗਿਆਨ) । ੬੬੪.੩

ਲੋਕਨ—ਲੰਕਾਂ, ਲੰਗਾਂ, ਲੋਕ ਦਾ ਬਹੁ ਵਚਨ, ਦੇਖੋ 'ਲੰਕ' (2) । ੫੯੯.੪

ਲੋਕਾਚਾਰ—ਲੋਕ ਲਾਜ ਨੂੰ ਮੁੱਖ ਰਖਕੇ ਕੀਤੇ ਜਾਣ ਵਾਲੇ ਕੰਮ । ੫੬੯.੪

ਲੋਗ—1. ਲੋਕ ਰੀਤੀ, ਲੌਕਿਕ ਗਿਆਨ । ੮.੭, ੨੬.੨, ੬੦.੧, ੬੦.੩, ੧੫੭.੨, ੧੬੩ ੩, ੧੬੭.੨, ੨੪੬.੪, ੪੦੪.੪, ੪੨੦.੪, ੪੮੨.੧, ੪੮੬.੨, ੪੬੦.੧, ੫੫੩.੩

2. ਲੰਕ/ਲੋਕਾਂ, ਹੋਰ ਦੇਖੋ 'ਲੋਕ' (2) । ੮੪.੧, ੧੧੭.੩, ੩੨੩.੩, ੩੫੦.੪, ੩੫੧.੪, ੩੫੪.੨, ੪੩੮.੩, ੫੦੬.੧, ੫੨੬.੪, ੬੭੪.੨

3. ਲੋਕਾਚਾਰੀ । ੨੪੩.੪, ੨੬੭.੩

4. ਸੰਸਾਰ, ਹੋਰ ਦੇਖੋ 'ਲੰਕ' (1) । ੩੧੬.੩

ਲੋਗਚਾਰ—1. ਲੋਕਾਚਾਰੀ, ਹੋਰ ਦੇਖੋ 'ਲੋਕਾਚਾਰ' । ੪੮੩.੧

2. ਲੋਕ ਰਿਵਾਜ, ਲੋਕ ਰੀਤੀ । ੪੮੪.੨

ਲੋਗਨ—ਲੋਕਾਂ, ਹੋਰ ਦੇਖੋ 'ਲੋਕਨ' । ੩੯.੪, ੪੦.੪, ੪੧.੪, ੬੦.੧, ੧੧੪.੩, ੧੮੮.੧, ੪੮੪.੨

ਲੋਗਾਚਾਰ—1. ਲੋਕਾਚਾਰੀ, ਹੋਰ ਦੇਖੋ 'ਲੋਕਾਚਾਰ' । ੩੯.੪, ੪੩੮.੩

2. ਲੋਕ ਲਾਜ ਅਨੁਸਾਰ ਕੰਮ ਕਰਨ ਵਾਲਾ' । ੪੦.੪, ੪੧.੪, ੬੦.੧, ੧੧੪.੩, ੧੮੮.੧

ਲੋਗੁ—ਲੋਕਾਂ, ਲੋਕ ਦਾ ਬਹੁਵਚਨ, ਹੋਰ ਦੇਖੋ 'ਲੋਕ' (2) । ੩੩੪.੧

ਲੋਚਨ—(ਸੰ. ਲੋਚਨ) ਅੱਖਾਂ, ਨੇਤਰ, ਨੈਣ, ਸਰੀਰ ਦੇ ਦੇਖਣ ਵਾਲੇ ਅੰਗ । ੧੭.੨, ੫੨.੩, ੫੩.੨, ੬੧.੨, ੧੦੪.੧, ੧੦੭.੨, ੧੦੮.੩, ੧੭੬.੧, ੨੦੪.੨, ੨੦੫.੨, ੨੩੨.੨, ੨੪੫.੧, ੨੭੭.੨, ੨੮੬.੧, ੩੫੨.੧, ੩੬੭.੨, ੩, ੪[3], ੪੩੧.੧, ੫੩੩.੧, ੬੨੦.੧, ੬੨੧.੧, ੬੨੬.੧, ੬੨੮.੧, ੬੪੨.੪, ੬੬੫.੧, ੬੬੬.੧

ਲੋਟਤ—(ਸੰ. ਲੋਠ:) ਲੋਟਦਾ, ਗਲੋਟਣੀਆ ਖਾਂਦਾ, ਜ਼ਮੀਨ ਤੇ ਲੰਮਾ ਪੈਕੇ ਉਲਟ ਪੁਲਟ ਹੁੰਦਾ। ੩੮੬.੩

ਲੋਟਪੋਟ—1. ਬੇਸੁੱਧ, ਬੇਹੋਸ਼, ਬੇਸੁਰਤ । ੧੪੦.੩, ੨੧੩.੨

2. ਸਦਕੇ, ਬਲਿਹਾਰ, ਨਿਛਾਵਰ । ੧੭੧.੩, ੨੬੪.੩, ੫੬੦.੧

ਲੋਧਾ—ਜੁਲਾਹਾ, ਇਕ ਜਾਤ ਜੋ ਕਪੜੇ ਬੁਣਨ ਦਾ ਕੰਮ ਕਰਦੀ ਹੈ । ੫੧੮.੧

ਲੋਨ)—(ਸੰ, ਲਵਣ > ਪ੍ਰਾ. ਲੂਣ) 1. ਲੂਣ, ਨਮਕ, ਇਕ ਖਾਰਾ ਪਦਾਰਥ ਜੋ ਸਬਜ਼ੀ

ਲੋਨੇ) ਆਦਿ ਵਿਚ ਪਾਉਣ ਦੇ ਕੰਮ ਆਉਂਦਾ ਹੈ । ੫੧੮.੧, ੫੬੭.੧/੫੩੭.੩

2. ਸਲੋਨੇ, ਸੁੰਦਰ । —/੬੪੦.੧

ਲੋਭ—(ਸੰ. ਲੋਭ) ਲਾਲਚ, ਲਾਲਸਾ/ਲਾਲਸਾਵਾਂ । ੧੪੦.੩, ੧੭੧.੨, ੧੭੭.੨, ੧੮੪.੪, ੨੦੪.੩, ੨੭੨.੧, ੨੮੭.੧, ੨੮੩.੩, ੩੫੬.੨, ੩੬੭ ੩, ੫੨੧.੨, ੬੦੬.੨, ੬੧੭.੧, ੬੨੩.੪

ਲੋਭੀ—ਲਾਲਚੀ, ਹਿਰਸੀ, ਲੋਭ ਕਰਨ ਵਾਲਾ, ਦੇਖੋ 'ਲੋਭ' । ੩੫੬.੨

ਲੋੜੈ—ਲੋੜਦਾ, ਵੇਲਦਾ, ਵੇਲਣੇ ਨਾਲ ਕਪਾਹ ਆਦਿ ਵੇਲਣ ਦੀ ਕ੍ਰਿਆ ਕਰਨ ਤੋਂ ਭਾਵ । ੫੬੩.੩

ਲੌ—1. ਵਲ, ਪਾਸੇ, ਤਰਫ਼ । ੪੦੬.੧, ੫੭੮.੩

2. ਤੱਕ, ਤੀਕ, ਤੀਕਰ, ਤੱਕੀ । ੫੮੫.੨, ੪, ੫੮੭.੧[3], ੨[3], ੫੮੭.੩[3], ੪, ੫੬੧.੩, ੫੬੫.੧

ਵ

ਵਟ—ਸਮਾਨ, ਦੀ ਤਰ੍ਹਾਂ, ਵਾਂਗ । ੩੪੨.੨, ੫੭੬.੪

ਵਡਭਾਗਿ—ਵਡੇ ਭਾਗਾਂ ਵਾਲੇ, ਅਤਿਅੰਤ ਭਾਗਸ਼ਾਲੀ, ਵਡਭਾਗੀ । ੫੪੩.੪

ਵਰਨ—(ਸੰ. ਵਰ੍ਣ) ਰੰਗ, ਲਾਲ, ਪੀਲਾ, ਨੀਲਾ ਆਦਿਕ ਵੱਖੋ ਵੱਖਰੇ ਰੰਗਾਂ ਤੋਂ ਭਾਵ । ੬੦੦.੧

ਵਾਸ—1. (ਸੰ. ਕਾਂਕ੍ਸ਼ਾ) ਵਾਸ਼ਨਾਵਾਂ, ਇੱਛਾਵਾਂ, ਲਾਲਸਾਵਾਂ । ੨੧੮.੪
2. ਵਾਸਾ, ਰਿਹਾਇਸ਼, ਨਿਵਾਸ । ੪੦੨.੩

ਵਾਸਨਾ—(ਸੰ. ਕਾਸ਼) ਖੁਸ਼ਬੂ, ਸੁਗੰਧੀ । ੨੧੮.੪

ਵਾਸੀ—ਵਸਨੀਕ, ਰਹਿਣ ਵਾਲਾ, ਨਿਵਾਸ ਕਰਣ ਵਾਲਾ । ੩੧.੧, ੧੧੬.੧, ੧੬੮.੧

ਵਾ ਹੀ)— 1. ਉਸ ਨੂੰ, ਉਸੇ ਨੂੰ । ੨੦.੪, ੧੬੫.੪/੪੩੬.੨
ਵਾ ਹੂ) 2. ਉਸੇ ਦੇ । ੧੨੦.੨, ੩੭੧.੧/—
3. ਉਸੇ । ੫੭੭.੨, ੬੩੨.੨/—
4. ਉਹੀ, ਉਹੋ ਹੀ । ੫੭੮.੧/—

ਵਾਂਕੀ—ਉਸ ਦੀ, ਉਹਦੀ । ੧੬੫.੪

ਵਾਕੈ—ਉਸ ਦਾ, ਉਹਦਾ । ੫੮੪.੩

ਵਾਤ—ਮੁਖ, ਮੂੰਹ । ੪੮੩.੧

ਵਾਰ—(ਸੰ. ਕਾਂਰ) 1. ਨਦੀ ਆਦਿ ਦਾ ਸਾਹਮਣੇ ਦਾ ਕਿਨਾਰਾ/ਤੱਟ । ੫੬.੩, ੧੬੬.੧, ੧੬੭.੩, ੨੭੭.੨
2. ਹਫ਼ਤੇ ਦਾ ਕੋਈ ਦਿਨ । ੧੫੬.੨
3. ਵਾਰਨਾ, ਨਿਛਾਵਰ ਕਰਨਾ । ੬੪੬.੨, ੬੫੦.੨

ਵਾਰਉ—ਵਾਰ ਦੇਈਏ/ਦੇਵਾਂ, ਨਿਛਾਵਰ ਕਰ ਦੇਈਏ/ਦੇਵਾਂ, ਕੁਰਬਾਨ ਕਰ ਦੇਈਏ/ਦੇਵਾਂ । ੨੪੨.੨, ੪੨੧.੧

ਵਾਰਪਾਰ—ਅੰਦਰੋਂ ਬਾਹਰੋਂ ਭਾਵ ਪੂਰੀ ਤਰ੍ਹਾਂ । ੩੨੬.੨

ਵਾਰਿ—ਕੁਰਬਾਨ, ਨਿਛਾਵਰ, ਦੇਖੋ 'ਵਾਰ' (3)। ੨੫੫.੪

ਵਾਰੀਐ—ਵਾਰ ਦੇਈਏ, ਸਦਕੇ ਕਰ ਦੇਈਏ, ਨਿਛਾਵਰ ਕਰ ਦੇਈਏ । ੬੫੦.੧, ੬੭੨.੧

ਵਿਖੈ—ਵਿਚ, ਅੰਦਰ । ੫੬੭.੩

ਵੇਸ—(ਸੰ. ਕੇਸ਼:) (ਵਿਚ) ਪਰਵੇਸ਼ ਕੀਤਿਆਂ ਭਾਵ ਧਾਰਨ ਕੀਤਿਆਂ । ੫੭.੩

ਵੇਚੇ—(ਸੰ ਵਿਕ੍ਸ਼ਯ) ਵੇਚਦਾ ਹੈ, ਫਰੋਖ਼ਤ ਕਰਦਾ ਹੈ । ੫੦੫.੩

ਵੇ—(ਫ਼ਾ. ਵੇ) ਉਹ । ੪੦੦.੧, ੨[੨], ੩[੨], ੪[੨], ੬੪੨.੩

ਵੈਸ/ਐ)— ਉਸੇ ਤਰ੍ਹਾਂ/ਢੰਗ, ਉਸੇ ਪ੍ਰਕਾਰ, ਤਿਵੇਂ । ੩੬੮.੩/੬੪੫.੧, ੬੫੫.੧, ੨, ੪
ਵੈਸੇ) /੩੬੮.੧, ੨
ਵੈਸੋ)